

ਫ਼ੌਲਾਦੀ ਫੁੱਲ

ਨਾਨਕ ਸਿੰਘ

ਨਾਨਕ ਸਿੰਘ ਸਾਹਿਤ

ਗਗਨ ਦਮਾਮਾ ਬਾਜਿਆ, ਸਰਾਪੀਆਂ ਰੂਹਾਂ, ਕੋਈ ਹਰਿਆ ਬੂਟ ਰਹਿਓ ਰੀ, ਇਕ ਮਿਆਨ ਦੋ ਤਲਵਾਰਾਂ, ਛਲਾਵਾ, ਪੁਜਾਰੀ, ਬੰਜਰ, ਸੰਗ੍ਰਾਮ, ਆਸਤਕ ਨਾਸਤਕ, ਨਾਸੂਰ, ਆਦਮਖੋਰ, ਮੰਝਧਾਰ, ਧੁੰਦਲੇ ਪਰਛਾਵੇਂ, ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਮੇਰੀ ਦੁਨੀਆਂ, ਚਿੱਤ੍ਰਕਾਰ, ਸੁਮਨ ਕਾਂਤਾ, ਕੱਟੀ ਹੋਈ ਪਤੰਗ, ਅੱਗ ਦੀ ਖੇਡ, ਟੁੱਟੀ ਵੀਣਾ, ਗੰਗਾਜਲੀ ਵਿਚ ਸ਼ਰਾਬ, ਖ਼ੂਨ ਦੇ ਸੋਹਿਲੇ, ਪਵਿੱਤਰ ਪਾਪੀ, ਚਿੱਟਾ ਲਹੂ, ਫ਼ੌਲਾਦੀ ਫੁੱਲ, ਲਵ ਮੈਰਿਜ, ਜੀਵਨ ਸੰਗਰਾਮ, ਦੂਰ ਕਿਨਾਰਾ, ਅੱਧ ਖਿੜਿਆ ਫੁੱਲ, ਪੱਥਰ ਕਾਂਬਾ, ਕਾਗਤਾਂ ਦੀ ਬੇੜੀ, ਪ੍ਰਾਸਚਿਤ, ਕਾਲ ਚੱਕਰ, ਮਤਰੇਈ ਮਾਂ, ਪਾਪ ਦੀ ਖੱਟੀ, ਸੂਲਾਂ ਦੀ ਸੇਜ, ਪੱਤਝੜ ਦੇ ਪੰਛੀ, ਸੱਧਰਾਂ ਦੇ ਹਾਰ, ਹੰਝੂਆਂ ਦੇ ਹਾਰ, ਸੁਪਨਿਆਂ ਦੀ ਕਬਰ, ਵਰ ਨਹੀਂ ਸਰਾਪ, ਅਣਸੀਤੇ ਜ਼ਖਮ, ਪੱਥਰ ਦੇ ਖੰਭ, ਮਿੱਠਾ ਮਹੁਰਾ, ਪ੍ਰੇਮ ਸੰਗੀਤ, ਫ਼ਰਾਂਸ ਦਾ ਡਾਕੂ, ਰਜਨੀ, ਸੁਨਹਿਰੀ ਜਿਲਦ, ਠੰਢੀਆਂ ਛਾਂਵਾਂ, ਮਿੱਧੇ ਹੋਏ ਫੁੱਲ, ਤਸਵੀਰ ਦੇ ਦੋਵੇਂ ਪਾਸੇ, ਬੀ. ਏ. ਪਾਸ, ਮੇਰੀਆਂ ਕਹਾਣੀਆਂ, ਮੇਰੇ ਨਾਟਕ, ਤਾਸ਼ ਦੀ ਆਦਤ, ਲੰਮਾ ਪੈਂਡਾ, ਵਿਸ਼ਵਾਸ ਘਾਤ, ਰੱਬ ਆਪਣੇ ਅਸਲੀ ਰੂਪ ਵਿਚ। (57)

ਮੁੱਖ-ਬੰਦ

ਨਾਵਲ ਲਿਖਣ ਵੱਲ ਮੇਰੀ ਰੁੱਚੀ ਥੋੜ੍ਹੇ ਹੀ ਚਿਰ ਤੋਂ ਮੁੜੀ ਹੈ। ਮੇਰੇ ਖ਼ਿਆਲ ਵਿਚ ਕਵਿਤਾ ਦੀ ਕੁਖੋਂ ਹੀ ਇਸ ਰੁੱਚੀ ਦਾ ਜਨਮ ਹੋਇਆ ਹੈ। ਕਿਉਂਕਿ ਨਿੱਕੇ ਹੁੰਦਿਆਂ ਤੋਂ ਲੈ ਕੇ ਸੰਨ ੧੯੨੨-੨੩ ਤਕ ਮੈਂ ਜੋ ਕੁਝ ਵੀ ਲਿਖਿਆ, ਕਵਿਤਾ ਦੀ ਸ਼ਕਲ ਵਿਚ ਹੀ।

ਇਸ ਤੋਂ ਪਹਿਲਾਂ "ਮਤਰਈ ਮਾਂ", "ਕਾਲੇ ਚੱਕਰ", "ਪ੍ਰੇਮ-ਸੰਗੀਤ", "ਮਿੱਠਾ ਮਹੁਰਾ" ਤੇ "ਚਿੱਟਾ ਲਹੂ" ਲਿਖ ਚੁੱਕਾ ਹਾਂ। ਖ਼ਾਸ ਕਰਕੇ "ਚਿੱਟਾ ਲਹੂ" ਨੇ ਤਾਂ ਮੈਨੂੰ ਪੰਜ ਸਵਾਰਾਂ ਦੀ ਗਿਣਤੀ ਵਿਚ ਲਿਆ ਖੜਾ ਕੀਤਾ, ਜਿਸ ਤੋਂ ਉਤਸ਼ਾਹ ਲੈ ਕੇ ਅਜ ਇਕ ਹੋਰ ਲਿਖਤ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਿਹਾ ਹਾਂ।

ਮੈਂ ਨਹੀਂ ਕਹਿ ਸਕਦਾ ਕਿ ਮੇਰੀ ਇਹ ਤੁੱਛ ਜਿਹੀ ਕ੍ਰਿਤ ਪਾਠਕਾਂ ਦੀਆਂ ਨਜ਼ਰਾਂ ਵਿਚ ਜਚੇਗੀ ਕਿ ਨਹੀਂ। ਕਿਉਂਕਿ ਹੁਨਰੀ ਪੱਖ ਤੋਂ ਮੈਂ ਅਜੇ ਆਪਣੇ ਆਪ ਨੂੰ ਬੱਚਾ ਹੀ ਖ਼ਿਆਲ ਕਰਦਾ ਹਾਂ। ਮੇਰੀ ਬੋਲੀ ਵੀ ਅਜੇ ਇਸ ਲਾਇਕ ਨਹੀਂ ਹੋਈ ਕਿ ਡੂੰਘੇ ਮਨੋਭਾਵਾਂ ਨੂੰ ਕਲਮਬੰਦ ਕਰਨ ਵਿਚ ਪੂਰੀ ਤਰ੍ਹਾਂ ਮੇਰਾ ਸਾਥ ਦੇ ਸਕੇ। ਲਿਖਦਿਆਂ ਲਿਖਦਿਆਂ ਕਈ ਵਾਰੀ ਐਸਾ ਹੁੰਦਾ ਹੈ ਕਿ ਜੋ ਕੁਝ ਮੇਰੇ ਅੰਦਰੋਂ ਉਮਡਦਾ ਹੈ, ਕਲਮ ਉਸ ਦਾ ਭਾਰ ਝਲਣੋਂ ਅਸਮਰੱਥ ਹੋ ਜਾਂਦੀ ਹੈ। ਤਦ ਮੈਨੂੰ ਆਪਣੀ ਹਾਲਤ ਬੜੀ ਤਰਸ ਯੋਗ ਜਾਪਣ ਲੱਗ ਪੈਂਦੀ ਹੈ। ਨਤੀਜੇ ਦੇ ਤੌਰ ਤੇ ਜੋ ਕੁਝ ਆੜਾ ਬਾੜਾ ਕਰ ਕੇ ਕੰਮ ਸਾਰਦਾ ਹਾਂ, ਉਹ ਖ਼ੁਦ ਮੇਰੇ ਦਿਲ ਨੂੰ ਜੱਚਦਾ ਨਹੀਂ ਹੁੰਦਾ, ਪਰ ਮਜਬੂਰੀ।

ਪਰ ਇਸ ਦਾ ਇਕ ਹੌਸਲਾ ਵਧਾਊ ਪਾਸਾ ਵੀ ਹੈ। ਸ਼ਾਇਦ ਉਸ ਦੇ ਬਲ ਬੋਤੇ ਤੇ ਮੈਂ ਆਪਣੀਆਂ ਲਿਖਤਾਂ ਨੂੰ ਛਾਪਣ ਦਾ ਹੌਂਸਲਾ ਕਰ ਸਕਦਾ ਹਾਂ। ਕਦੀ ਕਦੀ ਜਦੋਂ ਲਿਖਣ ਦੇ ਤੇਜ਼ ਵਹਾਉ ਵਿਚ ਹੁੰਦਾ ਹਾਂ ਤਾਂ ਮੈਨੂੰ

ਇੰਝ ਜਾਪਦਾ ਹੈ ਜਿਵੇਂ ਮੈਂ ਵਾਰਤਕ ਨਹੀਂ, ਕਵਿਤਾ ਲਿਖ ਰਿਹਾ ਹਾਂ। ਖ਼ਾਸ ਕਰਕੇ ਇਸ ਨਾਵਲ ਵਿਚ ਤਾਂ ਅਜਿਹਾ ਢੰਗ ਕੁਝ ਵਧੇਰੇ ਹੀ ਮੈਨੂੰ ਲੱਭਦਾ ਹੈ, ਤੇ ਮੇਰਾ ਯਕੀਨ ਹੈ ਕਿ ਪਾਠਕ ਵੀ ਇਸ ਨੂੰ ਪੜ੍ਹਦੇ ਹੋਏ ਕਿਤੇ ਕਿਤੇ ਮਹਿਸੂਸ ਕਰਨਗੇ ਕਿ ਉਹ ਕੋਈ ਕਵਿਤਾ ਪੜ੍ਹ ਰਹੇ ਹਨ।

ਪੁਸਤਕ ਦਾ ਨਾਂ "ਫ਼ੌਲਾਦੀ ਫੁੱਲ" ਬੇਸ਼ੱਕ ਪਾਠਕਾਂ ਨੂੰ ਕੁਝ ਅਨੋਖਾ ਜਿਹਾ ਜਾਪੇਗਾ। ਤੇ ਸ਼ਾਇਦ ਅਨੋਖੇ ਤੋਂ ਛੁੱਟ ਪ੍ਰਸਪਰ ਵਿਰੋਧੀ ਵੀ। ਕਿਉਂਕਿ "ਫ਼ੌਲਾਦ" ਤੇ "ਫੁੱਲ" ਦੋ ਬਿਲਕੁਲ ਮੁਤਜ਼ਾਦ ਚੀਜ਼ਾਂ ਹੁੰਦੀਆਂ ਨੇ। ਫੁੱਲ ਵਿਚ ਜਿਵੇਂ ਫ਼ੌਲਾਦੀਪਨ ਨਹੀਂ ਪੈਦਾ ਹੋ ਸਕਦਾ, ਤਿਵੇਂ ਫ਼ੌਲਾਦ ਵਿਚ ਫੁੱਲ ਵਾਲੀ ਕੋਮਲਤਾ ਨਹੀਂ ਸਮਾ ਸਕਦੀ।

ਪਰ ਆਪਣੇ ਨਾਵਲ ਦੀ ਜਿਸ ਨਾਇਕਾ 'ਸਰਲਾ' ਨੂੰ ਮੈਂ ਇਹਨਾਂ ਦੋਹ ਪ੍ਰਸਪਰ ਵਿਰੋਧੀ ਗੁਣਾਂ ਦੀ ਪ੍ਰਤੀਕ ਦੇ ਤੌਰ ਤੇ ਪੇਸ਼ ਕੀਤਾ ਹੈ, ਉਸ ਦਾ ਆਚਰਣ ਪੜ੍ਹ ਕੇ ਯਕੀਨਨ ਪਾਠਕਾਂ ਨੂੰ ਕਹਿਣਾ ਪਵੇਗਾ ਕਿ ਸਰਲਾ ਸੱਚੀਂ ਮੁਚੀਂ ਇਕ ਅਜਿਹੀ ਵਿਅਕਤੀ ਹੈ, ਜਿਸ ਦੇ ਸੁਭਾਅ ਵਿਚ ਫੁੱਲ ਦੀ ਕੋਮਲਤਾ, ਤੇ ਫ਼ੌਲਾਦ ਦੀ ਕਰੜਾਈ, ਦੋਵੇਂ ਗੁਣ ਨਾਲੋ ਨਾਲ ਚਲਦੇ ਨੇ। ਜਿਥੇ ਸੁਹੱਪਣ, ਸੁਹਿਰਦਤਾ ਤੇ ਕੋਮਲਤਾ ਦੇ ਉਦਗਾਰਾਂ ਨਾਲ ਸਰਲਾ ਦਾ ਹਿਰਦਾ ਲਬਰੇਜ਼ ਹੈ, ਉਥੇ ਸਵੈ-ਸੰਜਮ, ਦ੍ਰਿੜ੍ਹਤਾ, ਤੇ ਕਠੋਰਤਾ ਵਰਗੇ ਫ਼ੌਲਾਦੀ ਗੁਣ ਵੀ ਉਸ ਦੇ ਅੰਦਰ ਪਾਏ ਜਾਂਦੇ ਨੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਲਾ ਦਾ ਹਿਰਦਾ ਨਾਰੀ ਹਿਰਦਾ ਹੈ। ਉਸ ਦੇ ਹਿਰਦੇ ਵਿਚ ਆਪਣੇ ਇਕ ਬਾਲਸਖੇ 'ਮੋਹਨ' ਲਈ ਪਿਆਰ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਜੇ ਉਹ ਨਿਰੀ ਪੁਰੀ ਭਾਵਿਕ ਹੁੰਦੀ ਤਾਂ ਸਮਾਜਿਕ ਬੰਧਨਾਂ ਨੂੰ ਤੋੜ ਤਾੜ ਕੇ ਆਪਣੇ ਪ੍ਰੇਮੀ ਦਾ ਜੀਵਨ-ਸਾਥ ਸਵੀਕਾਰ ਕਰ ਸਕਦੀ ਸੀ। ਪਰ ਸਰਲਾ ਦੀ ਮਾਨਸਿਕ ਅਵਸਥਾ ਅਜੇ ਓਨੀ ਪਕਿਆਈ ਵਿਚ ਨਹੀਂ ਅਪੜੀ—ਉਹ ਸਮਾਜਿਕ ਬੰਧਨਾਂ ਨੂੰ ਤੇ ਉਨ੍ਹਾਂ ਬੰਧਨਾਂ ਦੀ ਪਾਲਨਾ ਨੂੰ ਤੀਵੀਂ ਲਈ ਜ਼ਰੂਰੀ ਸਮਝਦੀ ਹੈ। ਮਾਪਿਆਂ ਦੀ ਰਜ਼ਾਮੰਦੀ ਬਿਨਾਂ ਕਿਸੇ ਲੜਕੀ ਦਾ ਆਪਣੇ ਪਰੇਮੀ ਨਾਲ ਗੰਢ ਚਿਤਰਾਵਾ ਕਰ ਲੈਣਾ, ਇਹ ਸਰਲਾ ਲਈ ਅਸਹਿ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਰਲਾ ਆਪਣੀਆਂ ਸਾਰੀਆਂ ਸੱਧਰਾਂ ਤੇ ਉਮੰਗਾਂ ਦੀ, ਸਮਾਜਿਕ ਅਗਨ-ਕੁੰਡ ਵਿਚ ਅਹੂਤੀ ਦੇ ਕੇ ਇਕ ਬੁੱਢੇ ਪਤੀ ਦੀ ਦੁਲਹਨ ਬਣਨਾ ਮਨਜ਼ੂਰ ਕਰ ਲੈਂਦੀ ਹੈ। ਕੀ ਉਸ ਦਾ ਇਹ ਸੁਭਾਅ ਫ਼ੌਲਾਦ ਦੀ ਮਜ਼ਬੂਤੀ ਤੋਂ ਘੱਟ ਹੈ? ਇਥੋਂ ਤੱਕ ਕਿ ਕਿ ਇੱਕਾ ਦੁੱਕਾ ਵੇਰਾਂ ਉਹ ਆਪਣੇ ਓਸ ਪਰੇਮੀ 'ਮੋਹਨ' ਨੂੰ ਵੀ ਠੁਕਰਾ ਦੇਂਦੀ ਹੈ, ਜਦੋਂ ਉਹ ਵੇਖਦੀ ਹੈ ਕਿ ਮੋਹਨ ਉਸ ਨੂੰ ਸਮਾਜਿਕ-ਬੰਧਨ ਤੋੜਣ ਲਈ ਉਕਸਾ ਰਿਹਾ ਹੈ।

ਬੁੱਢੇ, ਬਦਸੂਰਤ ਤੇ ਐਯਾਸ਼ ਪਤੀ ਦਾ ਸੰਜੋਗ ਹੋਣ ਤੇ ਵੀ ਸਰਲਾ ਆਪਣੇ ਸਮਾਜਕ ਫ਼ਰਜ਼ ਦਾ ਪਲੜਾ ਨਹੀਂ ਛੱਡ ਸਕੀ, ਭਾਵੇਂ ਕਿ ਪਤੀ ਨਾਲ ਉਸ ਦਾ ਪਰੇਮ ਹੋਣਾ ਅਸੰਭਵ ਗੱਲ ਸੀ। ਉਸ ਦੇ ਸੀਨੇ ਵਿਚ ਤਾਂ ਆਖ਼ਰ ਇਸਤ੍ਰੀ ਦਾ ਦਿਲ ਸੀ, ਤੇ ਉਹੀ ਦਿਲ, ਜੋ ਬਾਲਪਣੇ ਤੋਂ ਹੀ ਕਿਸੇ ਹੋਰ ਦੀ ਭੇਟਾ ਹੋ ਚੁੱਕ ਸੀ। ਕਿੰਨੀ ਦ੍ਰਿੜਤਾ—ਕਿੰਨਾ ਆਤਮ ਬਲੀਦਾਨ ਹੈ ਕਿ ਇਕ ਪਾਸੇ ਤਾਂ ਉਹ ਆਪਣੇ ਉਸੇ ਬੁੱਢੇ ਪਤੀ ਨੂੰ ਅਪਨਾਂਦੀ ਹੈ ਜਿਸਨੂੰ ਉਹ ਦਿਲੋਂ ਪਰੇਮ ਨਹੀਂ ਕਰਦੀ—ਜਿਸਨੂੰ ਉਹ ਵੇਸ਼ਵਾ ਨਾਲ ਸ਼ਰਾਬ ਪੀਂਦਾ ਅੱਖੀਂ ਵੇਖ ਆਈ ਹੈ। ਪਰ ਦੂਜੇ ਪਾਸੇ ਜਦ ਉਸ ਦਾ ਆਪਣੇ ਚਿਰ-ਵਿਛੜੇ ਪਰੇਮੀ 'ਮੋਹਨ' ਨਾਲ ਰਾਤ ਦੇ ਇਕਾਂਤ ਸਮੇਂ ਮੇਲ ਹੋ ਜਾਂਦਾ ਹੈ, ਤਾਂ ਉਹ ਉਸ ਨੂੰ ਇਸ ਦੋਸ਼ ਬਦਲੇ ਦੁਰਕਾਰ ਦੇਂਦੀ ਹੈ ਕਿ ਉਹ ਅੱਧੀ ਰਾਤ ਵੇਲੇ ਇਸ ਤਰ੍ਹਾਂ ਚੋਰਾਂ ਵਾਂਗ ਇਕ ਬਿਗਾਨੀ ਹੋ ਚੁੱਕੀ ਤੀਵੀਂ ਪਾਸ ਕਿਉਂ ਆਇਆ ਹੈ। ਤੇ ਜਦ ਮੋਹਨ ਉਸ ਦੇ ਪਤੀ ਦੀ ਸ਼ਾਨ ਵਿਚ ਵਧ ਘਟ ਬੋਲਦਾ ਹੈ, ਤਾਂ ਸਰਲਾ ਉਸੇ ਪਤੀ ਤੋਂ ਚਿੜ੍ਹ ਕੇ ਝਟ ਲੋਹੀ ਲਾਖੀ ਹੋ ਜਾਂਦੀ ਹੈ। ਇਹੋ ਹੈ ਸਰਲਾ ਦਾ ਫ਼ੌਲਾਦੀ ਆਚਰਣ।

ਜਗਤ ਸਿੰਘ ਇਸ ਨਾਵਲ ਦਾ ਖਲ-ਪਾਤਰ ਹੈ, ਸਰਲਾ ਦੀ ਫੁੱਲ ਵਰਗੀ ਸੁੰਦਰਤਾ ਉਤੇ ਜਿਹੜਾ ਪਹਿਲੀ ਨਜ਼ਰੇ ਹੀ ਮੋਹਿਤ ਹੋ ਜਾਂਦਾ ਹੈ। ਇਸ ਤੋਂ ਬਾਅਦ ਉਸ ਨੂੰ ਫਸਾਣ ਲਈ ਕਈ ਤਰ੍ਹਾਂ ਦੇ ਪ੍ਰਪੰਚ ਕਰਦਾ ਹੈ। ਪਰ ਸਰਲਾ ਦੀ ਫ਼ੌਲਾਦੀ ਸ਼ਕਤੀ ਸੀ, ਜਿਸ ਦੇ ਸਾਹਮਣੇ ਨਾ ਕੇਵਲ ਜਗਤ ਸਿੰਘ ਦੀ ਕੋਈ ਪੇਸ਼ ਨਹੀਂ ਆਈ, ਸਗੋਂ ਅੰਤ ਇਸੇ ਸ਼ਕਤੀ ਦੇ ਅਸਰ ਨਾਲ ਉਹ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰਦਾ ਹੋਇਆ ਸਰਲਾ ਦੇ ਪੈਰਾਂ ਤੇ ਸਿਰ ਰੱਖ ਕੇ ਪ੍ਰਾਣ ਤਿਆਗਦਾ ਹੈ।

ਇਹ ਤਾਂ ਹੋਈ ਪੁਸਤਕ ਦੇ ਨਾਂ ਅਤੇ ਨਾਇਕਾ ਦੇ ਆਚਰਣ ਸਬੰਧੀ ਬਹਿਸ। ਹੁਣ ਮੈਨੂੰ ਸਿਧਾਂਤਕ ਤੌਰ ਤੇ ਵੀ ਇਸ ਸਬੰਧੀ ਕੁਝ ਦਸਣਾ ਚਾਹੀਦਾ ਹੈ।

ਮੈਂ ਨਾਵਲ ਦਾ ਮੁੱਖ ਪ੍ਰਯੋਜਨ ਇਹੋ ਨਹੀਂ ਸਮਝਦਾ ਕਿ ਨਾਇਕ, ਨਾਇਕਾ ਦੇ ਪ੍ਰੇਮ-ਅਲਾਪ ਤੇ ਚੁੰਮਾ ਚੱਟੂ ਵਿਚ ਹੀ ਕਹਾਣੀ ਦੀ ਬਣਤਰ ਖ਼ਤਮ ਕਰ ਦਿੱਤੀ ਜਾਵੇ। ਅਸਲ ਗੱਲ ਤਾਂ ਇਹ ਹੈ ਕਿ ਮੈਂ ਇਸ ਕਿਸਮ ਦੇ ਨਾਵਲਾਂ ਨੂੰ ਘ੍ਰਿਣ ਕਰਦਾ ਹਾਂ, ਜਿਨ੍ਹਾਂ ਵਿਚ ਨਾਇਕ ਨਾਇਕਾ ਨੂੰ ਇੰਨੇ ਮੂੰਹ ਜ਼ੋਰ ਤੇ ਹਿਰਸ ਦੇ ਗੁਲਾਮ ਦਰਸਾਇਆ ਜਾਵੇ ਕਿ ਉਹ ਮਾਂ ਪਿਓ ਤੇ ਖ਼ਾਨਦਾਨ ਦੀ ਇੱਜ਼ਤ-ਆਬਰੋ ਨੂੰ ਛਿੱਕੇ ਟੰਗ ਕੇ ਮਨ ਮਰਜ਼ੀ ਦੀਆਂ ਸਾਜ਼ਿਸ਼ਾਂ ਕਰਦੇ ਫਿਰਨ। ਅਜੇਹੀ ਲਿਖਤ ਲਿਖ ਕੇ ਮੈਂ ਆਪਣੇ ਨੌਜੁਆਨ ਤਬਕੇ ਦਾ ਆਚਰਣ ਤਬਾਹ ਨਹੀਂ ਕਰਨਾ ਚਾਹੁੰਦਾ। ਖ਼ਾਸ ਕਰਕੇ ਮਰਦ ਦੀ ਅਵਸਥਾ ਭਾਵੇਂ ਕਿੰਨੀ ਹੀ ਗਿਰੀ ਹੋਈ ਕਿਉਂ ਨਾ ਹੋਵੇ, ਪਰ ਇਕ ਭਾਰਤੀ ਨਾਰੀ ਨੂੰ ਮੈਂ ਭਾਰਤੀ ਨਾਰੀ ਦੇ ਰੂਪ ਵਿਚ ਵੇਖਣਾ ਚਾਹੁੰਦਾ ਹਾਂ—ਯੂਰਪੀਨ ਰੂਪ ਵਿਚ ਨਹੀਂ।

ਸਾਡੇ ਦੇਸ਼ ਵਿਚ ਭੇਡ ਚਾਲ ਵਾਲਾ ਅਸੂਲ ਪ੍ਰਧਾਨ ਹੋ ਗਿਆ ਹੈ। ਅਸੀਂ ਕਿਸੇ ਸਿਧਾਂਤ ਨੂੰ ਜਾਂ ਤਾਂ ਐਸਾ ਪੀਚ ਕੇ ਪੱਲੇ ਬੰਨ੍ਹਦੇ ਹਾਂ ਕਿ ਉਸ ਦੀ ਵਰਤੋਂ ਹੀ ਵਿਸਰ ਜਾਂਦੀ ਹੈ ਤੇ ਜਾਂ ਫੇਰ ਉਸ ਨੂੰ ਉੱਕਾ ਹੀ ਸੁੱਟ ਛੱਡਦੇ ਹਾਂ। ਜਿਹਾ ਕਿ—ਜਾਂ ਤਾਂ ਛੂਤ ਛਾਤ ਦੀ ਏਨੀ ਬਿਮਾਰੀ ਕਿ 'ਵੀਹ ਪੂਰਬੀਏ ਤੇ ਇੱਕੀ ਚੁਲ੍ਹੇ' ਵਾਲਾ ਹਾਲ ਤੇ ਜਾਂ ਫਿਰ ਇਸ ਤੋਂ ਏਨੀ ਉਪਰਾਮਤਾ ਕਿ ਬਾਬੂ ਹੋਰਾਂ ਦੇ ਓਹੀ ਬੂਟ ਟੱਟੀ ਵਿਚ ਤੇ ਉਹੀ ਚੌਂਕੇ ਵਿਚ।

ਇਹੋ ਵਰਤੋਂ ਸਾਡੀ ਨਾਵਲਾਂ ਸਬੰਧੀ ਵੇਖਣ ਵਿਚ ਆਉਂਦੀ ਹੈ। ਅਰਥਾਤ ਇਕ ਪਾਸੇ ਤਾਂ ਸਾਡੇ ਦੇਸ਼ ਵਿਚ ਉਹ ਨਾਵਲ ਪ੍ਰਚਲਤ ਹਨ, ਜੇਹੜੇ ਕੇਵਲ ਪਾਠਕਾਂ ਨੂੰ ਵਕਤ-ਬਿਤਾਊ ਅਤੇ ਹਿਰਸ-ਚਮਕਾਊ ਖੁਰਾਕ ਤੋਂ ਵਧ ਕੁਝ ਨਹੀਂ ਦੇਂਦੇ, ਜਿਨ੍ਹਾਂ ਵਿਚ ਛੁਟ ਜਾਸੂਸੀ, ਅਯਾਰੀ, ਗੁੰਝਲਾਂ ਅਤੇ ਮਸ਼ੂਕੀ ਦੇ ਕੀਰਨਿਆਂ ਤੋਂ ਵਧ ਹੋਰ ਕੁਝ ਹੁੰਦਾ ਹੀ ਨਹੀਂ। ਤੇ ਜਾਂ ਫਿਰ ਅਜੇਹੇ ਨਾਵਲ ਹਨ, ਜਿਨ੍ਹਾਂ ਨੂੰ ਅਸੀਂ ਲੈਕਚਰਬਾਜ਼ੀ ਦੇ ਪਲੇਟਫਾਰਮ ਹੀ ਕਹਿ ਸਕਦੇ ਹਾਂ। ਉਨ੍ਹਾਂ ਵਿਚ ਸਿਧੀਆਂ ਤੇ ਪ੍ਰਗਟ ਤੌਰ ਤੇ ਸੁਧਾਰ ਦੀਆਂ ਹੀ ਦੁਹਾਈਆਂ ਦਿੱਤੀਆਂ ਜਾਂਦੀਆਂ ਹਨ।

ਮੈਂ ਉਨ੍ਹਾਂ ਨਾਵਲਾਂ ਦੇ ਹੱਕ ਵਿਚ ਹਾਂ, ਜਿਹੜੇ ਨਾ ਤਾਂ ਨਿਰੇ ਅਯਾਸ਼ੀ ਦੇ ਡੱਬੇ ਹੋਣ, ਤੇ ਨਾ ਹੀ ਨਿਰੇ ਜੇਬੀ ਲੈਕਚਰਾਰ। ਮੈਂ ਇਹੋ ਜਿਹੇ ਨਾਵਲ ਚਾਹੁੰਦਾ ਹਾਂ, ਜਿਨ੍ਹਾਂ ਵਿਚ ਪ੍ਰੇਮ ਵੀ ਹੋਵੇ, ਪਰ ਅਖ਼ਲਾਕ ਤੇ ਸੰਜਮ ਭਰਿਆ ਪ੍ਰੇਮ। ਉਨ੍ਹਾਂ ਵਿਚ ਸੁਧਾਰ ਦਾ ਰੰਗ ਵੀ ਹੋਵੇ, ਪਰ ਉਸ ਹੱਦ ਤਕ ਕਿ ਜਿਸ ਹੱਦ ਤਕ ਉਸ ਨੂੰ ਨਾਵਲਪੁਣੇ ਦੀ ਖੰਡ ਵਿਚ ਗਲੇਫਿਆ ਜਾ ਸਕੇ। ਦੂਜੇ ਸ਼ਬਦਾਂ ਵਿਚ ਸਾਹਿਤ ਨੂੰ ਇਸ ਵੇਲੇ ਇਹੋ ਜਿਹੇ ਨਾਵਲਾਂ ਦੀ ਲੋੜ ਹੈ, ਜੋ ਮਨੁੱਖੀ ਜੀਵਨ ਦੀਆਂ ਘਟਨਾਵਾਂ ਤੇ ਕ੍ਰਿਆਵਾਂ ਨੂੰ ਅਜਿਹੇ ਸੁਚੱਜੇ, ਕੁਦਰਤੀ ਤੇ ਆਦਰਸ਼ ਢੰਗ ਨਾਲ ਜਨਤਾ ਦੇ ਸਾਹਮਣੇ ਲਿਆਉਣ, ਜਿਸ ਤੋਂ 'ਸੁਆਦ' ਤੇ 'ਸਿੱਖਿਆ' ਦੁਹਾਂ ਦੀ ਪ੍ਰਾਪਤੀ ਹੋਵੇ। ਨਾਵਲ ਜਿਥੇ ਨਿੰਮੋ-ਝੂਣਿਆਂ ਨੂੰ ਖਿੜਣ ਵਾਲਾ, ਮਨਮੋਹਣਾ, ਰੰਗੀਲਾ ਤੇ ਚੁਲਬੁਲਾ ਖਿਡੌਣਾ ਹੈ, ਉਥੇ ਇਹ ਭੁਲੇ ਨੂੰ ਰਾਹ ਪਾਣ ਲਈ ਚਾਨਣ-ਮੁਨਾਰਾ ਵੀ ਹੈ।

ਮੈਨੂੰ ਅਜੇਹੇ ਕਰੈਕਟਰ ਛਾਪਣੇ ਪਸੰਦ ਨਹੀਂ, ਜਿਨ੍ਹਾਂ ਵਿਚ ਕਦੇ ਉਚਾਈ ਨਿਵਾਈ ਆ ਹੀ ਨਾ ਸਕੇ, ਭਾਵੇਂ ਉਨ੍ਹਾਂ ਦੇ ਜੀਵਨ ਵਿਚ ਕਿਡੇ ਵੀ ਵੱਡੇ ਹੇਰ ਫੇਰ ਹੋ ਜਾਣ। ਅਰਥਾਤ ਜੇ ਪਾਤਰ ਦਾ ਕਰੈਕਟਰ ਭੈੜਾ ਮੁਕੱਰਰ ਕੀਤਾ ਹੈ, ਤਾਂ ਉਸ ਤੋਂ ਕਦੇ ਚੰਗਿਆਈ ਹੋ ਹੀ ਨਾ ਸਕੇ, ਨਾ ਕਿਸੇ ਚੰਗੇ ਪਾਸੋਂ ਬੁਰਿਆਈ।

ਮਨੁੱਖ ਨਾ ਨਿਰਾ ਫ਼ਰਿਸ਼ਤਾ ਹੈ, ਨਾ ਨਿਰਾ ਸ਼ੈਤਾਨ ; ਸਗੋਂ ਇਸ ਨੂੰ ਰੱਬ ਨੇ ਦੁਹਾਂ ਖਸਲਤਾਂ ਦਾ ਮਾਲਕ ਬਣਾਇਆ ਹੈ। ਅਥਵਾ ਇਸ ਨੂੰ ਫ਼ਰਿਸ਼ਤੇ ਤੇ ਸ਼ੈਤਾਨ ਦੇ ਵਿਚਾਲੇ ਖੜਾ ਕਰਕੇ, ਕੁਦਰਤ ਨੇ ਇਸ ਦੀ ਇਕ ਬਾਂਹ ਫ਼ਰਿਸ਼ਤੇ ਨੂੰ ਫੜਾ ਦਿੱਤੀ ਤੇ ਦੂਜੀ ਸ਼ੈਤਾਨ ਨੂੰ, ਦੁਹਾਂ ਵਿਚੋਂ ਜਿਸਦਾ ਜ਼ੋਰ ਪੈਂਦਾ ਹੈ, ਉਹੀ ਇਸ ਨੂੰ ਆਪਣੀ ਵੱਲ ਧੂਹ ਲੈ ਜਾਂਦਾ ਹੈ। ਮਨੁੱਖ ਦੀ ਇਸੇ 'ਖਿਚਾਖਿਚੀ' ਦਾ ਦੂਸਰਾ ਨਾਂ ਮੇਰੀ ਸਮਝ ਵਿਚ 'ਜੀਵਨ' ਹੈ।

ਇਸ ਨਾਵਲ ਵਿਚਲੇ ਦੋਵੇਂ ਨਾਇਕ ਨਾਇਕਾ, ਚੰਗੇ ਸੁਭਾਅ ਦੇ ਮਾਲਕ ਹਨ। ਪਰ ਇਤਨਾ ਹੋਣ ਤੇ ਵੀ ਕਦੇ ਕਦੇ ਟੇਢੇ ਸਮੇਂ ਦੀਆਂ ਪ੍ਰਭਾਵਸ਼ਾਲੀ ਘਟਨਾਵਾਂ ਉਨ੍ਹਾਂ ਨੂੰ ਆਪਣੇ ਟੀਚੇ ਤੋਂ ਹਿਲਾ ਦੇਂਦੀਆਂ ਹਨ। ਫਿਰ ਮੈਂ ਵੀ ਮਰਦ ਨਾਲੋਂ ਇਸਤ੍ਰੀ ਨੂੰ ਵਧੇਰੇ ਗੰਭੀਰ ਤੇ ਸਥਿਰ ਸੁਭਾਅ ਵਾਲੀ ਮੰਨਦਾ ਹਾਂ। ਇਹੋ ਕਾਰਨ ਹੈ ਕਿ ਮੇਰਾ ਨਾਇਕ ਅਕਸਰ ਡੋਲ ਜਾਂਦਾ ਹੈ—ਉਸ ਦੇ ਅਖ਼ਲਾਕ ਦੀਆਂ ਤਣਾਵਾਂ ਸਮਾਂ ਪੈਣ ਤੇ ਢਿੱਲੀਆਂ ਹੋ ਜਾਂਦੀਆਂ ਹਨ। ਪਰ ਨਾਇਕਾ ਅਜੇਹੇ ਵੇਲੇ ਝਟ ਸੰਭਲ ਜਾਂਦੀ ਹੈ, ਨਾਲ ਹੀ ਮੋਹਨ ਨੂੰ ਵੀ ਡਿਗਣੋਂ ਬਚਾ ਲੈਂਦੀ ਹੈ।

ਜਗਤ ਸਿੰਘ ਪਾਸੋਂ ਸ਼ਾਇਦ ਸਾਰੇ ਜਨਮ ਵਿਚ ਕਦੇ ਵੀ ਕੋਈ ਕੰਮ ਨਹੀਂ ਹੋਇਆ। ਪਰ ਅੰਤ ਨੂੰ ਉਸ ਦੀ ਕਠੋਰ ਤੇ ਪਾਪੀ ਰੂਹ ਨੇਕੀ ਦੇ ਅਸਰ ਨੂੰ ਕਬੂਲਦੀ ਹੋਈ ਪ੍ਰਾਸ਼ਚਿਤ ਕਰਦੀ ਹੈ। ਪਾਠਕ—ਜਿ ਜਗਤ ਸਿੰਘ ਦੀਆਂ ਕਰਤੂਤਾਂ ਤੋਂ ਚਿੜ੍ਹ ਕੇ ਦੰਦੀਆਂ ਪੀਹ ਰਿਹਾ ਸੀ—ਇ ਪਹੁੰਚ ਕੇ ਬਦੋਬਦੀ ਸਰਲਾ ਦੀ ਆਵਾਜ਼ ਨਾਲ ਆਵਾਜ਼ ਮੇਲ ਕੇ ਕ ਹੈ—"ਹਾਏ ਵਿਚਾਰਾ!"

ਇਸ ਨਾਵਲ ਵਿਚਲੀਆਂ ਘਟਨਾਵਾਂ ਭਾਵੇਂ ਸਾਧਾਰਨ ਰੂਪ ਵਿਚ ਲਿਆਂਦੀ ਹਨ, ਪਰ ਇਹ ਸਾਰੀਆਂ ਆਪਣੇ ਅੰਦਰ ਕੋਈ ਨਾ ਕੋਈ ਭੇਦ—ਕੋਈ ਸਿਧਾਂ ਰੱਖਦੀਆਂ ਹਨ। ਹਰ ਇਕ ਘਟਨਾ ਦੀ ਤਹਿ ਥਲੇ ਪਾਠਕਾਂ ਨੂੰ ਕੁਝ ਨ ਕੁਝ ਲੁਕਿਆ ਦਿਸੇਗਾ। ਪਰ ਇਸ ਦੇ ਨਾਲ ਹੀ ਇਸ ਨਾਵਲ ਵਿਚਲੀਆਂ ਕੁਝ ਤਰੁੱਟੀਆਂ ਤੋਂ ਵੀ ਮੈਂ ਅਣਜਾਣ ਨਹੀਂ ਹਾਂ। ਕਿਤੇ ਕਿਤੇ ਇਸ ਨਾਵਲ ਵਿਚਲੀ ਘਟਨਾ ਸ਼ਾਇਦ ਅਸੁਭਾਵਿਕ ਰੂਪ ਵਿਚ, ਜਾਂ ਮੌਕਾ ਮੇਲ ਪੈਦਾ ਕਰਨ ਦੇ ਖਿਆਲੋਂ ਬਦੋ ਬਦੀ ਘੁਸੇੜੀ ਗਈ ਜਾਪੇਗੀ ਜੋ ਮੇਰੀ ਹੁਨਰੀ ਕਚਿਆਈ ਹੀ ਕਹੀ ਜਾ ਸਕਦੀ ਹੈ।

ਇਸ ਤੋਂ ਛੁੱਟ ਮੈਂ ਇਸ ਨਾਵਲ ਵਿਚ ਮੌਜੂਦਾ ਸਮੇਂ ਦੀ ਭਾਈਚਾਰਕ ਤੇ ਵਿਹਾਰਕ ਹਾਲਤ ਉਤੇ ਵੀ ਚਾਨਣਾ ਪਾਣ ਦਾ ਯਤਨ ਕੀਤਾ ਹੈ। ਸਮਾਜਕ ਸੁਸਾਇਟੀਆਂ ਦੇ ਲੀਡਰਾਂ ਦੀ ਲੁੱਟ ਖਸੁੱਟ, ਲੱਚਰ ਅਖ਼ਬਾਰ-ਨਵੀਸਾਂ ਦੇ ਕਾਰੇ, ਠੱਗ ਡਾਕਟਰਾਂ, ਹਕੀਮਾਂ ਦੀਆਂ ਕਰਤੂਤਾਂ, ਭੇਖੀ ਸੰਤਾਂ ਦੇ ਦੰਭ ਅਤੇ ਫਿਲਮੀ ਹਲਕੇ ਦੀਆਂ ਸਵਾਰਥੀ ਤੇ ਹਾਸੋਹੀਣੀਆਂ ਗੱਲਾਂ ਆਦਿ। ਆਸ਼ਾ ਹੈ ਪਾਠਕ ਮੇਰੇ ਇਸ ਪੁਰਸ਼ਾਰਥ ਨੂੰ—ਜਿਹੋ ਜਿਹਾ ਵੀ ਹੈ, ਸਵੀਕਾਰ ਕਰਨਗੇ।

ਅੰਮ੍ਰਿਤਸਰ

—ਨਾਨਕ ਸਿੰਘ

੧ ਮਈ, ੧੯੩੧

੧

"ਤਤ ਭੜੱਤੀਏ, ਪੋਤੜੇ ਧੋਨੀ ਏਂ ਕਿ ਸਮਾਧੀ ਲਾਈ ਬੈਠੀ ਏਂ? ਕਿਉਂ ਤੂੰ ਹੱਡ ਹਰਾਮ ਹੁੰਦੀ ਜਾਨੀ ਏ ਦਿਨੋਂ ਦਿਨ?

ਅਚਾਨਕ ਹੀ ਪਿਛਲੇ ਪਾਸਿਓਂ ਸਰਲਾ ਦੀ ਪਿੱਠ ਵਿਚ ਜ਼ੋਰ ਦੀ ਲੱਤ ਮਾਰ ਕੇ ਕਿਸੇ ਨੇ ਉਪਰੋਕਤ ਵਾਕ ਉਸ ਨੂੰ ਕਹੇ।

ਸਰਲਾ ਦਾ ਧਿਆਨ ਟੁੱਟ ਗਿਆ ਤੇ ਸਾਬਣ ਦੀ ਗਾਚੀ ਉਸ ਦੇ ਹੱਥੋਂ ਛੁਟਕ ਕੇ ਪਰੇ ਜਾ ਪਈ।

"ਮਾਂ ਜੀ ਮੈਂ ਤੇ..." ਇਤਨਾ ਹੀ ਉਸ ਦੇ ਮੂੰਹੋਂ ਨਿਕਲਿਆ ਸੀ ਕਿ ਇਕ ਹੋਰ ਠੁੱਡ ਨੇ ਬਾਕੀ ਰਹਿੰਦੀ ਗੱਲ ਉਸ ਦੇ ਗਲੇ ਵਿਚ ਹੀ ਰੋਕ ਦਿੱਤੀ।

ਬਿਨਾਂ ਪਿਛਾਂਹ ਤੱਕਿਆਂ ਉਸ ਬਾਂਹ ਵਧਾ ਕੇ ਸਾਬਣ ਦੀ ਚਾਕੀ ਫੜ ਲਈ ਤੇ ਉਸੇ ਤਰ੍ਹਾਂ ਦਬਾ-ਦਬ ਪੋਤੜਿਆ ਉਤੇ ਰਗੜਨ ਲੱਗੀ।

ਸਰਲਾ ਦਾ ਜੀਵਨ ਕੀ ਸੀ, ਖੁਦ ਰੌ ਗੁਲਾਬ ਵਾਂਗ ਇਕ ਬੇਲੋੜਵੀਂ ਚੀਜ਼ ਸਗੋਂ ਇਉਂ ਕਹੋ, ਕਿ ਉਸ ਦਾ ਜੀਵਨ, ਕਿਸੇ ਹੋਰ ਲਈ ਅੱਖ ਦਾ ਤਿਨਕਾ, ਰਾਹ ਦਾ ਕੰਡਾ ਤੇ ਦਿਲ ਦਾ ਬੋਝ ਸੀ।

ਉਸ ਨੂੰ ਉੱਕਾ ਚੇਤਾ ਨਹੀਂ ਸੀ ਕਿ ਹੋਣੀ ਦੇ ਖਰ੍ਹਵੇ ਹੱਥ ਨੇ ਕਦੋਂ ਉਸ ਨੂੰ ਮਾਂ ਦੀ ਸਵਰਗੀ ਛਾਤੀ ਨਾਲੋਂ ਤੋੜ ਕੇ ਕਿਸੇ ਬੇ-ਤਰਸ ਤਸੀਹੇ ਸਹਾਰਨ ਲਈ ਇਸ ਸੁੰਨਸਾਨ ਦੁਨੀਆਂ ਵਿਚ ਪਟਕ ਦਿੱਤਾ ਸੀ।

ਸਰਲਾ ਆਪਣੀ ਉਮਰ ਦੇ ਪੰਦਰਾਂ ਵਰ੍ਹੇ ਬਿਤਾ ਚੁੱਕੀ ਹੈ, ਜਿੰਨ੍ਹਾਂ ਦੀ ਹਰ ਇਕ ਘੜੀ ਉਸ ਨੂੰ ਕਿਸੇ ਵਿਦਿਅਰਥੀ ਦੀ ਸੰਥਾ ਵਾਂਗ ਯਾਦ ਹੈ, ਪਰ ਉਸ ਨੂੰ ਐਸਾ ਇਕ ਪਲ ਵੀ ਚੇਤੇ ਨਹੀਂ, ਜਦ ਕਿਸੇ ਦਾ ਸਨੇਹ ਪ੍ਰਾਪਤ ਕਰ ਕੇ ਉਹ ਬੁੱਲਾਂ ਵਿਚ ਮੁਸਕ੍ਰਾਈ ਹੋਵੇ।

ਉਸ ਲਈ ਪਿਆਰ ਦੇ ਫੁਆਰੇ ਛੱਡਣ ਵਾਲਾ ਸੋਮਾ ਹੁਣ ਵੀ ਮੌਜੂਦ ਹੈ, ਪਰ ਇਕ ਭਾਰੀ ਸਿਲ ਨੇ ਉਸ ਨੂੰ ਸਦਾ ਲਈ ਬੰਦ ਕਰ ਛੱਡਿਆ ਹੈ। ਇਹ ਸੋਮਾ ਹੈ, ਓਹੀ ਪ੍ਰੇਮ ਸਿੰਘ, ਜੋ ਆਪਣੀ ਸੁਖੇ ਲੱਧੀ ਬੱਚੀ ਨੂੰ ਸੁਖੀ ਬਣਾਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦੇਂਦਾ ਹੁੰਦਾ ਸੀ। ਪਰ ਜਦ ਤੋਂ ਇਸ ਘਰ ਵਿਚ ਨਵੀਂ ਮਾਲਕਣ ਆਈ ਹੈ, ਤਦ ਤੋਂ ਉਸ ਨੂੰ ਸਰਲਾ ਦਾ ਖ਼ਿਆਲ ਬਹੁਤ ਘੱਟ ਆਉਂਦਾ ਹੈ। ਖ਼ਾਸ ਕਰ ਕੇ ਜਿਦਨ ਤੋਂ ਸਰਲਾ ਦੀ ਮਤਰੇਈ ਮਾਂ, ਕਿਸੇ ਸੁਭਾਗੇ ਦੀ ਸਕੀ ਮਾਂ ਬਣੀ ਹੈ, ਓਦਨ ਤੋਂ ਤਾਂ ਸਰਲਾ ਨੂੰ ਇਹੋ ਮਲੂਮ ਹੁੰਦਾ ਹੈ, ਜਿਵੇਂ ਪਿਤਾ ਦੀ ਸਾਰੀ ਵਾਤਸਲ ਦੀ ਪੂੰਜੀ ਨੂੰ ਡਾਕੂ ਲੁੱਟ ਕੇ ਲੈ ਗਿਆ ਹੈ।

ਪਿਤਾ ਦਾ ਪਿਆਰ-ਭਰਿਆ ਹੱਥ ਸਿਰ ਤੇ ਫਿਰਵਾਣ ਦੀ ਸਰਲਾ ਨੂੰ ਸਿੱਕ ਜਿਹੀ ਪੈ ਗਈ ਹੈ। ਕਦੀ ਉਹ ਦਿਨ ਸਨ, ਜਦੋਂ ਇਸ ਮਾਂ ਮਹਿੱਟਰ ਕੁੜੀ ਦੇ ਮੱਥੇ ਨੂੰ ਕਿਸੇ ਦੇ ਥਰਕਦੇ ਬੁੱਲ੍ਹਾਂ ਦੀ ਅਣਹੋਂਦ ਦਾ ਦੁੱਖ ਬਹੁਤਾ ਨਹੀਂ ਸੀ ਪੋਂਹਦਾ। ਪਰ ਹੁਣ ਤਾਂ ਸਰਲਾ ਇਸ ਘਰ ਵਿਚ ਵਾਧੂ ਜਿਹੀ ਚੀਜ਼ ਹੈ, ਅਥਵਾ ਕੰਮ ਕਰਨ ਦੀ ਇਕ ਮਸ਼ੀਨ ਮਾਤਰ।

ਇਤਨਾ ਹੋਣ ਤੇ ਵੀ ਸਰਲਾ ਨੇ ਹੁਣ ਤਕ ਆਪਣੀ ਪੜ੍ਹਾਈ ਵਿਚ ਫ਼ਰਕ ਨਹੀਂ ਸੀ ਪੈਣ ਦਿੱਤਾ, ਪਰ ਅੰਤ ਜਦ ਉਸ ਨੇ ਵੇਖਿਆ ਕਿ ਰਤਨ ਦਈ ਪੜ੍ਹਾਈ ਵਿਚ ਪੈਰ ਪੈਰ ਤੇ ਰੋਕਾਂ ਪਾਂਦੀ ਹੈ ਤੇ ਕੰਮ ਹੱਥੋਂ ਉਸ ਨੂੰ ਵੇਹਲ ਹੀ ਨਹੀਂ ਦੇਂਦੀ ਜਿਸ ਕਰਕੇ ਉਹ ਐਤਕੀਂ ਅੱਠਵੀਂ ਵਿਚੋਂ ਫ਼ੇਹਲ ਹੋ ਗਈ ਸੀ—ਉਸ ਨੇ ਸਕੂਲ ਹੀ ਛੱਡ ਦਿੱਤਾ।

ਸਰਲਾ ਦੇ ਦਿਲ ਦੀ ਕਲੀ ਉੱਕੀ ਹੀ ਮੁਰਝਾ ਚੁੱਕੀ ਹੈ ਤੇ ਉਸ ਲਈ ਪਿਆਰ ਦੇ ਸਾਰੇ ਬੂਹੇ ਬੰਦ ਹੋ ਚੁੱਕੇ ਹਨ। ਪਰ ਉਸ ਦੀ ਉਮਰ ਵਿਚ ਜਿਉਂ-ਜਿਉਂ ਵਾਧਾ ਹੁੰਦਾ ਜਾਂਦਾ ਹੈ, ਇਹ ਪਿਆਰ ਦੀ ਸਿੱਕ ਵੀ ਉਭਾਰ ਤੇ ਆਉਂਦੀ ਜਾਂਦੀ ਹੈ, ਪਰ ਇਸ ਦੀ ਪੂਰਤੀ ਲਈ ਕੋਈ ਵੀ ਰਾਹ ਨਹੀਂ।

ਵੱਛੀ ਨੂੰ ਜਦ ਕੋਈ ਖਿੱਚ ਕੇ ਗਊ ਦੇ ਥਣਾਂ ਨਾਲੋਂ ਹਟਾ ਲੈਂਦਾ ਹੈ, ਤਾਂ ਉਹ ਮਾਲਕ ਦੇ ਹੱਥਾਂ ਨੂੰ ਹੀ ਚੱਟਣ ਦਾ ਜਤਨ ਕਰਦੀ ਹੈ, ਭਾਵੇਂ ਉਥੋਂ ਉਸ ਨੂੰ ਦੁੱਧ ਨਹੀਂ ਲੱਭਦਾ। ਸਰਲਾ ਆਪਣੇ ਨਿੱਕੇ ਜਿਹੇ ਵੀਰ ਨੂੰ ਹੀ ਪਿਆਰ-ਅੰਮ੍ਰਿਤ ਨਾਲ ਸਿੰਜਣਾ ਚਾਹੁੰਦੀ ਸੀ—ਉਸ ਨੂੰ ਕੁਛੜ ਲੈ ਕੇ ਲਾਡ ਲਡਾਣਾ ਚਾਹੁੰਦੀ ਸੀ। ਪਰ ਰਤਨ ਦੇਈ ਨੇ ਕਦੀ ਵੀ ਇਹ ਉਸਦੀ ਰੀਝ ਪੂਰੀ ਨਾ ਹੋਣ ਦਿੱਤੀ। ਸਰਲਾ ਜਦ ਕਦੇ ਕਾਕੇ ਨੂੰ ਚੁੱਕਦੀ, ਉਹ ਝਟ ਕਿਸੇ ਨਾ ਕਿਸੇ ਬਹਾਨੇ ਉਸ ਦੇ ਹੱਥੋਂ ਖੋਹ ਲੈਂਦੀ ਸੀ। ਇਸ ਵਿਚ ਰਤਨ ਦੇਈ ਦਾ ਵੀ ਕੀ ਦੋਸ਼ ਸੀ, ਜਦ ਕਿ ਉਸ ਦੇ ਸੋਹਣੇ ਤੇ ਲਾਡਲੇ ਹਰਬੰਸ ਨੂੰ ਇਕ ਗੰਦੇ ਕਪੜਿਆਂ ਵਾਲੀ ਕੁੜੀ, ਉਨ੍ਹਾਂ ਹੱਥਾਂ ਨਾਲ ਚੁੱਕਣਾ ਚਾਹੁੰਦੀ ਸੀ, ਜਿਨ੍ਹਾਂ ਉਤੇ ਭਾਂਡੇ ਮਾਂਜ-ਮਾਂਜ ਕੇ ਤੇ ਪੋਚੇ ਫੇਰ ਫੇਰ ਕੇ ਬਿਆਈਆਂ ਫੁੱਟੀਆਂ ਹੋਈਆਂ ਸਨ।

ਨਿਮਾਣੀ ਸਰਲਾ ਦਾ ਕੰਵਰ ਵਰਗਾ ਕੋਮਲ ਸਰੀਰ ਭਾਵੇਂ ਤਸੀਹਾਂ ਦੀ ਅੱਗ ਵਿਚ ਝੁਲਸ ਚੁੱਕਾ ਸੀ, ਪਰ ਫਿਰ ਵੀ ਉਸ ਦੇ ਕੁਦਰਤੀ ਸੁਹੱਪਣ ਵਿਚ ਫ਼ਰਕ ਨਹੀਂ ਸੀ ਆਇਆ। ਹੁਣ ਉਹ ਇਤਨੀ ਸਹਿੰਦੜ ਹੋ ਚੁੱਕੀ ਸੀ ਕਿ ਕਿਸੇ ਤਰ੍ਹਾਂ ਦਾ ਤ੍ਰਿਸਕਾਰ ਉਸ ਨੂੰ ਦੁੱਖ ਨਹੀਂ ਸੀ ਦੇ ਸਕਦਾ। ਇਹੋ ਕਾਰਨ ਹੈ ਕਿ ਅੱਜ ਦੀਆਂ ਗਾਲ੍ਹਾਂ ਰੂਪੀ ਅਣੀਆਂ ਨੇ ਉਸ ਦੇ ਕਲੇਜੇ ਵਿਚ ਕੋਈ ਛੇਕ ਨਾ ਪਾਇਆ—ਨਾ ਹੀ ਲੱਤਾਂ ਦੀਆਂ ਠੋਹਕਰਾਂ ਨੇ ਉਸ ਦੇ ਪਿੰਡੇ ਤੇ ਕੋਈ ਲਾਸ ਪਾਈ। ਉਸ ਦਾ ਦਿਲ ਪੱਥਰ ਦਾ ਤੇ ਸਰੀਰ ਲੱਕੜ ਦਾ ਬਣ ਚੁੱਕਾ ਸੀ।

ਸਭਨਾਂ ਪਾਸਿਆਂ ਤੋਂ ਟਕਰਾ ਕੇ ਜਦ ਸਰਲਾ ਦੀ ਪ੍ਰੇਮ ਧਾਰਾ ਉਤਾਂਹ ਨੂੰ ਉਛਲਦੀ ਸੀ, ਤਾਂ ਆਪ ਮੁਹਾਰੀ ਇਕ ਸੁੱਤੀ ਹੋਈ ਯਾਦ ਉਸ ਦੇ ਅੰਦਰ ਜਾਗ ਪੈਂਦੀ ਤੇ ਜਾਗਦਿਆਂ ਹੀ ਉਸ ਦੀ ਰਗ ਰਗ ਵਿਚ ਇਕ ਨਿੱਕੀ ਜਹੀ ਝੁਣਝੁਣਾਹਟ ਪੈਦਾ ਕਰ ਜਾਂਦੀ। ਇਕ ਅਥਰਾ ਜਿਹਾ ਮੁੰਡਾ ਸਾਖਿਆਤ ਰੂਪ ਵਿਚ ਉਸ ਦੀਆਂ ਅੱਖਾਂ ਅੱਗੇ ਆ ਖਲੋਂਦਾ ਜਿਸ ਦੀ ਮੁਸਕਰਾਹਟ ਭਰੀ ਇਕੋ ਝਾਤੀ ਉਸ ਦੇ ਅੰਦਰੇ ਨੂੰ ਟੁੰਬ ਕੇ ਇਕ ਮਸਤੀ ਭਰਿਆ ਹੁਲਾਰਾ ਦੇ ਜਾਂਦੀ।

ਉਸ ਦੀਆਂ ਅੱਖਾਂ ਅੱਗੇ ਅੱਜ ਤੋਂ ਕਈ ਵਰ੍ਹੇ ਪਹਿਲਾਂ ਦਾ ਇਕ ਜੁਗ ਫਿਰ ਜਾਂਦਾ। ਉਹ ਅੱਜ ਵੀ ਵਟਾਲੇ ਦੀਆਂ ਇਨ੍ਹਾਂ ਹੀ ਗਲੀਆਂ ਵਿਚ ਆਪਣੇ ਆਪ ਨੂੰ ਸਹੇਲੀਆਂ ਨਾਲ ਕਿਕਲੀ ਪਾਂਦਿਆਂ ਵੇਖਦੀ। ਨਾਲੇ ਵੇਖਦੀ ਗੁਆਂਢੀਆਂ ਦੇ ਉਸ ਮੁੰਡੇ ਨੂੰ, ਜਿਸ ਲਈ ਉਹ ਬੇ-ਤਨਖਾਹੇ ਨੌਕਰ ਵਾਂਗ ਸਾਰੇ ਕੰਮ ਕਰਦੀ ਸੀ। ਉਸ ਨੂੰ ਯਾਦ ਨਹੀਂ ਸੀ ਕਿ ਮੋਹਨ ਨੇ ਉਸ ਨਾਲ ਕਦੇ ਪਿਆਰ ਕੀਤਾ ਸੀ ਜਾਂ ਨਹੀਂ, ਸਗੋਂ ਮੋਹਨ ਉਸ ਨੂੰ ਸਦਾ ਹੀ ਮਾਰਦਾ ਤੇ ਦੰਦੀਆਂ

ਉਹ ਉਠ ਕੇ ਰਸੋਈ ਵੱਲ ਜਾਣ ਹੀ ਲੱਗੀ ਸੀ ਕਿ ਪ੍ਰੇਮ ਸਿੰਘ ਦੁਪਹਿਰਾਂ ਦੀ ਰੋਟੀ ਖਾ ਕੇ ਹੱਟੀ ਜਾਂਦਾ ਹੋਇਆ ਉਸ ਨੂੰ ਅੱਗੋਂ ਮਿਲਿਆ।

ਛੇਤੀ ਨਾਲ ਅਗਾਂਹ ਹੋ ਕੇ ਸਰਲਾ ਨੇ ਉਸ ਨੂੰ ਕੁਝ ਆਖਣ ਲਈ ਸਿਰ ਚੁਕਿਆ, ਪਰ ਕੋਈ ਗੱਲ ਉਸ ਦੇ ਮੂੰਹੋਂ ਨਿਕਲਣ ਤੋਂ ਪਹਿਲਾਂ ਹੀ ਉਸ ਦੀ ਨਜ਼ਰ ਪਿਉ ਦੀਆਂ ਅੱਖਾਂ ਤੇ ਪਈ। ਉਨ੍ਹਾਂ ਵਿਚ ਝਲਕ ਰਹੀ ਗੁੱਸੇ ਦੀ ਲਾਲੀ ਨੇ ਸਰਲਾ ਦਾ ਗਲਾ ਖੁਸ਼ਕ ਕਰ ਦਿੱਤਾ।

ਪ੍ਰੇਮ ਸਿੰਘ ਦੀ ਨਜ਼ਰ—ਜੋ ਸ਼ਾਇਦ ਸਰਲਾ ਨੂੰ ਹੀ ਟੋਲ ਰਹੀ ਸੀ—ਉਸ ਉਤੇ ਪਈ ਤੇ ਉਹ ਕੜਕ ਕੇ ਬੋਲਿਆ—"ਸਰਲੋ! ਤੂੰ ਕਿਉਂ ਢੀਠ ਹੋ ਗਈ ਏਂ ਏਡੀ, ਨਿੱਕੀ ਏਂ ਹੁਣ ਤੂੰ ਐਡੀ ਵੱਡੀ? ਮੁਟਿਆਰ ਧੀਆਂ ਇਸ ਤਰ੍ਹਾਂ ਵੇਹਲੀਆਂ ਫਿਰਦੀਆਂ ਚੰਗੀਆਂ ਲੱਗਦੀਆਂ ਨੇ?"

ਜਤਨ ਕਰਨ ਤੇ ਵੀ ਸਰਲਾ ਤੋਂ ਇਸ ਦਾ ਕੋਈ ਉੱਤਰ ਨਾ ਸਰਿਆ, ਉਸ ਦੀ ਜੀਭ ਨੇ ਸਾਥ ਨਾ ਦਿੱਤਾ। ਉਸ ਨੇ ਚਾਹਿਆ ਕਿ ਅੱਖਾਂ ਦੇ ਖਾ ਪਾਣੀ ਨਾਲ ਹੀ ਜਵਾਬ ਦਿਆਂ, ਪਰ ਹਿਰਦੇ ਦੇ ਮਾਰੂ ਥਲ ਵਿਚ ਉਸ ਦ ਦੋਵੇਂ ਚਸ਼ਮੇ ਸ਼ਾਇਦ ਜੀਰ ਚੁੱਕੇ ਸਨ—ਹੁਣ ਉਨ੍ਹਾਂ ਵਿਚ ਇਕ ਬੂੰਦ ਵੀ ਬਾਕੀ ਨਹੀਂ ਸੀ।

ਸੱਪ ਨੂੰ ਵੇਖ ਕੇ ਚਿੜੀ ਉੱਡਣ ਦਾ ਜਤਨ ਕਰਦੀ ਹੋਈ ਵੀ ਉੱਡ ਨਾ ਸਕੀ, ਇਸ ਤੇ ਵਾਧਾ ਇਹ ਕਿ ਪਿਛਲੇ ਪਾਸਿਉਂ ਬਿੱਲੀ ਨੇ ਆ ਝਪਟਾ ਮਾਰਿਆ।

ਸਰਲਾ ਨੇ ਸਿਰ ਚੁੱਕ ਕੇ ਜਾਂ ਪਿਛਾਂਹ ਤਕਿਆ, ਤਾਂ ਰਤਨ ਦੇਈ ਉਸ ਦੇ ਸਿਰ ਤੇ ਖੜੀ ਕਹਿ ਰਹੀ ਸੀ—"ਵੇਹਲੀ ਕਿਥੇ ਰਹਿੰਦੀ ਏ। ਇਸ ਵੱਡੀ ਪੜ੍ਹਾਕੋ ਨੂੰ ਤੇ ਸਾਰੀ ਦਿਹਾੜੀ ਕਿਤਾਬਾਂ ਹੱਥੋਂ ਈ ਵੇਹਲ ਨਹੀਂ ਲੱਗਦਾ। ਫੜਿਆ ਪੋਥਾ ਤੇ ਜਾ ਵੜੀ ਪਿਛਲੇ ਅੰਦਰ। ਨਾ ਏਹਦੇ ਪੋਥੇ ਮੁੱਕਣੇ, ਤੇ ਨਾ ਇਹਨੇ ਵੇਹਲੀ ਹੋਣਾ। ਰੱਬ ਲਵੇ ਏਹਨੂੰ ਤੇ ਜਾਂ ਲੋਹੜਾ ਪਵੇ ਏਹਦੀਆ ਕਿਤਾਬਾਂ ਨੂੰ। ਸਾਡੀ ਜਾਨ ਖਾਧੀ ਏ ਇਸ ਪੜ੍ਹਾਈਆਂ ਪਿੱਟੀ ਨੇ।"

ਕਦੇ ਕਦੇ ਬੁਝੀ ਹੋਈ ਅੱਗ ਵਿਚੋਂ ਵੀ ਹਨੇਰੀ ਦੇ ਝੋਕਿਆਂ ਨਾਲ ਇਕ ਅੱਧ ਦਬੀ ਹੋਈ ਚੰਗਿਆੜੀ ਮਘ ਨਿਕਲਦੀ ਹੈ। ਸਰਲਾ ਦੇ ਮਰ-ਮਰੇ ਦਿਲ ਉਤੇ ਕੁਝ ਏਦਾਂ ਦਾ ਹੀ ਅਸਰ ਹੋਇਆ। ਉਹ ਆਪਣੇ ਸੁੱਕੇ ਬੁੱਲ੍ਹ ਨੂੰ ਜੀਭ ਨਾਲ

ਗਿਲੇ ਕਰਦੀ ਹੋਈ ਬੋਲੀ, "ਮਾਂ ਜੀ! ਕਦੋਂ ਮੈਂ ਕਿਤਾਬਾਂ ਪੜ੍ਹਦੀ ਰਹਿੰਨੀਆਂ? ਰਾਤ ਨੂੰ ਜਾਂ ਦੁਪਹਿਰੇ ਜੇ ਕਿਤੇ ਕੰਮੋਂ ਘੰਟਾ ਅੱਧਾ ਘੰਟਾ ਵੇਹਲ ਮਿਲੇ ਤੇ ਭਾਵੇਂ ਦੋ ਘੜੀਆਂ ਪੜ੍ਹ ਲਵਾਂ। ਐਹ ਵੇਲਾ ਆਇਆ ਏ ਕੰਮ ਕਰਦੀ ਨੂੰ, ਸਾਰੇ ਕੱਪੜੇ ਧੋਤੇ ਨੇ। ਅਜੇ ਤੋੜੀ ਰੋਟੀ..."

ਰਤਨ ਦਈ ਵਿਚੋਂ ਹੀ ਕੜਕੀ—"ਕਾਹਨੂੰ ਖਾਧੀ ਏ ਤੂੰ! ਵੱਡੇ ਵੇਲੇ ਦੀ ਵਿਚਾਰੀ ਨਿਰਨੇ ਕਲੇਜੇ ਈ ਬੈਠੀ ਏ ਕਿ! ਪੰਜ-ਪੰਜ ਵੇਲੇ ਖਸਮ ਨੂੰ ਖਾਣੀ ਤੋਸ਼ੇ ਬੀੜਦੀ ਏ, ਅਜੇ ਇਹਨੂੰ ਭੋਖੜਾ ਈ ਲੱਗਾ ਰਹਿੰਦਾ ਏ।" ਫਿਰ ਪਤੀ ਵੱਲ ਮੂੰਹ ਕਰਕੇ ਬੋਲੀ—"ਤੈਨੂੰ ਪੰਜਾਹ ਵੇਰੀ ਪਿੱਟ ਥੱਕੀ ਆਂ, ਪਈ ਇਸ ਨਖਸਮੀ ਦੇ ਹੱਥ ਪੀਲੇ ਕਰ, ਤੇ ਧੱਕਾ ਦੇ ਕੇ ਰੋੜ੍ਹ ਸੂ ਢਾਬੇ। ਕਿੰਨਾ ਕੁ ਚਿਰ ਕੋਤਲ ਪਾਲਦਾ ਰਹੇਂਗਾ? ਔਂਤਰੀ ਖਾਣ ਦੀ ਚੱਟੀ, ਨਾ ਮਰਦੀ ਏ ਨਾ ਮਗਰੋਂ ਲੱਥਦੀ ਏ।"

ਪ੍ਰੇਮ ਸਿੰਘ ਦੀ ਨਜ਼ਰ ਸਰਲਾ ਦੇ ਚੇਹਰੇ ਤੇ ਸੀ, ਤੇ ਕੰਨ ਉਸ ਦੇ ਰਤਨ ਦਈ ਦੀਆਂ ਗਾਲ੍ਹਾਂ ਵੱਲ। ਅੱਖਾਂ ਦੀ ਗਵਾਹੀ ਸਰਲਾ ਦੇ ਹੱਕ ਵਿਚ ਸੀ, ਪਰ ਕੰਨਾਂ ਦੀ ਉਸ ਦੇ ਵਿਰੁੱਧ। ਕੁਝ ਚਿਰ ਲਈ ਉਹ ਫੈਸਲਾ ਨਾ ਕਰ ਸਕਿਆ ਕਿ ਕਿਸ ਦਾ ਇਤਬਾਰ ਕਰੇ। ਅਖ਼ੀਰ ਉਸ ਨੇ ਕੰਨਾਂ ਦੀ ਸ਼ਹਾਦਤ ਨੂੰ ਹੀ ਮੋਹਤਬਿਰ ਮੰਨਿਆ ਤੇ ਇਹ ਕਹਿੰਦਾ ਹੋਇਆ "ਸਰਲੋ! ਤੂੰ ਸਮਝ ਜਾ, ਨਹੀਂ ਤੇ ਮੈਂ ਤੇਰੀ ਉਹ ਗੱਤ ਬਣਾਂਵਾਂਗਾ ਜੁ ਸਾਰੀ ਉਮਰ ਯਾਦ ਰਖੇਂਗੀ।" ਛੇਤੀ-ਛੇਤੀ ਬਾਹਰ ਨਿਕਲ ਗਿਆ।

ਕਦੇ-ਕਦੇ ਦੁੱਖ ਹੀ ਆਦਮੀ ਦਾ ਦਾਰੂ ਬਣ ਜਾਂਦਾ ਹੈ। ਸਰਲਾ ਨੂੰ ਭੁੱਖ ਲੱਗੀ ਹੋਈ ਸੀ, ਪਰ ਇਸ ਦੋ ਮਿੰਟੀ ਗੱਲ ਕਥ ਨੇ ਉਸ ਨੂੰ ਸੱਤਾਂ ਰੋਟੀਆਂ ਦਾ ਕੰਮ ਦਿੱਤਾ, ਉਸ ਦੀ ਭੁੱਖ ਜਾਂਦੀ ਰਹੀ। ਉਹ ਰਸੋਈ ਵਿਚ ਗਈ, ਪਰ ਰੋਟੀਆਂ ਵਾਲਾ ਛਿੱਕੂ ਫੋਲਣ ਦੇ ਥਾਂ ਜੂਠੇ ਭਾਂਡਿਆਂ ਅੱਗੇ ਬੈਠ ਗਈ। ਕੀ ਉਸ ਦਾ ਉਥੇ ਕੋਈ ਸੀ, ਜਿਹੜਾ ਉਸ ਤੋਂ ਰੋਟੀ ਨਾ ਖਾਣ ਦਾ ਕਾਰਨ ਪੁੱਛਦਾ?

੨

ਸਰਦਾਰ ਉਤਮ ਸਿੰਘ ਹੋਰਾਂ ਦਾ ਜੀਵਨ ਬੜਾ ਹੀ ਅਨੋਖਾ ਜਿਹਾ ਹੈ। ਉਨ੍ਹਾਂ ਦੇ ਸੁਭਾਅ ਦਾ ਪਤਾ ਲਾਣਾ ਸ਼ਾਇਦ ਏਨਾ ਹੀ ਔਖਾ ਹੈ ਜਿੰਨਾਂ ਅਮਰ ਵੇਲ ਦਾ ਮੁੱਢ ਲੱਭਣਾ। ਘੁੰਤਰਾਂ ਕੱਢਣ ਵਾਲੇ ਲੋਕੀਂ ਭਾਵੇਂ ਆਪ ਨੂੰ "ਲੀਡਰੀ ਦਾ ਅਸਾਧ ਰੋਗੀ" ਜਾਂ "ਨਿ-ਅਖ਼ਰਾ ਐਡੀਟਰ" ਆਦਿ ਕਈ ਨਾਵਾਂ ਨਾਲ ਯਾਦ ਕਰਦੇ ਹਨ, ਪਰ ਸੱਚ ਪੁੱਛਿਆ ਜਾਏ ਤਾਂ ਇਹ ਐਵੇਂ ਈਰਖੀ ਲੋਕਾਂ ਦੀ ਬਕ ਬਕ ਹੈ।

ਜਿਨ੍ਹਾਂ ਨੂੰ ਇਹ ਗੁਮਾਨ ਹੈ ਕਿ ਇਲਮ ਦਾ ਕੀੜਾ ਬਣਨ ਤੋਂ ਬਿਨਾਂ ਆਦਮੀ ਐਡੀਟਰ ਬਣ ਹੀ ਨਹੀਂ ਸਕਦਾ, ਇਹ ਉਨ੍ਹਾਂ ਦੀ ਭੁਲ ਹੈ। ਐਡੀਟਰ ਬਣਨ ਲਈ ਲੋੜ ਹੈ ਕਾਢਾਂ ਕੱਢਣ ਵਾਲੇ ਦਿਮਾਗ, ਦੀ ਸੋ ਇਸ ਕੰਮ ਵਿਚ ਸਰਦਾਰ ਹੋਰੀਂ ਅਮਰੀਕਾ ਦੇ ਐਡੀਸਨ ਨੂੰ ਵੀ ਮਾਤ ਪਾ ਗਏ ਹਨ।

ਭਾਵੇਂ ਆਪ ਦੇ ਦਿਮਾਗ ਪਤੀਲੇ ਵਿਚ ਕਦੇ-ਕਦੇ ਦੇਸ਼ ਭਗਤੀ ਦਾ ਉਬਾਲਾ ਵੀ ਆ ਜਾਂਦਾ ਹੈ, ਪਰ ਬਹੁਤਾ ਫ਼ਿਕਰ ਆਪ ਨੂੰ ਆਪਣੇ ਮਜ਼ਹਬ ਦਾ ਹੀ ਲੱਗਾ ਰਹਿੰਦਾ ਹੈ। ਇਸ ਨੂੰ ਕਿਸੇ ਦੁਸ਼ਮਣ ਦੂਤੀ ਦੀ ਨਜ਼ਰ ਨਾ ਲੱਗ ਜਾਵੇ, ਅਥਵਾ ਇਸ ਕੱਚ ਦੇ ਖਿਡੌਣੇ ਨੂੰ ਕਿਸੇ ਕਠੋਰ ਦੀ ਠੋਹਕਰ ਨਾ ਵੱਜ ਜਾਵੇ, ਇਸੇ ਗੱਲ ਦੀ ਚਿੰਤਾ ਆਪ ਨੂੰ ਦਿਨ ਰਾਤ ਸਤਾਂਦੀ ਰਹਿੰਦੀ ਹੈ। ਇਥੋਂ ਤੱਕ ਕਿ ਹੋਟਲ਼ ਵਿਚ ਜਾਂ ਹੋਰ ਸੈਰ ਤਮਾਸ਼ੇ ਦੇ ਥਾਵੀਂ ਬੈਠਿਆਂ ਵੀ ਆਪ ਦਾ ਧਿਆਨ ਏਸੇ ਪਾਸੇ ਕਸਿਆ ਰਹਿੰਦਾ ਹੈ।

ਮਜ਼ਹਬ ਲਈ ਆਪ ਨੇ ਜੋ ਜੋ ਘਾਲਣਾ ਘਾਲੀਆਂ ਹਨ, ਜੇ ਉਨ੍ਹਾਂ ਸਾਰੀਆਂ ਦੀ ਲਿਸਟ ਬਣਾਈ ਜਾਵੇ, ਤਾਂ ਨਿਸਚੇ ਹੀ ਦੋ ਕੁ ਵੱਟੀਆਂ ਦਾ ਇਕ ਪੋਥਾ ਬਣ ਜਾਵੇ। ਆਪ ਬਾਬਤ ਇਹ ਗੱਲ ਨਾ ਦੱਸਣੀ ਅਕ੍ਰਿਤਘਣਤਾ ਹੋਵੇਗੀ ਕਿ ਸਿੱਖ ਕੌਮ ਦੀਆਂ ਅਨੇਕਾਂ ਸੰਪ੍ਰਦਾਵਾਂ ਨੂੰ ਆਪ ਨੇ ਸਿੱਖ ਕੌਮ ਨਾਲੋਂ ਦੁੱਧ ਵਿਚੋਂ ਮੱਖਣ ਵਾਂਗ ਨਖੇੜ ਕੇ ਕਦੇ ਨਾ ਭੁੱਲਣ ਵਾਲਾ ਉਪਕਾਰ ਕੀਤਾ ਹੈ, ਜਿਸ ਦਾ ਫਲ ਰੂਪ ਅੱਜ ਲੱਖਾਂ ਸ਼ਰਧਾਲੂਆਂ ਨੇ ਸਿੱਖੀ—ਜੋ ਨਿਰੋਲ ਸਿੱਖਾਂ ਦੀ ਵਿਰਾਸਤ ਸੀ—ਸਿੱਖਾਂ ਨੂੰ ਮੋੜ ਦਿੱਤੀ ਹੈ।

ਇਸ ਤੋਂ ਛੁੱਟ ਹਿੰਦੂਆਂ ਨਾਲੋਂ ਰੋਟੀ ਬੇਟੀ ਦੀ ਸਾਂਝ ਤੋੜਨ ਤੇ ਮੁਸਲਮਾਨਾਂ ਦੇ ਪਰਛਾਵੇਂ ਤੋਂ ਬਚਾਉਣ ਲਈ ਤੇ ਆਪ ਨੇ ਅਪਾਣੇ ਮਜ਼ਹਬ ਦੀ ਕੋਈ ਘੱਟ ਸੇਵਾ ਨਹੀਂ ਕੀਤੀ।

ਉਮਰ ਦਾ ਬਹੁਤ ਸਾਰਾ ਹਿੱਸਾ ਆਪ ਨੇ ਇਨ੍ਹਾਂ ਕੁਰਬਾਨੀਆਂ ਵਿਚ ਹੀ ਕੁਰਬਾਨ ਕਰ ਦਿੱਤਾ ਹੈ। ਇਧਰ ਥੋੜ੍ਹੇ ਸਾਲਾਂ ਤੋਂ ਆਪ ਨੂੰ ਇਕ ਅਖ਼ਬਾਰ ਕੱਢਣ ਦੀ ਲੋੜ ਭਾਸੀ, ਜਿਸ ਦਾ ਫਲ ਪੰਜਾਬ ਦਾ ਕੇਂਦਰ ਲਾਹੌਰ ਵਿਚ ਅਖ਼ਬਾਰ 'ਨਿਧੜਕ' ਦਾ ਜਨਮ ਹੋਇਆ।

ਭਾਵੇਂ ਆਪ ਨੂੰ ਇਹ ਵੀ ਪਤਾ ਸੀ ਕਿ ਅਖ਼ਬਾਰ ਦੀ ਪੰਜਮਣੀ ਛੱਟ ਚੁੱਕਣੀ ਉਨ੍ਹਾਂ ਲਈ ਕਿੰਨਾ ਔਖਾ ਕੰਮ ਹੈ, ਪਰ ਉਹ ਇਸ ਗਲੋਂ ਵੀ ਅਨਜਾਣ ਨਹੀਂ ਸਨ ਕਿ ਮਾਇਆ ਦੇਵੀ ਦੀ ਕਿਰਪਾ ਨਾਲ ਜੇ ਵਿਦਿਆ ਨਹੀਂ ਖ਼ਰੀਦੀ ਜਾ ਸਕਦੀ, ਤਾਂ 'ਵਿਦਵਾਨ' ਬਥੇਰੇ ਲਭ ਪੈਂਦੇ ਸਨ। ਫਿਰ ਪੰਜਾਬੀ ਦੇ ਅਖ਼ਬਾਰ ਲਈ ਵਿਦਵਾਨ ਵੀ ਕਿੱਡਾ ਕੁ 'ਪ੍ਰੋਫੈਸਰ ਪੂਰਨ ਸਿੰਘ' ਚਾਹੀਦਾ ਹੈ। ਮਸੇ ਏਨਾ ਹੀ ਕਿ ਉਨ੍ਹਾਂ ਦੇ ਭੜਕਾਊ ਖ਼ਿਆਲਾ ਨੂੰ ਸੁਚੱਜੇ ਢੰਗ ਨਾਲ ਕਲਮ ਦੀ ਚੁੰਝ ਵਿਚ ਪਰੋ ਸਕੇ।

ਪਹਿਲਾਂ ਪਹਿਲਾਂ ਕੁਝ ਦਿਨ ਤਾਂ ਆਪ ਦੇ ਨਵੇਂ ਨਿਕਲੇ ਅਖ਼ਬਾਰ ਨੇ ਚੰਗਾ ਰੰਗ ਬੰਨ੍ਹਿਆ—ਦੁਸ਼ਮਨਾਂ (ਗੁਆਢੀ ਕੌਮਾਂ ਤੇ ਸਿੱਖ ਸੰਪ੍ਰਦਾਵਾਂ) ਦੇ ਖ਼ੂਬ ਛੱਕੇ ਛੁੜਾਏ। ਪਰ ਸਤਿਆਨਾਸ ਹੋਵੇ ਇਨ੍ਹਾਂ ਫਿਰਤੂ ਸਬ-ਐਡੀਟਰਾਂ ਦਾ, ਕੋਈ ਪੇਸ਼ਗੀ ਤਨਖਾਹ ਮਾਰ ਕੇ ਨੱਸ ਜਾਂਦਾ ਰਿਹਾ, ਕੋਈ ਦੂਜੀ ਪਾਰਟੀ ਦੇ ਤਰੱਕੀ-ਲੋਭ ਦਾ ਸ਼ਿਕਾਰ ਬਣ ਕੇ ਹੋਰ ਥਾਵੇਂ ਜਾ ਫਸਦਾ।

ਇਨ੍ਹਾਂ ਨਿੱਤ ਦੇ ਬਖੇੜਿਆਂ ਤੋਂ ਖਿਝ ਕੇ ਕਈ ਵਾਰੀ ਸਰਦਾਰ ਹੋਰਾਂ ਇਹ ਵੀ ਸਲਾਹ ਕੀਤੀ ਕਿ ਆਪ ਹੀ ਲਿਖਣ ਦਾ ਅਭਿਆਸ ਕੀਤਾ ਜਾਵੇ, ਪਰ ਹਜ਼ਾਰ ਕੋਸ਼ਸ਼ਾਂ ਕਰਨ ਤੇ ਵੀ ਕਾਂ ਨੂੰ ਲਟਪਟ ਪੈਂਛੀ ਨਾ ਆ ਸਕੀ।

ਅਖ਼ੀਰ ਉਹ ਕਿਸੇ ਅਜਿਹੇ ਗਰਜ਼ਮੰਦ ਦੀ ਭਾਲ ਕਰਨ ਲੱਗੇ, ਜਿਹੜਾ 'ਹਿੰਗ ਲਗੇ ਨਾ ਫਟਕੜੀ ਤੇ ਰੰਗ ਚੋਖਾ ਹੋ ਜਾ', ਅਨੁਸਾਰ ਮੁਫ਼ਤੋ ਮੁਫਤੀ,

ਜਾਂ ਨਾਉਂ ਮਾਤਰ ਤਨਖ਼ਾਹ ਤੇ ਕੰਮ ਕਰੇ ਤੇ ਫਾਥੀ ਦੇ ਫੜਕਣ ਵਾਂਗ ਕਿਤੇ ਜਾ ਵੀ ਨਾ ਸਕੇ।

ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਹੋਰਾਂ ਦੀ ਨਜ਼ਰ ਆਪਣੇ ਦਫ਼ਤਰ ਦੇ ਚਪੜਾਸੀ ਉਤੇ ਪਈ। ਇਹ ਇਕ ਮਾਸ ਫ਼ੁਟਵਾਂ ਗਭਰੀਟ ਸੀ। ਭਾਵੇਂ ਸਰੀਰ ਦਾ ਲਿਸਾ ਸੀ, ਪਰ ਕੰਮ ਵਿਚ ਡਾਢਾ ਚੁਸਤ। ਦਫ਼ਤਰ ਦੇ ਬਹੁਤ ਸਾਰੇ ਕੰਮ ਇਸੇ ਨੂੰ ਕਰਨੇ ਪੈਂਦੇ ਸਨ। ਅਖ਼ਬਾਰਾਂ ਦੇ ਪੈਕੇਟ ਬੰਨ੍ਹਣੇ, ਟਿਕਟਾਂ ਲਾਣੀਆਂ, ਡਾਕਖਾਨੇ ਪਾਣ ਜਾਣਾ, ਦਫ਼ਤਰ ਤੇ ਪ੍ਰੈਸ ਦੀ ਸਫਾਈ ਕਰਨੀ ਤੇ ਸਰਦਾਰ ਹੋਰਾਂ ਦੇ ਘਰ ਦਾ ਵੀ ਬਹੁਤ ਸਾਰਾ ਕੰਮ ਧੰਦਾ ਕਰਨਾ। ਇਥੋਂ ਤਕ ਕਿ ਗਾਹਕਾਂ ਦੇ ਪਤੇ ਬਦਲਣ ਦਾ ਕੰਮ ਵੀ ਇਸ ਦੇ ਜ਼ਿੰਮੇ ਸੀ।

ਸਰਦਾਰ ਹੋਰਾਂ ਨੂੰ ਇਹ ਵੀ ਪਤਾ ਸੀ ਕਿ ਮੁੰਡਾ ਪੜ੍ਹਨ ਲਿਖਣ ਦਾ ਚੰਗਾ ਸ਼ੌਕੀ ਹੈ। ਉਸ ਦੀਆਂ ਕਈ ਕਹਾਣੀਆਂ ਅਖ਼ਬਾਰਾਂ ਵਿਚ ਛਪ ਚੁਕੀਆਂ ਸਨ।

ਚਪੜਾਸੀ ਦੇ ਕੰਮ ਤੋਂ ਹਟਾ ਕੇ ਸਰਦਾਰ ਹੋਰਾਂ ਉਸ ਨੂੰ ਇਕ ਦਿਨ ਕਲਰਕੀ ਦੇ ਕੰਮ ਤੇ ਲਾਇਆ, ਤੇ ਇਸ ਤੋਂ ਬਾਅਦ ੨੫ ਤਨਖਾਹ ਤੇ ਸਬ ਐਡੀਟਰੀ ਦੀ ਪਦਵੀ ਸੌਂਪ ਦਿਤੀ। ਇਸ ਦਾ ਸਿੱਟਾ ਇਹ ਹੋਇਆ ਕਿ ਅਖ਼ਬਾਰ, ਜੋ ਦਿਨੋ ਦਿਨ ਢਹਿੰਦੀਆਂ ਕਲਾਂ ਵਲ ਜਾ ਰਿਹਾ ਸੀ, ਫੇਰ ਚਮਕਣ ਲੱਗਾ।

੩

ਗ਼ਰੀਬ ਮਾਪਿਆਂ ਦਾ ਪੁੱਤਰ ਹੋਣ ਕਰਕੇ ਮੋਹਨ ਭਾਵੇਂ ਬਹੁਤੀ ਵਿਦਿਆ ਨਹੀਂ ਸੀ ਪ੍ਰਾਪਤ ਕਰ ਸਕਿਆ, ਪਰ ਆਪਣੀ ਹਿੰਮਤ ਨਾਲ ਹੀ ਉਹ ਦੋਂਹ ਤਿੰਨਾਂ ਬੋਲੀਆਂ ਦਾ ਸਾਹਿਤ ਪੜ੍ਹਨ ਜੋਗਾ ਹੋ ਗਿਆ ਸੀ। ਨਿੱਕੇ ਹੁੰਦਿਆਂ ਹੀ ਪਿਉ ਦਾ ਸਹਾਰਾ ਨਾ ਰਹਿਣ ਕਰਕੇ ਭਾਵੇਂ ਉਹ ਸ਼ੁਰੂ ਤੋਂ ਹੀ ਦੁੱਖਾਂ ਦੇ ਪੰਘੂੜੇ ਝੂਟਦਾ ਰਿਹਾ ਸੀ, ਪਰ ਮਾਂ ਦੀ ਸਵਰਗੀ ਗੋਦ ਅਤੇ ਭੈਣ ਦੇ ਅਨੂਠੇ ਸਨੇਹ ਤੋਂ ਉਹ ਵਾਂਜਿਆ ਨਹੀਂ ਸੀ।

ਛੋਟੀ ਉਮਰੇ ਹੀ ਮੋਹਨ ਨੂੰ ਵਟਾਲਾ ਛੱਡ ਕੇ ਲਾਹੌਰ ਦਾ ਅੰਨ-ਜਲ ਚੁਗਣਾ ਪਿਆ। ਦੋਂਹ ਨਿਆਸਰੀਆਂ ਜਿੰਦਾਂ ਦੇ ਤਨ ਪੇਟ ਦਾ ਭਾਰ ਇਸੇ ਅਨਾਥ ਦੇ ਸਿਰ ਤੇ ਸੀ।

ਲਾਹੌਰ ਆ ਕੇ ਸਭ ਤੋਂ ਪਹਿਲਾਂ ਉਸ ਨੂੰ ਇਕ ਹੱਟਵਾਣੀਏਂ ਦੀ ਨੌਕਰੀ ਕਰਨੀ ਪਈ, ਪਰ ਪੜ੍ਹਨ ਲਿਖਣ ਦੀ ਸੱਧਰ ਨੇ ਉਸ ਨੂੰ ਬਹੁਤਾ ਚਿਰ ਉਥੇ ਟਿਕਣ ਨਾ ਦਿੱਤਾ। ਇਸ ਤੋਂ ਬਾਅਦ ਉਹ ਕੁਝ ਚਿਰ ਅਖ਼ਬਾਰਾਂ ਵੇਚ ਕੇ ਦਿਨ ਕੱਟੀ ਕਰਦਾ ਰਿਹਾ। ਇਸ ਕੰਮ ਵਿਚ ਭਾਵੇਂ ਉਸ ਦਾ ਪੜ੍ਹਨ ਲਿਖ ਦਾ ਸ਼ੌਕ ਪੂਰਾ ਹੋ ਜਾਂਦਾ ਸੀ, ਪਰ ਬਚਦਾ ਕੁਝ ਨਹੀਂ ਸੀ। ਜਿਹੜੇ ਅਖ਼ਬਾ ਵਿਕਣ ਤੋਂ ਰਹਿ ਜਾਂਦੇ ਸਨ, ਉਨ੍ਹਾਂ ਦੇ ਪੈਸੇ ਉਸ ਦੇ ਜ਼ਿੰਮੇ ਪੈਂਦੇ ਸਨ

ਉਸ ਨੂੰ ਆਪਣੇ ਰੋਟੀ ਕੱਪੜੇ ਦਾ ਏਨਾ ਫ਼ਿਕਰ ਨਹੀਂ ਸੀ, ਜਿੰਨਾਂ ਪਿਛਲਿ ਦਾ। ਇਸ ਤੋਂ ਛੁੱਟ ਮੁਟਿਆਰ ਭੈਣ ਬੂਹੇ ਤੇ ਸੀ, ਜਿਸ ਨੂੰ ਵਿਆਹੁਣ ਵ ਦਾ ਫ਼ਿਕਰ ਵੀ ਸਿਰ ਤੇ ਸੀ। ਇਹੋ ਹੀ ਨਹੀਂ ਬਲਕਿ ਉਸ ਦੇ ਸਿਰ ਕਰਜ਼ ਦੀ ਵੀ ਪੰਡ ਸੀ, ਜਿਹੜੀ ਉਸ ਦਾ ਪਿਉ ਛੱਡ ਗਿਆ ਸੀ। ਕਾਰਨ ਹੈ ਕਿ ਕੁਝ ਚਿਰ ਬਾਅਦ ਉਸ ਨੂੰ ਅਖ਼ਬਾਰਾਂ ਵੇਚਣ ਦਾ ਕੰਮ ਛੱਡਣਾ ਪਿਆ।

ਸਾਲਾਂ ਬੱਧੀ ਕਦੇ ਕਿਸੇ ਕੰਮ ਵਿਚ ਤੇ ਕਦੇ ਕਿਸੇ ਕੰਮ ਵਿਚ ਧੱਕੇ ਖਾਣ ਤੋਂ ਬਾਅਦ ਉਸ ਨੂੰ ਇਕ ਅਖ਼ਬਾਰ ਦੇ ਦਫਤਰ ਵਿਚ ਚਪੜਾਸੀ ਦੀ ਥਾਂ ਮਿਲ ਗਈ। ਇਥੇ ਉਸ ਨੂੰ ਇਕੱਲੇ ਨੂੰ ਕਈਆਂ ਨੌਕਰਾ ਜਿੰਨਾ ਕੰਮ ਕਰਨਾ ਪੈਂਦਾ ਸੀ, ਪਰ ਫੇਰ ਵੀ ਉਹ ਖ਼ੁਸ਼ ਸੀ । ਉਸ ਨੂੰ ਅਖ਼ਬਾਰ ਰਿਸਾਲੇ ਪੜ੍ਹਨ ਨੂੰ ਮਿਲ ਜਾਂਦੇ ਸਨ । ਰਾਮ ਗਲੀ ਵਿਚ ਉਸ ਨੇ ਇਕ ਨਿੱਕੀ ਜਿਹੀ ਕੋਠੜੀ ਕਿਰਾਏ ਲਈ ਹੋਈ ਸੀ । ਸਸਤਵਾਈ ਦਾ ਸਮਾਂ ਸੀ । ਤਨਖਾਹ ਦੇ ਦਸਾਂ ਰੁਪਿਆਂ ਵਿਚੋਂ ਉਹ ਹਰ ਮਹੀਨੇ ਛੇ ਰੁਪਈਏ ਘਰ ਘਲਦਾ ਸੀ ਤੇ ਚਹੁੰ ਵਿਚੋਂ ਵੀ ਦੋ ਤਿੰਨ ਚੁਆਨੀਆਂ ਉਸ ਨੂੰ ਸਿਨੇਮਾ ਵੇਖਣ ਲਈ ਬਚਾਣੀਆਂ ਪੈਂਦੀਆਂ ਸਨ।

ਪੜ੍ਹਨ ਦੇ ਨਾਲ ਹੀ ਹੌਲੀ ਹੌਲੀ ਉਸ ਨੂੰ ਲਿਖਣ ਦਾ ਸ਼ੌਕ ਵੀ ਉਠਣ ਲੱਗਾ ਤੇ ਥੋੜ੍ਹੇ ਚਿਰ ਵਿਚ ਹੀ ਮਾੜੀਆਂ ਮੋਟੀਆਂ ਕਹਾਣੀਆਂ ਲਿਖਣ ਲਗ ਪਿਆ ।

ਕੁਝ ਦਿਨ ਪਾ ਕੇ ਉਸ ਦੀ ਕਿਸਮਤ ਨੇ ਪਲਟਾ ਖਾਧਾ ਤੇ ਉਹ ੧੦ (ਦੇ ਚਪੜਾਸੀ ਤੋਂ ੨੫) ਦਾ ਸਬ ਐਡੀਟਰ ਬਣ ਗਿਆ, ਪਰ ਇਸਦੇ ਨਾਲ ਹੀ ਉਸ ਦਾ ਕੰਮ ਇਤਨਾ ਵਧ ਗਿਆ ਕਿ ਜਿਸਨੂੰ ਮੁਕਾਉਣ ਲਈ ਉਸ ਨੂੰ ਰਾਤੀਂ ਵੀ ਕਈ ਘੰਟੇ ਕੰਮ ਕਰਨਾ ਪੈਂਦਾ । ਉਸ ਦੇ ਮਾਲਕ ਨੇ ਚਪੜਾਸੀ ਦੀ ਖਾਲੀ ਥਾਂ ਪੂਰੀ ਕਰਨ ਲਈ ਕੋਈ ਹੋਰ ਚਪੜਾਸੀ ਨਹੀਂ ਸੀ ਰਖਿਆ, ਸਗੋਂ ਉਹ ਸਾਰਾ ਕੰਮ ਵੀ ਜਿਉਂ ਦਾ ਤਿਉਂ ਮੋਹਨ ਨੂੰ ਹੀ ਕਰਨਾ ਪੈਂਦਾ ਸੀ। ਅਰਥਾਤ ਦਸਾਂ ਰੁਪਿਆ ਵਿਚ ਚਪੜਾਸੀਪੁਣਾ ਤੇ ਪੰਦਰਾਂ ਵਿਚ ਸਬ ਐਡੀਟਰੀ।

ਪਹਿਲਾਂ ਪਹਿਲਾਂ ਤਾਂ ਮੋਹਨ ਨੂੰ ਇਹ ਉਚੀ ਪਦਵੀ ਬੜੀ ਚੰਗੀ ਲੱਗੀ, ਪਰ ਹੌਲੀ ਹੌਲੀ ਉਸ ਦੀ ਇਹ ਖ਼ੁਸ਼ੀ, ਪਛਤਾਵੇ ਤੇ ਦੁੱਖ ਵਿਚ ਬਦਲ ਗਈ। ਇਕ ਤਾ ਕਮਜ਼ੋਰ ਸਰੀਰ ਨੂੰ ਬਾਰਾਂ ਬਾਰਾਂ ਸੋਲਾਂ ਸੋਲਾਂ ਘੰਟੇ ਰੋਜ਼ ਕੰਮ ਕਰਨਾ ਪੈਂਦਾ, ਦੂਜਾ ਸਭ ਤੋਂ ਵੱਡਾ ਦੁੱਖ ਇਹ ਹੈ ਕਿ ਉਸ ਨੂੰ ਬਹੁਤ ਸਾਰੇ ਕੰਮ ਆਪਣੀ ਆਤਮਾ ਦੀ ਆਵਾਜ਼ ਤੋਂ ਵਿਰੁੱਧ ਕਰਨੇ ਪੈਂਦੇ ਸਨ, ਪਰ ਅਣ-ਸਰਦੇ ਨੂੰ ਆਦਮੀ ਸਭ ਕੁਝ ਸਹਾਰ ਲੈਂਦਾ ਹੈ। ਇਸ ਦਾ ਫਲ-ਰੂਪ ਮੋਹਨ ਦੀ ਰਹਿੰਦੀ ਖੂੰਹਦੀ ਅਰੋਗਤਾ ਵੀ ਜਵਾਬ ਦੇਣ ਲੱਗੀ।

ਛਨੀਵਾਰ ਦਾ ਦਿਨ ਸੀ। ਮੋਹਨ ਕਈਆਂ ਦਿਨਾਂ ਤੋਂ ਇਕ ਨਵੀਂ ਆਈ ਫਿਲਮ ਵੇਖਣ ਦੀਆਂ ਸਲਾਹਾਂ ਕਰ ਰਿਹਾ ਸੀ, ਪਰ ਕੰਮ ਦੀ ਬਹੁਲਤਾ ਕਰ ਕੇ ਰੋਜ਼ ਹੀ ਖੁੰਝ ਜਾਂਦਾ ਸੀ। ਅੱਜ ਉਸ ਨੇ ਜ਼ੋਰ ਮਰ ਕੇ ਕੰਮ ਛੇਤੀ ਛੇਤੀ ਮੁਕਾ ਲਿਆ ਤੇ ਸਵਾ ਛੀ ਵਜੇ ਟਾਕੀ ਹਾਊਸ ਜਾ ਪੁੱਜਾ।

ਸਿਨੇਮਾ ਵੇਖ ਕੇ ਜਦ ਉਹ ਮੁੜਿਆ ਆ ਰਿਹਾ ਸੀ, ਤਾਂ ਅੱਜ ਵਾਲੀ ਫਿਲਮ ਉਸੇ ਤਰ੍ਹਾਂ ਉਸ ਦੇ ਦਿਮਾਗ ਵਿਚ ਚਲ ਰਹੀ ਸੀ। ਉਸ ਦੀਆਂ ਅੱਖਾਂ ਅੱਗੇ ਫਿਲਮ ਦੀ ਓਹੀ ਨਾਇਕਾ ਫਿਰ ਰਹੀ ਸੀ ਜਿਸ ਦਾ ਗ਼ਰੀਬ ਪਿਓ ਕੋਲੇ ਦੀ ਇਕ ਖਾਣ ਵਿਚ ਕੰਮ ਕਰਦਾ ਹੋਇਆ ਦੁਰਘਟਨਾ ਨਾਲ ਮੌਤ ਦਾ ਸ਼ਿਕਾਰ ਹੋ ਚੁੱਕਾ ਸੀ। ਕੁੜੀ ਦੀ ਮਾਂ ਵਿਚਾਰੀ ਜਦ ਇਸ ਰੱਬ ਦੇ ਜੀਅ ਨੂੰ ਭੁੱਖ ਦੇ ਪੰਜੇ ਤੋਂ ਨਾ ਬਚਾ ਸਕੀ, ਤਾਂ ਉਸ ਨੇ ਇਕ ਦਿਨ ਪੱਥਰ ਦਾ ਜੇਰਾ ਕੀਤਾ। ਉਹ ਕੁੜੀ ਨੂੰ ਇਸ ਸਵਾਰਥੀ ਦੁਨੀਆਂ ਦੇ ਹਵਾਲੇ ਕਰ ਕੇ ਆਪ ਦਰਿਆ ਦੀਆਂ ਲਹਿਰਾਂ ਵਿਚ ਜਾ ਲੁਕੀ ਸੀ।

ਇਸ ਤੋਂ ਬਾਅਦ ਉਸ ਅਣਛੋਹ ਕਲੀ ਨੂੰ ਕਿਸ ਤਰ੍ਹਾਂ ਪਾਪੀ ਤੇ ਦੁਰਾਚਾਰੀ ਲੋਕਾਂ ਦੇ ਤਸੀਹੇ ਸਹਿਣੇ ਪਏ ਤੇ ਆਪਣੇ ਇਸਤ੍ਰੀ ਪਣੇ ਦੀ ਰਖਿਆ ਲਈ ਉਸ ਨੂੰ ਕੀ ਕੀ ਕਰਨਾ ਪਿਆ? ਅੰਤ ਬਹੁਤ ਸਾਰੀਆਂ ਜ਼ੁਲਮੀ ਭੱਠੀਆ ਵਿਚ ਭੁੱਜਣ ਤੋਂ ਬਾਅਦ ਉਹ ਇਕ ਦੇਵਤੇ ਮਨੁੱਖ ਦੀ ਨਜ਼ਰੀਂ ਪਈ, ਜਿਸ ਦੀ ਕਿਰਪਾ ਤੇ ਖੁਲ੍ਹਦਿਲੀ ਦਾ ਸਦਕਾ ਕੁਝ ਦਿਨਾਂ ਬਾਅਦ ਕਿਸਮਤ ਦੇ ਵੱਜੇ ਹੋਏ ਬੂਹੇ ਉਸ ਲਈ ਖੁਲ੍ਹ ਗਏ...।

ਕਦੇ ਕਦੇ ਜਦ ਕੋਮਲ ਭਾਵਾਂ ਦੀ ਹਨੇਰੀ ਆਉਣ ਕਰ ਕੇ ਮਨੁੱਖੀ ਹਿਰਦੇ ਵਿਚ ਜਜ਼ਬਿਆਂ ਦੀਆਂ ਲਹਿਰਾਂ ਉਮੱਡਦੀਆਂ ਹਨ, ਤਾਂ ਅਜੇਹੇ ਵੇਲੇ ਉਸ ਦੇ ਦਿਲ ਦੀਆਂ ਧੁਰ ਹੇਠਲੀਆਂ ਸੱਤਾ ਥੱਲੇ ਦਬੀਆਂ ਹੋਈਆਂ ਕਈ ਓਹ ਚੀਜ਼ਾ ਵੀ ਬਾਹਰ ਆ ਜਾਂਦੀਆਂ ਹਨ, ਜਿਨ੍ਹਾਂ ਦੀ ਯਾਦ ਭੂਤ ਕਾਲ ਵਿਚ ਗੁਆਚ ਚੁੱਕੀ ਹੁੰਦੀ ਹੈ।

ਮੋਹਨ ਦਾ ਵੀ ਇਸ ਵੇਲੇ ਇਹੋ ਹਾਲ ਸੀ। ਉਸ ਦੀਆਂ ਅੱਖਾਂ ਅੱਗੇ ਸਿਨੇਮਾ ਦੀ ਉਪਰੋਕਤ ਨਾਇਕਾ ਫਿਰ ਰਹੀ ਸੀ, ਜਿਸ ਨੇ ਉਸ ਦੇ ਭਾਵਾਂ ਵਿਚ ਅਜਬ ਤਰ੍ਹਾਂ ਦੀ ਉੱਥਲ ਪੁੱਥਲ ਮਚਾ ਦਿੱਤੀ ਸੀ। ਇਸ ਉੱਥਲ ਪੁੱਥਲ ਦੇ ਸਮੇਂ ਉਸ ਦੇ ਅੰਦਰ ਦੀ ਕਿਸੇ ਹਨੇਰੀ ਨੁਕਰੋਂ ਕੋਈ ਧੁੰਧਲੀ ਜਿਹੀ ਮੂਰਤ

ਹੌਲੀ-ਹੌਲੀ ਉਭਰਨੀ ਸ਼ੁਰੂ ਹੋਈ ਜਿਸ ਨੇ ਸਿਨੇਮਾ-ਨਾਇਕਾ ਨੂੰ ਅਲੋਪ ਕਰ ਦਿਤਾ ਤੇ ਉਸ ਦੀ ਸਾਰੀ ਥਾਂ ਆਪ ਮਲ ਲਈ।

ਮੋਹਨ ਇਸ ਵੇਲੇ ਲਾਹੌਰ ਦੀਆਂ ਸੜਕਾਂ ਤੇ ਨਹੀਂ ਸੀ ਫਿਰ ਰਿਹਾ, ਸਗੋਂ ਵਟਾਲੇ ਦੀਆਂ ਗਲੀਆਂ ਵਿਚ ਤੇ ਇਕੱਲਾ ਨਹੀਂ, ਸਗੋਂ ਦੁਕੱਲਾ। ਉਹ ਆਪਣੇ ਆਪ ਨੂੰ ਬਹੁਤ ਛੋਟੇ ਜਿਹੇ ਆਕਾਰ ਵਿਚ ਆਪਣੀ ਇਕ ਸਹੇਲੀ ਸਣੇ ਮਿੱਟੀ ਦੀਆਂ ਬਾਜ਼ੀਆਂ ਨਾਲ ਖੇਡਦਾ ਵੇਖ ਰਿਹਾ ਸੀ। ਉਹ ਸਹੇਲੀ, ਜਿਹੜੀ ਉਸ ਦੇ ਪਿਆਰ ਤੇ ਗੁੱਸੇ ਦਾ ਸਭ ਤੋਂ ਵੱਡਾ ਨਿਸ਼ਾਨਾ ਸੀ।

ਇਸ ਤੋਂ ਬਾਅਦ ਬਾਲ-ਜੀਵਨ ਦਾ ਇਹ ਲਾ-ਪ੍ਰਵਾਹ ਪ੍ਰੇਮ ਜਿਨ੍ਹਾਂ ਜਿਨ੍ਹਾਂ ਘਾਟੀਆਂ ਵਿਚੋਂ ਦੀ ਲੰਘਿਆ, ਇਹ ਸਭ ਕੁਝ ਇਕ ਨਵੀਂ ਫਿਲਮ ਦੇ ਰੂਪ ਵਿਚ ਉਸ ਦੀਆਂ ਅੱਖਾਂ ਅੱਗੇ ਫਿਰਨ ਲੱਗਾ।

ਬਾਜ਼ਾਰਾਂ ਦੇ ਉਹ ਜਿੰਨੇ ਮੋੜ ਮੁੜਿਆ, ਸ਼ੈਦ ਉਨ੍ਹਾਂ ਤੋਂ ਕਈ ਗੁਣਾਂ ਵਧੀਕ ਮੋੜ ਉਸ ਦੇ ਖ਼ਿਆਲਾਂ ਨੂੰ ਮੁੜਨੇ ਪਏ।

ਡੇਰੇ ਪਹੁੰਚ ਕੇ ਉਸ ਨੇ ਕੋਠੜੀ ਦਾ ਬੂਹਾ ਖੋਲ੍ਹਿਆ। ਅੰਦਰ ਵੜਦਿਆਂ ਹੀ ਉਸਦੀ ਨਜ਼ਰ ਭੁੰਜੇ ਪਏ ਹੋਏ ਇਕ ਲਫ਼ਾਫ਼ੇ ਤੇ ਪਈ, ਜਿਸ ਨੂੰ ਚਿੱਠੀ ਰਸੈਣ, ਸ਼ੀਥਾਂ ਵਿਚੋਂ ਅੰਦਰ ਸੁਟ ਗਿਆ ਸੀ।

ਲਫ਼ਾਫ਼ੇ ਦਾ ਸਿਰਨਾਵਾਂ ਵੇਖ ਕੇ ਉਸ ਨੇ ਸ਼ਾਂਤੀ ਦੇ ਦਸਖ਼ਤ ਪਛਾਣ ਲਏ। ਭੈਣ ਦੇ ਹੱਥ ਦੀ ਚਿਠੀ ਵੇਖ ਕੇ ਉਸ ਦੇ ਦਿਲ ਨੂੰ ਬੇ-ਓੜਕ ਖ਼ੁਸ਼ੀ ਹੋਈ। ਇਸ ਦੇ ਨਾਲ ਨਾਲ ਹੀ ਉਸ ਦੇ ਅੰਦਰ ਇਕ ਧੂਹ ਜਿਹੀ ਪੈਣ ਲਗੀ। ਇਹ ਸੀ ਸ਼ਾਂਤੀ ਦੀ ਕਿਸੇ ਸਹੇਲੀ ਦਾ ਖ਼ਿਆਲ।

ਉਸ ਨੇ ਕਾਹਲੀ ਕਾਹਲੀ ਚਿੱਠੀ ਖੋਲ੍ਹੀ ਤੇ ਪੜ੍ਹਨੀ ਸ਼ੁਰੂ ਕੀਤੀ। ਪਰ ਉਸ ਦੀ ਨਜ਼ਰ ਇਸ ਵਿਚੋਂ ਕੋਈ ਹੋਰ ਹੀ ਚੀਜ਼ ਢੂੰਡਦੀ ਹੋਈ ਸਾਰੀ ਚਿੱਠੀ ਨੂੰ ਟੱਪ ਕੇ ਉਸ ਦੇ ਛੇਕੜਲੇ ਸਿਰੇ ਤੇ ਪਹੁੰਚਣੀ ਚਾਹੁੰਦੀ ਸੀ।

ਉਹ ਇਕ ਵਾਰੀ ਅੱਧੀ ਕੁ ਚਿੱਠੀ ਪੜ੍ਹ ਗਿਆ, ਪਰ ਇਸ ਦੇ ਮਤਲਬ ਦੀ ਉਸ ਨੂੰ ਬਹੁਤ ਘੱਟ ਸਮਝ ਆਈ। ਹਾਰ ਕੇ ਉਸ ਨੇ ਮੁੜ ਨਵੇਂ ਸਿਰੇ ਪੜ੍ਹਨੀ ਸ਼ੁਰੂ ਕੀਤੀ।

ਪੜ੍ਹਦਾ ਪੜ੍ਹਦਾ ਉਹ ਇਕ ਅਜੇਹੇ ਥਾਂ ਜਾ ਕੇ ਰੁਕਿਆ, ਜਿਥੇ ਰੁਕਣ ਦਾ ਉਸ ਨੂੰ ਚਿਤ ਚੇਤਾ ਵੀ ਨਹੀਂ ਸੀ।

"ਹਟਵਾਣੀਆ ਬਹੁਤ ਤੰਗ ਕਰ ਰਿਹਾ ਹੈ। ਜੇ ਛੇਤੀ ਨਾ ਆਓਗੇ, ਤਾਂ ਦਾਹਵਾ ਹੋ ਜਾਵੇਗਾ।"

ਇਸ ਚਿੰਤਾ ਨੇ ਮੋਹਨ ਦੇ ਸੋਤਰ ਸੁਕਾ ਦਿੱਤੇ। ਉਸ ਦੇ ਹਿਰਦੇ ਵਿਚ ਉਠ ਰਹੀਆਂ ਉਮੰਗਾਂ ਤੇ ਤਰੰਗਾਂ ਇਕ ਇਕ ਕਰਕੇ ਸਾਰੀਆਂ ਹੀ ਇਸ ਚਿੰਤਾ ਵਿਚ ਡੁੱਬ ਗਈਆਂ। ਬਾਕੀ ਦਾ ਖ਼ਤ ਪੜ੍ਹਨਾ ਉਸ ਨੇ ਵਿਚੇ ਛੱਡ ਦਿਤਾ। ਪਰ ਇਸ ਚਿੰਤਾ ਵਿਚ ਉਸ ਨੂੰ ਬਹੁਤ ਚਿਰ ਨਾ ਰਹਿਣਾ ਪਿਆ। ਉਸ ਨੂੰ ਖ਼ਿਆਲ ਆ ਗਿਆ ਕਿ ਉਹ ਆਪਣੇ ਮਾਲਕ ਦਾ ਕੰਮ ਕਿਸ ਤਰ੍ਹਾਂ ਜਾਨ ਹੂਲ ਕੇ ਕਰ ਰਿਹਾ ਹੈ ਤੇ ਅਖ਼ਬਾਰ ਦੀ ਦਿਨੋਂ ਦਿਨ ਤਰੱਕੀ ਹੋ ਰਹੀ ਹੈ। ਕੀ ਇਸ ਸੂਰਤ ਵਿਚ ਉਹ ਉਸਦੀ ਕੁਝ ਵੀ ਮਦਦ ਨਾ ਕਰੇਗਾ?

ਦਿਲ ਦਾ ਭਾਰ ਜਦ ਰਤਾ ਹੌਲਾ ਹੋਇਆ ਤਾਂ ਚਿੱਠੀ ਦਾ ਉਸ ਅਗਲਾ ਮਜ਼ਮੂਨ ਪੜ੍ਹਨਾ ਸ਼ੁਰੂ ਕੀਤਾ। ਫਿਰ ਓਹੋ ਅਣ-ਖ਼ਿਆਲੀਆਂ ਤਰੰਗਾਂ ਤੇ ਅਣ-ਸੋਚੇ ਸੁਫਨੇ।

ਅੰਤ ਉਹ ਸਾਰੀ ਚਿੱਠੀ ਮੁਕਾ ਕੇ ਉਸ ਦੀ ਛੇਕੜਲੀ ਸਤਰ ਤੇ ਪੁੱਜਾ। ਇਥੋਂ ਹੀ ਉਸ ਨੂੰ ਕੁਝ ਲੱਭਣ ਜਾਂ ਨਾ ਲੱਭਣ ਦੀ ਆਸ ਸੀ। ਇਥੇ ਪਹੁੰਚ ਕੇ ਉਸ ਦੀ ਨਜ਼ਰ ਇਕ ਵਾਰੀ ਫੇਰ ਰੁਕ ਗਈ, ਤੇ ਐਸੀ ਰੁਕੀ ਕਿ ਉਸ ਨੂੰ ਇਹੋ ਜਾਪਣ ਲੱਗਾ ਜੁ ਚਿੱਠੀ ਦਾ ਸਾਰਾ ਮਜ਼ਮੂਨ ਕੇਵਲ ਇਸ ਇਕੋ ਵਾਕ ਵਿਚ ਬੰਦ ਹੈ। ਇਹ ਵਾਕ ਸੀ—"ਸਰਲਾ ਵਲੋਂ ਪਿਆਰ ਭਰੀ ਯਾਦ।"

ਹੌਲੀ ਹੌਲੀ ਇਹ ਵਾਕ ਘਟਦਾ ਘਟਦਾ ਉਸ ਦੇ ਸਾਹਮਣੇ ਸਿਰਫ਼ ਏਨਾ ਹੀ ਰਹਿ ਗਿਆ "ਪਿਆਰ ਭਰੀ" ਇਸ ਦੋ-ਸ਼ਬਦੇ ਵਾਕ-ਅੰਸ਼ ਵਿਚ ਪਤਾ ਨਹੀਂ ਕੀ ਭੇਦ ਸੀ, ਜੁ ਇਸ ਪਰਦੇ ਪਿਛੇ ਉਸ ਨੂੰ ਬਹੁਤ ਕੁਝ ਦਿਸਣ ਲੱਗਾ। ਵਰਤਮਾਨ ਨੂੰ ਛੱਡ ਕੇ ਉਸ ਦੇ ਜੀਵਨ ਦਾ ਸਾਰਾ ਭੂਤ ਤੇ ਸਾਰਾ ਭਵਿਸ਼ ਉਸ ਦੀਆਂ ਅੱਖਾਂ ਅੱਗੇ ਫਿਰਨ ਲੱਗਾ ਤੇ ਉਸ ਦੇ ਦਿਲ ਸਮੁੰਦਰ 'ਚੋਂ ਲਹਿਰਾਂ ਉਠ ਉਠ ਕੇ ਏਸ ਨਿੱਕੇ ਜਿਹੇ ਵਾਕ ਨਾਲ ਟਕਰਾਉਣ ਲੱਗੀਆਂ। ਇਹ ਲਹਿਰਾਂ ਕਦੇ ਤਾਂ ਉਸ ਨੂੰ ਸਮੁੱਚੇ ਨੂੰ ਹੀ ਆਪਣੇ ਆਪ ਵਿਚ ਲੀਨ ਕਰ ਲੈਂਦੀਆਂ ਸਨ ਤੇ ਕਦੇ ਅਕਾਸ਼ ਵੱਲ ਉਛਾਲ ਦੇਂਦੀਆਂ ਸਨ।

ਅਖ਼ੀਰ ਚਿੱਠੀ ਉਸ ਨੇ ਤਹਿ ਕਰਕੇ ਲਫ਼ਾਫ਼ੇ ਵਿਚ ਪਾਈ ਤੇ ਲਫ਼ਾਫ਼ਾ ਖੀਸੇ ਵਿਚ। ਫਿਰ ਕਲਮ ਦੁਆਤ ਕੱਢ ਕੇ ਇਸ ਦਾ ਉੱਤਰ ਲਿਖਣ ਲੱਗਾ।

ਸ਼ਾਤੀ ਦੀਆਂ ਘਰੋਗੀ ਗੱਲਾਂ ਦਾ ਜਵਾਬ, ਮੰਗ ਘਲੀਆਂ ਪੁਸਤਕਾਂ ਦੀ ਪ੍ਰਵਾਨਗੀ ਤੇ ਛੇਤੀ ਹੀ ਘਰ ਆਉਣ ਦਾ ਭਰੋਸਾ ਦੇਣ ਤੋਂ ਬਾਅਦ, ਚਿੱਠੀ ਦੇ ਛੇਕੜਲੇ ਹਿੱਸੇ ਤੇ ਪੁੱਜਾ।

ਇਹ ਛੇਕੜਲੀ ਸਤਰ ਲਿਖਣ ਲਈ ਉਸ ਨੇ ਕਲਮ ਤੋਰੀ ਤੇ ਅੰਤ ਧੜਕਦੇ ਦਿਲ ਤੇ ਕੰਬਦੇ ਹੱਥ ਨਾਲ ਉਸ ਨੇ ਲਿਖ ਹੀ ਦਿਤਾ—"ਸਰਲਾ ਨੂੰ ਪਿਆਰ ਭਰੀ ਯਾਦ।"

ਭਾਵੇਂ ਇਹ ਅੱਖਰ ਕੋਈ ਬਹੁਤੇ ਨਹੀਂ ਸਨ, ਪਰ ਇਨ੍ਹਾਂ ਦੇ ਲਿਖਣ ਦੇ ਵਿਚ ਉਸ ਨੂੰ ਚਿੱਠੀ ਤੋਂ ਵਧੀਕ ਵਕਤ ਲਾਣਾ ਪਿਆ।

ਲਿਖਣ ਤੋਂ ਬਾਅਦ ਉਹ ਫਿਰ ਸੋਚੀਂ ਪੈ ਗਿਆ, ਤੇ ਅੰਤ "ਪਿਆਰ ਭਰੀ" ਉਤੇ ਉਸ ਨੇ ਲੀਕ ਫੇਰ ਦਿਤੀ। ਪਰ ਝਟ ਹੀ ਉਸ ਨੂੰ ਖ਼ਿਆਲ ਆਇਆ, ਕਿ ਇਸ ਤਰ੍ਹਾਂ ਕਰਕੇ ਤਾਂ ਸਗੋਂ ਉਹ ਕਿਸੇ ਦੀ ਨਜ਼ਰ ਵਿਚ ਡਬਲ ਮੁਜਰਮ ਬਣ ਗਿਆ ਹੈ। ਉਸ ਨੇ ਗ਼ਲਤ ਕੀਤੇ ਹੋਏ ਅੱਖਰਾਂ ਉਤੇ ਇਤਨੀਆਂ ਲੀਕਾਂ ਪਾ ਦਿੱਤੀਆਂ ਕਿ ਹੁਣ ਉਥੇ ਸ਼ਾਹੀ ਦੇ ਦਾਗ਼ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ, ਫਿਰ ਵੀ ਉਸ ਨੂੰ ਇਸ ਵਿਚੋਂ ਆਪਣਾ ਜੁਰਮ ਚਮਕਦਾ ਵਿਖਾਈ ਦੇ ਰਿਹਾ ਸੀ।

ਉਸ ਨੇ ਚਿੱਠੀ ਪਾੜ ਸੁਟੀ, ਤੇ ਦੁਬਾਰਾ ਲਿਖਣ ਬੈਠ ਗਿਆ। ਕਿਹਾ ਨਹੀਂ ਜਾ ਸਕਦਾ ਕਿ ਉਸ ਨੇ ਕਿੰਨੇ ਕੁ ਕਾਗਜ਼ ਰੱਦੀ ਕੀਤੇ।

੪

"ਸ਼ਾਤੀ! ਤੂੰ ਅਜੇ ਸੁੱਤੀ ਹੋਈ ਏਂ?" ਸਰਲਾ ਨੇ ਉਸ ਦਾ ਪੈਰ ਟੁੰਬਦਿਆਂ ਕਿਹਾ।

ਇਕ ਦੋ ਆਕੜਾਂ ਲੈ ਕੇ ਮੂੰਹ ਤੇ ਅੱਖਾਂ ਨੂੰ ਮਲਦੀ ਹੋਈ ਸ਼ਾਂਤੀ ਉਠ ਬੈਠੀ। ਆਪਣੀ ਸਹੇਲੀ ਨੂੰ ਪੈਂਦ ਵੱਲ ਖੜੀ ਦੇਖ ਕੇ ਉਸ ਨੇ ਸੱਜੇ ਹੱਥ ਨਾਲ ਉਸਨੂੰ ਪਿਛਾਂਹ ਧਕਦਿਆਂ ਹੋਇਆਂ ਕਿਹਾ—"ਦਫਾ ਹੋ ਪਰੇ, ਮੈਨੂੰ ਨਾ ਬੁਲਾ। ਕਿਡੀ ਮਿਜਾਜ ਹੋ ਗਈ ਏ ਏਹਦੀ, ਕਿੰਨੇ ਸੁਨੇਹੇ ਭੇਜੇ—ਰਾਤੀਂ ਦਸ ਵਜੇ ਤਕ ਉਡੀਕਦੀ ਰਹੀ, ਬੀਬੀ ਰਾਣੀ ਦੇ ਪੈਰਾਂ ਤੋਂ ਮਹਿੰਦੀ ਲੱਥਦੀ ਸੀ ਜੀਕਣ।"

ਹੱਥ ਵਾਲੀਆਂ ਕਿਤਾਬਾਂ ਨੂੰ ਮੰਜੇ ਦੀ ਇਕ ਨੁਕਰੇ ਰੱਖ ਕੇ ਸਰਲਾ ਨੇ ਉਸ ਨੂੰ ਜੱਫੀ ਪਾ ਕੇ ਆਖਿਆ—"ਪਹਿਲਾਂ ਅਗਲੇ ਦੀ ਗੱਲ ਵੀ ਸੁਣ ਲਈਦੀ ਏ ਨਾ? ਤੂੰ ਤੇ ਐਵੇਂ ਈ ਰੁਸ ਰੁਸ ਕੇ ਬਹਿਨੀ ਏਂ। ਮੈਂ ਖ਼ਬਰੇ ਕਿਹੜਿਆਂ ਪੁਆੜਿਆਂ ਨੂੰ ਫੜੀ ਰਹੀ ਸਾਂ?"

ਸ਼ਾਂਤੀ ਇਸ ਗੱਲੋਂ ਬੇਖ਼ਬਰ ਨਹੀਂ ਸੀ ਕਿ ਸਰਲਾ, ਕੰਡਿਆਲੀ ਦੀ ਛਾਂ ਹੇਠ ਪਲਦੀ ਹੈ—ਸਦਾ ਹੀ ਮਤਰੇਈ ਮਾਂ ਦਾ ਸ਼ਿਕਾਰ ਰਹਿੰਦੀ ਹੈ। ਇਹੋ ਕਾਰਨ ਹੈ ਕਿ ਉਸ ਦੇ ਦੋਂਹ ਵਾਕਾਂ ਨੇ ਹੀ ਸ਼ਾਂਤੀ ਦਾ ਸਾਰਾ ਗੁੱਸਾ ਦੂਰ ਕਰ ਦਿੱਤਾ ਤੇ ਉਸ ਨੂੰ ਗਲ ਨਾਲ ਲਾ ਕੇ ਬੋਲੀ—"ਕਿਉਂ ਫੇਰ ਕੋਈ ਕੁਪੱਤ..."

ਵਿਚੋਂ ਹੀ ਸਰਲਾ ਬੋਲੀ—"ਕੁਪੱਤ ਦਾ ਕੀ ਪੁਛਨੀ ਏਂ। ਇਥੇ ਉਹ ਗੱਲ ਏ ਅਖੇ 'ਜੰਮਿਆ ਬਾਲ ਤੇ ਈਹੋ ਹਾਲ।' ਕਿਸੇ ਕਸੂਰ ਬਦਲੇ ਹੋਵੇ ਤਾਂ ਵੀ। ਬੇਦੋਸ਼ੀ ਨੂੰ ਕੋਹ ਕੋਹ ਕੇ ਮਾਰਦੀ ਏ।"

ਕਹਿੰਦਿਆਂ ਕਹਿੰਦਿਆਂ ਸਰਲਾ ਦੀਆਂ ਅੱਖਾਂ ਭਰ ਆਈਆਂ। ਇਸ ਤੋਂ ਬਾਅਦ ਉਸ ਨੇ ਕਲ੍ਹ ਦੀ ਸਾਰੀ ਹੱਡ ਬੀਤੀ ਸ਼ਾਂਤੀ ਨੂੰ ਸੁਣਾਈ ਤੇ ਦਸਿਆ ਕਿਸ ਤਰ੍ਹਾਂ ਪੋਤੜੇ ਧੋਂਦਿਆਂ ਉਸ ਦੀ ਵੱਖੀ ਵਿਚ ਲੱਤਾਂ ਵੱਜੀਆਂ ਸਨ।

ਥੋੜ੍ਹਾ ਚਿਰ ਦੋਵੇਂ ਇਕ ਦੂਜੀ ਦੇ ਨਾਲ ਜੁੜੀਆਂ ਰਹੀਆਂ ਤੇ ਕਿਸੇ ਦੇ ਮੂੰਹੋਂ ਕੋਈ ਗੱਲ ਨਾ ਨਿਕਲੀ। ਜੋ ਕੁਝ ਦੱਸਣ ਲਈ ਸ਼ਾਂਤੀ ਅੱਧੀ ਰਾਤ ਤੀਕ ਉਸ ਨੂੰ ਉਡੀਕਦੀ ਰਹੀ, ਉਹ ਦੱਸਣ ਦਾ ਉਸ ਨੂੰ ਕੁਝ ਚਿਰ ਚੇਤਾ ਹੀ ਭੁੱਲ ਗਿਆ। ਝੱਟ ਕੁ ਪਿੱਛੋਂ ਮੰਜੇ ਤੇ ਕਿਤਾਬਾਂ ਪਈਆਂ ਵੇਖ ਕੇ ਬੋਲੀ—"ਤੇ ਐਹ ਕਿਧਰ ਚੁਕ ਲਿਆਈ ਏਂ?"

ਚੁੰਨੀ ਨਾਲ ਅੱਖਾਂ ਪੂੰਝਦੀ ਸਰਲਾ ਬੋਲੀ—ਕਿਤਾਬਾਂ ਪਿੱਛੇ ਈ ਤੇ ਸਾਰਾ ਪੁਆੜਾ ਪਿਆ ਸੀ। ਕਲ੍ਹ ਜਿਹੜਾ ਪਰਚਾ ਤੂੰ ਦਿੱਤਾ ਸੀ, ਉਸ ਵਿਚੋਂ ਓਹੀ ਮੋਹਨ ਹੁਰਾਂ ਵਾਲੀ ਕਹਾਣੀ ਪੜ੍ਹਨ ਬੈਠ ਗਈ। ਮੈਨੂੰ ਕੀ ਪਤਾ ਸੀ ਏਨੇ ਨਾਲ ਈ ਉਹ ਸੇਲ੍ਹੀਓਂ ਸੱਪ ਹੋ ਜਾਏਗੀ। ਤੇ ਜੇ ਪਤਾ ਹੁੰਦਾ ਕਿ ਸਾਰੀ ਕਹਾਣੀ ਮੁਕਾਏ ਬਿਨਾਂ ਛੱਡੀ ਨਹੀਂ ਜਾਣੀ, ਤਾਂ ਮੈਂ ਕਾਹਨੂੰ ਸ਼ੁਰੂ ਕਰਨੀ ਸੀ, ਰਾਤੀਂ ਕਿਸੇ ਵੇਲੇ ਪੜ੍ਹ ਲੈਂਦੀ। ਬਸ, ਰੱਬ ਦਏ ਤੇ ਬੰਦਾ ਸਹੇ। ਜਿਉਂ ਕਲੇਸ਼ ਪਾਇਓ ਸੁ। ਵਲਾਇਆ ਵਲੇ ਈ ਨਾ। ਆਖੇ, ਮੈਂ ਤੇ ਏਹਦੀਆਂ ਸਾਰੀਆਂ ਕਿਤਾਬਾਂ ਸਾੜ ਕੇ ਹੀ ਸਾਹ ਲੈਣਾ ਏਂ। ਏਸੇ ਬਦਲੇ ਮਾਰ ਵੀ ਖਾਧੀ, ਸਾਰੀ ਦਿਹਾੜੀ ਭੁਖਣ ਭਾਣੀ ਵੀ ਰਹੀ। ਭਾਈਏ ਹੋਰਾਂ ਅੱਗੇ ਰਾਈ ਦਾ ਪਹਾੜ ਬਣਾ ਬਣਾ ਕੇ ਦਸਿਓ ਸੂ। ਉਹ ਵੀ ਮੈਨੂੰ ਈ ਹੱਬਾ ਤੱਬਾ ਕਰਨ ਲਗੇ। ਭੈਣਾਂ, ਇਸੇ ਬਾਬਰਵਾਣੀ ਤੋਂ ਡਰਦੀ ਮਾਰੀ ਚੁੱਕ ਲਿਆਈ ਆਂ। ਮੈਂ ਆਖਿਆ ਉਹ ਨਾ ਹੋਵੇ ਜੁ ਦਾਣਿਆਂ ਨਾਲ ਘੁਣ ਵੀ ਪੀਠੇ ਜਾਣ। ਤੇਰੀਆਂ ਕਿਤਾਬਾਂ ਤੇ ਪੁਚਾ ਆਵਾਂ।"

ਸ਼ਾਂਤੀ ਨੇ ਤਰ੍ਹਾਂ-ਤਰ੍ਹਾਂ ਦੀਆਂ ਦਿਲਬਰੀਆਂ ਦੇ ਕੇ ਉਸ ਦਾ ਦਿਲ ਟਿਕਾਣੇ ਕੀਤਾ। ਜਦ ਸਰਲਾ ਦੀ ਤਬੀਅਤ ਕੁਝ ਅਰਾਮਤੀ ਹੋਈ, ਤਾਂ ਉਸ ਨੇ ਪੁੱਛਿਆ—"ਤੇ ਰਾਤੀਂ ਤੈਨੂੰ ਕੀ ਏਡੀ ਲੋੜ ਪੈ ਗਈ ਸੀ? ਸੁਨੇਹਾ ਤੇ ਤੇਰਾ ਜਗੋ ਮਿਸ਼ਰਾਣੀ ਨੇ ਦਿੱਤਾ ਸੀ—ਮੈਂ ਉਂਜ ਵੀ ਆਉਣਾ ਸੀ, ਪਰ ਮਾਂ ਤੋਂ ਡਰਦੀ ਨਾ ਆਈ। ਮੈਂ ਆਖਿਆ ਅੱਗੇ ਈ ਭਖੀ ਹੋਈ ਏ। ਹਾਂ ਕੀ ਕੰਮ ਸੀ?"

ਸ਼ਾਂਤੀ ਬੋਲੀ—"ਕੰਮ ਤੇ ਕੋਈ ਨਹੀਂ ਸੀ। ਭਰਾ ਹੋਰਾਂ ਦੀ ਕਹਾਣੀ ਬਾਰੇ ਈ ਪੁੱਛਣਾ ਸੀ—ਪੜ੍ਹੀ ਸੀ ਤੂੰ ਸਾਰੀ?"

ਕੁਝ ਚਿਰ ਚੁੱਪ ਰਹਿ ਕੇ ਸਰਲਾ ਬੋਲੀ—"ਪੜ੍ਹੀ ਸੀ" "ਚੰਗੀ ਸੀ ਕੁਝ?"

ਸਰਲਾ ਨੇ ਕੋਈ ਉੱਤਰ ਨਾ ਦਿੱਤਾ। ਇਸ ਵੇਲੇ ਉਸ ਦੀਆਂ ਅੱਖਾਂ ਅੱਗੇ ਕਹਾਣੀ ਦਾ ਪਲਾਟ ਫਿਰ ਰਿਹਾ ਸੀ, ਤੇ ਉਸ ਵਿਚ ਉਸ ਨੂੰ ਥਾਂ ਥਾਂ ਤੇ ਕੋਈ ਇਹੋ ਜਿਹੀ ਝਲਕ ਆਉਂਦੀ ਸੀ ਜਿਸ ਦੇ ਮੱਧਮ ਜਹੇ ਚਾਨਣ ਨਾਲ ਉਸ ਦੇ ਹਨੇਰੇ ਦਿਲ ਵਿਚਲੀਆਂ ਕਈ ਅਣਡਿਠੀਆਂ ਚੀਜ਼ਾਂ ਉਸ ਨੂੰ ਦਿਖਾਈ ਦੇ ਰਹੀਆਂ ਸਨ। ਆਪਣੇ ਜੀਵਨ-ਪੰਧ ਦੇ ਕਈ ਛੋਟੇ ਮੋਟੇ ਪੜਾਉ ਉਸ ਨੂੰ ਇਸ ਕਹਾਣੀ ਵਿਚ ਹੂ-ਬ-ਹੂ ਪਏ ਦਿਸਦੇ ਸਨ।

ਇਸ ਚੁੱਪ ਦਾ ਮਤਲਬ ਸ਼ਾਂਤੀ ਨੇ ਇਹ ਸਮਝਿਆ ਕਿ ਸਰਲਾ ਨੂੰ ਕਹਾਣੀ ਪਸੰਦ ਨਹੀਂ ਆਈ। ਉਸ ਨੇ ਫਿਰ ਪੁੱਛਿਆ—"ਸਾਰੀ ਪੜ੍ਹੀ ਸੀ ਤੂੰ?"

"ਪੜ੍ਹੀ ਸੀ।"

"ਫੇਰ?"

ਇਸ 'ਫੇਰ' ਦਾ ਜਵਾਬ ਸਰਲਾ ਪਾਸ ਜਾਂ ਤਾਂ ਕੁਝ ਵੀ ਨਹੀਂ ਸੀ, ਤੇ ਜਾਂ ਸ਼ਾਇਦ ਇਤਨਾ ਵੱਡਾ ਤੇ ਔਖਾ ਕਿ ਉਹ ਦੱਸ ਹੀ ਨਹੀਂ ਸੀ ਸਕਦੀ। ਪਰ ਗੱਲ ਦਾ ਜਵਾਬ ਤਾਂ ਦੇਣਾ ਹੀ ਚਾਹੀਦਾ ਹੈ, ਇਹ ਸੋਚ ਕੇ ਉਹ ਬੋਲੀ—"ਚੰਗੀ ਸੀ।"

ਸ਼ਾਂਤੀ ਨਿਰ ਉਤਸ਼ਾਹ ਜਿਹੀ ਹੋ ਗਈ। ਉਸ ਦਾ ਖ਼ਿਆਲ ਸੀ ਕਿ ਸਰਲਾ ਇਸ ਕਹਾਣੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦੇਵੇਗੀ। ਫਿਰ ਉਸ ਖ਼ਿਆਲ ਕੀਤਾ, ਸਰਲਾ ਅਜੇ ਤੀਕ ਮਤਰਈ ਮਾਂ ਦੀ ਕਲ੍ਹ ਵਾਲੀ ਮਾਰ ਦੇ ਹੀ ਅਸਰ ਹੇਠ ਦੱਬੀ ਹੋਈ ਹੈ। ਇਸ ਲਈ ਉਸ ਨੇ ਉਸੇ ਰਸਤੇ ਤੁਰ ਕੇ ਸਰਲਾ ਨੂੰ ਆਪਣੇ ਟਿਕਾਣੇ ਲਿਆਉਣਾ ਮੁਨਾਸਬ ਸਮਝਿਆ ਤੇ ਉਸ ਦਾ ਮੋਢਾ ਹਲੂੰਣ ਕੇ ਬੋਲੀ—"ਚਲ ਛੱਡ ਵੀ ਪਰੇ ਹੁਣ, ਕਿਹੜੇ ਵਹਿਣਾਂ ਵਿਚ ਪੈ ਗਈ ਏਂ। ਓਹ ਜਾਣੇ, ਜਿਥੇ ਐਨੀ ਉਮਰ ਕੱਟੀ ਊ ਵਰ੍ਹਾ ਛੀ ਮਹੀਨੇ ਹੋਰ ਵੀ ਕੱਟੇ ਜਾਣਗੇ। ਤੂੰ ਕਿਹੜਾ ਹਮੇਸ਼ਾਂ ਪੇਕੇ ਈ ਬੈਠੀ ਰਹਿਣਾ ਏਂ। ਡੋਲੀ ਚੜ੍ਹਦਿਆਂ ਈ ਸਾਰੇ ਦੁੱਖ ਭੁੱਲ ਜਾਣਗੇ, ਨਾਲੇ ਮੇਰੇ ਵਰਗੀਆਂ ਸਹੇਲੀਆਂ ਵੀ।"

ਸ਼ਾਂਤੀ ਦੀਆਂ ਬਾਹਾਂ 'ਚੋਂ ਆਪਣੇ ਆਪ ਨੂੰ ਛੁੜਾਂਦੀ ਹੋਈ ਸਰਲਾ ਰੋਹ ਭਰੀ ਮੁਸਕਰਾਹਟ ਨਾਲ ਬੋਲੀ—"ਨੀ ਮਰ ਪਰੇ। ਏਹਨੂੰ ਬੱਸ ਹਰ ਵੇਲੇ ਡੋਲੀ

ਚੜ੍ਹਨ ਦੇ ਈ ਸੁਪਨੇ ਆਉਂਦੇ ਰਹਿੰਦੇ ਨੇ। ਰੋਜ਼ ਕੋਈ ਨਾ ਕੋਈ ਨਵਾਂ ਵਿਹਾਝੂ ਆ ਜਾਂਦਾ ਏ ਇਸ ਜੋਗਾ।"

"ਖੂਹ ਪੁਟਦੇ ਨੂੰ ਖਾਤੇ" ਵਾਲਾ ਹਾਲ ਹੁੰਦਾ ਵੇਖ ਕੇ ਜਦ ਸ਼ਾਂਤੀ ਨੇ ਡਿੱਠਾ ਕਿ ਉਸ ਦਾ ਚਲਾਇਆ ਹੋਇਆ ਤੀਰ, ਮੁੜ ਉਸੇ ਨੂੰ ਆ ਕੇ ਵੱਜਾ ਹੈ, ਤਾਂ ਉਸ ਨੇ ਗੱਲ ਦਾ ਰੁਖ ਬਦਲਦਿਆਂ ਕਿਹਾ—"ਖ਼ੈਰ, ਹਾਸੇ ਦੀ ਗੱਲ ਤਾਂ ਰਹੀ ਨਾ ਹਾਸੇ ਨਾਲ। ਉਂਜ ਦੱਸ ਤੇ ਸਹੀ, ਭਰਾ ਦੀ ਕਹਾਣੀ ਕੁਝ ਚੰਗੀ ਸਾਈ? ਮੈਨੂੰ ਤੇ ਬੜੀ ਚੰਗੀ ਲੱਗੀ ਏ।"

ਦਿਲ ਦੇ ਭਾਵਾਂ ਨੂੰ ਲੁਕਾਣ ਦਾ ਜਤਨ ਕਰਦੀ ਹੋਈ ਸਰਲਾ ਬੋਲੀ—"ਕਹਾਣੀ ਤੇ ਬੜੀ ਹੱਦਾਂ ਦੀ ਏ, ਪਰ..."

"ਪਰ ਕੀ?"

ਮੂੰਹ ਪੀਡਾ ਕਰਕੇ ਸਰਲਾ ਬੋਲੀ—"ਮੇਰਾ ਖ਼ਿਆਲ ਏ, ਇਹ ਉਸ ਨੇ ਆਪ ਨਹੀਂ ਲਿਖੀ ਹੋਣੀ—ਕਿਸੇ ਵੱਡੇ ਲੇਖਕ ਦੀ ਕਹਾਣੀ ਦਾ ਤਰਜਮਾ ਕੀਤਾ ਹੋਵੇਗਾ ਸੂ। ਏਡੇ ਡੂੰਘੇ ਵਿਚਾਰ ਮੋਹਨ ਜੀ ਵਰਗਿਆਂ ਨੂੰ ਕਿੱਥੋਂ ਫੁਰ ਸਕਦੇ ਨੇ।"

ਆਪਣੇ ਭਰਾ ਦੀ ਇਹ ਨਿੰਦਿਆਂ ਵੀ ਸ਼ਾਂਤੀ ਨੂੰ ਉਸਤਤ ਹੀ ਮਲੂਮ ਹੋਈ। ਉਸ ਨੂੰ ਪੂਰਾ ਭਰੋਸਾ ਸੀ ਕਿ ਮੋਹਨ ਲਹੂ ਲਾ ਕੇ ਸ਼ਹੀਦ ਬਣਨ ਦਾ ਆਦੀ ਨਹੀਂ। ਫਿਰ ਵੀ ਸਰਲਾ ਦੇ ਦਿਲੋਂ ਇਹ ਗ਼ਲਤ ਖ਼ਿਆਲ ਕੱਢਣ ਲਈ ਉਹ ਬੋਲੀ—"ਸਰਲਾ, ਸੱਚਮੁੱਚ ਤੂੰ ਮੇਰੇ ਭਰਾ ਨੂੰ ਚੋਰ ਸਮਝਨੀ ਏਂ? ਧਰਮੋ ਧਰਮੀ ਦੱਸੀਂ।"

"ਇਹ ਕਹਾਣੀ ਉਨ੍ਹਾਂ ਦੀ ਨਹੀਂ।"

"ਕਿਉਂ?"

"ਕਿਉਂ ਦਾ ਮਤਲਬ, ਆਦਮੀ ਨੂੰ ਪਤਾ ਨਹੀਂ ਲੱਗ ਜਾਂਦਾ?"

"ਪਰ ਤੈਨੂੰ ਕੀਕਣ ਪਤਾ ਲੱਗ ਗਿਆ, ਦੱਸ ਤੇ ਸਹੀ?"

"ਅੱਗੇ ਮੈਂ ਮੋਹਨ ਹੋਰਾਂ ਦੀਆਂ ਕਿੰਨੀਆਂ ਈ ਕਹਾਣੀਆਂ ਪੜ੍ਹ ਚੁਕੀ ਆਂ।"

"ਇਹ ਅਗਲੀਆਂ ਨਾਲੋਂ ਵੱਖਰੀ ਜਿਹੀ ਏ। ਸ਼ਾਇਦ ਇਸੇ ਕਰਕੇ ਤੈਨੂੰ ਸ਼ੱਕ ਪਿਆ ਹੋਵੇ ਕਿ ਇਹ ਓਹਦੀ ਆਪਣੀ ਨਹੀਂ?"

"ਗੱਲ ਤੇ ਸ਼ਾਂਤੀਏ, ਇਹੋ ਈ ਮੇਰੇ ਦਿਲ ਵਿਚ ਆਈ ਸੀ।"

ਸ਼ਾਂਤੀ ਦਾ ਉਤਸ਼ਾਹ ਫੇਰ ਢਹਿੰਦੀਆਂ ਕਲਾਂ ਵੱਲ ਜਾਣ ਲੱਗਾ। ਉਸ ਨੂੰ ਸਰਲਾ ਉਤੇ ਗੁੱਸਾ ਆ ਰਿਹਾ ਸੀ। ਉਹ ਜ਼ਰਾ ਕੁ ਅੱਖ ਚੜ੍ਹਾ ਕੇ ਬੋਲੀ—"ਤੇਰੇ ਦਿਲ ਵਿਚ ਇਹ ਝੂਠੀ ਗੱਲ ਕਿਉਂ ਆਈ? ਇਸ ਦਾ ਕੋਈ ਸਬੂਤ ਵੀ ਹੈ?"

"ਸਬੂਤ? ਸਬੂਤ ਇਹੋ ਕਿ ਜਿਸ ਨੇ ਕਹਾਣੀ ਮੋਹਨ ਜੀ ਨੂੰ ਲਿਖਾਈ ਏ ਉਸ ਨੂੰ ਮੈਂ ਜਾਣਨੀ ਆਂ।"

ਸ਼ਾਂਤੀ ਦੇ ਚੇਹਰੇ ਤੇ ਹੋਰ ਜਿਆਦਾ ਗੁੱਸਾ ਝਲਕਣ ਲੱਗਾ। ਫਿਰ ਵੀ ਉਸ ਨੇ ਮਖੌਲ ਦੇ ਢੰਗ ਨਾਲ ਪੁੱਛਿਆ, "ਹਲਾ, ਮੈਨੂੰ ਨਹੀਂ ਸੀ ਪਤਾ ਜੁ ਕਹਾਣੀ ਲਿਖਣ ਵਾਲਿਆਂ ਨਾਲ ਵੀ ਤੇਰੀ ਜਾਣ ਪਛਾਣ ਏਂ।"

"ਮਰ ਪਰੇ ਬਿਸ਼ਰਮੇ" ਸਰਲਾ ਨੇ ਉਸ ਨੂੰ ਗੁੱਸੇ ਵਿਚ ਕਿਹਾ।

"ਤੂੰ ਆਪੇ ਈ ਕਹਿਣ ਡਹੀ ਹੋਈ ਏਂ। ਹੱਛਾ, ਦਸ ਤੇ ਸਹੀ, ਕਿਹੜਾ ਏ ਉਹ ਤੇਰਾ ਈਹੋ ਜਿਹਾ ਜਾਣੂੰ?"

"ਮੇਰਾ ਨਹੀਂ ਤੇਰੇ ਭਰਾ ਦਾ।

"ਪਰ ਨਾਂ ਤੇ ਦੱਸ ਉਹਦਾ।"

"ਨਾਂ ਏ ਉਹਦਾ ਪ੍ਰੇਮ।"

"ਹੈਂ ਕਿਹੜਾ ਪ੍ਰੇਮ? ਪ੍ਰੇਮ ਚੰਦ?"

"ਨੀ ਨਹੀਂ, ਪ੍ਰੇਮ ਚੰਦ ਨਹੀਂ 'ਪ੍ਰੇਮ'।"

'ਪ੍ਰੇਮ' ਦਾ ਅਰਥ ਸਮਝ ਕੇ ਸ਼ਾਂਤੀ ਡੂੰਘੀ ਸੋਚ ਵਿਚ ਪੈ ਗਈ। ਫਿਰ ਬੋਲੀ—"ਪਰ ਕਿਸਦਾ ਪ੍ਰੇਮ?"

"ਮੈਨੂੰ ਕੀ ਪਤਾ, ਹੋਊ ਕਿਸੇ ਦਾ।"

ਥੋੜ੍ਹਾ ਚਿਰ ਸੋਚ ਕੇ ਸ਼ਾਂਤੀ ਬੋਲੀ—"ਮੈਂ ਸਮਝ ਲਿਆ।"

"ਕੀ ?"

"ਬਸ ਸਮਝ ਲਿਆ।"

"ਦਸ ਤੇ ਸਹੀ, ਕੀ ਸਮਝ ਲਿਆ ਈ ?"

"ਤੂੰ ਨਹੀਂ ਦੱਸਦੀ, ਤੇ ਮੈਂ ਕਿਉਂ ਦਸਾਂ।"

"ਖਾਹ ਸਿਰ ਨੂੰ ਨਹੀਂ ਦੱਸਦੀ ਤੇ ਨਾ ਦੱਸ" ਕਹਿੰਦੀ ਹੋਈ ਸਰਲਾ ਉਠ ਕੇ ਤੁਰ ਪਈ ਤੇ ਜਾਣ ਲੱਗੀ ਬੋਲੀ—"ਕਿਤਾਬਾਂ ਸਾਂਭ ਲਈਂ ਆਪਣੀਆਂ, ਨਾਲੇ ਮੇਰੀਆਂ ਵੀ ਵਿਚੇ ਈ।"

ਸ਼ਾਂਤੀ ਨੇ ਝਟ ਪਟ ਉਠ ਕੇ ਉਸ ਦੀ ਚੁੰਨੀ ਫੜ ਲਈ, ਪਰ ਸਰਲਾ ਬਦੋ-ਬਦੀ ਪੱਲਾ ਛੁੜਾ ਕੇ ਨੱਸ ਗਈ।

੫

ਮਕਾਨ ਦੀ ਉੱਤਲੀ ਛੱਤੇ ਸ: ਉਤਮ ਸਿੰਘ ਹੋਰਾਂ ਦਾ ਟੱਬਰ ਟੌਰ ਰਹਿੰਦਾ ਹੈ ਤੇ ਥੱਲਵੇਂ ਵਿਚ ਅਖ਼ਬਾਰ ਦਾ ਦਫ਼ਤਰ ਤੇ ਪ੍ਰੈਸ ਦਫ਼ਤਰ ਦੇ ਕਮਰੇ ਵਿਚ ਫੱਟਿਆਂ ਦੀ ਕੰਧ ਬਣਾ ਕੇ ਉਸਨੂੰ ਦੋਂਹ ਹਿੱਸਿਆਂ ਵਿਚ ਵੰਡਿਆ ਹੋਇਆ ਹੈ—ਇਕ ਵਿਚ ਸਬ ਐਡੀਟਰ ਕੰਮ ਕਰਦਾ ਹੈ ਤੇ ਦੂਜਾ ਸਰਦਾਰ ਹੋਰਾਂ ਦਾ ਪ੍ਰਾਈਵੇਟ ਦਫ਼ਤਰ ਹੈ। ਇਸ ਕਮਰੇ ਦੀ ਟੈਂਸ ਪੈਂਸ ਵੇਖਣ ਯੋਗ ਹੈ। ਮੇਜ਼ ਕੁਰਸੀਆਂ ਆਦਿ ਸਾਰਾ ਫਰਨੀਚਰ ਬਹੁ-ਮੁੱਲਾ ਹੈ ਮੇਜ਼ ਉਤਲੀਆਂ ਚੀਜ਼ਾਂ ਵੇਖ ਕੇ ਤਾਂ ਇਹੋ ਭੁਲੇਖਾ ਪੈਂਦਾ ਹੈ ਕਿ ਇਕ ਕਿਸੇ ਬੈਰਿਸਟਰ ਦਾ ਕਮਰਾ ਹੈ।

ਸਰਦਾਰ ਹੋਰੀਂ ਮੇਜ਼ ਅੱਗੇ ਬੈਠੇ ਇਕ ਕੋਰੀ ਕਾਪੀ ਉਤੇ ਕੁਝ ਨੋਟ ਕਰ ਰਹੇ ਹਨ। ਆਪ ਦੀ ਲਿਖਤ ਵੇਖ ਕੇ ਅਜਾਣ ਤੋਂ ਅਜਾਣ ਆਦਮੀ ਵੀ ਸਮਝ ਸਕਦਾ ਹੈ ਕਿ ਗੁਰਮੁੱਖੀ ਅੱਖਰ ਲਿਖਣ ਦੀ ਆਪ ਨੂੰ ਇਕ ਖ਼ਾਸ ਤਰ੍ਹਾਂ ਦੀ ਜਾਚ ਹੈ। ਅਰਥਾਤ ਪੰਦਰਾਂ ਰੁਪਿਆਂ ਵਾਲੀ ਵਾਟਰਮੈਨ ਦੀ ਕਲਮ ਨਾਲ ਇਤਨੇ ਮੋਟੇ ਤੇ ਉਘਰਵੇਂ ਅੱਖਰ ਵਾਹੁਣੇ, ਇਹ ਕੋਮਲ ਹੁਨਰ ਕੇਵਲ ਆਪ ਦੇ ਹੀ ਪੋਟਿਆਂ ਵਿਚ ਹੈ ਸ਼ਾਇਦ ਇਹੋ ਵਜ੍ਹਾ ਹੈ ਕਿ ਹਾਰੀ ਸਾਰੀ ਨੂੰ ਆਪਣੀ ਖ਼ੁਸ਼ਖ਼ਤ ਲਿਖਤ ਵਿਖਾ ਕੇ ਉਹ ਇਸ ਹੁਨਰ ਨੂੰ ਅਪਮਾਨਤ ਕਰਨਾ ਚਾਹੁੰਦੇ।

ਅੱਧੇ ਕੁ ਘੰਟੇ ਦੀ ਮਿਹਨਤ ਨਾਲ ਜਦ ਆਪ ਨੇ ਢਾਈਆਂ ਪੌਣੀਆਂ ਤਿੰਨ ਸਤਰਾਂ ਦਾ ਮਜ਼ਮੂਨ ਕਾਪੀ ਦੇ ਅੱਧੇ ਕੁ ਸਫੇ ਉਤੇ ਲਿਆ ਤਾਂ ਚਪੜਾਸੀ ਅਥਵਾ ਸਬ ਐਡੀਟਰ ਨੂੰ ਸੱਦਣ ਵਾਲੀ ਘੰਟੀ ਵਜਾਈ।

ਪਰੂਫ਼ਾਂ ਦੀਆਂ ਗੋਲੀਆਂ ਹੱਥ ਵਿਚ ਫੜੀ ਮੋਹਨ ਹਾਜ਼ਰ ਹੋਇਆ।

ਝੱਟ ਕੇ ਮੋਹਨ ਮੇਜ਼ ਉਤੇ ਸੱਜੇ ਹੱਥ ਦੀਆਂ ਚਾਰੇ ਉਂਗਲਾਂ ਟੇਕ ਕੇ ਹੁਕਮ ਦੀ ਉਡੀਕ ਵਿਚ ਖੜੋਤਾ ਰਿਹਾ। ਬੇਪਰਵਾਹੀ ਨਾਲ ਕਲਮ ਹੱਥੋਂ ਰੱਖ

ਕੇ, ਉਸ ਵੱਲ ਤੱਕਦੇ ਹੋਏ ਸਰਦਾਰ ਹੋਰੀ ਬੋਲੇ—"ਮੋਹਨ! ਕੀ ਗੱਲ ਏ, ਐਤਕਾਂ ਦਾ ਪਰਚਾ ਲੇਟ ਕਿਉਂ ਹੋ ਗਿਆ ਏ?"

ਜਕੋ ਤੱਕੋ ਕਰਦਾ ਹੋਇਆ ਮੋਹਨ ਬੋਲਿਆ—"ਜੀ ਮੈਂ ਤੇ ਮਜ਼ਮੂਨ ਪਰਸੋਂ ਦਾ ਮੁਕੰਮਲ ਕਰ ਚੁੱਕਾ ਵਾਂ, ਪਰ ਅਜੇ ਤੀਕ ਕੁਲ ਦੋ ਫ਼ਰਮੇ ਹੀ ਛਪੇ ਨੇ।"

"ਤੇ ਬਾਕੀ ਕਿਉਂ ਨਹੀਂ ਛਪੇ ਨੇ।" ਸਰਦਾਰ ਹੋਰਾਂ ਤਿਊੜੀ ਚਾੜ੍ਹ ਕੇ ਕਿਹਾ— "ਤੇਰਾ ਕੰਮ ਸਿਰਫ਼ ਮਜ਼ਮੂਨ ਲਿਖਣਾ ਈ ਨਹੀਂ। ਹਫ਼ਤੇਵਾਰ ਅਖ਼ਬਾਰ ਦਾ ਮਜ਼ਮੂਨ ਲਿਖਣਾ ਕੇਵਲ ਦੋਂਹ ਦਿਨਾਂ ਦਾ ਕੰਮ ਹੁੰਦਾ ਏ ਤੇ ਹਫ਼ਤੇ ਦੇ ਅੱਠ ਦਿਨ ਹੁੰਦੇ ਨੇ ਬਾਕੀ ਛੇ ਦਿਨ ਕੀ ਕਰਦਾ ਰਹਿਨਾ ਏਂ?

'ਅੱਠ ਦਿਨ' ਵਾਲੀ ਗੱਲ ਤੇ ਮੋਹਨ ਦੇ ਬੁਲ੍ਹਾਂ ਤੇ ਬਦੋ ਬਦੀ ਹਾਸਾ ਲੈ ਆਂਦਾ, ਪਰ 'ਦੋਂਹ ਦਿਹਾੜੀਆਂ ਦਾ ਕੰਮ ਹੈ' ਇਸ ਵਾਕ ਨੇ ਉਸ ਦਾ ਹਾਸਾ ਰੋਕ ਦਿੱਤਾ, ਸਗੋਂ ਉਸ ਦੇ ਚਿਹਰੇ ਤੇ ਬੇਬਸੀ ਤੇ ਨਿਰਾਸਤਾ ਦੇ ਨਿਸ਼ਾਨ ਲੈ ਆਂਦੇ। ਉਹ ਡਰਦਾ ਡਰਦਾ ਬੋਲਿਆ—"ਸਰਦਾਰ ਜੀ, ਮੈਂ ਤੇ ਕਈ ਹਫ਼ਤੇ ਹੋਏ ਨੇ ਐਤਵਾਰ ਦੀ ਛੁੱਟੀ ਵੀ ਨਹੀਂ ਕਰ ਸਕਿਆ। ਨਾਲੇ ਐਤਕੀ ਦਾ ਤਾਂ ਪਰਚਾ ਵੀ ਚਹੁੰ ਦੀ ਬਜਾਇ ਛਿਆਂ ਫ਼ਰਮਿਆਂ ਦਾ ਸੀ। ਫੇਰ ਵੀ ਮੈਂ ਠੀਕ ਵੇਲੇ ਸਿਰ ਕੰਮ ਮੁਕਾ ਦਿੱਤਾ ਸੀ।"

ਸਰਦਾਰ ਹੋਰੀ ਇਸ ਗੱਲ ਤੋਂ ਅਣਜਾਣ ਨਹੀਂ ਕਿ ਇਕ ਪੂਰੇ ਪਰਚੇ ਨੂੰ ਐਡਿਟ ਕਰਨਾ, ਪਰੂਫ਼ ਪੜ੍ਹਨਾ, ਡਿਸਪੈਚ ਕਰਨਾ ਤੇ ਫਿਰ ਉਸ ਸਬੰਧੀ ਹੋਰ ਕਈ ਛੋਟੇ ਮੋਟੇ ਕੰਮ ਨਿਭਾਉਣੇ, ਇਕੱਲੇਮਨੁੱਖ ਲਈ ਕਿੰਨੇ ਕੁ ਦਿਨਾਂ ਦਾ ਕੰਮ ਹੁੰਦਾ ਹੈ। ਇਸ ਤੋਂ ਵਾਧਾ ਇਹ ਕਿ ਉਨ੍ਹਾਂ ਦੇ ਘਰੋਗੀ ਕੰਮ ਵੀ ਬਹੁਤ ਸਾਰੇ ਮੋਹਨ ਨੂੰ ਕਰਨੇ ਪੈਂਦੇ ਸਨ, ਪਰ ਇਸ ਨੀਤੀ ਦੇ ਧਾਰਨੀ ਹਨ ਕਿ ਨੌਕਰਾਂ ਪਾਸੋਂ ਕੰਮ ਲੈਣਾ, ਤਿਲਾਂ ਪਾਸੋਂ ਤੇਲ ਲੈਣ ਦੇ ਬਰੋਬਰ ਹੈ। ਉਨ੍ਹਾਂ ਨੂੰ ਜਿੰਨਾ ਦਬਾਇਆ ਜਾਵੇ, ਓਨਾ ਹੀ ਕੰਮ ਬਹੁਤਾ ਦੇ ਸਕਦੇ ਹਨ। ਇਸ ਦੇ ਨਾਲ ਹੀ ਸਰਦਾਰ ਹੋਰਾਂ ਨੂੰ ਹੋਰ ਵੀ ਫ਼ਿਕਰ ਸੀ ਕਿ ਜੇ ਮੋਹਨ ਨੂੰ ਘੁਮੰਡ ਹੋ ਗਿਆ ਕਿ ਉਹ ਇਤਨਾ ਕਰਿੰਦਾ ਤੇ ਚੰਗਾ ਅਖ਼ਬਾਰ ਨਵੀਸ ਏ, ਤਾਂ ਫਿਰ ਉਸ ਦਾ ਇਥੇ ਟਿਕਣਾ ਔਖਾ ਹੋ ਜਾਵੇਗੀ। ਇਹੋ ਕਾਰਨ ਹੈ ਕਿ ਉਹ ਕਦੇ ਵੀ ਮੋਹਨ ਦੇ ਕੰਮ ਨੂੰ ਨਹੀਂ ਸਲਾਹੁੰਦੇ ਨਹੀਂ, ਸਗੋਂ ਸਦਾ ਝਾੜ ਝੰਬ ਤੋਂ ਹੀ ਕੰਮ ਲਿਆ ਕਰਦੇ ਹਨ। ਨਾਲ ਹੀ ਉਸ ਦੀਆਂ ਲਿਖੀਆਂ ਹੋਈਆਂ ਕਹਾਣੀਆਂ ਥੱਲੇ ਵੀ ਉਸ ਦਾ ਨਾਂ ਦੇਣਾ ਬੰਦ ਕਰ ਦਿੱਤਾ ਹੈ।

ਮੋਹਨ ਦਾ ਹਿਰਦਾ ਵੀ ਭਾਵੇਂ ਮਨੁੱਖ ਹਿਰਦਾ ਹੈ, ਉਹ ਇਸ ਅਪਮਾਨ ਭਰੇ ਜੀਵਨ ਨੂੰ ਮੌਤ ਨਾਲੋਂ ਵੱਧ ਸਮਝਦਾ ਹੈ, ਪਰ ਨਾਲ ਹੀ ਉਹ ਇਹ ਵੀ ਜਾਣਦਾ ਹੈ ਕਿ ਸ਼ੁੱਧ ਸੋਨਾ ਬਣਨ ਲਈ ਕੁਠਾਲੀਆਂ ਵਿਚ ਪੈ ਕੇ ਗਲਣਾ ਹੀ ਪੈਂਦਾ ਇਹੋ ਕਾਰਨ ਹੈ ਕਿ ਉਹ ਠੰਢੇ ਦਿਲ ਨਾਲ ਸਭ ਕੁਝ ਸਹਿੰਦਾ ਹੋਇਆ ਵੀ ਸਿਰ ਸੁੱਟ ਕੇ ਆਪਣੇ ਕੰਮ ਲੱਗਾ ਰਹਿੰਦਾ ਹੈ, ਇਸ ਮੌਕੇ ਨੂੰ ਉਹ ਗਨੀਮਤ ਸਮਢਦਾ ਹੈ

ਮੋਹਨ ਦਾ ਉੱਤਰ ਸੁਣ ਕੇ ਸਰਦਾਰ ਹੋਰੀਂ ਬੋਲੇ—"ਤੇਰਾ ਵੇਲੇ ਸਿਰ ਮਜ਼ਮੂਨ ਤਿਆਰ ਕਰਨਾ ਇਸ ਕੰਮ ਜੇ ਵੇਲੇ ਸਿਰ ਛਪ ਨਾ ਸਕਿਆ?"

"ਜੀ ਛਾਪਣਾ ਤੇ ਮਸ਼ੀਨ ਮੈਨ ਨੇ ਸੀ।"

ਸਰਦਾਰ ਹੋਰੀਂ ਕਾਹਲੀ ਨਾਲ ਬੋਲੇ—"ਪਰ ਛਪਵਾਣਾ ਤੇ ਤੇਰਾ ਕੰਮ ਸੀ।"

"ਪਰ ਜੀ ਓਹ ਕਲ੍ਹ ਸਾਰਾ ਦਿਨ ਪ੍ਰੈਸ ਵਿਚ ਵੜਿਆ ਈ ਨਹੀਂ, ਮੈਂ ਛਪਵਾਂਦਾ ਕਿਸ ਕੋਲੋਂ?"

"ਕਿਉਂ ਓਹਨੂੰ ਕੀ ਮੌਤ ਪੈ ਗਈ ਸੀ?"

"ਪੁੱਛ ਲਓ ਸੁ, ਅੱਜ ਤੇ ਆਇਆ ਬੈਠਾ ਏ, ਪਰ ਕੰਮ ਤੇ ਨਹੀਂ ਲੱਗਾ। ਨਾਲੇ ਕੰਪਾਜ਼ੀਟਰ ਵੀ ਕਲ੍ਹ ਦੇ ਵਿਟਰੇ ਹੋਏ ਨੇ।"

ਸਰਦਾਰ ਹੋਰੀਂ ਗੁੱਸੇ ਨਾਲ ਝੁੰਝਲਾ ਕੇ ਬੋਲੇ—"ਬੁਲਾ ਮਸ਼ੀਨ ਮੈਨ ਨੂੰ ਤੇ ਨਾਲੇ ਫ਼ੋਰਮੈਨ ਨੂੰ।"

ਦੁਹਾਂ ਨੂੰ ਸੱਦਿਆ ਗਿਆ। ਉਨ੍ਹਾਂ ਦੀ ਸਲਾਮ ਅਜੇ ਅੱਧੀ ਮੂੰਹ ਵਿਚ ਹੀ ਸੀ ਕਿ ਸਰਦਾਰ ਹੋਰੀ ਬੋਲੇ—ਕਿਉਂ ਬਈ, ਕੀ ਗੱਲ ਏ, ਕੰਮ ਕਿਉਂ ਨਹੀਂ ਕਰਦੇ ਤੁਸੀ?"

ਮਸ਼ੀਨ ਮੈਂ ਤਾਂ ਅੱਗੇ ਜਵਾਬ ਹੀ ਸੋਚ ਰਿਹਾ ਸੀ, ਪਰ ਫ਼ੋਰ ਮੈਨ ਜ਼ਰਾ ਵਧੇਰੇ ਮੂੰਹ-ਫੱਟ ਸੀ। ਪੈਂਦਾ ਹੀ ਬੋਲਿਆ—"ਸਰਦਾਰ ਜੀ! ਢਿੱਡੋਂ ਭੁੱਖਿਆਂ ਰਹਿ ਕੇ ਕਿੰਨਾ ਚਿਰ ਕੰਮ ਹੋ ਸਕਦਾ ਏ?"

ਉੱਤੋਂ ਮਸ਼ੀਨਮੈਨ ਨੇ ਭਰਤੀ ਕੀਤੀ—"ਜਨਾਬ, ਤਿੰਨ ਮਹੀਨੇ ਹੋ ਗਏ ਨੇ, ਤਨਖਾਹ ਦਾ ਇਕ ਪੈਸਾ ਨਹੀਂ ਮਿਲਿਆ—ਬਜ਼ਾਰ ਵਿਚੋਂ ਅਸੀਂ ਲੈਣ ਜੋਗੇ ਨਹੀਂ। ਦੱਸੋ ਕੰਮ ਕੀ ਕਰੀਏ, ਤੇ ਖਾਈਏ ਕੀ?"

ਸਰਦਾਰ ਹੋਰਾਂ ਦਾ ਗੁਸਾ ਹੌਲੀ ਹੌਲੀ ਨਰਮ ਹੋਣ ਲੱਗਾ। ਜ਼ਰਾ ਮਿੱਠੇ ਢੰਗ ਨਾਲ ਬੋਲੇ—“ਤਨਖਾਹ ਦਾ ਪ੍ਰਬੰਧ ਮੈਂ ਕਰ ਰਿਹਾ ਵਾਂ, ਦੋ ਚਾਰ ਦਿਨਾਂ ਵਿਚ ਤੁਹਾਡੀਆਂ ਪਿਛਲੀਆਂ ਸਭ ਤਨਖ਼ਾਹਾਂ ਮਿਲ ਜਾਣਗੀਆਂ। ਜਾਓ ਕੰਮ ਕਰੋ। ਪਰਚਾ ਕਲ੍ਹ ਤਕ ਜ਼ਰੂਰ ਤਿਆਰ ਹੋ ਜਾਵੇ। ਦੇਖਣਾ ਹੋਰ ਲੇਟ ਨਾ ਹੋਵੇ।

ਨਿਰਾਸ਼ ਦਿਲਾਂ ਵਿਚ ਕੁਝ ਰੌਂ ਜਿਹੀ ਰੁਮਕੀ ਤੇ ਦੋਵੇਂ ਸਲਾਮ ਕਰਕੇ ਕੰਮ ਤੇ ਜਾ ਲੱਗੇ।

ਮੋਹਨ ਨੂੰ ਸਰਦਾਰ ਹੋਰਾਂ ਨੇ ਸਾਹਮਣੀ ਕੁਰਸੀ ਤੇ ਬਿਠਾ ਲਿਆ ਤੇ ਕਹਿਣ ਲੱਗੇ—“ਲੈ ਅਗਲੇ ਪਰਚੇ ਲਈ ਜੋ ਜੋ ਮਜ਼ਮੂਨ ਲਿਖਣੇ ਈਂ ਉਨ੍ਹਾਂ ਨੂੰ ਨੋਟ ਕਰ ਲੈ, ਮੈਨੂੰ ਸ਼ਾਇਦ ਇਸ ਹਫਤੇ ਬਾਹਰ ਜਾਣਾ ਪਵੇ।”

ਮੋਹਨ ਕਲਮ ਦੁਆਤ ਤੇ ਕਾਪੀ ਫੜ ਕੇ ਬੈਠ ਗਿਆ ਤੇ ਸਰਦਾਰ ਹੋਰੀ ਆਪਣੀ ਕਾਪੀ ਤੋਂ ਵੇਖ ਵੇਖ ਕੇ ਲਿਖਾਉਣ ਲਗੇ—“ਹਾਂ, ਐਤਕੀ ਦੇ ਮੁੱਖ ਲੇਖ ਦਾ ਹੈਡਿੰਗ ਵੀ ਓਹੀ ਜ਼ਮੀਮੇ ਵਾਲਾ ਹੋਵੇ। ‘ਲਾਹੋਰ ਵਿਚ ਇਕ ਹੋਰ ਬੀਮਾ ਕੰਪਨੀ’ ਜਿਸ ਵਿਚ ਇਨ੍ਹਾਂ ਗੱਲਾਂ ਤੇ ਖਾਸ ਜ਼ੋਰ ਦਈਂ—‘ਕੰਪਨੀ ਦੇ ਮਾਲਕ ਸਭ ਬਦਮਾਸ਼, ਲੁਟੇਰੇ ਤੇ ਜਾਹਲਸਾਜ਼ ਨੇ। ਡਾਇਰੈਕਟਰ ਦਿਵਾਲੀਆਂ ਹੈ, ਮੈਨੇਜਿੰਗ ਏਜੰਟ ਵੀਹ ਹਜ਼ਾਰ ਦਾ ਕਰਜ਼ਾਈ ਹੈ, ਸਕੱਤ੍ਰ ਦਾ ਸਭ ਮਕਾਨ ਕੁਰਕ ਹੋਏ ਹੋਏ ਨੇ। ਪਬਲਿਕ ਨੂੰ ਇਨ੍ਹਾਂ ਧੋਖੇਬਾਜਾਂ ਤੋਂ ਬਚਣਾ ਚਾਹੀਦਾ ਏ। ਖੂਬ ਖਰੀਆਂ ਖਰੀਆਂ ਲਿਖੀਂ, ਸੁਣਿਆ?”

‘ਬਹੁਤ ਹੱਛਾ ਜੀ’ ਕਹਿ ਕੇ ਮੋਹਨ ਨੇ ਕਾਪੀ ਦਾ ਵਰਕਾ ਉਲਟਾਇਆ। ਸਰਦਾਰ ਹੋਰੀਂ ਫਿਰ ਬੋਲੇ—“ਮੁੱਖ ਲੇਖ ਹੋ ਗਿਆ? ਹੱਛਾ ਐਡੀਟੋਰੀਅਲ ਨੋਟ—ਲਾਹੌਰ ਨੌਜਵਾਨ ਸੁਧਰ ਸਭਾ ਦੀ ਬਣਤਰ ਇਸ ਸੁਰਖੀ ਹੇਠ ਖੂਬ ਚੰਗੀ ਤਰ੍ਹਾਂ ਖੋਲ੍ਹ ਕੇ ਲਿਖਣਾ, ‘ਕੋਮ ਦੇ ਪੁਰਾਣੇ ਤੇ ਨਿਸ਼ਕਾਮ ਸੇਵਕ ਸ੍ਰੀ ਮਾਨ ਸ: ਉਤਮ ਸਿੰਘ ਜੀ ਐਡੀਟਰ ‘ਨਿਧੜਕ’ ਇਸ ਦੇ ਕਰਤਾ ਧਰਤਾ ਹਨ’ ਅਗੇ ਦੂਸਰਾ ਨੋਟ—ਮੁਸਲਮਾਨਾਂ ਦੀਆਂ ਸਿੱਖ ਕੌਮ ਨਾਲ ਸ਼ਰਾਰਤਾਂ” ਇਸ ਸਿਰਲੇਖ ਥਲੇ ਲਿਖੋਂ—‘ਤਰੀਕ...ਨੂੰ ਇਕ ਮੁਸਲਮਾਨ ਨੇ ਵਡਿਆਂ ਵਾਲੀ ਗਲੀ ਅੱਗੇ ਇਕ ਸਿਖ ਨੂੰ ਗਾਲ੍ਹਾਂ ਕੱਢੀਆਂ। ਸਿਖਾਂ ਨੂੰ ਛੇਤੀ ਤੋਂ ਛੇਤੀ ਮੁਸਲਮਾਨਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ।’ ਹੋਰ ਲਿਖ—‘ਹਿੰਦੂਆਂ ਦੀ ਸਿਖਾਂ ਨਾਲ ਨਵੀਂ ਛੇੜਖਾਨੀ’ ਇਸ ਦੇ ਹੈਡਿੰਗ ਥਲੇ ਲਿਖੀਂ ‘ਪਿੰਡ ਅਛਰੇ ਦੇ ਇਕ ਅਛੂਤ ਨੂੰ, ਜਿਸ ਨੂੰ ਇਕ ਅਛੂਤ ਨੂੰ,. ਜਿਸ ਨੂੰ ਸਿੰਭ ਸਭਾ ਨੇ ਪਿਛੇ ਜਿਹੇ ਸ਼ੁੱਧ ਕੀਤਾ ਸੀ, ਹਿੰਦੂਆਂ ਨੇ ਚੁੱਕ ਕੇ ਪੱਤਤ ਕਰ ਦਿਤਾ। ਸਾਨੂੰ ਹਿੰਦੂ ਕੌਮ ਨਾਲੋਂ ਸਾਰੇ ਭਾਈਚਾਰਕ ਨਾਤੇ ਤੋੜ ਲੈਣੇ ਚਾਹੀਦੇ ਹਨ’। ਹਰ ਲਿਖ—‘ਕਿਰਤੀਆਂ ਨਾਲ ਸਰਮਾਏਦਾਰਾਂ ਦੀ ਧਕੇਸ਼ਾਹੀ ਇਕ ਸਿਰਲੇਖ ਥਲੇ ਲਿਖਣਾਮ ਸਾਡੇ ਦੇਸ਼ ਦੇ ਮਾਇਆਧਾਰੀ ਸ਼ਰਮਾਏਦਾਰ ਦਿਨ ਰਾਤ ਗਰੀਬ ਕਿਰਤੀਆਂ ਦਾ ਲਹੂ ਪੀ ਰਹੇ ਹਨ। ਅਖ਼ਬਾਰ ‘ਨਿਧੜਕ’ ਆਪਣੇ ਕਿਰਤੀਆਂ ਦਾ ਸੱਚਾ ਖ਼ੈਰਖਵਾਹ ਤੇ ਰਾਹਨੁਮਾ ਹੈ। ਹਰ ਇਕ ਕਿਰਤੀ ਨੂੰ ਇਸ ਦੇ ਖ਼ਰੀਦਾਰ ਬਣਨਾ ਚਾਹੀਦਾ ਹੈ।’ ਇਸ ਨੂੰ ਜ਼ਰਾ ਖੂਬ ਚਮਕਾ ਕੇ ਲਿਖੀਂ, ਸੁਣਿਆਂ ਈ?”

“ਬਹੁਤ ਹੱਛਾ ਜੀ!”

“ਬੀਮਾ ਕੰਪਨੀ ਵਾਲਾ ਜ਼ਮੀਮਾ ਛਪ ਚੁਕਾ ਹੈ ਨਾ?”

“ਹਾਂ ਜੀ ਪਰਸੋਂ ਛਪ ਗਿਆ ਸੀ।”

“ਹੱਛਾ ਹੋਰ ਲਿਖ...।”

ਅਜੇ ਕੰਮ ਅੱਧਵਾਟੇ ਹੀ ਸੀ ਕਿ ਬਾਹਰੋਂ ਇਕ ਹਿੰਦੂ ਜੰਟਲਮੈਨ ਅੰਦਰ ਆਉਂਦਾ ਦਿਸਿਆ।

ਸਰਦਾਰ ਹੋਰਾਂ ਝਟ ਪਟ ਆਪਣੀ ਕਾਪੀ ਉਲਟਾ ਦਿੱਤੀ, ਤੇ ਨਾਲ ਹੀ ਤਾੜਨਾ ਭਰੀ ਉਚੀ ਅਵਾਜ਼ ਵਿਚ ਮੋਹਨ ਨੂੰ ਕਹਿਣ ਲਗੇ—“ਇਹ ਜਿਤਨੇ ਮਜ਼ਮੂਨ ਮੈਂ ਲਿਖੇ ਨੇ, ਇਨ੍ਹਾਂ ਨੂੰ ਹੁਣੇ ਕੰਪੋਜ਼ ਕਰਨ ਲਈ ਦੇ ਦਿਓ। ਵੇਖਣਾ ਕੋਈ ਲੇਖ ਗ਼ਲਤ ਨਾਲ ਛਪ ਜਾਵੇ, ਫਾਈਨਲ ਪਰੂਫ ਮੈਨੂੰ ਵਿਖਾ ਲੈਣੇ, ਜਾਓ।”

“ਸਤ ਬਚਨ ਜੀ” ਕਹਿ ਕੇ ਮੋਹਨ ਬਾਹਰ ਨਿਕਲ ਗਿਆ।

ਆਉਣ ਵਾਲੇ ਜੰਟਲਮੈਨ ਵੱਲ ਸਰਦਾਰ ਹੋਰਾਂ ਉਠ ਕੇ ਬੜੇ ਜੋਸ਼ ਨਾਲ ਹੱਥ ਵਧਾਂਦਿਆਂ ਕਿਹਾ—“ਆਈਏ ਲਾਲਾ ਜਗਨ ਨਾਥ ਸਾਹਿਬ, ਅੱਜ ਤੇ ਬੜੀ ਕਿਰਪਾ ਕੀਤੀ ਜੇ। ਸੁਣਾਓ ਕਿਸ ਤਰ੍ਹਾਂ ਔਣਾ ਹੋਇਆ?”

ਕੁਰਸੀ ਤੇ ਬੈਠਦਾ ਹੋਇਆ ਉਹ ਸਜਣ ਬੋਲਿਆਂ—“ਸੁਣਾਉ ਹੋਰ ਸਭ ਸੁਖ ਅਨੰਦ ਹੈ। ਕਈਆਂ ਦਿਨਾਂ ਤੋਂ ਦਰਸ਼ਨ ਕਰਨ ਦੀ ਖਾਹਿਸ਼ ਸੀ, ਪਰ ਫੁਰਸਤ ਈ...”।

"ਹਛਾ ਦਸੋ ਜਲ ਪਾਣੀ ਮੰਗਾਵਾਂ?"

"ਸਭ ਕਿਰਪਾ, ਹੁਣੇ ਪੀ ਕੇ ਆਇਆ ਵਾਂ। ਸੁਣਾਓ ਅਖ਼ਬਾਰ ਦਾ ਕੀ ਹਾਲ ਹੈ? ਅੱਜ ਕਲ੍ਹ ਤੇ ਬੜੇ ਜ਼ੋਰਾਂ ਤੇ ਜਾ ਰਿਹਾ ਏ ਤੁਹਾਡਾ ਪਰਚਾ ਦਿਨਾਂ ਵਿਚ ਈ ਮਲੂੰਮ ਹੁੰਦਾ ਏ ਤੁਹਾਡੀ ਕਲਮ ਨੂੰ ਖੰਭ ਲਗ ਗਏ ਨੇ। ਉਸ ਦਿਨ ਤੁਹਾਡਾ ਭਾਈਚਾਰਕ ਸੁਧਾਰ ਵਾਲਾ ਆਰਟੀਕਲ ਪੜ੍ਹ ਕੇ ਤਾਂ ਇਹੋ ਦਿਲ ਕੀਤਾ ਕਿ ਤੁਹਾਡੇ ਹੱਥ ਚੁੰਮ ਲਵਾਂ। ਏਡੀ ਉੱਚ-ਖ਼ਿਆਲੀ? ਇਤਨਾ ਪਰ-ਦਰਦ ਲਹਿਜਾ?"

ਧੰਨਵਾਦ ਭਰੀ ਨਜ਼ਰ ਨਾਲ ਉਸ ਵੱਲ ਤੱਕ ਕੇ ਸਰਦਾਰ ਹੋਰੀ ਬੋਲੇ—"ਇਹ ਸਭ ਆਪ ਸਜਣਾਂ ਦੀ ਹੀ ਕਿਰਪਾ ਹੈ। ਅਗੇ ਜ਼ਰਾ ਵਕਤ ਘੱਟ ਮਿਲਦਾ ਸੀ, ਜਿਸ ਕਰਕੇ ਬਹੁਤ ਸਾਰਾ ਮੈਟਰ ਸਭ-ਐਡੀਟਰ ਨੂੰ ਹੀ ਲਿਖਣਾ ਪੈਂਦਾ ਸੀ। ਪਰ ਇਧਰ ਦੋਂਹ ਤਿੰਨਾਂ ਮਹੀਨਿਆਂ ਤੋਂ ਮੇਰਾ ਕੁਝ ਇਹੋ ਜਿਹਾ ਖ਼ਿਆਲ ਹੋ ਗਿਆ ਏ ਕਿ ਜਦ ਤੀਕ ਐਡੀਟੋਰੀਅਲ ਮੈਟਰ ਸਾਰਾ ਆਪਣੇ ਹੱਥਾਂ ਦਾ ਨਾ ਹੋਵੇ, ਤਦ ਤੀਕ ਪਰਚਾ ਸੁਆਦਲਾ ਨਹੀਂ ਬਣ ਸਕਦਾ।"

"ਹੱਦ ਕਰ ਦਿੱਤੀ ਜੇ ਸਰਦਾਰ ਜੀ, ਖ਼ਾਸ ਕਰ ਕੇ ਪਿਛਲੇਰੇ ਪਰਚੇਦਾ ਤੁਹਾਡਾ ਸ਼ਾਰਦਾ ਐਕਟ ਦੇ ਹੱਕ ਵਿਚ ਦਿੱਤਾ ਹੋਇਆ ਨੋਟ ਤਾਂ ਬਸ ਗ਼ਜ਼ਬ ਦਾ ਸੀ। ਅਜੋੜ ਵਿਆਹ ਦੀ ਤਸਵੀਰ ਤਾਂ ਉਸਾਂ ਸੱਚਮੁੱਚ ਰੁਆ ਦੇਣ ਵਾਲੀ ਖਿੱਚੀ ਸੀ।"

"ਇਹ ਤੇ ਰਾਇ ਸਾਹਿਬ ਸਭ ਕੁਝ ਆਪਣੇ ਆਪ ਹੀ ਲਿਖਿਆ ਜਾਂਦਾ ਏ, ਜੇ ਆਦਮੀ ਦੇ ਦਿਲ ਵਿਚ ਕੋਈ ਐਡੀਆ (ਆਈਡੀਆ) ਹੋਵੇ। ਓਦਨ ਟ੍ਰਿਬਿਊਨ ਵਿਚ ਪੜ੍ਹ ਕੇ ਮੇਰੀਆਂ ਤੇ ਭੁੱਬਾਂ ਨਿਕਲ ਗਈਆਂ ਕਿ ਯੂ. ਪੀ. ਵਿਚ ਇਕ ੧੪ ਵਰ੍ਹਿਆਂ ਦੀ ਲੜਕੀ ੬੦ ਸਾਲ ਦੇ ਬੁਢੇ ਨਾਲ ਵਿਆਹੀ ਗਈ। ਦਸੋ ਨਾ, ਇਸ ਸੂਰਤ ਸਾਡੀ ਨੈਸ਼ਨ (ਨੇਸ਼ਨ) ਕਿਸ ਤਰ੍ਹਾਂ ਤਰੱਕੀ ਕਰ ਸਕਦੀ ਏ। ਇਸੇ ਦੁੱਖ ਨੂੰ ਦੂਰ ਕਰਨ ਲਈ ਅਸਾਂ ਇਕ "ਨੌਜਵਾਨ ਸੁਧਾਰ ਸਭਾ" ਨਾਮ ਦੀ ਇਕ ਸੁਸੈਟੀ ਕੈਮ ਕੀਤੀ ਏ। ਇਸ ਪਰਚੇ ਵਿਚ ਮੈਂ ਉਸ ਬਾਬਤ ਇਕ ਬੜਾ ਮਹਾਰਕੇ ਦਾ ਨੋਟ ਲਿਖਿਆ ਏ। ਉਮੇਦ ਏ ਤੁਸੀ ਪੜ੍ਹ ਕੇ ਜ਼ਰੂਰ ਸਾਡੇ ਨਾਲ ਸਹਿਮਤ ਹੋਵੋਗੇ।

"ਕਿਉਂ ਨਹੀਂ, ਸਭ ਤੋਂ ਪਹਿਲਾਂ। ਸੱਚ ਸਰਦਾਰ ਜੀ, ਕਹਾਣੀਆਂ ਕਦੋਂ ਤੋਂ ਲਿਖਣੀਆਂ ਸ਼ੁਰੂ ਕੀਤੀਆਂ ਜੇ?"

"ਜੀ ਹਾਂ, ਕੁਝ ਮਾੜੀਆਂ ਮੋਟੀਆਂ।"

"ਕਮਾਲ ਹੈ, ਸਰਦਾਰ ਜੀ, ਤੁਸੀਂ ਤੇ ਬੰਗਾਲ ਦੇ ਬੰਕਿਮ ਚੰਦਰ ਨਾਲੋਂ ਵੀ ਵਧ ਗਏ ਓ ਹੱਛਾ, ਤੇ 'ਮੋਹਨ' ਕੌਣ ਏ? ਪਹਿਲਾਂ ਪਹਿਲ ਉਸ ਦੀਆਂ ਵੀ ਪੰਜ ਚਾਰ ਕਹਾਣੀਆਂ ਬੜੀਆਂ ਮਜ਼ੇਦਾਰ ਨਿਕਲੀਆਂ ਸਨ।"

"ਜੀ ਉਹ ਮੇਰਾ ਸ਼ਾਗਿਰਦ ਏ। ਕਹਾਣੀਆਂ ਅਸਲ ਵਿਚ ਉਹ ਵੀ ਮੇਰੀਆਂ ਈ ਹੁੰਦੀਆਂ ਸਨ, ਰਤਾ ਮੁੰਡੇ ਦਾ ਹੌਂਸਲਾ ਵਧਾਣਾ ਸੀ, ਏਸੇ ਕਰ ਕੇ ਕੁਝ ਕਹਾਣੀਆਂ ਥੱਲੇ ਉਸਦਾ ਨਾਂ ਦੇ ਦਿਤਾ ਸੀ।

ਸੱਚ ਸਰਦਾਰ ਜੀ! ਮੁਆਫ਼ ਕਰਨਾ, ਮੈਂ ਸੁਣਿਆ ਏ ਤੁਸਾਂ ਸਾਡੀ ਇਨਸ਼ੋਰੈਂਸ ਕੰਪਨੀ ਦੇ ਖ਼ਿਲਾਫ਼ ਜ਼ਮੀਮਾ ਛਾਪਿਆ ਹੈ। ਮੈਨੂੰ ਤੇ ਯਕੀਨ ਨਹੀਂ ਸੀ, ਪਰ...।"

"ਜੀ ਹਾਂ! ਮੁਆਫ਼ ਕਰਨਾ, ਮੈਨੂੰ ਮਜਬੂਰੀ ਲਿਖਣਾ ਪਿਆ। ਅਸਲ ਵਿਚ ਤੁਸੀਂ ਵੇਖ ਈ ਰਹੇ ਓ, ਇਨ੍ਹਾਂ ਦਿਨਾਂ ਵਿਚ ਕਈ ਕਰਜਾ ਕੰਪਨੀਆਂ ਤੇ ਬੀਮਾ ਕੰਪਨੀਆਂ ਫ਼ੇਲ੍ਹ ਹੋ ਚੁਕੀਆਂ ਨੇ। ਇਕ ਅਖ਼ਬਾਰ ਨਵੀਸ ਦਾ ਫ਼ਰਜ਼ ਏ ਉਹ ਪਬਲਿਕ ਦਾ ਰੁਪਏ ਦੀ ਰਾਖੀ ਕਰੇ।"

"ਠੀਕ ਏ! ਪਰ ਮੇਰਾ ਖ਼ਿਆਲ ਏ, ਸਾਡੀ ਬਾਬਤ ਤੁਸਾਂ ਜੋ ਕੁਝ ਲਿਖਿਆ ਏ, ਇਹ ਕਿਸੇ ਨੇ ਤੁਹਾਨੂੰ ਬਹੁਤ ਸਾਰੀ ਗ਼ਲਤ ਫ਼ਹਿਮੀ ਪਾਈ ਏ।"

ਜਕੋ ਤੱਕੀ ਕਰਦੇ ਹੋਏ ਸਰਦਾਰ ਹੋਰੀ ਬੋਲੇ—"ਪਰ ਪਰਚਾ ਤੇ ਅਜੇ ਓਟ (ਆਊਟ) ਵੀ ਨਹੀਂ ਹੋਇਆ, ਤੁਹਾਨੂੰ ਕਿਸ ਤਰ੍ਹਾਂ ਪਤਾ ਲਗ ਗਿਆ ਜ਼ਮੀਮੇ ਦਾ?"

ਜੇਬ ਵਿਚੋਂ ਇਕ ਪੂਰੇ ਫ਼ਰਮੇ ਦਾ ਛਾਪਿਆਂ ਹੋਇਆ ਕਾਗ਼ਜ਼ ਕਢ ਕੇ ਵਿਖਾਂਦਿਆਂ ਹੋਇਆਂ ਉਸ ਨੇ ਕਿਹਾ—"ਆਊਟ ਤੇ ਨਹੀਂ ਹੋਇਆ, ਪਰ ਸਾਡੇ ਪਾਸ ਦੇਖ ਲੌ ਪਹੁੰਚ ਗਿਆ।"

ਮੇਜ਼ ਤੋਂ ਇਕ ਪਿੰਸ ਫੜ ਕੇ ਮੇਜ਼ ਪੋਸ਼ ਵਿਚ ਅੜੁੰਗਦੇ ਹੋਏ ਸਰਦਾਰ ਹੋਰੀਂ ਮੂੰਹ ਨੀਵਾਂ ਕਰਕੇ ਬੋਲੇ—"ਰਾਏ ਸਾਹਿਬ! ਹਰ ਇਕ ਅਖ਼ਬਾਰ ਨਵੀਸ ਨੂੰ ਹੱਕ ਏ ਕਿ ਉਹ ਆਪਣੀ ਨਿਰਪੱਖ ਰਾਇ ਲਿਖੇ। ਹਾਂ ਜੇ ਤੁਸੀਂ ਇਸ ਨੂੰ ਗਲਤ ਸਮਝੋ ਓ ਤਾਂ; ਇਸ ਦੀ ਤਰਦੀਦ ਕਰ ਭੇਜਣੀ, ਮੈਂ ਉਸ ਉਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਾਂਗਾ।

ਉਹ ਮਿੰਨਤ ਭਰੇ ਲਹਿਜੇ ਵਿਚ ਬੋਲਿਆ—"ਸਰਦਾਰ ਜੀ, ਤੁਸੀਂ ਇਕ ਬਾ-ਰਸੂਖ ਅਖ਼ਬਾਰ ਨਵੀਸ ਹੋ। ਅਸਾਂ ਤਾਂ ਅਜੇ ਨਵਾਂ ਨਵਾਂ ਕੰਮ ਸ਼ੁਰੂ ਕੀਤਾ ਏ। ਤੁਹਾਡੇ ਇਸ ਤਰ੍ਹਾਂ ਕਰਨ ਨਾਲ ਸਾਡਾ ਪ੍ਰਾਪੇਗੰਡਾ ਫ਼ੇਹਲ ਹੋ ਜਾਵੇਗਾ।"

"ਤੁਹਾਡਾ ਪ੍ਰਾਪੇਗੰਡਾ ਕੀ ਫ਼ੇਹਲ ਹੋਣਾ ਏਂ। ਅਖ਼ਬਾਰਾਂ ਵਾਲੇ ਹਮੇਸ਼ਾ ਆਪਣੀ ਰੈ ਲਿਖਦੇ ਈ ਰਹਿੰਦੇ ਨੇ। ਨਾਲੇ ਤੁਸੀਂ ਜਾਣਦੇ ਓ, ਹੁਣ ਤੇ ਪਰਚਾ ਕਰੀਬਨ ਤਿਆਰ ਹੋਇਆ ਪਿਆ ਏ।"

"ਕੋਈ ਗੱਲ ਨਹੀਂ, ਜਿੰਨਾ ਤੁਹਾਡਾ ਹਰਜ ਹੋਵੇਗਾ, ਅਸੀਂ ਬਰਨ ਨੂੰ (ਸੌ ਰੁਪਏ ਦਾ ਨੋਟ ਮੇਜ਼ ਤੇ ਰਖਦਾ ਹੋਇਆ) ਤਿਆਰ ਆਂ, ਐ ਲਓ— ਹਾਂ ਸਚ, ਕਦੋਂ ਤਕ ਮੀਟਿੰਗ ਹੋਵੇਗੀ ਤੁਹਾਡੀ ਨੌਜਵਾਨ ਸੁਧਾਰ ਸਭਾ ਦੀ? ਮੈਨੂੰ ਇਨਵਾਈਟ ਕਰੋਗੇ ਤਾਂ ਮੈਂ ਬੜੇ ਸ਼ੌਕ ਨਾਲ ਹਾਜ਼ਰ ਹੋਵਾਂਗਾ।"

ਲੁਕਵੀਂ ਨਜ਼ਰ ਨਾਲੋ ਨੋਟ ਵਲ ਤੱਕ ਕੇ ਬੇ-ਪਰਵਾਹੀ ਦਾ ਭਾਵ ਦਸਦੇ ਹੋਏ ਸਰਦਾਰ ਹੋਰੀਂ ਬੋਲੇ—"ਇਸ ਦੀ ਕੀ ਲੋੜ ਸੀ ਰਾਇ ਸਾਹਿਬ! ਤੁਸੀਂ ਬੜੀ ਜ਼ਬਰਦਸਤੀ ਕਰਦੇ ਓ। ਹਾਂ ਮੀਟਿੰਗ ਏਸ ਐਤਵਾਰ ਨੂੰ ਜ਼ਰੂਰ ਹੋਵੇਗੀ, ਮੈਂ ਤੁਹਾਨੂੰ ਸੱਦਾ ਭੇਜਾਂਗਾ।"

"ਬਹੁਤ ਹੱਛਾ (ਉਠਦਾ ਹੋਇਆ) ਹੱਛਾ ਇਜਾਜ਼ਤ ਏ? ਨਮਸਤੇ।"

ਕੁਰਸੀ ਤੋਂ ਉਠ ਕੇ ਸਰਦਾਰ ਹੋਰੀਂ ਬੋਲੇ—"ਸਤਿ ਸ੍ਰੀ ਅਕਾਲ"।

ਉਸ ਦੇ ਨਿਕਲਣ ਦੀ ਹੀ ਦੇਰ ਸੀ, ਕਿ ਸਰਦਾਰ ਹੋਰਾਂ ਨੋਟ ਚੁਕ ਕੇ ਝੱਟ ਪੱਟ ਬੋਝੇ ਵਿਚ ਪਾ ਲਿਆ। ਉਨ੍ਹਾਂ ਨੂੰ ਡਰ ਸੀ ਕਿ ਮਤੇ ਪ੍ਰੈੱਸ ਦੇ ਪਰੇਤਾਂ ਦੀ ਇਸ ਨੂੰ ਨਜ਼ਰ ਨਾ ਲਗ ਜਾਵੇ। ਉਨ੍ਹਾਂ ਨੇ ਮੋਹਨ ਨੂੰ ਸਦਿਆ ਤੇ ਆਖਣ ਲੱਗੇ—"ਮੋਹਨ! ਮੁਖ ਲੇਖ ਜਿਹੜਾ ਮੈਂ ਤੈਨੂੰ ਕਿਹਾ ਸੀ ਉਹ ਨਹੀਂ ਲਿਖਣਾ।"

ਸਰਦਾਰ ਜੀ, ਉਹ ਤੇ ਮੈਂ ਅਧਿਓਂ ਬਹੁਤਾ ਲਿਖ ਵੀ ਲਿਆ ਏ।"

"ਹੱਛਾ ਉਸ ਨੂੰ ਰੱਦੀ ਕਰ ਦੇ। ਹੁਣ ਐਉਂ ਕਰ, ਇਕ ਤੇ ਉਹ ਜਿਹੜਾ ਜ਼ਮੀਮਾ ਛਪਿਆ ਪਿਆ ਏ ਬੀਮਾ ਕੰਪਨੀ ਬਾਬਤ, ਉਹ ਐਤਕੀਂ ਨਹੀਂ ਜਾਣਾ। ਉਸ ਨੂੰ ਸਾਂਭ ਕੇ ਕਿਤੇ ਰਖਾ ਦੇਹ। ਦੂਸਰਾ ਇਹ ਕਰੀਂ, ਕਿ ਐਤਕਾਂ ਵਾਲੇ ਮੁਖ ਲੇਖ ਦਾ ਹੈਡਿੰਗ ਭਾਵੇਂ ਓਹੀ ਰਹਿਣ ਦੇ, ਪਰ ਥਲਵਾਂ ਮਜ਼ਮੂਨ ਇਸ ਤਰ੍ਹਾਂ ਦਾ ਹੋਵੇ—"ਲਾਹੌਰ ਦੇ ਬਹੁਤ ਸਾਰੇ ਪਤਵੰਤਿਆਂ ਤੇ ਕੌਮੀ ਕਾਰਕੁਨਾਂ ਦੀ ਅਣਥੱਕ ਸੇਵਾ ਦਾ ਇਕ ਸ਼ਾਨਦਾਰ ਨਮੂਨਾ। ਇਹ ਬੀਮਾ ਕੰਪਨੀ ਬਵੇ ਭਾਰੇ ਸਰਮਾਏ ਨਾਲ ਚਲਾਈ ਗਈ ਹੈ। ਪ੍ਰਬੰਧਕ ਈਮਾਨਦਾਰ, ਦੇਸ਼ ਦਰਦੀ, ਰਜਵੇਂ ਸਰਮਾਏ ਵਾਲੇ, ਤੇ ਪੂਰੇ ਮਿਹਨਤੀ ਹਨ। ਅਸੀਂ ਇਸ ਕੰਪਨੀ ਦਾ ਤਨੋਂ ਮਨੋਂ ਸਵਾਗਤ ਕਰਦੇ ਹੋਏ ਦੇਸ਼ ਵਾਸੀਆਂ ਪਾਸ ਅਪੀਲ ਕਰਦੇ ਹਾਂ ਕਿ ਉਹ ਇਸ ਤੋਂ ਪੂਰਾ ਪੂਰਾ ਲਾਭ ਉਠਾਣ ਤੇ ਇਸ ਦੀ ਸਹਾਇਤਾ ਕਰਨ।"

ਬੰਦੂਕ ਆਪਣੀ ਗੋਲੀ ਨਾਲ ਇਕ ਵੇਲੇ ਇਕੋ ਸ਼ਿਕਾਰ ਕਰਦੀ ਹੈ, ਪਰ ਧੰਨ ਹੈ ਇਕ ਛਛੂੰਦਰ-ਮੂੰਹੀਂ-ਕਾਨੀ, ਜਿਹੜੀ ਆਪਣੇ ਇਕੋ ਟੋਬੇ ਨਾਲ ਦੂਹਰੇ ਦੂਹਰੇ ਸ਼ਿਕਾਰ ਕਰ ਸੁੱਟਦੀ ਹੈ।

ਸਰਦਾਰ ਹੁਰੀਂ ਕੁਰਸੀ ਤੋਂ ਉਠਣ ਹੀ ਲਗੇ ਸਨ ਕਿ ਹੱਥ ਜੋੜ ਕੇ ਮੋਹਨ ਨੇ ਕਿਹਾ—"ਸਰਦਾਰ ਜੀ, ਮੈਂ ਇਕ ਅਰਜ਼ ਕਰਨੀ ਸੀ।"

ਮੁੜ ਬੈਠਦੇ ਹੋਏ ਸਰਦਾਰ ਹੋਰੀ ਬੋਲੇ—"ਕੀ ਗੱਲ ਏ, ਝੱਟ ਪੱਟ ਦੱਸ। ਮੈਨੂੰ ਕਾਹਲੀ ਏ ਜਾਣ ਦੀ।"

ਮ੍ਹੋਹਨ ਨੇ ਘਰੋਂ ਆਈ ਹੋਈ ਚਿੱਠੀ ਸਰਦਾਰ ਹੋਰਾਂ ਦੇ ਅਗੇ ਰੱਖ ਦਿਤੀ ਤੇ ਨਾਲ ਹੀ ਅਧੀਨਗੀ ਨਾਲ ਆਪਣਾ ਮਨੋਰਥ ਪ੍ਰਗਟ ਕੀਤਾ।

ਜਿਸ ਸ਼ਿਕਾਰ ਨੂੰ ਉਹ ਅੱਗੇ ਹੀ ਫਸਾਣ ਦੇ ਆਹਰ ਵਿਚ ਸਨ, ਉਹ ਆਪਣੇ ਆਪ ਹੀ ਆ ਫਸਿਆ ਹੈ, ਇਹ ਵੇਖ ਕੇ ਸਰਦਾਰ ਹੋਰੀਂ ਦਿਲੋਂ ਤਾਂ ਖੁਸ਼ ਹੋਏ, ਪਰ ਉਤੋਂ ਉਤੋਂ ਨਾਹ ਨੁਕਰ ਕਰਨ ਲਗੇ। ਅੰਤ ਭਾਰੇ ਗੋਰੇ ਹੋ ਕੇ ਉਨ੍ਹਾਂ ਮੋਹਨ ਦੀ ਬੇਨਤੀ ਮੰਨ ਲਈ, ਤੇ ਅਸ਼ਟਾਮ ਦੁਆਰਾ ਕੁਝ ਸ਼ਰਤਾਂ ਲਿਖਾ ਕੇ ਉਸ ਨੂੰ ਦੋ ਸੌ ਰੁਪਿਆ ਕਰਜ਼ ਦੇਣਾ ਪ੍ਰਵਾਨ ਕਰ ਲਿਆ, ਨਾਲੇ ਇਕ ਹਫਤੇ ਦੀ ਛੁੱਟੀ ਵੀ।

ਬਾਹਰ ਜਾਂਦੇ ਹੋਏ ਉਹ ਚੋਰ ਅੱਖ ਨਾਲ ਵੇਖਦੇ ਜਾਂਦੇ ਸਨ ਕਿ ਕੰਪਾਜ਼ੀਟਰਾਂ ਦੇ ਹੱਥਾ ਵਿਚ ਸਟਿਕਾਂ ਫੜੀਆਂ ਹੋਈਆਂ ਨੇ ਕਿ ਨਹੀਂ ਪਰ ਕੰਪਾਜੀਟਰ ਵੀ ਉਸਤਾਦ ਸਨ, ਕੇਸਾਂ ਵਿਚੋਂ ਅਖਰ ਚੁਕਦਿਆਂ ਚੁਕਦਿਆਂ ਵੀ ਉਨ੍ਹਾਂ ਦੀ ਨਜ਼ਰ ਇਕ ਉਚੇ ਲੰਮੇ ਕੱਦ ਦੇ ਅੱਖਰ ਵੱਲ ਜਾ ਹੀ ਪਈ। ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਦੀ ਕਿਸਮਤ ਸੌ ਦਾ ਨੋਟ ਬਣ ਕੇ ਸਰਦਾਰ ਹੋਰਾਂ ਦੇ ਖੀਸੇ ਵਿਚ ਕੈਦ ਹੈ, ਤਾਂ ਉਹ ਚਿੱਤਰ ਗੁਪਤ ਬਣ ਕੇ ਉਸ ਨੂੰ ਕੱਢ ਲਿਆਉਂਦੇ।

੬

ਲਾਹੌਰ ਦੇ ਉੱਘੇ ਠੇਕੇਦਾਰ ਸ: ਤਰਲੋਕ ਸਿੰਘ ਹੋਰਾਂ ਦੀ ਵਜ੍ਹਾ ਕਤਾ ਵੇਖ ਕੇ ਕੋਈ ਇਹ ਅਨੁਮਾਨ ਨਹੀਂ ਲਾ ਸਕਦਾ ਕਿ ਵਸਮੇਂ ਨਾਲ ਗਲੇਫੇ ਹੋਏ ਇਸ ਬੱਗੇ ਦਾੜ੍ਹੇ ਹੇਠ ਵੀ ਹਿਰਸ ਦਾ ਅਣ-ਬੁਝਿਆ ਕੋਲਾ ਲੁਕਿਆ ਹੋਇਆ ਹੋਵੇਗਾ।

ਆਪ ਉਨ੍ਹਾਂ ਲੋਕਾਂ ਵਿਚੋਂ ਹਨ, ਜ਼ਿਨ੍ਹਾਂ ਉਤੇ ਲਛਮੀ ਸਦਾ ਤਰੁੱਠੀ ਰਹਿੰਦੀ ਹੈ, ਪਰ ਸਰਸ੍ਵਤੀ ਜਿਨ੍ਹਾਂ ਨਾਲ ਹਮੇਸ਼ਾਂ ਰੁਠੀ ਰਹਿੰਦੀ ਹੈ। ਸੰਤਾਨ ਤੋਂ ਬਿਨ੍ਹਾਂ ਆਪਨੂੰ ਸੰਸਾਰ ਦੇ ਹੋਰ ਸਾਰੇ ਹੀ ਸੁਖ ਪ੍ਰਾਪਤ ਹਨ। ਸ਼ਹਿਰ ਦੀ ਧਨਾਢ ਸ਼ਰੇਣੀ ਵਿਚ ਤਾਂ ਮੁੱਢ ਤੋਂ ਹੀ ਆਪਦਾ ਸਤਿਕਾਰ ਹੈ, ਪਰ ਕਈ ਇਕ ਧਾਰਮਿਕ ਸਭਾਵਾਂ ਦੀਆਂ ਪ੍ਰਧਾਨਗੀਆਂ ਨੇ ਆਪ ਦੀ ਵਡਿਆਈ ਨੂੰ ਹੋਰ ਵੀ ਚਾਰ ਚੰਨ ਲਾ ਰਖੇ ਹਨ।

ਉਮਰ ਆਪ ਦੀ ਭਾਵੇਂ ਅਜੇ ਪੌਣੀ ਸਦੀ ਤੋਂ ਵੀ ਦਸ ਕੁ ਵਰ੍ਹੇ ਘਟ ਹੈ, ਪਰ ਇਸ ਨੰਨ੍ਹੀ ਉਮਰ ਵਿਚ ਹੀ ਆਪ ਨੇ ਇਤਨਾ ਪੈਸਾ ਤੇ ਤਜਰਬਾ ਪ੍ਰਾਪਤ ਕੀਤਾ ਹੈ, ਜਿੰਨਾ ਸ਼ਾਇਦ ਹੋਰ ਕੋਈ ਤਿੰਨ ਸਦੀਆਂ ਵਿਚ ਵੀ ਨਾ ਕਮਾ ਸਕੇ।

ਆਪ ਦੇ ਚੇਹਰੇ ਦਾ ਰੰਗ ਭਾਵੇਂ ਕੁਝ ਕੁ ਸਾਂਵਲਾ ਹੈ, ਪਰ ਏਨਾ ਨਹੀਂ ਕਿ ਜਿਸ ਦੀ ਉਪਮਾ ਅਸੀਂ ਤਵੇ ਨਾਲ ਦੇ ਸਕੀਏ। ਚਿਹਰੇ ਦਾ ਮਾਸ ਕੁਝ ਢਿਲਕਿਆ ਹੋਇਆ ਹੈ, ਪਰ ਨਿਪਟ ਅਜਿਹਾ ਨਹੀਂ ਕਿ ਜਿਸ ਨੂੰ ਝੁਰੜੀਆਂ ਦਾ ਨਾਮ ਦਿਤਾ ਜਾਵੇ। ਉਨ੍ਹਾਂ ਦੀ ਸੱਜੀ ਅੱਖ ਰਤਾ ਦੱਬੀ ਹੋਈ ਹੈ, ਪਰ ਦਿਸਦਾ ਉਸ ਵਿਚੋਂ ਆਪ ਨੂੰ ਦੋਂਹ ਅੱਖਾਂ ਜਿੰਨਾ ਹੈ। ਨਾਲ ਹੀ ਉਸ ਦੀ ਛੁਟਿਆਈ ਦੀ ਕਸਰ ਖੱਬੀ ਅੱਖ ਨੇ ਪੂਰੀ ਕਰ ਦਿੱਤੀ ਹੋਈ ਹੈ, ਜੇਹੜੀ ਪੂਰੀ ਡੇਢ ਅੱਖ ਜਿੱਡੀ ਹੈ। ਨੱਕ ਦਾ ਵਿਚਕਾਰਲਾ ਹਿੱਸਾ ਜੇ ਕਦੇ ਬੈਠਾ ਹੋਇਆ ਨਾ ਹੁੰਦਾ, ਤਾਂ ਆਪ ਦੀ ਸੁੰਦਰਤਾ ਨੂੰ ਚਾਰ ਚੰਨ ਲਗ ਜਾਂਦੇ।

ਅੱਜ ਕਲ੍ਹ ਆਪ ਇਕ ਫਿਲਮ ਕੰਪਨੀ ਖੋਲ੍ਹਣ ਦੇ ਆਹਰ ਵਿਚ ਜੁਟੇ ਹੋਏ ਹਨ ਜਿਸ ਦੇ ਸਟੂਡੀਓ ਲਈ ਉਨ੍ਹਾਂ ਆਪਣੀ ਰਾਵੀ ਰੋਡ ਵਾਲੀ ਕੋਠੀ ਖਾਲੀ ਕਰਾ ਲਈ ਹੈ। ਕਈ ਮਹੀਨਿਆਂ ਤੋਂ ਉਨ੍ਹਾਂ ਨੂੰ ਸਿਰ ਖੁਰਕਣ ਦੀ ਵੇਹਲ ਨਹੀਂ ਲਗਦੀ, ਦਿਨ ਰਾਤ ਫਿਲਮਾਂ ਦੇ ਕੰਮ ਵਿਚ ਹੀ ਲਗੇ ਰਹਿੰਦੇ ਹਨ।

ਜਗਤ ਸਿੰਘ ਜਿਥੇ ਉਨ੍ਹਾਂ ਦਾ ਇਤਬਾਰੀ ਕਰਿੰਦਾ ਹੈ, ਉਥੇ ਉਨ੍ਹਾਂ ਦੇ ਸਾਰੇ ਗੁਪਤ ਪ੍ਰਗਟ ਭੇਤਾਂ ਤੋਂ ਵੀ ਜਾਣੂੰ ਹੈ। ਸਰਦਾਰ ਹੋਰਾਂ ਦੀ ਹਰ ਔਖੀ ਤੋਂ ਔਖੀ ਲੋੜ ਨੂੰ ਉਹ ਜਿਸ ਤਰ੍ਹਾਂ ਵੀ ਬਣ ਜਾਵੇ ਪੂਰੀ ਕਰਦਾ ਹੈ ਇਹੋ ਕਾਰਨ ਹੈ ਕਿ ਸਰਦਾਰ ਹੋਰੀਂ ਉਸ ਨੂੰ ਆਪਣੀ ਸੱਜੀ ਬਾਂਹ ਤੇ ਘਰ ਦਾ ਇਕ ਤਰ੍ਹਾਂ ਨਾਲ ਛੋਟਾ ਮਾਲਕ ਹੀ ਸਮਝਦੇ ਹਨ। ਇਸ ਤੋਂ ਛੁੱਟ ਜਗਤ ਸਿੰਘ ਸਾਕੀ ਦੇ ਕੰਮ ਵਿਚ ਵੀ ਅਦੁੱਤੀ ਹੈ, ਇਸੇ ਕਰ ਕੇ ਸਰਦਾਰ ਹੋਰਾਂ ਨੂੰ ਉਸ ਦੇ ਹੱਥੀਂ ਪਿਲਾਈ ਹੋਈ ਕੋੜੀ ਚੀਜ਼ ਵੀ ਸੰਦਲ ਦੇ ਸ਼ਰਬਤ ਵਰਗੀ ਲਗਦੀ ਸੀ।

ਜਗਤ ਸਿੰਘ ਦਾ ਕੱਦ ਮੱਧਰਾ, ਸਰੀਰ ਫੁਰਤੀਲਾ ਤੇ ਚੁਸਤ ਹੈ ਅੱਖਾਂ ਵਿਚੋਂ ਸ਼ਰਾਰਤ ਦੇ ਚਿੰਨ੍ਹ ਟਪਕਦੇ ਹਨ, ਪਰ ਜ਼ਬਾਨ ਡਾਢੀ ਮਿੱਠੀ ਹੈ। ਚੇਹਰੇ ਤੇ ਮੀਸਣਾਪਣ ਝਲਕਦਾ ਹੈ। ਤੁਰਨ ਲਗਾ ਕਦਮ ਬੜੇ ਤਿੱਖੇ ਪੁੱਟਦਾ ਹੈ।

ਸਦਾ ਦੇ ਨੇਮ ਅਨੁਸਾਰ ਅੱਜ ਵੀ ਸਰਦਾਰ ਹੋਰੀਂ ਸ਼ਾਮ ਦੀ ਸੈਰ ਤੋਂ ਬਾਅਦ ਜਗਤ ਸਿੰਘ ਸਣੇ ਕੋਠੀ ਦੇ ਹਾਲ ਕਮਰੇ ਵਿਚ ਸੱਜੇ ਹੋਏ ਸਨ। ਵਧੀਆ ਮੇਜ਼ ਦੇ ਦੁਆਲੇ ਸਪਰਿੰਗਦਾਰ ਕੁਰਸੀਆਂ ਸੱਜ ਰਹੀਆਂ ਹਨ। ਇਤਨਾ ਹੋਣ ਤੇ ਵੀ ਮੇਜ਼ ਦੀ ਸੁੰਦਰਤਾ ਅਧੂਰੀ ਰਹਿੰਦੀ, ਜੇ ਉਸ ਉਤੇ ਵਾਈਟ ਹਾਰਸ, ਬਲੈਕ ਬਰਡ ਤੇ ਜਾਨੀ ਵਾਕਰ ਆਦਿ ਰੂਹਾਨੀ ਪਰੀਆਂ ਦਾ ਜਮਘਟਾ ਨਾ ਹੁੰਦਾ।

ਦੁਹਾਂ ਗਲਾਸਾਂ ਨੂੰ ਨਵੇਂ ਸਿਰੇ ਭਰਦਾ ਹੋਇਆ ਜਗਤ ਸਿੰਘ ਬੋਲਿਆ— "ਕੀ ਗੱਲ ਏ ਸਰਦਾਰ ਜੀ, ਅੱਜ ਕੁਝ ਢਿੱਲੇ ਜਿਹੇ ਜਾਪਦੇ ਓ।"

ਖਾਲੀ ਗਲਾਸ ਮੂੰਹ ਨਾਲੋਂ ਹਟਾ ਕੇ ਤੇ ਰੁਮਾਲ ਨਾਲ ਮੁੱਛਾਂ ਪੂੰਝਦੇ ਹੋਏ ਸਰਦਾਰ ਹੋਰੀਂ ਕੈਂਹ ਦੀ ਟੁੱਟੀ ਥਾਲੀ ਵਰਗੀ ਅਵਾਜ਼ ਵਿਚ ਬੋਲੇ—"ਜਗਤ ਸਿੰਘਾ, ਐਵੇਂ ਅਜ ਸਰੀਰ ਰਤਾ ਸੁਸਤ ਜਿਹਾ ਏ।"

ਹੋਰ ਕੋਈ ਗੱਲ ਪੁੱਛਣ ਤੋਂ ਪਹਿਲਾਂ ਜਗਤ ਸਿੰਘ ਨੇ ਆਪਣੇ ਮਾਲਕ ਦੀ ਤਬੀਅਤ ਸਵਾਰਨੀ ਚਾਹੀ। ਗਲਾਸ ਤੇ ਗਲਾਸ ਚੜ੍ਹਨ ਲੱਗਾ।

ਸਰਦਾਰ ਹੋਰਾਂ ਦੀ ਤਬੀਅਤ ਸੁਧਰਨ ਲਗੀ ਤੇ ਇਸੇ ਮਸਤੀ ਵਿਚ ਬਾਹਰਲੀਆਂ ਗੱਲਾਂ ਦੇ ਥਾਂ ਹੁਣ ਅੰਦਰਲੀਆਂ ਤੇ ਆ ਗਏ। ਬਿਲੌਰੀ ਪੁਤਲੀ ਦਾ ਰੰਗ ਬੱਝ ਚੁੱਕਾ ਸੀ।

ਸਰਦਾਰ ਹੋਰਾਂ ਦਾ ਖ਼ਿਆਲ ਕਿਸੇ ਹੋਰ ਪਾਸੇ ਚਲਾ ਗਿਆ ਤੇ ਰੋਕਦਿਆਂ ਰੋਕਦਿਆਂ ਵੀ ਉਨ੍ਹਾਂ ਦਾ ਹਉਕਾ ਨਿਕਲ ਗਿਆ।

ਜਗਤ ਸਿੰਘ—ਜਿਹੜਾ ਪਹਿਲਾਂ ਤੋਂ ਹੀ ਇਸ ਮੌਕੇ ਦੀ ਤਾੜ ਵਿਚ ਸੀ, ਝਟ ਬੋਲ ਉਠਿਆ—"ਹੈਂ, ਦੁਸ਼ਮਨਾਂ ਦੀ ਤਬੀਅਤ ਅੱਜ ਕਿਉਂ ਇਸ ਤਰ੍ਹਾਂ ਦੀ ਹੁੰਦੀ ਜਾਂਦੀ ਏ?"

ਉਤਲੇ ਧੜ ਨੂੰ ਹੌਲੀ ਹੌਲੀ ਹੁਲਾਰੇ ਦੇਂਦਿਆਂ ਹੋਇਆ ਸਰਦਾਰ ਹੋਰੀਂ ਟੁਟਵੇਂ ਸ਼ਬਦਾਂ ਵਿਚ ਬੋਲੇ—"ਜਗਤ ਸਿੰਘ! ਤੈਥੋਂ ਕੀ ਗੁੱਝਾ ਏ। ਜ਼ਿਦਗੀ ਬੇ-ਸੁਆਦ ਕਰ ਗਈ ਏ।"

ਉਸ ਦੇ ਖਾਲੀ ਗਲਾਸ ਨੂੰ ਫੇਰ ਭਰਦਾ ਹੋਇਆ ਜਗਤ ਸਿੰਘ ਬੋਲਿਆ—"ਕਿਸ ਦੀ ਗੱਲ ਕਰਦੇ ਓ, ਗਲਜ਼ਾਰ ਦੀ?"

"ਉਸੇ ਦੀ ਕਿ, ਜਿਸ ਨੇ ਕੋਠੇ ਚਾੜ੍ਹ ਕੇ ਪੌੜੀ ਖਿੱਚ ਲਈ ਏ। ਮੈਨੂੰ ਕੀ ਪਤਾ ਸੀ ਜੁ ਉਸ ਨੇ ਇਸ ਤਰ੍ਹਾਂ ਧੋਖਾ ਦੇਣਾ ਏ। ਉਸੇ ਖ਼ਾਤਰ ਤਾਂ ਇਹ ਫ਼ਿਲਮ ਕੰਪਨੀ ਦਾ ਪੁਆੜਾ ਖੜਾ ਕੀਤਾ ਸੀ।"

"ਸਰਦਾਰ ਜੀ! ਉਸ ਦਾ ਵੀ ਕੀ ਕਸੂਰ! ਰੱਬ ਬੇੜਾ ਗਰਕ ਕਰੇ ਇਨ੍ਹਾਂ ਪ੍ਰੋਡਿਊਸਰਾਂ ਦਾ, ਏਹ ਲੋਕ ਚੰਗਾ ਮਾਲ ਤੇ ਰਹਿਣ ਹੀ ਨਹੀਂ ਦੇਂਦੇ ਕਿਤੇ।"

"ਪਰ ਜਗਤ ਸਿੰਘ, ਇਥੇ ਉਸ ਸਹੁਰੀ ਨੂੰ ਕਿਸ ਗੱਲ ਦੀ ਪਰਵਾਹ ਸੀ, ਜੋ ਮੂੰਹੋਂ ਕੱਢਦੀ ਸੀ, ਹਾਜ਼ਰ ਹੋ ਜਾਂਦਾ ਸੀ।"

ਜਗਤ ਸਿੰਘ ਜ਼ਰਾ ਰੋਹਬ ਵਿਚ ਬੋਲਿਆ—"ਤੁਸੀਂ ਵੀ ਤੇ ਸਰਦਾਰ ਜੀ, ਹਰ ਕੰਮ ਵਿਚ ਕਾਹਲੀ ਕਰਦੇ ਓ। ਚੰਗਾ ਭਲਾ ਤੁਹਾਨੂੰ ਕਿਹਾ ਸੀ, ਪਈ ਉਹਦੀ ਗੱਲ ਮੰਨ ਲਓ। ਮਦਨ ਵਾਲਿਆਂ ਨੇ ਜੁ ਉਸ ਨੂੰ ਸਤ ਸੌ ਰੁਪਿਆ ਮਹੀਨਾ ਦੇਣ ਲਈ ਲਿਖਿਆ ਸੀ, ਤੁਸੀਂ ਸੌ ਵੱਧ ਦੇ ਦੇਂਦੇ ਤਾਂ ਕਿਧਰ ਦੀ ਗਰਕੀ ਆਣ ਲੱਗੀ ਸੀ। ਸ਼ੂਟਿੰਗ ਤੇ ਤੁਸਾਂ ਅਗਲੇ ਮਹੀਨੇ ਤੋਂ ਸ਼ੁਰੂ ਕਰ ਈ ਦੇਣੀ ਸੀ। ਪਰ ਤੁਸਾਂ ਓਦੋਂ ਝੱਟ ਆਖ ਦਿਤਾ, ਜਾਂਦੀ ਏ ਤੇ ਜਾਏ ਪਈ।"

ਆਪਣੀ ਭੁੱਲ ਨੂੰ ਅਨੁਭਵ ਕਰ ਕੇ, ਸਰਦਾਰ ਹੋਰੀਂ ਆਖਣ ਲਗੇ—"ਪਰ ਜਗਤ ਸਿੰਘਾ, ਉਸ ਸਹੁਰੀ ਨੂੰ ਸ਼ਰਮ ਨਾ ਆਈ ਇਸ ਤਰ੍ਹਾਂ ਤੋੜ ਵਿਛੋੜਾ ਕਰਦਿਆਂ? ਐਨੇ ਵਰ੍ਹਿਆਂ ਦੀ ਮਹੁੱਬਤ ਦਾ ਉਸ ਨੇ ਕੁਝ ਵੀ ਖ਼ਿਆਲ ਨਾ ਕੀਤਾ? ਓਸ ਪਿਛੇ ਸਾਰੇ ਜਹਾਨ ਦੀਆਂ ਬਦਨਾਮੀਆਂ ਝੱਲੀਆਂ, ਛੱਜੀ ਬੁਕੀਂ ਰੁਪਿਆ ਵੀ ਫੂਕਿਆ। ਫੇਰ ਵੀ ਉਸ ਦੀ ਤਲੀ ਨਾ ਲੱਗੀ। ਉਂਜ ਤੇ ਸੁਹਰੀ ਏਡੀਆਂ ਡੀਗਾਂ ਮਾਰਦੀ ਸੀ ਅਖੇ ਮੈਂ ਤੁਹਾਡੀ ਸਾਰੀ ਉਮਰ ਲਈ ਗੁਲਾਮ ਆਂ, ਮੈਂ ਜ਼ਿੰਗਦੀ ਵਿਚ ਜੇ ਕਿਸੇ ਨੂੰ ਦਿਲੋਂ ਪਿਆਰ ਕੀਤਾ ਏ ਤਾਂ ਸਿਰਫ ਤੁਹਾਨੂੰ। ਛੇਕੜ ਦੀ ਬਾਕੀ ਮੇਰੇ ਜ਼ਰਾ ਜਿੰਨੇ ਗੁੱਸੇ ਹੁੰਦਿਆਂ ਈ ਉਡ ਪੁਡ ਗਈ।"

"ਪਰ ਅਜੇ ਸਰਦਾਰ ਜੀ, ਡੁਲ੍ਹੇ ਬੇਰਾਂ ਦਾ ਕੀ ਵਿਗੜਿਆ ਏ। ਕਹੋ ਤਾਂ ਅੱਜ ਸ਼ਾਮ ਦੀ ਗੱਡੀ ਚੜ੍ਹ ਜਾਨਾ ਵਾਂ। ਕਲਕੱਤਾ ਕਿਹੜਾ ਦੂਰ ਏ। ਅੱਜ ਤੋਂ ਚੌਥੇ ਦਿਨ ਜੇ ਲਿਆ ਕੇ ਤੁਹਾਡੇ ਪੈਰਾਂ ਵਿਚ ਖੜੀ ਨਾ ਕਰ ਦਿਆਂ ਤਾਂ ਨਾਂ ਵਟਾ ਛੱਡਣਾ। ਨਾਲੇ ਹੁਣ ਬਦਨਾਮੀ ਦਾ ਵੀ ਕੋਈ ਡਰ ਨਹੀਂ। ਇਕ ਛੱਡ ਕੇ ਭਾਵੇਂ ਦਸ ਪਏ ਰੱਖੋ। ਫਿਲਮ ਐਕਟਰੈਸ ਉਤੇ ਤਾਂ ਕੋਈ ਸ਼ੱਕ ਕਰ ਈ ਨਹੀਂ ਸਕਦਾ।"

"ਸਲਾਹ ਤੇ ਜਗਤ ਸਿੰਘਾ ਤੇਰੀ ਚੰਗੀ ਏ, ਪਰ……" ਗੱਲ ਅਜੇ ਉਨ੍ਹਾਂ ਦੇ ਮੂੰਹ ਵਿਚ ਹੀ ਸੀ ਕਿ ਘਰ ਦਾ ਰਸੋਈਆ ਅੰਦਰ ਆਉਂਦਾ ਦਿਸਿਆ, ਜੋ ਡਾਢਾ ਘਬਰਾਇਆ ਹੋਇਆ ਸੀ। ਉਸ ਨੇ ਦੱਸਿਆ ਕਿ ਸਰਦਾਰਨੀ ਹੋਰਾਂ ਦੀ ਤਬੀਅਤ ਜ਼ਿਆਦਾ ਖਰਾਬ ਹੋ ਗਈ ਹੈ ਤੇ ਉਹ ਸਰਦਾਰ ਹੋਰਾਂ ਨੂੰ ਸੱਦਦੇ ਨੇ।

ਨੌਕਰ ਦਾ ਸੁਨੇਹਾ ਸੁਣਦਿਆਂ ਹੀ ਸਰਦਾਰ ਹੋਰਾਂ ਦਾ ਨਸ਼ਾ ਰੁਪਈਏ' ਚੋਂ ਛੀ ਆਨੇ ਰਹਿ ਗਿਆ। ਸਰੂਰ ਆਉਣ ਕਰ ਕੇ ਇਕ ਉਦਾਸੀ ਰਤਾ ਦੂਰ ਹੋਈ ਸੀ ਕਿ ਉਤੋਂ ਇਕ ਹੋਰ ਚਿੰਤਾ ਨੇ ਆ ਘੇਰਿਆ। ਸ਼ਹਿਰ ਵਾਲੇ ਮਕਾਨ ਵਿਚ ਜਾਣਾ ਉਨ੍ਹਾਂ ਲਈ ਏਨਾ ਹੀ ਔਖਾ ਸੀ, ਜਿੰਨਾ ਗੁਰਦੁਆਰੇ ਜਾਣਾ।

ਉਨ੍ਹਾਂ ਘੂਰੀ ਵੱਟ ਕੇ ਨੌਕਰ ਵੱਲ ਤੱਕਿਆ ਤੇ ਛਿਥੇ ਹੋ ਕੇ ਬੋਲੇ—"ਚੱਲ ਚੱਲ, ਜਾਹ ਘਰ ਨੂੰ ਤੂੰ। ਮੈਂ ਔਨਾ ਵਾਂ ਹੁਣੇ। ਕੀ ਹੋ ਗਿਆ ਏ ਓਹਨੂੰ? ਅਜੇ ਪਰਸੋਂ ਤੇ ਮੈਂ ਉਹਨੂੰ ਚੰਗੀ ਭਲੀ ਵੇਖਿਆ ਸੀ। ਦਵਾਈ ਵੀ ਆਪੇ ਉਠ ਕੇ ਪੀ ਲਈ ਸਾ ਸੂ। ਹੁਣ ਫੇਰ ਕੀ ਸੂਲ ਵੜ ਗਿਆ ਸੂ?"

ਨੌਕਰ ਨੇ ਡਰਦਿਆਂ ਡਰਦਿਆਂ ਕਿਹਾ—"ਜੀ ਫੇਰ ਗਸ਼ਾਂ ਆਉਣ ਲੱਗ ਪਈਆਂ ਨੇ, ਡਾਕਟਰ ਵੀ ਕਹਿ ਗਿਆ ਸੀ...।"

"ਕੀ ਕਹਿ ਗਿਆ ਸੀ ਡਾਕਟਰ?"

"ਜੀ ਕਹਿੰਦਾ ਸੀ—ਕਹਿੰਦਾ ਸੀ, ਅਜ ਧਿਆਨ ਰੱਖਣਾ।"

"ਹੱਛਾ ਚਲ ਤੂੰ ਨੱਠ ਜਾ—ਮੈਂ ਔਨਾ ਹੁਣੇ।"

"ਜੀ ਉਹ ਕਹਿੰਦੇ ਸੀ......"

ਕਹਿੰਦੇ ਸੀ ਦਿਆ ਬੱਚਿਆ, ਤੈਨੂੰ ਜੁ ਕਿਹਾ ਏ ਦਫ਼ਾ ਹੋ। ਮੁਫ਼ਤ ਦੀ ਬਕ ਬਕ ਕਰਨ ਡਿਹਾ ਹੋਇਆਂ ਏਂ।"

ਨੌਕਰ ਦੁਬਕ ਕੇ ਬਾਹਰ ਨਿਕਲ ਗਿਆ। ਸਰਦਾਰ ਹੋਰੀਂ ਜਗਤ ਸਿੰਘ ਵੱਲ ਮੂੰਹ ਭੂੰਆਂ ਕੇ ਬੋਲੇ—"ਜਾਨ ਖਾ ਲਈ ਏ ਸੁਹਰੀ ਨੇ। ਨਾ ਮਰਦੀ ਏ ਨਾ ਮੰਜਾ ਛੱਡਦੀ ਏਂ।"

ਸਰਦਾਰ ਹੋਰਾਂ ਦੀ ਇਸ ਨਵੀਂ ਚਿੰਤਾ ਨੂੰ ਦੂਰ ਕਰਨ ਲਈ ਇਕ ਨਵੀਂ ਅਧਵਾੜ ਵੱਲ ਹੱਥ ਵਧਾਂਦਿਆਂ ਹੋਇਆਂ ਜਗਤ ਸਿੰਘ ਨੇ ਪੁੱਛਿਆ—"ਹਾਂ ਸੱਚ, ਮੈਨੂੰ ਤੇ ਗੱਲਾਂ ਵਿਚ ਚੇਤਾ ਈ ਭੁੱਲ ਗਿਆ। ਕੀ ਖ਼ਬਰ ਏ ਸਰਦਾਰਨੀ ਹੋਰਾਂ ਦੀ? ਕਲ੍ਹ ਜਾ ਈ ਨਹੀਂ ਸਾਂ ਸਕਿਆ?"

"ਖ਼ਬਰ ਸੁਆਹ ਹੋਣੀ ਏਂ? ਜਦੋਂ ਵੇਖੋ ਮੰਜੇ ਨਾਲ ਮੰਜਾ ਹੋਈ ਰਹਿੰਦੀ ਏ।"

"ਪਰ ਡਾਕਟਰ ਕੀ ਕਹਿੰਦਾ ਸੀ ਜਿਹੜਾ ਪਰਸੋਂ ਨਵਾਂ ਬਦਲਿਆ ਸਾ ਜੇ?"

"ਡਾਕਟਰ ਨੇ ਜਗਤ ਸਿੰਘਾ ਕੀ ਕਹਿਣਾ ਹੋਇਆ। ਇਸ ਦੀ ਬਿਮਾਰੀ ਦੀ ਸਮਝ ਈ ਨਹੀਂ ਆਉਂਦੀ। ਬੱਸ, ਦਿਲ ਦੀ ਬਿਮਾਰੀ, ਦਿਲ ਦੀ ਬਿਮਾਰੀ ਕੂਕਦੇ ਰਹਿੰਦੇ ਨੇ ਸਾਰੇ। ਰੱਬ ਜਾਣੇ ਉਹ ਕੀ ਬਲਾ ਹੁੰਦੀ ਏ।"

"ਕੀ ਕਹਿੰਦਾ ਸੀ ਡਾਕਟਰ ਕਿੰਨੇ ਕੁ ਦਿਨਾਂ ਤਕ ਅਰਾਮ ਆ ਜਾਵੇਗਾ?"

"ਅਰਾਮ ਜਗਤ ਸਿਆਂ, ਅੱਗੇ ਡੂਢ ਵਰ੍ਹੇ ਵਿਚ ਨਾ ਆਇਆ ਤੇ ਹੁਣ ਕਿਥੋਂ ਆਉਣਾ ਏਂ। ਹੁਣ ਤੇ ਮੌਤ ਈ ਹੈ, ਜਿਹੜੀ ਇਸ ਜੂਠ ਨੂੰ ਮੇਰੇ ਗਲੋਂ ਲਾਹੇ।"

ਹਮਦਰਦੀ ਭਰੀ ਇਕ ਨਜ਼ਰ ਤੱਕ ਕੇ ਜਗਤ ਸਿੰਘ ਬੋਲਿਆ—"ਫੇਰ ਹੁਣ ਕੀ ਕੀਤਾ ਜਾਏ ਸਰਦਾਰ ਜੀ?"

"ਕਰਨਾ ਕੀ ਹੋਇਆ, ਕਰਮਾਂ ਨੂੰ ਰੋਣ ਤੋਂ ਬਿਨਾਂ ਹੋਰ ਕੀ ਕਰਨਾ ਏਂ।"

"ਤਾਂ ਫੇਰ ਸਰਦਾਰ ਜੀ, ਤੁਸੀਂ ਹੁਣ ਜਾਉ ਘਰ—ਮੈਂ ਵੀ ਰਤਾ ਇਕ ਦੋਂਹ ਦੁਕਾਨਦਾਰਾਂ ਪਾਸੋਂ ਕਿਰਾਇਆ ਲੈਣ ਜਾਣਾ ਏ।"

"ਮੇਰੇ ਗਿਆਂ ਕਿਤੇ ਉਹਨੇ ਰਾਜ਼ੀ ਹੋ ਜਾਣਾ ਏ। ਮੇਰਾ ਤੇ ਜਗਤ ਸਿਆਂ ਵੱਢਿਆ ਰੂਹ ਨਹੀਂ ਕਰਦਾ ਉਹਦੇ ਸਾਹਮਣੇ ਜਾਣ ਨੂੰ।"

"ਠੀਕ ਏ ਸਰਦਾਰ ਜੀ, ਆਦਮੀ ਅੱਕ ਜਾਂਦਾ ਏ ਦਿਨੇ ਰਾਤ ਦੀ ਬਿਮਾਰੀ ਤੋਂ, ਫਿਰ ਇਥੇ ਤੇ ਵਰ੍ਹਿਆਂ ਤੋਂ ਇਹੋ ਹਾਲ ਏ, ਕੋਈ ਕਿੰਨਾ ਕੁ ਜੇਰਾ ਕਰੇ।"

ਸ਼ਰਾਬ ਦੀ ਨਵੀਂ ਭਰਤੀ ਨੇ ਇਕ ਵਾਰੀ ਫਿਰ ਸਰਦਾਰ ਹੋਰਾਂ ਦੇ ਜਾ ਰਹੇ ਸੁਆਦ ਨੂੰ ਕਾਇਮ ਕਰ ਦਿੱਤਾ। ਕੁਝ ਚਿਰ ਚੁਪ ਰਹਿਣ ਤੋਂ ਬਾਅਦ ਉਹ ਮਸਤੀ ਭਰੀ ਨਜ਼ਰ ਨਾਲ ਜਗਤ ਸਿੰਘ ਵਲ ਤੱਕ ਕੇ ਬੋਲੇ—"ਜਗਤ ਸਿਆਂ।"

ਅਧਵਾੜ ਵਿਚੋਂ ਛੇਕੜਲੇ ਕੁਝ ਘੁੱਟ ਗਲਾਸ ਵਿਚ ਚੁਆਂਦਾ ਹੋਇਆ ਜਗਤ ਸਿੰਘ ਬੋਲਿਆ—"ਹੁਕਮ ਸਰਦਾਰ ਜੀ।"

"ਪਤਾ ਈ ਮੈਂ ਤੈਨੂੰ ਕੀ ਸਮਝਨਾ ਵਾਂ।"

"ਆਪਣਾ ਗੁਲਾਮ—ਨੌਕਰਾਂ ਦਾ ਵੀ ਨੌਕਰ।"

"ਨਹੀਂ ਜਗਤ ਸਿਆਂ, ਮੈਂ ਤੈਨੂੰ ਸਕੇ ਭਰਾਵਾਂ ਨਾਲੋਂ ਵਧੀਕ ਸਮਝਨਾ ਵਾਂ।"

"ਇਹ ਮੇਰੀ ਖੁਸ਼ਕਿਸਮਤੀ ਤੇ ਤੁਹਾਡੀ ਗ਼ਰੀਬ ਨਿਵਾਜ਼ੀ ਏ।"

"ਤੇਰੇ ਪਾਸੋਂ ਜਗਤ ਸਿਆਂ, ਮੈਂ ਕਦੇ ਕੋਈ ਗੱਲ ਨਹੀਂ ਲੁਕਾਈ। ਮੈਂ ਡਾਢਾ ਦੁਖੀ ਆਂ ਐਸ ਵੇਲੇ। ਘਰ ਵਿਚ ਮੇਰੇ ਸੁੱਖ ਦਾ ਕੋਈ ਵੀ ਸਮਿਆਨ ਨਹੀਂ। ਜੇ ਹੁੰਦਾ ਤਾਂ ਮੈਂ ਕਿਉਂ ਇਸ ਤਰ੍ਹਾਂ ਲੋਕਾਂ ਦੀਆਂ ਨਜ਼ਰਾਂ ਵਿਚ ਬਦੂ ਬਣਦਾ। ਕਿਉਂ ਬਜ਼ਾਰੀ..."

"ਤੁਹਾਡਾ ਕਹਿਣਾ ਸੱਚ ਏ ਸਰਦਾਰ ਜੀ। ਇਕ ਏਡੇ ਵੱਡੇ ਅਮੀਰ ਨੂੰ ਜੇ ਗ੍ਰਿਸਤ ਦਾ ਸੁਖ ਵੀ ਨਾ ਹੋਇਆ, ਤਾਂ ਕੀ ਹੋਇਆ। ਪਰ ਸਰਦਾਰ ਜੀ, ਤੁਸੀਂ ਕਾਹਨੂੰ ਘਾਬਰਦੇ ਓ। ਜੇ ਚਾਹੇ ਤਾਂ ਸਭ ਕੁਝ ਕਰ ਸਕਦੇ, ਓ, ਰਾਤੋਂ ਪਹਿਲਾਂ ਤੁਹਾਡੇ ਸਾਰੇ ਸੁਖ ਦੂਰ ਹੋ ਸਕਦੇ ਨੇ।"

ਜਗਤ ਸਿੰਘ ਦੀ ਗੱਲ ਸੁਣ ਕੇ ਕਿਸੇ ਨਵੀਂ ਆਸ ਦੀ ਝਲਕ ਨੇ ਸਰਦਾਰ ਹੋਰਾਂ ਦੀਆਂ ਮਸਤ ਅੱਖਾਂ ਵਿਚ ਕੋਈ ਹੋਰ ਤਰ੍ਹਾਂ ਦੀ ਮਸਤੀ ਲੈ ਆਂਦੀ ਤੇ ਦਿਲ ਨੂੰ ਇਕ ਹੁਲਾਰਾ ਆਇਆ। ਜਗਤ ਸਿੰਘ ਦੇ ਖ਼ਿਆਲ ਨੂੰ ਹੋਰ ਨੇੜੇ ਲਿਆਉਣ ਲਈ ਬੋਲੇ—"ਜੇ ਇਹੋ ਜਿਹਾ ਕੋਈ ਦਾਰੂ ਲੱਭ ਜਾਂਦਾ ਤਾਂ ਹੋਰ ਕੀ ਚਾਹੀਦਾ ਸੀ?"

"ਦਾਰੂ ਤੇ ਘੜੀਓਂ ਚੌਥੇ ਭਾਅ ਲਭ ਸਕਦਾ ਏ, ਜੇ ਤੁਸੀ ਕਰਨ ਵਾਲੇ ਹੋਵੋ।"

"ਫੇਰ ਤੂੰਹੀਓਂ ਡਾਕਟਰ ਬਣ ਜਾਹ ਨਾ।"

"ਵੇਖੋ ਸਰਦਾਰ ਜੀ, ਗੱਲ ਵੱਡੀ ਏ ਤੇ ਮੂੰਹ ਛੋਟਾ। ਪਰ ਤੁਸੀਓਂ ਦਸੋਂ, ਜੇ ਇਕ ਜੁੱਤੀ ਪੁਰਾਣੀ ਹੋ ਜਾਵੇ, ਤਾਂ ਆਦਮੀ ਨੂੰ ਨਵੀਂ ਨਹੀਂ ਖ਼ਰੀਦ ਲੈਣੀ ਚਾਹੀਦੀ?"

ਸਰਦਾਰ ਹੋਰੀਂ ਜਗਤ ਸਿੰਘ ਦੇ ਮੂੰਹੋਂ ਇਹੋ ਕੁਝ ਸੁਣਨਾ ਚਾਹੁੰਦੇ ਸਨ। ਕਾਹਲੀ ਨੂੰ ਲੁਕਾਂਦੇ ਹੋਏ ਬੋਲੇ—"ਪਰ ਪੁਰਾਣੀ ਜੁੱਤੀ ਦਾ ਕੀ ਕੀਤਾ ਜਾਵੇ?"

"ਓਹਨੂੰ ਰੱਖਣ ਦੀ ਲੋੜ ਈ ਕੀ ਏ?"

"ਰੱਖਣ ਦੀ ਲੋੜ ਤੇ ਨਹੀਂ, ਪਰ ਸੁੱਟੀ ਕੀਕਣ ਜਾਵੇ, ਇਹੋ ਗੱਲ ਏ, ਜਿਸ ਦਾ ਮੈਨੂੰ ਵੀ ਰਾਹ ਨਹੀਂ ਲੱਭਦਾ।"

ਜਗਤ ਸਿੰਘ ਦੇ ਦਿਲ ਵਿਚ ਧੜਕਣ ਜਿਹੀ ਪੈਦਾ ਹੋਈ। ਤੇ ਉਸ ਦੀਆਂ ਅੱਖਾਂ ਵਿਚ ਡਰਾਉਣੀ ਜਿਹੀ ਚਮਕ। ਮੂੰਹੋਂ ਨਾ ਨਿਕਲ ਸਕਣ ਵਾਲੇ

ਵਾਕ ਨੂੰ ਬਦੋ ਬਦੀ ਕੱਢਣ ਦਾ ਜਤਨ ਕਰਦਾ ਹੋਇਆ—ਇਹ ਤੇ ਸੁਖਾਲਾ ਈ ਕੰਮ ਏ।"

"ਤੂੰ ਜ਼ੁੰਮਾ ਚੁਕਨਾ ਏਂ ਏਸ ਕੰਮ ਦਾ?" ਸਰਦਾਰ ਹੋਰਾਂ ਆਪਣੀ ਵਧ ਰਹੀ ਘਬਰਾਹਟ ਨੂੰ ਰੋਕਦਿਆਂ ਕਿਹਾ, ਤੇ ਫੇਰ ਕਮਰੇ ਦੀਆਂ ਕੰਧਾਂ, ਛੱਤ ਵਲ ਇਸ ਤਰ੍ਹਾਂ ਫਿਰਵੀਂ ਨਜ਼ਰ ਨਾਲ ਤੱਕਣ ਲਗ ਪਏ, ਮਾਨੋਂ ਕਹੀ ਗੱਲ ਬਾਬਤ ਨਿਸਚਾ ਕਰ ਰਹੇ ਹਨ ਕਿ ਕੀ ਇਹ ਗੱਲ ਉਨ੍ਹਾਂ ਦੇ ਹੀ ਮੂੰਹੋਂ ਨਿਕਲੀ ਹੈ?

ਜਗਤ ਸਿੰਘ ਨੇ "ਹਾਂ" ਵਿਚ ਉੱਤਰ ਦਿੱਤਾ ਤੇ ਸਰਦਾਰ ਹੋਰਾਂ ਸੱਜੇ ਪਾਸੇ ਉਲਰ ਕੇ ਉਸ ਨੂੰ ਘੁਟ ਕੇ ਜੱਫੀ ਪਾ ਲਈ, ਜਿਸ ਨਾਲ ਦੁਹਾਂ ਨੂੰ ਇਕ ਦੂਜੇ ਦੇ ਦਿਲ ਦੀ ਤੇਜ਼ ਧੜਕਣ ਦਾ ਅਨੁਭਵ ਹੋਇਆ।

੨

ਦਿਲ ਵਿਚ ਬਿਓੜਕ ਸੱਧਰਾਂ, ਸਿਕਾਂ ਤੇ ਉਮੰਗਾਂ ਦੀ ਪੂੰਜੀ ਲੈ ਕੇ ਮੋਹਨ ਵਟਾਲੇ ਪੁੱਜਾ ਲਾਹੌਰ ਤੋਂ ਵਟਾਲਾ ਭਾਵੇਂ ਕੋਈ ਬਹੁਤਾ ਦੂਰ ਨਹੀਂ, ਪਰ ਇਤਨਾ ਪੈਂਡਾ ਮੁਕਾਣ ਲਈ ਉਸ ਨੂੰ ਰੇਲ ਦਾ ਸਫ਼ਰ, ਪੈਦਲ ਸਫ਼ਰ ਨਾਲੋਂ ਵੀ ਔਖਾ ਮਲੂਮ ਹੁੰਦਾ ਸੀ। ਉਹ ਵਟਾਲੇ ਹੀ ਜੰਮਿਆ ਪਲਿਆ ਸੀ, ਪਰ ਐਤਕਾਂ ਤਾਂ ਉਸ ਨੂੰ ਇਉਂ ਜਾਪਦਾ, ਜਿਵੇਂ ਉਹ ਵਟਾਲੇ ਕੋਈ ਚੀਜ਼ ਭੁੱਲ ਆਇਆ ਸੀ।

ਉਸ ਦਾ ਮਨ ਤਾਂ ਪਹਿਲਾਂ ਹੀ ਪਹੁੰਚ ਚੁੱਕਾ ਸੀ, ਅੰਤ ਸਰੀਰ ਵੀ ਜਾ ਪੁੱਜਾ। ਮਾਂ ਦਾ ਸਨੇਹ ਭਰਿਆ ਹੱਥ ਪਿੱਠ ਤੇ ਫਿਰਦਿਆਂ ਹੀ ਉਸ ਦੀ ਰਗ ਰਗ ਵਿਚ ਖ਼ੁਸ਼ੀ ਦੌੜ ਗਈ। ਪਿਆਰ-ਰਸ ਵਿਚ ਬੋੜੀ ਹੋਈ ਭੈਣ ਦੇ ਚੰਚਲ ਭਾਵ-ਪੂਰਤ ਤੇ ਡਾਢੇ ਮਿੱਠੇ ਵਾਕ ਸੁਣ ਕੇ ਉਸ ਦੇ ਕੰਨਾਂ ਨੂੰ ਕਿਸੇ ਸਵਰਗੀ ਦੇਵੀ ਦੇ ਮਧੁਰ ਰਾਗ ਦਾ ਅਨੁਭਵ ਹੋਇਆ। ਪਰ ਇਤਨਾ ਕੁਝ ਹੋਣ ਤੇ ਵੀ ਉਸ ਦੀਆਂ ਅੱਖਾਂ ਸਧਰਾਈਆਂ ਤੇ ਹਿਰਦਾ ਅ-ਤ੍ਰਿਪਤ ਸੀ। ਉਸ ਦੀ ਰੂਹ, ਉਡਾਰੀਆਂ ਮਾਰਦੀ ਹੋਈ ਕਿਸੇ ਦੀ ਭਾਲ ਕਰਦੀ ਫਿਰਦੀ ਸੀ।

ਮੋਹਨ ਦੇ ਆਉਣ ਤੋਂ ਪਹਿਲਾਂ ਹੀ ਸ਼ਾਂਤੀ ਨੇ ਬੈਠਕ ਨੂੰ ਸਜਾ ਕੇ ਟਿਚਣ ਕਰ ਰਖਿਆ ਸੀ। ਵੀਰ ਦੇ ਮੰਜੇ ਤੇ ਉਸ ਨੇ ਕਰੋਸ਼ੀਏ ਨਾਲ ਉਣੀ ਹੋਈ ਚਾਦਰ ਵਿਛਾਈ ਤੇ ਸਰ੍ਹਾਣੇ ਉਤੇ ਫੁੱਲਾਂ ਬੂਟਿਆਂ ਵਾਲਾ ਓਹ ਉਛਾੜ ਚਾੜ੍ਹਿਆ, ਜਿਸ ਦੇ ਬਣਨ ਵੇਲੇ ਇਕ ਇਕ ਤੋਪੇ ਨਾਲ ਚਾਰ ਵਾਰ ਵੇਰੀ ਉਸ ਨੇ ਵੀਰ ਨੂੰ ਯਾਦ ਕੀਤਾ ਸੀ। ਕੰਧ ਉਤੇ ਕੋਈ ਰਤੀ ਜਿੰਨਾ ਦਾਗ਼, ਜਾਂ ਬਾਰੀਆਂ ਛੱਜਿਆਂ ਉਤੇ ਨਹੁੰ ਜਿੰਨਾ ਘਟੇ ਮਿੱਟੀ ਦਾ ਨਿਸ਼ਾਨ ਰਹਿਣ ਦੇਣਾ ਵੀ ਉਸ ਲਈ ਅਸਹਿ ਸੀ।

ਮਾਂ ਦੀ ਪੱਕੀ ਹੋਈ, ਤੇ ਭੈਣ ਦੀ ਪਰੋਸੀ ਹੋਈ ਰੋਟੀ ਭੁੱਖ ਨਾ ਹੋਣ ਤੇ ਵੀ ਉਸ ਨੇ ਲੋੜ ਤੋਂ ਵਧੀਕ ਖਾ ਲਈ। ਕਿਉਂਕਿ ਮਮਤਾ ਤੇ ਸਨੇਹ ਦੇ ਮਸਾਲੇ ਨੇ ਇਸ ਦੇ ਸੁਆਦ ਵਿਚ ਸੌ ਗੁਣਾਂ ਵਾਧਾ ਕਰ ਦਿੱਤਾ ਸੀ।

ਸ਼ਾਂਤੀ ਉਸ ਨੂੰ ਨਾਲ ਲੈ ਕੇ ਬੈਠਕ ਵਿਚ ਪਹੁੰਚੀ। ਭਾਵੇਂ ਮੋਹਨ ਦਾ ਲਿੱਸਾ ਸਰੀਰ ਵੇਖ ਕੇ ਕਿਸੇ ਕਿਸੇ ਵੇਲੇ ਸ਼ਾਂਤੀ ਦੇ ਦਿਲ ਨੂੰ ਡੋਬ ਪੈਂਦੇ ਸਨ, ਪਰ ਫਿਰ ਵੀ ਅੱਜ ਉਸ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ।

ਬੂਹੇ ਬਾਰੀਆਂ ਖੋਲ੍ਹ ਕੇ ਉਸ ਨੇ ਮੋਹਨ ਨੂੰ ਮੰਜੇ ਤੇ ਬਿਠਾਇਆ। ਅੰਦਰਲੀਆਂ ਚੀਜ਼ਾਂ ਦੀ ਸੋਭਾ ਵੇਖ ਕੇ ਮੋਹਨ ਬੇ-ਵੱਸ ਹੀ ਬੋਲ ਉੱਠਿਆ—"ਸ਼ਾਂਤੋ! ਤੂੰ ਤੇ ਬੜੀ ਸੁਚੱਜੀ ਹੋ ਗਈ ਏਂ, (ਸਰ੍ਹਾਣੇ ਦੇ ਫੁੱਲਾਂ ਬੂਟਿਆਂ ਵੱਲ ਤੱਕ ਕੇ) ਇਹ ਕਿਥੋਂ ਸਿਖੀਆਂ ਈ ਏਡੀਆਂ ਅਕਲਾਂ?"

ਇਹ ਵਾਕ ਸੁਣ ਕੇ ਸ਼ਾਂਤੀ ਨੂੰ ਉਸ ਤਰ੍ਹਾਂ ਦੀ ਖ਼ੁਸ਼ੀ ਹੋਈ, ਜਿੰਨੀ ਇਕ ਖ਼ੁਸ਼ਕੀ ਨਾਲ ਝੁਲਸੇ ਹੋਏ ਆਦਮੀ ਨੂੰ ਮੱਖਣ ਪ੍ਰਾਪਤ ਕਰ ਕੇ ਹੁੰਦੀ ਹੈ। ਇਕ ਤਾਂ ਵੀਰ ਦੇ ਮੂੰਹੋਂ ਪਿਆਰ ਭਰੇ ਸ਼ਬਦ ਤੇ ਦੂਜੀ ਉਸ ਦੀ ਉਪਮਾ ਵਿਚ, ਖ਼ੁਸ਼ੀ ਨਾਲ ਸ਼ਾਂਤੀ ਦਾ ਦਿਲ ਦੂਣਾ ਹੋ ਗਿਆ।

ਮੰਜੇ ਦੀ ਹੀਂਹ ਤੇ ਬੈਠੀ ਸ਼ਾਂਤੀ ਨੇ ਦੁਹਾਂ ਹੱਥਾਂ ਨਾਲ ਭਰਾ ਦੀ ਬਾਂਹ ਨੂੰ ਡੌਲੇ ਤੋਂ ਫੜ ਕੇ ਤੇ ਉਸ ਦੇ ਮੋਢੇ ਨਾਲ ਸਿਰ ਜੋੜ ਕੇ ਆਪਣੀ ਬਦੋ-ਬਦੀ ਫੁਟ ਰਹੀ ਖ਼ੁਸ਼ੀ ਨੂੰ ਰੋਕਦਿਆਂ ਹੋਇਆਂ ਕਿਹਾ—"ਭੱਾ, ਇਹ ਕੋਈ ਵਧੀਆ ਕੰਮ ਤੇ ਨਹੀਂ। ਜਿਸ ਕੋਲੋਂ ਮੈਂ ਸਿਖਿਆ ਏ, ਕਦੀ ਉਸ ਦੇ ਹੱਥਾਂ ਦਾ ਕੰਮ ਵੇਖੇਂ ਤਾਂ ਤੈਨੂੰ ਪਤਾ ਲਗੇ।"

ਮੋਹਨ ਨੇ ਪੁੱਛਿਆ—"ਉਹ ਕਿਹੜੀ ਏ ਇਹੋ ਜਿਹੀ ਉਸਤਾਦਣੀ?"

ਸ਼ਾਂਤੀ ਨੇ ਉਸ ਦੇ ਕੋਟ ਤੋਂ ਸ਼ਾਹੀ ਦਾ ਦਾਗ਼ ਖਰੋਚਦਿਆਂ ਹੋਇਆਂ ਕਿਹਾ—"ਉਹ ਤੇ ਭੱਾ, ਫੁਲਾਂ ਵਿਚ ਈ ਕਵਿਤਾ ਦੇ ਕਈ ਬੰਦ ਜੋੜ ਕੇ ਕਢਾਈ ਕਰ ਲੈਂਦੀ ਏ। ਉਹਨੇ ਇਕ ਮੇਜ਼-ਪੋਸ਼ ਸ਼ੁਰੂ ਕੀਤਾ ਹੋਇਆ ਏ, ਵੇਖ ਕੇ ਭੁੱਖ ਲਹਿੰਦੀ ਏ। ਮੈਂ ਤੈਨੂੰ ਦਿਖਾਵਾਂ ਲਿਆ ਕੇ?"

"ਸੁਦੈਣ ਕਿਸੇ ਥਾਂ ਦੀ" ਮੋਹਨ ਨੇ ਉਸ ਦੇ ਸਿਰ ਤੇ ਇਕ ਹੌਲਾ ਜਿਹਾ ਚਟੋਕਾ ਮਾਰ ਕੇ ਕਿਹਾ—"ਐਵੇਂ ਰੌਲਾ ਪਾਈ ਜਾਂਦੀ ਏ, ਨਾਂ ਤੇ ਤੂੰ ਉਸ ਦਾ ਅਜੇ ਤੱਕ ਦਸਿਆ ਨਹੀਂ।"

"ਓਹੀ ਸਰਲੋ' ਵਿਛਾਈ ਉਤੇ ਪੈ ਗਏ ਵੱਟ ਨੂੰ ਕੱਢਦੀ ਹੋਈ ਸ਼ਾਂਤੀ ਬੋਲੀ—"ਤੂੰ ਡਿਠੀ ਹੋਈ ਨਹੀਂ ? ਓ ਜਿਹੜੀ ਸਾਡੇ ਗੁਆਂਢ ਰਹਿੰਦੀ ਏ ਸਰਲੋ, ਰਤਨ ਦਈ ਦੀ ਧੀ।"

ਚੁਭੇ ਹੋਏ ਕੰਡੇ ਲਈ ਸੂਈ ਜੋ ਕੰਮ ਕਰਦੀ ਹੈ, ਓਹੀ ਕੰਮ ਮੋਹਨ ਲਈ ਸ਼ਾਂਤੀ ਦੇ ਇਨ੍ਹਾਂ ਵਾਕਾਂ ਨੇ ਕੀਤਾ। ਉਸ ਨੂੰ ਆਪਣੇ ਆਪ ਨੂੰ ਹੀ ਸਮਝ ਨਹੀਂ ਸੀ ਆਉਂਦੀ ਕਿ ਇਸ ਵੇਲੇ ਸਰਲਾ ਦਾ ਜ਼ਿਕਰ ਕਰ ਕੇ ਸ਼ਾਂਤੀ ਨੇ ਉਸ ਦੀ ਪੀੜ ਵਧਾ ਦਿੱਤੀ ਹੈ ਕਿ ਘਟਾ ਦਿੱਤੀ ਹੈ।

ਸਰਲਾ ਦਾ ਨਾਂ ਸੁਣਦਿਆਂ ਹੀ ਉਸ ਦੇ ਚੇਹਰੇ ਤੇ ਕੋਈ ਉਚੇਚੀ ਅਦਲਾ-ਬਦਲੀ ਹੋਈ ਜਿਸ ਨੂੰ ਉਸ ਨੇ ਮੁਸ਼ਕਲ ਨਾਲ ਲੁਕਾਇਆ। ਪਰ ਉਸ ਦੀ ਛਾਤੀ ਦਾ ਉਭਾਰ ਕੋਟ ਦੇ ਉੱਚਾ ਨੀਵਾਂ ਹੋਣ ਨਾਲ ਸ਼ਾਂਤੀ ਨੂੰ ਸਾਫ ਦਿਖਾਈ ਦੇ ਗਿਆ।

ਮੋਹਨ ਨੇ ਬੇ-ਪਰਵਾਹੀ ਜਿਹੀ ਦਾ ਭਾਵ ਦਿਖਾਂਦਿਆਂ ਕਿਹਾ—"ਹੱਛਾ ਉਹ ਸਰਲਾ, ਜਿਹੜੀ ਤੇਰੇ ਨਾਲ ਈ ਪੜ੍ਹਦੀ ਹੁੰਦੀ ਸੀ ?"

"ਆਹੋ ਭ੍ਰਾ, ਜਿਹੜੀ ਨਿੱਕੇ ਹੁੰਦਿਆਂ ਤੇਰੇ ਨਾਲ ਖੇਡਦੀ ਹੁੰਦੀ ਸੀ।"

"ਮੇਰੇ ਨਾਲ ਖੇਡਦੀ ਹੁੰਦੀ ਸੀ ?" ਮੋਹਨ ਨੇ ਹੈਰਾਨੀ ਵਾਲਾ ਚਿਹਰਾ ਬਣਾ ਕੇ ਕਿਹਾ—"ਮੈਨੂੰ ਤੇ ਨਹੀਂ ਯਾਦ।"

"ਉਹ ਤੇ ਆਪ ਕਈ ਵਾਰੀ ਕਹਿੰਦੀ ਹੁੰਦੀ ਏ ਅਖੇ ਮੈਂ ਭ੍ਰਾ ਨਾਲ ਖੇਡਦੀ ਰਹੀ ਆਂ, ਤੇ ਉਹ ਮੈਨੂੰ ਮਾਰਦਾ ਹੁੰਦਾ ਸੀ। ਸੱਚ-ਮੁੱਚ ਭ੍ਰਾ, ਮੈਂ ਝੂਠ ਤੇ ਨਹੀਂ ਕਹਿੰਦੀ। ਮੂੰਹ ਤੇ ਕਰਾ ਦਿਆਂ ? ਠਹਿਰ ਜਾ ਮੈਂ ਸੱਦ ਲਿਆਉਨੀ ਆਂ ਉਹਨੂੰ ਤੇ ਨਾਲ ਓਹਦਾ ਮੇਜ਼ਪੋਸ਼ ਵੀ ਵੇਖੀ।"

ਸ਼ਾਂਤੀ ਦਬਾਦਬ ਉੱਠ ਕੇ ਤੁਰ ਪਈ, ਤੇ ਗੱਲ ਦਾ ਛੇਕੜਲਾ ਹਿੱਸਾ ਉਸ ਨੇ ਦਲ੍ਹੀਜ਼ਾਂ ਤੋਂ ਬਾਹਰ ਨਿਕਲ ਕੇ ਪੂਰਾ ਕੀਤਾ।

ਮੋਹਨ ਨੇ ਬਥੇਰੀਆਂ ਆਵਾਜ਼ਾਂ ਦਿੱਤੀਆਂ, ਪਰ ਉਹ ਅੱਖਾਂ ਦੇ ਫੋਰ ਵਿਚ ਹੀ ਪੌੜੀਆਂ ਉਤਰ ਗਈ।

ਉਹ ਦੋਵੇਂ ਲੱਤਾਂ ਮੰਜੇ ਉਤੇ ਕਰ ਕੇ ਬੈਠ ਗਿਆ। ਇਸ ਤੋਂ ਬਾਅਦ ਉਸ ਨੇ ਆਪਣੇ ਬੈਠਣ ਦੀਆਂ ਕਈ ਹਾਲਤਾਂ ਬਦਲਾਈਆਂ। ਕਦੇ ਮੂੰਹ ਬੂਹੇ ਵੱਲ ਕਰ ਲੈਂਦਾ ਕਦੇ ਕੰਧ ਵੱਲ।

ਫੇਰ ਉਹ ਲੰਮਾ ਪੈ ਗਿਆ, ਤੇ ਚੋਖਾ ਚਿਰ ਵਲਾਵੇਂ ਪਲਸੇਟੇ ਲੈਂਦਾ ਰਿਹਾ। ਪਰ ਅਜੇ ਤਕ ਵੀ ਪੌੜੀਆਂ ਵਲੋਂ ਕੋਈ ਖੜਾਕ ਉਸ ਨੂੰ ਸੁਣਾਈ ਨਾ ਦਿੱਤਾ। ਜਿਉ ਜਿਉਂ ਵਕਤ ਬੀਤਦਾ ਜਾਂਦਾ, ਉਸ ਦੇ ਦਿਲ ਦੀ ਧੜਕਣ ਵਧਦੀ ਜਾਂਦੀ ਸੀ। ਇਥੋਂ ਤਕ ਕਿ ਉਸ ਨੂੰ ਆਪਣਾ ਸਿਰ ਭਾਰਾ ਭਾਰਾ ਜਾਪਣ ਲੱਗਾ।

ਇਸ ਵੇਲੇ ਪੌੜੀਆਂ ਵਲੋਂ ਮਾੜਾ ਜਿਹਾ ਖੜਾਕ ਉਸ ਦੀ ਕੰਨੀ ਪਿਆ ਤੇ ਹੌਲੀ ਹੌਲੀ ਪੌੜੀਆਂ ਚੜ੍ਹਨ ਦੀ ਦੂਹਰੀ ਅਵਾਜ਼ ਆਈ।

ਉਸ ਨੇ ਝੱਟ ਅੱਖਾਂ ਮੀਟ ਲਈਆਂ ਤੇ ਆਪਣੇ ਆਪ ਨੂੰ ਇਸ ਤਰ੍ਹਾਂ ਬਣਾ ਲਿਆ ਮਾਨੋਂ ਘੂਕ ਸੁੱਤਾ ਹੋਇਆ ਹੈ। ਹੌਲੀ-ਹੌਲੀ ਉਸ ਨੇ ਕਿਸੇ ਨੂੰ ਅੰਦਰ ਆਉਂਦਿਆਂ ਤੇ ਆਪੋ ਵਿਚ ਘੁੱਸਰ ਮੁੱਸਰ ਕਰਦਿਆਂ ਸੁਣਿਆ—

"ਲੈ, ਭ੍ਰਾ ਤੇ ਸੌਂ ਵੀ ਗਿਆ, ਜਗਾਵਾਂ ਸੂ ?"

"ਨਾ ਨਾ, ਵਿਚਾਰਾ ਰਾਹ ਦਾ ਥੱਕਿਆ ਹੋਇਆ ਹੋਵੇਗਾ।"

"ਚੰਗਾ ਫਿਰ, ਬੈਠ ਜਾਹ ਜ਼ਰਾ।"

"ਨਾ ਅੜੀਏ, ਮਾਂ ਗੁੱਸੇ ਹੋਵੇਗੀ। ਮੈਨੂੰ ਜਾਣ ਦੇਹ, ਠਹਿਰ ਕੇ ਆ ਜਾਵਾਂਗੀ।"

"ਤੇ ਫਿਰ ਆਈ ਕਾਹਦੇ ਲਈ ਏਂ ?"

"ਮੇਜ਼ਪੋਸ਼ ਈ ਵਿਖਾਣਾ ਏ ਨਾ। ਤੂੰ ਫੜ ਰਖ ਲੈ, ਤੂੰ ਆਪੇ ਦਿਖਾ ਦਈਂ। ਤੈਨੂੰ ਐਵੇਂ ਸ਼ੁਦਾ ਕੁਦਿਆ ਹੋਇਆ ਏ। ਇਸ ਵਿਚ ਹੈ ਕੀ ਏ ਭਲਾ।"

"ਹੱਛਾ ਰਤਾ ਕੁ ਠਹਿਰ ਜਾ ਭਲਾ।"

ਮੋਹਨ ਨੂੰ ਆਪਣੀ ਚਾਲ ਉਲਟੀ ਪੈਂਦੀ ਦਿਸੀ। ਪਰ ਹੁਣ ਇਕ ਦੰਮ ਉਠ ਕੇ ਬੈਠਣਾ ਵੀ ਤਾਂ ਸੁਖਾਲਾ ਨਹੀਂ ਸੀ। ਉਹ ਕੋਈ ਵਿਉਂਤ ਸੋਚ ਹੀ ਰਿਹਾ ਸੀ ਕਿ ਉਸ ਦੀ ਔਕੜ ਸ਼ਾਂਤੀ ਨੇ ਦੂਰ ਕਰ ਦਿੱਤੀ। ਕਾੜ ਕਰ ਕੇ ਕਿਸੇ ਚੀਜ਼ ਦਾ ਖੜਾਕ ਹੋਇਆ। ਉਸ ਨੇ ਅੱਖਾਂ ਖੋਲ੍ਹ ਲਈਆਂ। ਨਾਲ ਹੀ ਉਸ ਨੇ ਸ਼ਾਂਤੀ ਨੂੰ ਗੁੱਸੇ ਨਾਲ ਕਹਿੰਦਿਆਂ ਸੁਣਿਆ—"ਹਾਏ ਹਾਏ, ਮਰ ਜਾਏ ਬਿੱਲੀ ਰੱਬ ਕਰ ਕੇ। ਬੋਤਲ ਭੁੰਜੇ ਪਟਕਾ ਮਾਰੀ ਸੂ, ਸ਼ੁਕਰੈ ਟੁੱਟ ਨਹੀਂ ਗਈ।"

ਮਹਿੰਦੀ ਦੀਆਂ ਪੱਤੀਆਂ, ਸੁੱਕੀਆਂ ਹੋਣ ਤੇ ਵੀ ਆਪਣੇ ਅੰਦਰ ਲਾਲੀ ਲੁਕਾਈ ਰਖਦੀਆਂ ਹਨ। ਸਰਲਾ ਦਾ ਸਰੀਰ ਭਾਵੇਂ ਨਿੱਤ ਦੀਆਂ ਫਿਟਕਾਰਾਂ ਖਾ ਖਾ ਕੇ ਰੁਲਿਆ ਹੋਇਆ ਸੀ, ਪਰ ਉਸ ਦੀ ਅਣਛੋਹ ਸੁੰਦਰਤਾ ਵਿਚ ਅਜੇ ਵੀ ਏਨੀ ਸ਼ਕਤੀ ਸੀ ਕਿ ਕਿਸੇ ਦਿਲ ਨੂੰ ਬਿਨਾਂ ਕੁੰਡੀ ਜਾਲ ਤੋਂ ਖਿੱਚ ਸਕੇ।

ਮੋਹਨ ਉੱਠ ਬੈਠਾ। ਉਸ ਦੀਆਂ ਅੱਖਾਂ ਅੱਗੇ ਚਕਾ ਚੌਂਧ ਜਹੀ ਛਾ ਗਈ। ਨਾਲ ਹੀ ਕਿਸੇ ਦੇ ਫਰਕਦੇ ਹੋਏ ਬੁੱਲ੍ਹਾਂ ਵਿਚੋਂ ਡਾਢੀ ਕੋਮਲ ਤੇ ਮਿੱਠੀ ਆਵਾਜ਼ ਨਿਕਲੀ—"ਮੋਹਨ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ ਸਰਲਾ, ਰਾਜ਼ੀ ਏਂ?" ਇਕ ਨਿਕਾ ਜਿਹਾ ਵਾਕ ਬੋਲਣ ਲਈ ਮੋਹਨ ਨੂੰ ਕਾਫ਼ੀ ਜ਼ੋਰ ਲਾਣਾ ਪਿਆ।

"ਤੁਸੀਂ ਰਾਜ਼ੀ ਓ?" ਦੂਜੇ ਪਾਸੇ ਮੂੰਹ ਕਰਕੇ ਸਰਲਾ ਨੇ ਪੁੱਛਿਆ। ਤੇ ਹੋਰ ਦੋ ਤਿੰਨ ਕਦਮ ਪਿਛਾਂਹ ਹਟ ਕੇ ਮੇਜ਼ ਤੇ ਝੁਕ ਗਈ। ਪਰ ਉਸ ਨੂੰ ਝਟ ਹੀ ਖ਼ਿਆਲ ਆ ਗਿਆ ਕਿ ਸ਼ਾਂਤੀ, ਉਸ ਦੇ ਚਿਹਰੇ ਤੋਂ ਕੋਈ ਲੁਕਵਾਂ ਮਜ਼ਮੂਨ ਪੜ੍ਹ ਰਹੀ ਹੈ। ਉਸ ਨੇ ਸ਼ਾਂਤੀ ਵਲ ਤੱਕਦਿਆਂ ਹੋਇਆਂ ਕਿਹਾ—"ਸ਼ਾਂਤੀ ਓਦਨ ਜਿਹੜੀਆਂ ਮੈਂ ਤੈਨੂੰ ਕਿਤਾਬਾਂ ਦੇ ਗਈ ਸਾਂ, ਉਨ੍ਹਾਂ ਵਿਚ ਮੇਰੀ ਇਕ ਹਰੀ ਜਿਲਦ ਵਾਲੀ ਕਾਪੀ ਸੀ।"

"ਕਿਹੜੀ, ਕਵਿਤਾ ਵਾਲੀ?"

"ਕਵਿਤਾ ਵਾਲੀ! ਨੀ ਉਹੀ ਜਿਹੜੀ ਹਰੀ ਜਹੀ ਜਿਲਦ ਵਾਲੀ, ਉਸ ਵਿਚ ਮੈਂ ਥੋੜ੍ਹਾ ਜਿਹਾ ਰੇਸ਼ਮ ਦਾ ਧਾਗਾ ਰਖਿਆ ਹੋਇਆ ਸੀ।"

"ਐਥੇ ਮੇਜ਼ ਤੇ ਈ ਕਿਤੇ ਹੋਵੇਗੀ, ਵੇਖ ਲਈਂ ਆਪੇ। ਸੱਚ ਪਹਿਲਾਂ ਭੱਾ ਨੂੰ ਮੇਜ਼ਪੋਸ਼ ਦਿਖਾ ਲੈ।

ਸਰਲਾ, ਬਿਨਾਂ ਉਸ ਦੀ ਗੱਲ ਵਲ ਧਿਆਨ ਕੀਤਿਆਂ ਮੇਜ਼ ਦੀਆਂ ਕਿਤਾਬਾਂ ਫਰੋਲਣ ਲੱਗ ਪਈ। ਇਹ ਪਤਾ ਨਹੀਂ ਜੁ ਉਸ ਦੀ ਕਾਪੀ ਉਥੇ ਹੈ ਨਹੀਂ ਸੀ ਜਾਂ ਉਸ ਨੂੰ ਲੱਭਦੀ ਨਹੀਂ ਸੀ।

ਸ਼ਾਂਤੀ ਉਸ ਦਾ ਮੇਜ਼ਪੋਸ਼ ਚੁਕ ਕੇ ਮੋਹਨ ਪਾਸ ਲੈ ਗਈ।

ਮੋਹਨ ਇਸ ਵੇਲੇ ਜੇਬ ਚੋਂ ਇਕ ਪਾਕਟ ਬੁਕ ਕੱਢ ਕੇ ਤੇ ਉਸ ਦੇ ਵਰਕਿਆਂ ਵਿਚ ਇਸ ਤਰ੍ਹਾਂ ਗੁੰਮ ਸੀ, ਜਿਵੇਂ ਕਿਸੇ ਬੜੇ ਉਲਝਵੇਂ ਹਿਸਾਬ ਵਿਚ ਰੁੱਝਾ ਹੋਇਆ ਹੋਵੇ।

"ਲੈ ਭੱਾ, ਵੇਖ ਮੇਰੀ ਸਹੇਲੀ ਦਾ ਕੰਮ।" ਕਹਿ ਕੇ ਸ਼ਾਂਤੀ ਨੇ ਮੇਜ਼ਪੋਸ਼ ਉਸ ਦੇ ਅੱਗੇ ਵਿਛਾ ਦਿਤਾ। ਸਰਲਾ ਸਿਰ ਨੀਵਾਂ ਕੀਤੀ ਤੇ ਧਰਤੀ ਤੇ ਨਜ਼ਰ ਜਮਾਈ, ਉਸ ਦੇ ਪਿਛੇ ਖੜੋਤੀ ਰਹੀ।

"ਇਹ ਹੱਥਾਂ ਦਾ ਕੱਢਿਆ ਹੋਇਆ ਏ ਕਿ ਮਸ਼ੀਨ ਦਾ?" ਮੋਹਨ ਨੇ ਪੁੱਛਿਆ। ਉਸ ਦੇ ਹੱਥ ਵਿਚ ਫੜੀ ਹੋਈ ਮੇਜ਼ਪੋਸ਼ ਦੀ ਕੰਨੀ ਇਸ ਤਰ੍ਹਾਂ ਕੰਬ ਰਹੀ ਸੀ, ਜਿਵੇਂ ਹਵਾ ਦਾ ਝੋਕਾ ਆਉਣ ਨਾਲ ਪਿੱਪਲ ਦਾ ਪੱਤਾ।

ਸ਼ਲਾਘਾ ਸੁਣ ਕੇ ਸਰਲਾ ਦਾ ਸਿਰ ਹੋਰ ਨੀਵਾਂ ਹੋ ਗਿਆ। ਉਸ ਦੇ ਹੱਥ ਵਿਚ ਫੜਿਆ ਹੋਇਆ ਸ਼ਾਂਤੀ ਦਾ ਹੱਥ ਹੌਲੀ ਹੌਲੀ ਗਿੱਲਾ ਹੋਣ ਲੱਗਾ।

"ਮਸ਼ੀਨ ਦਾ ਭੱਾ, ਮਸ਼ੀਨ ਦਾ। ਹੱਥਾਂ ਨਾਲ ਭਲਾ ਸਰਲਾ ਵਰਗੀਆਂ ਕੁਚੱ ਜੀਆਂ ਕੋਲੋਂ ਇਹੋ ਜਿਹਾ ਕੰਮ ਹੋ ਸਕਦਾ ਏ?" ਕਹਿੰਦਿਆ ਕਹਿੰਦਿਆਂ ਸ਼ਾਂਤੀ ਨੇ ਸ਼ਰਾਰਤੀ ਨਜ਼ਰ ਨਾਲ ਸਰਲਾ ਵੱਲ ਤਕਿਆ।

ਸਰਲਾ ਨੂੰ ਕਿਸੇ ਹੋਰ ਵੇਲੇ ਇਹੋ ਜਿਹਾ ਮਖ਼ੌਲ ਕੀਤਾ ਜਾਂਦਾ ਤਾਂ ਉਹ ਵਿਆਜ ਸਣੇ ਇਸ ਦਾ ਬਦਲਾ ਦੇਂਦੀ। ਪਰ ਇਸ ਵੇਲੇ ਤਾਂ ਉਸ ਦੀ ਜ਼ਬਾਨ ਗੂੰਗੀ ਸੀ।

ਹੇਠਾਂ ਕਿਸੇ ਦੀ ਆਵਾਜ਼ ਆਈ—"ਸ਼ਾਂਤੀ, ਨੀ ਸ਼ਾਂਤੀ! ਹੇਠਾਂ ਆਈ ਰਤਾ। ਆ ਕੇ ਧੋਬੀ ਨੂੰ ਮੋਹਨ ਦੇ ਕੱਪੜੇ ਕੱਢ ਦੇ।"

"ਲੈ ਸਰਲਾ, ਤੂੰ ਰਤਾ ਖਲੋ, ਤੇ ਮੈਂ ਦੌੜ ਕੇ ਕੱਪੜੇ ਦੇ ਆਵਾਂ ਧੋਬੀ ਨੂੰ। ਭੱਾ ਦੇ ਸਾਰੇ ਕੱਪੜੇ ਮੈਲੇ ਹੋਏ ਪਏ ਨੇ, ਤੇ ਨਾਲੇ ਭੱਾ ਨੇ ਜਿਹੜੀਆਂ ਕਿਤਾਬਾਂ ਲਿਆਂਦੀਆਂ ਨੇ, ਉਹ ਵੀ ਲਿਆ ਕੇ ਤੈਨੂੰ ਵਿਖਾਨੀਆਂ" ਕਹਿੰਦੀ ਹੋਈ ਸ਼ਾਂਤੀ ਹੇਠਾਂ ਉਤਰ ਗਈ।

ਸਰਲਾ ਫੇਰ ਮੇਜ਼ ਕੋਲ ਜਾ ਕੇ ਮੂੰਹ ਨੀਵਾਂ ਪਾਈ ਕਿਤਾਬਾਂ ਫੋਲਣ ਲਗ ਪਈ। ਤੇ ਫਿਰ ਇਤਨਾ ਸਾਫ਼ ਕੰਮ ਤਾਂ ਅੱਜ ਤੀਕ ਮੈਂ ਨਹੀਂ ਡਿਠਾ।" ਕਹਿੰਦਿਆਂ ਮੋਹਨ ਨੇ ਮੇਜ਼ਪੋਸ਼ ਤਹਿ ਕਰਕੇ ਸਰਲਾ ਵੱਲ ਵਧਾਇਆ।

ਸਰਲਾ ਨੇ ਨੀਵੀਂ ਨਜ਼ਰ ਪਾਈ, ਆ ਕੇ ਮੇਜ਼ਪੋਸ਼ ਉਸ ਦੇ ਹੱਥੋਂ ਸਹਿਜ ਨਾਲ ਫੜ ਲਿਆ, ਪਰ ਜ਼ਰਾ ਕੁ ਮੁਸਕਾਰਣ ਤੋਂ ਬਿਨਾਂ ਉਸ ਨੇ ਇਸ ਸ਼ਲਾਘਾ ਦਾ ਕੋਈ ਉਤਰ ਨਾ ਦਿਤਾ।

ਸਰਲਾ ਨਾਲ ਗੱਲਾਂ ਕਰਨ ਲਈ ਮੋਹਨ ਦੇ ਦਿਲ ਵਿਚ ਦਫ਼ਤਰਾਂ ਦੇ ਦਫ਼ਤਰ ਭਰੇ ਪਏ ਸਨ ਤੇ ਇਸ ਵੇਲੇ ਉਸ ਲਈ ਮੌਕਾ ਵੀ ਚੰਗਾ ਸੀ, ਪਰ ਇਹ ਸਾਰੇ ਦਫ਼ਤਰ ਮਾਨੋ ਕਿਸੇ ਹਨੇਰੀ ਕੋਠੜੀ ਵਿਚ ਬੰਦ ਹੋ ਚੁੱਕੇ ਸਨ। ਉਸ ਨੇ ਬਥੇਰੀ ਕੋਸ਼ਿਸ਼ ਕੀਤੀ, ਪਰ ਕੋਈ ਗੱਲ ਵੀ ਉਸ ਨੂੰ ਨਹੀਂ ਸੀ ਅਹੁੜਦੀ। ਮੁਸ਼ਕਲ ਨਾਲ ਉਹ ਇਤਨਾ ਕਹਿ ਸਕਿਆ—"ਸਰਲਾ"

ਸਰਲਾ ਨੇ ਇਕ ਵਾਰੀ ਉਸ ਵੱਲ ਤਕਿਆ ਤੇ ਫੇਰ ਅੱਖਾਂ ਨੀਵੀਆਂ ਕਰ ਕੇ ਡਾਢੀ ਹੌਲੀ ਜਿਹੀ ਬੋਲੀ "ਹਾਂ ਜੀ।"

"ਸਰਲਾ! ਇਕ ਵਾਰੀ ਫੇਰ ਮੇਰੇ ਵੱਲ ਤੱਕ" ਇਹ ਵਾਕ ਮੋਹਨ ਨੇ ਪਤਾ ਨਹੀਂ ਕਿਸ ਲਹਿਜੇ ਵਿਚ ਕਿਹਾ, ਜੁ ਉਸ ਦੇ ਦਿਲ ਜਿੰਨੀਆਂ ਗੱਲਾਂ ਸਰਲਾ ਨੂੰ ਕਹਿਣ ਲਈ ਕੱਠੀਆਂ ਹੋਈਆਂ ਪਈਆਂ ਸਨ—ਜਿਨ੍ਹਾਂ ਵਿਚੋਂ ਹੁਣੇ ਹੁਣੇ ਉਸ ਨੂੰ ਇਕ ਵੀ ਨਹੀਂ ਸੀ ਲੱਭਦੀ—ਸਾਰੀਆਂ ਇਕ ਦੂਜੀ ਤੋਂ ਕਾਹਲੀ ਉਸ ਦੇ ਅੰਦਰੋਂ ਨਿਕਲੀਆਂ ਆਉਂਦੀਆਂ ਸਨ।

ਸਰਲਾ ਨੇ ਫੇਰ ਉਸ ਵੱਲ ਤੱਕਿਆ।

"ਸਰਲਾ! ਤੂੰ ਜਾਦੂਗਰੀ ਕਦ ਤੋਂ ਸਿੱਖੀ ਏ?" ਕਹਿੰਦਿਆਂ ਉਸ ਨੇ ਸਰਲਾ ਦਾ ਹੱਥ ਫੜ ਕੇ ਮੰਜੇ ਤੇ ਬਿਠਾਉਣ ਲਈ ਪੋਲਾ ਜਿਹਾ ਖਿਚਿਆ।

"ਮੋਹਨ ਜੀ! ਤੁਸੀਂ ਕੀ ਪਏ ਕਰਦੇ ਓ?" ਆਪਣੇ ਹੱਥ ਨੂੰ ਉਸ ਦੇ ਹੱਥ 'ਚੋਂ ਛੁਡਾਦਿਆ ਹੋਇਆਂ ਸਰਲਾ ਨੇ ਕਿਹਾ।

ਸ਼ਰਮਿੰਦਿਆਂ ਹੋ ਕੇ ਮੋਹਨ ਨੇ ਉਸ ਦਾ ਹੱਥ ਛੱਡ ਦਿੱਤਾ ਤੇ ਫਿਰ ਆਜਜ਼ੀ ਨਾਲ ਬੋਲਿਆ—"ਸਰਲਾ! ਕੁਝ ਗੱਲਾਂ ਕਰਨ ਦੀ ਸਿੱਕ ਪੂਰੀ ਨਾ ਕਰੇਂਗੀ?"

"ਦਸੋ" ਇਕ ਵਾਰੀ ਬੂਹੇ ਵਲ ਤਕ ਕੇ ਸਰਲਾ ਕੁਝ ਕਦਮ ਪਿਛੇ ਹਟ ਕੇ ਕੰਧ ਨਾਲ ਸਿਰ ਜੋੜ ਕੇ ਖਲੋ ਗਈ।

"ਸਰਲਾ! ਮੈਂ ਓਹੀ ਮੋਹਨ ਹਾਂ ਤੇਰੇ ਨਾਲ ਰਲ ਕੇ ਖੇਡਣ ਵਾਲਾ—ਤੈਨੂੰ ਸਤਾਣ ਵਾਲਾ।"

ਆਪਣੇ ਬਲ ਨੂੰ ਇਕੱਠਿਆਂ ਕਰਕੇ, ਸੱਜੇ ਹੱਥ ਨਾਲ ਖੱਬੇ ਹੱਥ ਦੀਆਂ ਉਂਗਲਾਂ ਮੋਰੜਦੀ ਹੋਈ ਸਰਲਾ ਬੋਲੀ—"ਤੇ ਮੈਂ ਵੀ ਮੋਹਨ ਜੀ, ਓਹੀ ਆਂ ਤੁਹਾਡੀਆਂ ਪੱਟੀਆਂ ਪੋਚਣ ਵਾਲੀ।"

"ਨਹੀਂ ਸਰਲਾ, ਤੂੰ ਮੇਰੀਆਂ ਪੱਟੀਆਂ ਲਿਖਣ ਵਾਲੀ ਏਂ—ਪੋਚਣ ਵਾਲੀ ਨਹੀਂ।"

"ਤੇ ਤੁਸੀਂ ਵੀ ਮੈਨੂੰ ਸਤਾਉਣ ਵਾਲੇ ਨਹੀਂ, ਸਗੋ..."

"ਸਰਲਾ! ਓਹ ਦਿਨ ਕਿਸੇ ਤਰ੍ਹਾਂ ਫੇਰ ਨਹੀਂ ਆ ਸਕਦੇ?"

"ਨਹੀਂ ਮੋਹਨ ਜੀ, ਓਹ ਦਿਨ ਚਲੇ ਗਏ" ਕਹਿੰਦਿਆਂ ਕਹਿੰਦਿਆਂ ਸਰਲਾ ਦਾ ਗਲਾ ਭਰ ਆਇਆ, ਤੇ ਇਸ ਕੰਬਵੀਂ ਅਵਾਜ਼ ਨੇ ਮੋਹਨ ਦੀਆਂ ਅੱਖਾਂ ਵੀ ਗਿਲੀਆਂ ਕਰ ਦਿੱਤੀਆਂ।

ਥੋੜ੍ਹਾਂ ਚਿਰ ਦੋਵੇਂ ਕੁਝ ਨਾ ਬੋਲੇ। ਫਿਰ ਮੋਹਨ ਚੀਚੀ ਉਂਗਲ ਦੀ ਮੁੰਦਰੀ ਨੂੰ ਫੇਰਦਾ ਹੋਇਆ ਬੋਲਿਆ—"ਅਸੀਂ ਹੁਣ ਕਦੇ ਨਹੀਂ ਮਿਲ ਸਕਦੇ ਸਰਲਾ?"

"ਇਸ ਤਰ੍ਹਾਂ ਨਾ ਆਖੋ ਮੋਹਨ ਜੀ! ਸਗੋਂ ਅਸੀਂ ਹੁਣ ਕਦੇ ਵੀ ਨਹੀਂ ਵਿਛੜ ਸੈਂਕਦੇ।"

"ਰੱਬ ਕਰਦਾ, ਤੇਰੀ ਇਹ ਗੱਲ ਸੱਚੀ ਹੁੰਦੀ।"

"ਇਹ ਕਦੇ ਝੂਠੀ ਨਹੀਂ ਹੋ ਸਕਦੀ ਮੋਹਨ ਜੀ, ਪਰ ਇਸਦਾ ਚੋਖਾ ਮੁੱਲ..."

"ਮੁੱਲ? ਮੈਂ ਜਾਨ ਦੇ ਕੇ ਵੀ ਇਹ ਸੌਦਾ ਖਰੀਦਣ ਨੂੰ ਤਿਆਰ ਆਂ।"

"ਇਸ ਸੌਦੇ ਲਈ ਜਾਨ 'ਦੇਣ' ਦੀ ਲੋੜ ਨਹੀਂ, ਜਾਨ 'ਬਚਾਣ' ਦੀ ਲੋੜ ਹੁੰਦੀ ਏ।"

"ਮੈਂ ਇਸ ਦਾ ਮਤਲੱਬ ਨਹੀਂ ਸਮਝਿਆ।"

"ਜਦੋਂ ਵੇਲਾ ਆਵੇਗਾ, ਸਮਝ ਜਾਓਗੇ।"

"ਸਰਲਾ! ਰੱਬ ਦੇ ਵਾਸਤੇ ਬੁਝਾਰਤਾਂ ਨਾ ਪਾ।"

"ਮੋਹਨ ਜੀ, ਮੈਨੂੰ ਸਮਝਾਣ ਦੀ ਵਿਹਲ ਨਹੀਂ।"

"ਕਿਉਂ ?"

"ਮੇਰੇ ਆਪਣੇ ਦੁਖ ਈ ਮੈਨੂੰ ਵੇਹਲਿਆਂ ਨਹੀਂ ਹੋਣ ਦੇਂਦੇ।"

"ਸਰਲਾ, ਮੈਨੂੰ ਇਸ ਗੱਲ ਦਾ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਤੇਰਾ ਦਿਲ ਇਤਨਾ ਸਖਤ ਹੋ ਗਿਆ ਹੋਵੇਗਾ।"

"ਸਖ਼ਤ ਦਿਲ ਕਰਨਾ ਈ ਪੈਂਦਾ ਏ ਮੋਹਨ ਜੀ, ਜੀਣਾ ਜੁ ਹੋਇਆ।"

"ਪਰ ਤੂੰ ਦੂਸਰੇ ਨੂੰ ਮਾਰ ਕੇ ਜੀਣਾ ਚਾਹੁੰਨੀ ਏਂ ?"

"ਨਹੀਂ ਆਪਣੇ ਆਪ ਨੂੰ ਮਾਰ ਕੇ।"

"ਸਰਲਾ, ਮੈਂ ਸਾਫ਼ ਸਾਫ਼ ਗੱਲਾਂ ਕਰਨੀਆਂ ਚਾਹੁੰਨਾ ਵਾਂ।"

"ਤਾਂ ਫਿਰ ਤੁਸੀਂ ਸਾਫ਼ ਸਾਫ਼ ਦੱਸੋਂ, ਕੀ ਚਾਹੁੰਦੇ ਓ ?"

"ਮੈਂ ? ਇਸ ਸਵਰਗੀ ਫੁਲ ਨੂੰ ਪ੍ਰਾਪਤ ਕਰਨਾ ਚਾਹੁੰਨਾ ਵਾਂ।"

"ਮੈਨੂੰ ?" ਕੁਝ ਠਹਿਰ ਕੇ ਸਰਲਾ ਬੋਲੀ—"ਮੋਹਨ ਜੀ, ਫੁੱਲਾਂ ਨੂੰ ਲੋਕੀਂ ਕਿਉਂ ਚਾਹੁੰਦੇ ਨੇ ?"

"ਖ਼ੁਸਬੋ ਲਈ।"

"ਤੇ ਫੁੱਲਾਂ ਦਾ ਬਾਦਸ਼ਾਹ ਲੋਕੀਂ ਕਿਹੜੇ ਫੁੱਲ ਨੂੰ ਸਮਝਦੇ ਨੇ ?"

"ਮੇਰੇ ਖ਼ਿਆਲ ਵਿਚ ਕੰਵਲ ਨੂੰ।"

"ਕਿਸ ਕਰਕੇ ?"

"ਪਤਾ ਨਹੀਂ।"

"ਮੋਹਨ ਜੀ, ਕੰਵਲ ਨੂੰ ਇਸ ਕਰਕੇ ਫੁੱਲਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਏ ਕਿ ਇਕ ਤਾਂ ਉਹ ਬਾਗ਼ਾਂ ਤੋਂ ਬਹੁਤ ਦੂਰ ਰਹਿੰਦਾ ਏ, ਦੂਜਾ ਉਸ ਵਿਚ ਖ਼ੁਸ਼ਬੋ ਨਹੀਂ ਹੁੰਦੀ। ਜੇ ਉਸ ਵਿਚ ਖ਼ੁਸ਼ਬੋ ਹੁੰਦੀ ਤਾਂ ਉਹ ਫੁੱਲਾਂ ਵਾਂਗ ਸਿਰਫ਼ ਵਾਸ਼ਨਾ ਦੀ ਖੁਰਾਕ ਵੰਡਣ ਵਾਲਾ ਈ ਹੁੰਦਾ ਤੇ ਜੇ ਉਹ ਹੋਰ ਫੁੱਲਾਂ ਦੇ ਵਿਚ ਈ ਰਹਿੰਦਾ ਤਾਂ ਸ਼ੈਦ ਇਤਨਾ ਸੋਹਣਾ ਨਾ ਹੁੰਦਾ—ਮੋਹਨ ਜੀ, ਕਦੇ ਫੁੱਲ ਸੁੰਘਿਆ ਜੇ ?"

"ਕਈ ਵਾਰੀ।"

"ਉਸ ਦੀ ਖ਼ੁਸ਼ਬੋ ਨਾਲ ਕਦੇ ਰਜੇ ਓ ?"

"ਨਹੀਂ, ਸਗੋਂ ਜਿਉਂ-ਜਿਉਂ ਸੁੰਘੀ ਜਾਈਏ, ਸੁੰਘਣ ਦੀ ਖਾਹਿਸ਼ ਵਧਦੀ ਜਾਂਦੀ ਏ।"

"ਤੇ ਅਖ਼ੀਰ ਕੀ ਹੁੰਦਾ ਏ ?"

"ਅਖ਼ੀਰ ਆਦਮੀ ਅਣ-ਰੱਜਿਆ ਈ ਉਸ ਨੂੰ ਨੱਕ ਨਾਲੋਂ ਹਟਾ ਕੇ ਸੁੱਟ ਦੇਂਦਾ ਏ।"

"ਉਸ ਫੁੱਲ ਦਾ ਫਿਰ ਕੀ ਹਾਲ ਹੁੰਦਾ ਏ।"

"ਸੁੱਕ ਕੇ ਰੁਲ ਜਾਂਦਾ ਏ।"

"ਤੁਸੀਂ ਜਿਸ ਫੁੱਲ ਨੂੰ ਚਾਹੁੰਦੇ ਹੋ, ਉਸ ਨਾਲ ਵੀ ਇਹੋ ਕੁਝ ਹੋਵੇਗਾ ?"

ਮੋਹਨ ਕੁਝ ਜਵਾਬ ਨਾ ਦੇ ਸਕਿਆ। ਸਰਲਾ ਫੇਰ ਬੋਲੀ—"ਮੋਹਨ ਜੀ, ਇਹ ਸਦਾ ਲਈ ਤੁਹਾਡਾ ਈ ਰਹੇਗਾ, ਪਰ ਤੁਹਾਨੂੰ ਆਤਮਕ ਸੁੰਦਰਤਾ ਤੇ ਕੋਮਲਤਾ ਦੇ ਸਕਦਾ ਏ, ਕਿਉਂਕਿ ਇਹ ਕੰਵਲ ਦਾ ਫੁੱਲ ਏ। ਪਰ ਯਾਦ ਰੱਖੋ, ਜੇ ਤੁਸੀਂ ਤ੍ਰਿਸ਼ਨਾ ਉਪਜਾਊ ਭਾਵਾਂ ਨਾਲ ਇਸ ਵੱਲ ਹੱਥ ਵਧਾਓਗੇ, ਤਾਂ ਇਹ ਫ਼ੌਲਾਦੀ ਬਣ ਜਾਏਗਾ।"

ਸਰਲਾ ਦੀ ਛੇਕੜਲੀ ਗੱਲ ਸੁਣ ਕੇ ਮੋਹਨ ਦਾ ਹਾਲ ਉਸ ਸਵਾਰ ਵਰਗਾ ਹੋਇਆ, ਜੋ ਘੋੜੇ ਨੂੰ ਸਰਪੱਟ ਦੁੜਾਈ ਆ ਰਿਹਾ ਹੋਵੇ, ਤੇ ਉਤਰਾਈ ਵਿਚ ਪਹੁੰਚ ਕੇ ਅਚਾਨਕ ਹੀ ਰਕਾਬਾਂ ਵਿਚੋਂ ਉਸ ਦੇ ਪੈਰ ਨਿਕਲ ਜਾਣ। ਉਹ ਡਾਵਾਂ ਡੋਲ ਜਿਹਾ ਹੋ ਕੇ ਬੋਲਿਆ—"ਸਰਲਾ ਏਡੇ ਗਿਆਨ ਤੂੰ ਕਿੱਥੋਂ ਸਿੱਖੇ ਨੇ ?"

"ਤੁਹਾਥੋਂ ਈ ਮੋਹਨ ਜੀ—ਤੁਹਾਡੀਆਂ ਈ ਕਹਾਣੀਆਂ ਪੜ੍ਹ ਪੜ੍ਹ ਕੇ, ਤੁਹਾਡੇ ਖ਼ਿਆਲਾਂ ਵਿਚ ਉਲਝ ਕੇ।"

"ਮੈਨੂੰ ਇਕ ਗੱਲ ਸਾਫ਼ ਸਾਫ਼ ਦੱਸ ਤੇਰਾ ਸੰਜੋਗ ਮੇਰੇ......"

"ਨਹੀਂ ਮੋਹਨ ਜੀ, ਮੇਰੇ ਵਰਗੀ ਕਰਮਾਂ ਸੜੀ ਦਾ ਸੰਜੋਗ ਕਿਸੇ ਬੇ-ਨਸੀਬੇ ਨਾਲ ਲੜੇਗਾ, ਤੁਹਾਡੇ ਵਰਗੇ ਦੇਵਤੇ ਨਾਲ ਨਹੀਂ ਜੁੜ ਸਕਦਾ।"

"ਕਿਉਂ ਪਰ ? ਤੈਨੂੰ ਕਿਸ ਤਰ੍ਹਾਂ ਪਤਾ ਏ ?"

"ਮੈਨੂੰ, ਪਤਾ ਏ?"

"ਤਾਂ ਵੀ।"

"ਮੇਰੇ ਮਾਂ ਪਿਓ ਮੈਨੂੰ ਉਥੇ ਦੇਣ ਦੀਆਂ ਸਲਾਹਾਂ ਕਰ ਰਹੇ ਨੇ, ਜਿਥੋਂ ਮੇਰੇ ਸਾਵੀਂ ਤੋਲ ਕੇ ਉਨ੍ਹਾਂ ਨੂੰ ਚਾਂਦੀ ਮਿਲ ਸਕੇ। ਤੇ ਇਹ ਮਹਿੰਗਾ ਸੌਦਾ ਖ਼ਰੀਦਣਾ ਤੁਹਾਡੀ ਸਮਰੱਥਾ ਤੋਂ ਬਾਹਰ ਏ।"

ਕੌਣ ਕਹਿ ਸਕਦਾ ਹੈ ਕਿ ਆਦਮੀ ਦੀਆਂ ਸੋਚੀਆਂ ਹੋਈਆਂ ਸਾਰੀਆਂ ਗੱਲਾਂ ਠੀਕ ਹੀ ਹੋਣਗੀਆਂ! ਤ੍ਰੇਹ ਨਾਲ ਤੜਫਦਾ ਹੋਇਆ ਆਦਮੀ, ਠਾਠਾਂ ਮਾਰ ਰਹੀ ਨਦੀ ਵੱਲ ਭੱਜਦਾ ਹੈ, ਪਰ ਉਹ ਨਹੀਂ ਜਾਣਦਾ ਕਿ ਨਦੀ ਦੇ ਢਾਲੂ ਤੇ ਉੱਚੇ ਕੰਢੇ ਵੇਖ ਕੇ ਉਸ ਨੂੰ ਪਾਣੀ ਦੇ ਥਾਂ ਸਬਰ ਦੇ ਘੁੱਟ ਭਰਨੇ ਪੈਣਗੇ। ਮੋਹਨ ਦੀਆਂ ਉਮੇਦਾਂ ਦਾ ਮਹੱਲ, ਜੋ ਚਿਰਾਂ ਤੋਂ ਉਸਰ ਰਿਹਾ ਸੀ, ਸਰਲਾ ਦੀ ਛੇਕੜਲੀ ਗੱਲ ਦੇ ਇਕੋ ਗੋਲੇ ਨਾਲ ਢਹਿ ਢੇਰੀ ਹੋ ਗਿਆ।

੮

ਲਾਹੌਰ ਦੇ ਇਕ ਉਘੇ ਬਾਜ਼ਾਰ ਦਾ ਮੋੜ ਮੁੜਦਿਆਂ ਹੀ ਸਾਹਮਣੇ ਵਡਾ ਸਾਰਾ ਸਾਈਨ ਬੋਰਡ ਨਜ਼ਰੀਂ ਆਉਂਦਾ ਹੈ, ਜਿਸ ਦੇ ਉੱਤੇ ਕਿਸੇ ਪੇਂਡੂ ਦੀ ਪਗ ਜਿਡੇ ਮੋਟੇ-ਮੋਟੇ ਅੱਖਰਾਂ ਵਿਚ 'ਡਾਕਟਰ ਮਾਹਣਾ ਸਿੰਘ' ਦਾ ਨਾਂ ਲਿਖਿਆ ਹੋਇਆ ਹੈ। ਉਸ ਤੋਂ ਥੱਲਵੀਆਂ ਅੱਠਾਂ ਦੱਸਾਂ ਸਤਰਾਂ ਵਿਚ ਅੰਗਰੇਜ਼ੀ ਦੇ ਬਹੁਤ ਸਾਰੇ ਸੰਖਿਪਤ ਅੱਖਰਾਂ ਦਵਾਰਾ ਡਾਕਟਰ ਹੋਰਾਂ ਦੇ ਪ੍ਰਾਪਤ ਕੀਤੇ ਹੋਏ ਜਾਂ ਖ਼ਬਰੇ ਅਪ੍ਰਾਪਤ, ਡਿਪਲੋਮਿਆਂ ਦੇ ਸੰਖੇਪ ਨਾਂ ਹਨ। ਇਨ੍ਹਾਂ ਅੱਖਰਾਂ ਦਾ ਸਭ ਤੋਂ ਵਧੀਕ ਲਾਭ ਉਨ੍ਹਾਂ ਮੁੱਢਲੀ ਵਿਦਿਆ ਦੇ ਵਿਦਿਆਰਥੀਆਂ ਨੂੰ ਪਹੁੰਚਦਾ ਹੈ, ਜੋ ਰੋਜ਼ ਇਸ ਰਾਹੋਂ ਲੰਘ ਕੇ ਸਕੂਲ ਜਾਂਦੇ ਹਨ। ਅਰਥਾਤ ਉਸਤਾਦਾਂ ਦੇ ਛਾਟੇਂ ਖਾਣ ਅਤੇ ਕੰਨ ਪੁਟਾਣ ਤੋਂ ਬਿਨਾਂ ਹੀ ਉਨ੍ਹਾਂ ਨੂੰ ਏ. ਬੀ. ਸੀ. ਯਾਦ ਹੋ ਜਾਂਦੀ ਹੈ।

ਬੋਰਡ ਦਾ ਮਜ਼ਮੂਨ ਇਥੇ ਹੀ ਖ਼ਤਮ ਨਹੀਂ, ਸਗੋਂ ਏਨੀਆਂ ਕੁ ਸਤਰਾਂ ਉਸ ਦੇ ਹੇਠਾਂ ਹੋਰ ਵੀ ਨੇ, ਜਿਨ੍ਹਾਂ ਦਵਾਰਾ ਡਾਕਟਰ ਹੋਰਾਂ ਦੇ ਪਬਲਿਕ ਜੀਵਨ ਉਤੇ ਚਾਨਣ ਪੈਂਦਾ ਹੈ। ਜਿਵੇਂ—ਸਾਬਕ ਜਨਰਲ ਸੈਕ੍ਰੇਟਰੀ ਪਿੰਡ ਸੁਧਾਰ ਸਭਾ, ਸਕੱਤਰ ਸ਼ਾਦੀ ਸਭਾ, ਮੀਤ ਪ੍ਰਧਾਨ ਰੁਜ਼ਗਾਰ ਦਿਵਾਊ ਸਭਾ, ਸਾਬਕ ਅਸਿਸਟੈਂਟ ਸੈਕ੍ਰੇਟਰੀ ਸਿੰਘ ਸਭਾ, ਤੇ ਮੌਜੂਦਾ ਪ੍ਰਾਈਵੇਟ ਸੈਕ੍ਰੇਟਰੀ ਵਿਧਵਾ ਵਿਆਹ ਸਭਾ ਆਦਿ।

ਇਸ ਤੋਂ ਛੁੱਟ ਦੁਕਾਨ ਦੇ ਥੰਮਾਂ, ਛਜਿਆਂ ਤੇ ਕੰਧਾਂ ਉੱਤੇ ਬੇ-ਹਿਸਾਬ ਛੋਟੇ-ਛੋਟੇ ਬੋਰਡ ਲੱਗੇ ਹੋਏ ਹਨ, ਜਿਨ੍ਹਾਂ ਵਿਚੋਂ ਕਿਸੇ ਉਤੇ ਲਿਖਿਆ ਹੈ— "ਵੱਡੇ-ਵੱਡੇ ਨਵਾਬ ਲਫ਼ਟੰਟ, ਜੱਜ, ਬਰਿਸਟਰ, ਇਥੋਂ ਹੀ ਇਲਾਜ ਕਰਾਂਦੇ ਹਨ "ਇਕ ਬੋਰਡ ਤੇ ਲਿਖਿਆ ਹੈ—"ਗਰੀਬਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ।"

ਰੋਜ਼ ਦੇ ਨੇਮ ਅਨੁਸਾਰ ਅੱਜ ਵੀ ਡਾਕਟਰ ਹੋਰਾਂ ਆਂਢ-ਗੁਆਂਢ ਦੇ ਦੁਕਾਨਦਾਰਾਂ ਨਾਲੋਂ ਪਹਿਲਾਂ ਹੱਟੀ ਖੋਲ੍ਹੀ। ਸਭ ਤੋਂ ਪਹਿਲਾਂ ਉਨ੍ਹਾਂ ਬਹਾਰੀ ਦੇ ਕੇ ਹੱਟੀ ਵਿਚੋਂ ਗਨੇਰੀਆਂ ਦੇ ਛਿਲੜ, ਤਾਸ਼ ਦੇ ਕੁਝ ਪਾਟੇ ਹੋਏ ਵਰਕੇ, ਰੋਟੀਆਂ ਦੇ ਕੁਝ ਟੁਕੜੇ ਤੇ ਹੋਰ ਕੂੜਾ ਕਰਕਟ' ਕੱਠਾ ਕਰ ਕੇ ਬੂਹੇ ਅੱਗੇ ਸੁੱਟਿਆ। ਫਿਰ ਪਰਨੇ ਨਾਲ ਕੁਰਸੀਆਂ, ਸ਼ੀਸ਼ੀਆਂ ਆਦਿ ਦਾ ਘੱਟਾ ਝਾੜਿਆ। ਟੁੱਟੀਆਂ ਹੋਈਆਂ ਕੁਰਸੀਆਂ ਨੂੰ ਠੋਕ ਠਾਕ ਕੇ ਉਨ੍ਹਾਂ ਦੀਆਂ ਚੂਲਾਂ ਠੀਕ ਕੀਤੀਆਂ, ਤੇ ਉਨ੍ਹਾਂ ਨੂੰ ਥਾਉਂ ਥਾਈਂ ਰੱਖ ਕੇ ਆਪ ਮੇਜ਼ ਅੱਗੇ ਆ ਬੈਠੇ।

ਇੰਨੇ ਨੂੰ ਇਕ ਬੁੱਢਾ ਜਿਹਾ ਮਨੁੱਖ ਆ ਕੇ ਹੱਟੀ ਅੱਗੇ ਖੜੋ ਗਿਆ। ਚੋਖਾ ਚਿਰ ਬੋਰਡਾਂ ਦੇ ਮਜ਼ਮੂਨ ਪੜ੍ਹਨ ਤੋਂ ਬਾਅਦ ਡਾਕਟਰ ਹੋਰਾਂ ਵੱਲ ਤੱਕ ਕੇ ਪੁੱਛਣ ਲੱਗਾ—"ਕਿਉਂ ਬਈ ਜੁਆਨਾ, ਡਾਕਟਰ ਸਾਹਿਬ ਹੋਰੀਂ ਕਦ ਕੁ ਤੀਕ ਆਉਣਗੇ?"

ਪੰਜਾਬ ਦੇ ਅਨਪੜ੍ਹ ਭੌਂਦੂਆਂ ਨੂੰ ਕੋਈ ਕੀ ਆਖੇ, ਜਿਹੜਾ ਇਤਨੀ ਵਾਕਫੀਅਤ ਬਹੰਮ ਪਹੁੰਚਾਣ ਅਤੇ ਡਾਕਟਰ ਨੂੰ ਸਾਖਿਆਤ ਵੇਖ ਕੇ ਵੀ ਉਨ੍ਹਾਂ ਨੂੰ ਰਸੋਈਆ ਜਾਂ ਚਪੜਾਸੀ ਸਮਝ ਕੇ ਉਸ ਉਤੇ ਉਪਰੋਕਤ ਕਿਸਮ ਦੇ ਸੁਆਲ ਚੁੱਕ ਕਰਦੇ ਹਨ।

ਡਾਕਟਰ ਹੋਰੀਂ ਖਿੱਝ ਕੇ ਬੋਲੇ—"ਦਿਸਦਾ ਨਹੀਂ ਤੈਨੂੰ? ਮਹੀਓਂ ਡਾਕਟਰ ਆਂ, ਹੋਰ ਕਿਹੜਾ ਏ।"

ਬੁੱਢਾ ਸ਼ਰਮਿੰਦਾ ਹੋ ਕੇ ਬੋਲਿਆ—"ਹਲਾ ਜੀ? ਮੈਨੂੰ ਕੀ ਪਤਾ ਸੀ" ਇਸ ਤੋਂ ਬਆਦ ਉਹ ਡਾਕਟਰ ਹੋਰਾਂ ਦੇ ਨੇੜੇ ਆ ਖਲੋਤਾ ਤੇ ਆਪਣੀ ਬੀਮਾਰੀ ਦੇ ਲੰਮੇ ਚੌੜੇ ਬਿਆਨ ਦੇਣ ਲੱਗਾ।

ਡਾਕਟਰ ਹੋਰਾਂ ਛਿਆਂ ਡੋਜ਼ਾਂ ਦੀ ਇਕ ਸ਼ੀਸ਼ੀ, ਛੇ ਪੁੜੀਆਂ ਤੇ ਛੇ ਗੋਲੀਆਂ ਉਸ ਨੂੰ ਦੇ ਕੇ ਕਿਹਾ—"ਇਕ ਘੰਟੇ ਬਾਅਦ ਤਿੰਨੇ ਚੀਜ਼ਾਂ ਬਦਲ-ਬਦਲ ਕੇ ਲੈਣੀਆਂ।"

"ਹੱਲਾ ਜੀ, ਰੱਬ ਤੁਹਾਡਾ ਭਲਾ ਕਰੇ" ਕਹਿ ਕੇ ਬੁੱਢਾ ਤੁਰ ਪਿਆ। ਉਸ ਨੂੰ ਹੱਟੀਓਂ ਬਾਹਰ ਨਿਕਲਦਿਆਂ ਵੇਖ ਕੇ ਡਾਕਟਰ ਹੋਰਾਂ ਆਵਾਜ਼ ਦਿੱਤੀ—"ਓਏ, ਪੈਸਿਆਂ ਦਾ ਚੇਤਾ ਭੁੱਲ ਗਿਆ ਈ, ਲਿਆ ਇਕ ਰੁਪਿਆ ਦੋ ਆਨੇ।"

ਬੁੱਢਾ ਠਠੰਬਰ ਕੇ ਖਲੋ ਗਿਆ, ਤੇ ਬੋਲਿਆ—"ਜੀ ਮੈਂ ਗਰੀਬ ਆਦਮੀ ਆਂ, ਪੈਸਾ ਤੇ ਮੇਰੇ ਕੋਲ ਕੋਈ ਨਹੀਂ। ਤੁਹਾਡੇ ਬੋਟ ਤੇ ਜੁ ਲਿਖਿਆ ਹੋਇਆ......"

ਝਟਕੇ ਨਾਲ ਉਸ ਦੇ ਹੱਥੋਂ ਦਵਾਈਆਂ ਖੋਂਹਦੇ ਹੋਏ ਡਾਕਟਰ ਹੋਰੀਂ ਬੋਲੇ—"ਚੱਲ ਚੱਲ ਦੂਰ ਹੋ। ਕਿਥੇ ਮੱਥੇ ਲਗਾ ਏਂ ਆ ਕੇ ਸਵੇਰੇ ਸਵੇਰੇ, ਤੂੰ ਗਰੀਬ ਏਂ? ਸ਼ਕਲ ਤੇ ਵੇਖੋ ਗਰੀਬਾਂ ਵਾਲੀ, ਬਦਮਾਸ਼ ਕਿਸੇ ਥਾਂ ਦਾ ਨਾ ਹੋਵੇ ਤੇ। ਦੌੜ ਜਾ ਇਥੋਂ, ਨਹੀਂ ਤੇ।"

ਹਫਦੇ ਹੋਏ ਡਾਕਟਰ ਹੋਰੀਂ ਮੁੜ ਆਪਣੀ ਥਾਂ ਆ ਬੈਠੇ ਤੇ ਖੀਸੇ ' ਚੋਂ ਰੁਮਾਲ ਕੱਢ ਕੇ ਮੇਜ਼ ਤੋਂ ਦਾਲ ਪੂੰਝਣ ਲਗੇ, ਜੇਹੜੀ ਉਨ੍ਹਾਂ ਦੇ ਮੁੰਡਿਆਂ ਕੁੜੀਆਂ ਨੇ ਸ਼ਾਇਦ ਕਲ੍ਹ ਇਸ ਉੱਤੇ ਬੈਠ ਕੇ ਰੋਟੀ ਖਾਣ ਲੱਗਿਆਂ ਲਿੰਬੀ ਸੀ।

ਕੁਝ ਚਿਰ ਬਾਅਦ ਹੋਰ ਮਰੀਜ਼ ਨੇ ਆ ਕੇ ਕਿਹਾ—"ਡਾਕਟਰ ਜੀ! ਨਜ਼ਰ ਖ਼ਰਾਬ ਹੋ ਗਈ ਏ। ਕੋਈ ਦਵਾਈ ਦਿਓ।"

ਰੁਮਾਲ ਖੀਸੇ ਵਿਚ ਪਾ ਕੇ ਡਾਕਟਰ ਹੋਰੀਂ ਮਰੀਜ਼ ਦੀ ਤਸ਼ਖ਼ੀਸ਼ ਕਰਨ ਲੱਗੇ। ਦੋਂਹ ਉਂਗਲਾਂ ਨਾਲ ਉਸ ਦੀ ਸੱਜੀ ਅੱਖ ਦੇ ਛਪਰ ਨੂੰ ਉਲਟ ਕੇ ਚੋਖਾ ਚਿਰ ਵੇਖਣ ਤੋਂ ਬਾਅਦ ਬੋਲੇ—"ਬਈ ਅੱਖਾਂ ਤੇ ਤੇਰੀਆਂ ਬਿਲਕੁਲ ਹੀ ਖ਼ਰਾਬ ਹੋ ਗਈਆਂ ਨੇ ਮਹੀਨਾ ਵੀਹ ਦਿਨ ਲੱਗ ਕੇ ਇਲਾਜ ਕਰਾਣਾ ਪਵੇਗਾ।"

ਸੰਗਦਾ ਸੰਗਦਾ ਮਰੀਜ਼ ਬੋਲਿਆ—"ਪਰ ਡਾਕਟਰ ਜੀ! ਜਿਹੜੀ ਅੱਖ ਤੁਸਾਂ ਵੇਖੀ ਏ, ਇਸ ਵਿਚ ਤਾਂ ਮੈਂ ਪੱਥਰ ਦਾ ਡੇਲਾ ਪੁਆਇਆ ਹੋਇਆ ਏ—ਮੇਰੀ ਤੇ ਸਿਰਫ਼ ਇਕੋ ਖੱਬੀ ਅੱਖ ਈ ਕੰਮ ਕਰਦੀ ਏ।"

ਬੁਲ੍ਹ ਟੁਕਦੇ ਹੋਏ ਡਾਕਟਰ ਬੋਲੇ—"ਤੂੰ ਪਹਿਲਾਂ ਕਿਉਂ ਨਾ ਦਸਿਆ— ਮੁਫ਼ਤ ਵਿਚ ਮੇਰਾ ਵਕਤ ਹਰਜ ਕੀਤਾ ਈ। ਤਾਂਹੀਏਂ ਤੇ ਹਿੰਦੁਸਤਾਨੀਆਂ ਨੂੰ ਸੁਰਾਜ ਨਹੀਂ ਮਿਲਦਾ। ਅਕਲ ਨਾ ਮੌਤ।"

ਮਰੀਜ਼ ਬੋਲਿਆ—"ਜੀ ਮੈਂ ਆਖਿਆ, ਖੌਰੇ ਇਸ ਨੂੰ ਵੀ ਰਾਜ਼ੀ ਕਰ ਦਿਓਗੇ।" ਕਹਿੰਦਾ ਹੋਇਆ ਮਰੀਜ਼ ਤੁਰਦਾ ਬਣਿਆ।

ਇਸ ਵੇਲੇ ਇਕ ਹੋਰ ਆਦਮੀ ਨੂੰ ਕੁਰਸੀ ਤੇ ਬੈਠਦਾ ਵੇਖ ਕੇ ਡਾਕਟਰ ਹੋਰੀਂ ਉਸ ਵੱਲ ਮੁੜੇ ਤੇ ਪੁੱਛਣ ਲੱਗੇ—"ਸੁਣਾ, ਕਲ੍ਹ ਦੀ ਦਵਾਈ ਨਾਲ ਮੁੰਡੇ ਨੂੰ ਕੁਝ ਫ਼ਰਕ ਪਿਆ ?"

"ਜੀ ਅੱਜ ਤੇ ਕਲ੍ਹ ਨਾਲੋਂ ਬਹੁਤ......" ਉਸ ਨੇ ਅਜੇ ਗੱਲ ਮੁਕਾਈ ਵੀ ਨਹੀਂ ਸੀ ਕਿ ਵਿਚੋਂ ਹੀ ਡਾਕਟਰ ਹੋਰੀਂ ਫ਼ਖ਼ਰ ਨਾਲ ਬੋਲੇ—"ਤੈਨੂੰ ਕਿਹਾ ਜੁ ਸੀ ਕਿ ਕਲ੍ਹ ਤਕ ਜ਼ਰੂਰ ਆਰਾਮ ਆ ਜਾਵੇਗਾ। ਮਰਜ਼ ਦੀ ਤਫ਼ਤੀਸ਼ (ਤਸ਼ਖ਼ੀਸ਼) ਹੋ ਜਾਵੇ ਤੇ ਫਿਰ ਭਲਾ ਆਰਾਮ ਕਿਉਂ ਨਾ ਆਵੇ। ਅੱਜ ਕਲ੍ਹ ਦੇ ਡਾਕਟਰ ਮਰਜ਼ ਨੂੰ ਤੇ ਪਛਾਣਦੇ ਨਹੀਂ ਤੇ ਮਾਂ ਮੁਢੋਂ ਬਣ ਬਹਿੰਦੇ ਨੇ ਡਾਕਟਰ। ਤਾਹੀਏਂ ਤੇ ਹਿੰਦੁਸਤਾਨ ਨੂੰ ਸੁਰਾਜ ਨਹੀਂ ਮਿਲਦਾ।"

ਮਰੀਜ਼ ਦਾ ਵਾਰਸ ਬਿਤਰ ਬਿਤਰ ਡਾਕਟਰ ਹੋਰਾਂ ਦੇ ਮੂੰਹ ਵੱਲ ਤੱਕਦਾ ਰਿਹਾ। ਫਿਰ ਸੰਗਦਾ ਸੰਗਦਾ ਬੋਲਿਆ—"ਨਹੀਂ ਜੀ, ਮੈਂ ਤੇ ਆਖਣ ਲੱਗਾ ਸਾਂ, ਮੁੰਡਾ ਕਲ੍ਹ ਨਾਲੋਂ ਅੱਜ ਬਹੁਤ ਜ਼ਿਆਦਾ ਔਖਾ ਏ। ਤੁਸਾਂ ਕਿਹਾ ਸੀ ਕਿ ਦਵਾ ਨਾਲ ਦੋ ਤਿੰਨ ਜੁਲਾਬ ਆ ਕੇ ਪੇਟ ਸਾਫ਼ ਹੋ ਜਾਵੇਗਾ, ਪਰ ਉਹਨੂੰ ਤੇ ਦਵਾਈ ਪਿਆਉਂਦਿਆਂ ਈ ਬੰਨ੍ਹ ਪੈ ਗਿਆ ਸਗੋਂ। ਨਾਲੇ ਤਾਪ ਵੀ ਜ਼ੋਰ ਦੀ ਹੋ ਗਿਆ ਏ।"

ਗੱਲ ਸੁਣ ਕੇ ਡਾਕਟਰ ਹੋਰਾਂ ਨੂੰ ਜਿਵੇਂ ਸੱਪ ਸੁੰਘ ਗਿਆ। ਚਮਕ ਕੇ ਬੋਲੇ—"ਇਹ ਕਿਸ ਤਰ੍ਹਾਂ ਹੋ ਸਕਦਾ ਏ। ਉਸ ਨੇ ਜ਼ਰੂਰ ਕੋਈ ਬਦ-ਪਰਹੇਜ਼ੀ ਕੀਤੀ ਹੋਣੀ ਏ। ਖਾਣ ਨੂੰ ਕੀ ਦਿੱਤਾ ਸੀ ?"

"ਓਹੀ ਪਤਲੀ ਖਿਚੜੀ।"

"ਖਿਚੜੀ ਤੇ ਹੋਈ, ਪਰ ਚੌਲਾਂ ਵਿਚ ਦਾਲ ਕਾਹਦੀ ਪਾਈ ਸੀ ?"

"ਜੀ ਮੂੰਗੀ ਦੀ ਧੋਤਵੀਂ।"

"ਔਹ ਵੇਖਾਂ, ਆਈ ਨਾ ਓਹੀਓ ਗੱਲ। ਮੈਂ ਆਖਾਂ, ਲੋਹੜਾ ਕੀ ਪੈ ਗਿਆ। ਦਵਾਈ ਨੇ ਜਾਦੂ ਦਾ ਅਸਰ ਕਰਨਾ ਸੀ। ਮੈਂ ਜੂ ਕਿਹਾ ਏ ਜ਼ਰੂਰ ਕੋਈ ਨਾ ਕੋਈ ਬਦ-ਪਰਹੇਜ਼ੀ ਹੋਈ ਹੋਵੇਗੀ।"

"ਪਰ ਜੀ ਤੁਸਾਂ ਤਾਂ ਇਹੋ ਦੱਸੀ ਸੀ।"

"ਗੁੱਸੇ ਨਾਲ ਦੰਦ ਕਰੀਚਦੇ ਹੋਏ ਡਾਕਟਰ ਹੋਰੀਂ ਬੋਲੇ—"ਓ ਭਲਿਆ ਲੋਕਾਂ, ਅਕਲ ਤੇ ਤੇਰੀ ਆਪਣੀ ਮਾਰੀ ਹੋਈ ਏ। ਮੈਂ ਤੈਨੂੰ ਸਾਬਤ ਮੂੰਗੀ ਕਹੀ ਸੀ ਕਿ ਧੋਤਵੀਂ ? ਧੋਤਵੀਂ ਦਾਲ ਤੇ ਪੱਥਰ ਨਾਲੋਂ ਸਖ਼ਤ ਹੁੰਦੀ ਏ। ਸਾਡੇ ਮੁਲਕ ਨੂੰ ਤਾਂਹੀਏਂ ਤੇ ਸੁਰਾਜ ਨਹੀਂ ਮਿਲਦਾ। ਅਕਲ ਇਨ੍ਹਾਂ ਲੋਕਾਂ ਨੂੰ ਟਕੇ ਡਬਲ ਦੀ ਨਾ ਹੋਈ। ਆਖੀਦਾ ਕੁਝ ਏ, ਤੇ ਸਮਝਦੇ ਕੁਝ ਨੇ।" ਇਤਨਾ ਕਹਿ ਕੇ ਡਾਕਟਰ ਹੋਰਾਂ ਮੇਜ਼ ਤੋਂ ਸ਼ੀਸ਼ੀ ਚੁਕੀ। ਸੁੰਘਣ ਤੇ ਜਦ ਹੋਰ ਤਰ੍ਹਾਂ ਦੀ ਵਾਸ਼ਨਾ ਆਈ, ਤਾਂ ਪੁੱਛਣ ਲੱਗੇ—"ਕਲ੍ਹ ਵਾਲੀ ਸ਼ੀਸ਼ੀ ਕਿਥੇ ਈ ?"

ਉਹ ਬੋਲਿਆ—"ਜੀ ਇਸੇ ਵਿਚ ਕਲ੍ਹ ਤੁਸਾਂ ਦਵਾਈ ਦਿੱਤੀ ਸੀ।"

ਡਾਕਟਰ ਹੋਰਾਂ ਫੇਰ ਸ਼ੀਸ਼ੀ ਨੂੰ ਚੰਗੀ ਤਰ੍ਹਾਂ ਸੁੰਘਿਆ ਤਾਂ ਪਤਾ ਲੱਗਾ ਕਿ ਕਲ੍ਹ ਉਨ੍ਹਾਂ ਐਕਸ ਟ੍ਰੈਕਟ ਕੈਸਕਾਰਾ ਸਗਰੇਟਾ ਲੀਕਵਿਡ, (ਕਬਜ਼ ਕੁਸ਼ਾ) ਦੇ ਥਾਂ ਗਲਤੀ ਨਾਲ 'ਕਲੋਰੋਡੀਨ' (ਕਬਜ਼ ਕਰਨ ਵਾਲੀ) ਦਵਾਈ ਦੇ ਦਿੱਤੀ ਸੀ।

ਛੇਤੀ ਨਾਲ ਡਾਕਟਰ ਹੋਰਾਂ ਆਪਣੀ ਭੁਲ ਨੂੰ ਸੁਧਾਰਿਆ, ਤੇ ਗਾਹਕ ਨੂੰ ਹੋਰ ਦਵਾਈ ਫੜਾਂਦਿਆਂ ਹੋਇਆਂ ਤਾੜਨਾ ਕੀਤੀ ਕਿ ਮੁੜ ਕੇ ਇਹੋ ਜਿਹੀ ਭੁੱਲ ਨਾ ਕਰੇ।

ਪੈਸੇ ਦੇ ਕੇ ਜਾਣ ਲੱਗਿਆਂ ਉਸ ਨੇ ਫਿਰ ਪੁਛਿਆ—"ਡਾਕਟਰ ਜੀ ਅੱਜ ਕੀ ਦੇਈਏ ਖਾਣ ਨੂੰ ?"

"ਦਹੀ ਚੌਲ ਤੇ ਜਾਂ ਮਾਂਹ ਦੀ ਦਾਲ ਨਾਲ ਫੁਲਕਾ" ਕਹਿ ਕੇ ਡਾਕਟਰ ਹੋਰੀਂ ਮੁੜ ਕੁਰਸੀ ਤੇ ਡਟ ਗਏ।

ਇਹੋ ਜਹੀ ਗਲਤੀ ਕਿਤੇ ਫੇਰ ਨਾ ਹੋ ਜਾਏ, ਇਸ ਲਈ ਉਹ ਕਾਗਤ ਦੀਆਂ ਚਿੱਟਾਂ ਕਟ ਕਟ ਕੇ ਤੇ ਉਨ੍ਹਾਂ ਉਤੇ ਹਰ ਇਕ ਦਵਾਈ ਦਾ ਨਾਂ ਲਿਖ ਲਿਖ ਕੇ ਬੋਤਲਾਂ ਸ਼ੀਸ਼ੀਆਂ ਉਤੇ ਲਾਣ ਲੱਗੇ। ਗੂੰਦਦਾਨੀ ਖ਼ਾਲੀ ਹੋਣ ਕਰਕੇ ਮਲ੍ਹਮ ਵਾਲਾ ਡੱਬਾ ਹੀ ਉਨ੍ਹਾਂ ਨੇ ਅੱਗੇ ਰੱਖ ਲਿਆ।

ਅਜੇ ਅੱਧਾ ਕੁ ਕੰਮ ਮੁਕਿਆ ਸੀ, ਕਿ ਸਾਹਮਣਿਉਂ ਆ ਕੇ ਕਿਸੇ ਉਨ੍ਹਾਂ ਨੂੰ ਕਿਹਾ—"ਡਾਕਟਰ ਜੀ ਸਤ ਸ੍ਰੀ ਅਕਾਲ!"

ਕੰਮ ਵਿਚੇ ਛਡ ਕੇ ਡਾਕਟਰ ਸਾਹਿਬ ਬੋਲੇ—"ਆਈਏ ਸਰਦਾਰ ਜਗਤ ਸਿੰਘ, ਸੁਣਾ ਯਾਰ, ਤੂੰ ਅੱਜ ਕਿਧਰ?"

ਕੁਰਸੀ ਤੇ ਬੈਠਦਾ ਹੋਇਆ ਉਹ ਬੋਲਿਆ—"ਐਵੇਂ ਈ, ਮੈਂ ਆਖਿਆ ਚੱਲ ਕੇ ਦਰਸ਼ਨ ਕਰ ਆਵਾਂ ਡਾਕਟਰ ਹੋਰਾਂ ਦੇ। ਸੁਣਾਓ ਸੁਖ ਸਾਂਦ ਏ ਸਭ?"

"ਮਿਹਰਬਾਨੀ। ਯਾਰ, ਤੇਰੇ ਗਲੀ ਮਹੱਲੇ ਵਿਚ ਕੋਈ ਬੀਮਾਰ ਨਹੀਂ ਹੁੰਦਾ?"

ਮੁਸਕਰਾਂਦਾ ਹੋਇਆ ਜਗਤ ਸਿੰਘ ਬੋਲਿਆ—"ਬੀਮਾਰ ਤੇ ਡਾਕਟਰ ਜੀ, ਤੁਹਾਡੀ ਕਿਰਪਾ ਨਾਲ ਬਥੇਰੇ ਹੁੰਦੇ ਨੇ, ਪਰ ਮੇਰੇ ਆਖੇ ਈ ਕੋਈ ਨਹੀਂ ਲੱਗਦਾ ਕਰਾਂ ਕੀ।"

"ਕਿਉਂ, ਆਖੇ ਕਿਉਂ ਨਹੀਂ ਲੱਗਦੇ?"

"ਖ਼ਬਰੇ! ਮੈਂ ਤੇ ਬਥੇਰਾ ਲੋਕਾਂ ਨੂੰ ਆਖਦਾ ਰਹਿਨਾ ਵਾਂ ਪਈ ਤੁਸੀਂ ਡਾਕਟਰ ਹੋਰਾਂ ਦੀ ਹੱਟੀ ਜਾਇਆ ਕਰੋ, ਉਨ੍ਹਾਂ ਦੀ ਦਵਾਈ ਨਾਲ ਜ਼ਿੰਦਗੀ ਸਮੇਤ ਈ ਤੁਹਾਡੀਆਂ ਸਾਰੀਆਂ ਬੀਮਾਰੀਆਂ ਦੂਰ ਹੋ ਜਾਣਗੀਆਂ, ਪਰ ਕੀ ਦਸਾਂ ਡਾਕਟਰ ਜੀ, ਜੀਣ ਦੀ ਹਿਰਸ ਲੋਕਾਂ ਦਾ ਪਿੱਛਾ ਈ ਨਹੀਂ ਛੱਡਦੀ?"

"ਹਾ, ਹਾ, ਹਾ, ਹਾ, ਤੂੰ ਵੀ ਜਗਤ ਸਿਆਂ, ਬੜਾ ਮਖੌਲੀ ਹੋ ਗਿਆ ਏਂ। ਹੱਛਾ ਹੋਰ ਸੁਣਾ ਕੋਈ ਗੱਲ ਬਾਤ। ਹਾਂ ਸੱਚ, ਤੇਰੇ ਸਰਦਾਰ ਦੀ ਵਹੁਟੀ ਸੁਣਿਆ ਏ ਬੜੀ ਬੀਮਾਰੀ ਰਹਿੰਦੀ ਏ, ਕੀ ਹਾਲ ਸੂ?"

"ਹਾਲ ਡਾਕਟਰ ਜੀ, ਉਹਦਾ ਕੀ ਹੋਣਾ ਏ। ਮੌਤ ਦੀਆਂ ਘੜੀਆਂ ਗਿਣਨ ਡਹੀ ਹੋਈ ਏ ਵਿਚਾਰੀ।"

"ਬੀਮਾਰੀ ਕੀ ਸੂ।"

"ਬਦ ਨਸੀਬੀ ਤੋਂ ਬਿਨਾਂ ਹੋਰ ਕੀ ਬੀਮਾਰੀ ਕਹਿ ਸਕਦੇ ਆਂ। ਖਸਮ ਨੇ ਵੈਲਦਾਰੀਆਂ ਤੇ ਲੱਕ ਬੰਨ੍ਹਿਆਂ ਹੋਇਆ ਏ, ਤੇ ਉਹ ਅੰਦਰੇ ਅੰਦਰ ਘੁਲਦੀ ਰਹਿੰਦੀ ਏ।"

"ਪਰ ਤੂੰ ਸਰਦਾਰ ਨੂੰ ਕਹਿਣਾ ਸੀ ਨਾ ਇਥੋਂ ਇਲਾਜ ਕਰਾਵੇ। ਤੇਰੇ ਪੈਰਾਂ ਦੀ ਖ਼ਰੈਤ ਬੜੇ ਬੜੇ ਪੁਰਾਣੇ ਬੀਮਾਰ ਰਾਜ਼ੀ ਕੀਤੇ ਨੇ। ਅਜੇ ਓਦਨ ਦੀ ਗੱਲ ਏ, ਨੂਰਪੁਰ ਦਾ ਜਗੀਰਦਾਰ, ਤੂੰ ਸੁਣਿਆ ਹੋਵੇਗਾ ਸਰਦਾਰ ਬਘੇਲ ਸਿੰਘ। ਉਸ ਦਾ ਵੱਡਾ ਮੁੰਡਾ ਢਾਈਆਂ ਵਰ੍ਹਿਆਂ ਤੋਂ ਖੰਘ ਤਾਪ ਨਾਲ ਮੰਜੇ ਨਾਲ ਮੰਜਾ ਹੋਇਆ ਪਿਆ ਸੀ। ਇਕ ਹਫ਼ਤਾ ਹੋਇਆ ਸੂ ਦਵਾਈ ਵਰਤਦਿਆਂ। ਜਾ ਕੇ ਵੇਖੇਂ ਤਾਂ ਹੈਰਾਨ ਰਹਿ ਜਾਵੇਂ। ਪਿੰਡੇ ਤੇ ਮਾਸ ਦਾ ਨਾਂ ਨਹੀਂ ਸੀ। ਹੁਣ ਐਉਂ ਜਾਪਦਾ ਏ ਜਿਕਣ ਘੁਲਾਟੀਏ ਹੁੰਦੇ ਨੇ। ਗਲ੍ਹਾਂ ਵਿਚੋਂ ਰਤ ਪਈ ਚੋਂਦੀ ਸੂ।"

ਜਿੰਨਾ ਚਿਰ ਡਾਕਟਰ ਹੋਰੀਂ ਬੋਲਦੇ ਰਹੇ ਜਗਤ ਸਿੰਘ ਮੂੰਹ ਮੀਟ ਕੇ ਸੁਣਦਾ ਰਿਹਾ। ਅੰਤ ਜਦ ਉਸ ਤੋਂ ਹਾਸਾ ਨਾ ਹੀ ਰੁਕ ਸਕਿਆ ਤਾਂ ਲੋਟ ਪੋਟ ਹੁੰਦਾ ਹੋਇਆ ਕੁਝ ਬੋਲਣ ਲਗਾ ਪਰ ਸਾਬਤ ਗੱਲ ਉਸ ਦੇ ਮੂੰਹੋਂ ਨਾ ਨਿਕਲ ਸਕੀ।

ਡਾਕਟਰ ਹੋਰੀ ਜ਼ਰਾ ਛਿੱਥੇ ਹੋ ਕੇ ਬੋਲੇ—"ਜਗਤ ਸਿਆਂ, ਓਏ ਏਡਾ ਹਾਸਾ? ਗੱਲ ਤੇ ਕਰ, ਓਏ ਹੋ ਕੀ ਗਿਆ ਏ ਤੈਨੂੰ?"

ਦੁਹਾਂ ਹੱਥਾਂ ਨਾਲ ਵੱਖੀਆਂ ਘੁਟਦਾ ਹੋਇਆ ਮਸੇ ਹਾਸਾ ਰੋਕ ਕੇ ਜਗਤ ਸਿੰਘ ਬੋਲਿਆ—"ਨੂਰਪੁਰ ਵਾਲੇ ਚੰਦਾ ਸਿੰਘ ਦੀ ਗਲ ਕਰਦੇ ਓ? ਡਾਕਟਰ ਜੀ, ਉਸ ਨੂੰ ਤੇ ਅਜ ਪੂਰੇ ਛੀ ਦਿਨ ਹੋਏ ਨੇ ਮੋਏ ਨੂੰ। ਸਾਡੇ ਸਰਦਾਰ ਦੀ ਵੀ ਦੂਰੋਂ ਪਾਰੋਂ ਰਿਸ਼ਤੇਦਾਰੀ ਸੀ, ਮਾਤਮ ਪੁਰਸੀ ਕਰਕੇ ਉਹ ਪਰਸੋਂ ਚੌਥੇ ਈ ਆਇਆ ਏ।"

ਗੱਲ ਸੁਣ ਕੇ ਡਾਕਟਰ ਹੋਰੀਂ ਗੁੰਮ ਹੋ ਗਏ। ਕਦੇ ਫਰਸ਼ ਵੱਲ ਤਕਦੇ ਕਦੇ ਛੱਤ ਵੱਲ।

ਜਗਤ ਸਿੰਘ ਫਿਰ ਬੋਲਿਆ—"ਬਈ ਡਾਕਟਰ ਜੀ, ਸਚਮੁੱਚ ਤੁਸੀਂ ਤੇ ਵੀਹਵੀਂ ਸਦੀ ਦੇ ਲੁਕਮਾਨ ਮਲੂਮ ਹੁੰਦੇ ਓ। ਤੁਹਾਡੀਆਂ ਦਵਾਈਆਂ ਬੜੀਆਂ ਅਸਰ ਵਾਲੀਆਂ ਨੇ। ਮੇਰੀ ਸਲਾਹ ਏ, ਜੇ ਕਦੇ ਤੁਸੀਂ ਮਸਾਣਾਂ ਵਿਚ ਲੱਕੜਾਂ ਸੁਟਾਣ ਦਾ ਵੀ ਠੇਕਾ ਲੈ ਲਓ, ਤਾਂ ਤੁਹਾਡੀ ਆਮਦਨੀ ਦੂਣੀ ਹੋ ਜਾਏਗੀ।"

ਹੋਰ ਥੋੜ੍ਹੇ ਚਿਰ ਦੇ ਹਾਸੇ ਠੱਠੇ ਤੋਂ ਬਾਅਦ ਜਗਤ ਸਿੰਘ ਨੇ ਡਾਕਟਰ ਹੋਰਾਂ ਦੇ ਕੰਨ ਨਾਲ ਮੂੰਹ ਜੋੜ ਕੇ ਕੁਝ ਆਖਿਆ। ਚੋਖਾ ਚਿਰ ਦੋਹਾਂ ਵਿਚ ਬੁਲ੍ਹ-ਫਰਕੀਆਂ ਹੁੰਦੀਆਂ ਰਹੀਆਂ ਤੇ ਅੰਤ ਉਨ੍ਹਾਂ ਦੀ ਸੰਮਤੀ ਮਿਲੀ।

ਡਾਕਟਰ ਹੋਰੀਂ ਕੁਰਸੀ ਤੋਂ ਉਠੇ। ਇਕ ਔਂਸ ਦੀ ਇਕ ਸ਼ੀਸ਼ੀ ਸਾਫ਼ ਕੀਤੀ, ਤੇ ਅਲਮਾਰੀ ਖੋਲ੍ਹ ਕੇ ਵਿਚੋਂ ਇਕ ਹਰੇ ਰੰਗ ਦੀ ਘੱਟੇ ਨਾਲ ਲਿਬੜੀ ਹੋਈ ਬੋਤਲ ਕੱਢੀ, ਜਿਸ ਦੇ ਲੇਬਲ ਉੱਤੇ ਲਾਲ ਸ਼ਾਹੀ ਨਾਲ ਛਪਿਆ ਹੋਇਆ ਸੀ "ਪ੍ਰਾਸਿਕ ਏਸਿਡ"।

ਫਿਰ ਸ਼ੀਸ਼ੀ ਉੱਤੇ ਦੁਕਾਨ ਦਾ ਛਪਿਆ ਹੋਇਆ ਲੇਬਲ ਲਾ ਕੇ ਉਸ ਉਤੇ "ਜ਼ਿੰਕ ਲੋਸ਼ਨ" ਲਿਖ ਕੇ ਜਗਤ ਸਿੰਘ ਨੂੰ ਫੜਾ ਦਿਤੀ।

ਜਗਤ ਸਿੰਘ ਨੇ ਸ਼ੀਸ਼ੀ ਜੇਬ ਵਿਚ ਪਾ ਲਈ, ਤੇ ਦਸਾਂ ਦਸਾਂ ਦੇ ਦੋ ਨੋਟ ਕੱਢ ਕੇ ਡਾਕਟਰ ਹੋਰਾਂ ਦੀ ਮੇਜ਼ ਤੇ ਰਖ ਦਿਤੇ। ਇਸ ਦੇ ਬਦਲੇ ਡਾਕਟਰ ਹੋਰਾਂ ਤੋਂ ਰਸੀਦ ਲਿਖਵਾ ਕੇ ਉਹ ਦੁਕਾਨ ਤੋਂ ਉਤਰ ਗਿਆ।

ਮੋਹਨ ਨੂੰ ਸਭ ਤੋਂ ਬਹੁਤਾ ਫ਼ਿਕਰ ਸ਼ਾਹੂਕਾਰ ਦਾ ਕਰਜ਼ਾ ਚੁਕਾਣ ਦਾ ਸੀ। ਤਿੰਨਾਂ ਚਹੁੰ ਦਿਨਾਂ ਦੀ ਨੱਠੋ ਭੱਜੀ ਤੇ ਮਿੰਨਤ ਖੁਸ਼ਾਮਦ ਦਾ ਇਹ ਸਿੱਟਾ ਹੋਇਆ ਕਿ ਸ਼ਾਹੂਕਾਰ ਨੇ ਵਿਆਜ ਵਿਚੋਂ ਕੁਝ ਪੈਸੇ ਛੱਡਣੇ ਮਨਜ਼ੂਰ ਕਰ ਲਏ। ਦੋ ਸੌ ਰੁਪਏ ਆਪਣੇ ਲਿਆਂਦੇ ਹੋਏ ਤੇ ਬਾਕੀ ਘਰ ਦਾ ਕੁਝ ਟੂੰਮ ਟੱਲਾ ਵੇਚ ਕੇ ਉਸ ਨੇ ਰਕਮ ਪੂਰੀ ਕੀਤੀ।

ਅਖ਼ੀਰ ਉਹ ਕਰਜ਼ੇ ਵਾਲੇ ਅਸ਼ਟਾਮ ਉਤੇ ਕੁਲ ਰਕਮ ਦੀ ਵਸੂਲੀ ਕਰਾ ਕੇ ਘਰ ਨੂੰ ਮੁੜਿਆ।

ਬਾਜ਼ਾਰ ਤੋਂ ਉਸ ਦਾ ਘਰ ਕੋਈ ਬਹੁਤਾ ਦੂਰ ਨਹੀਂ ਸੀ। ਕੁਲ ਚਹੁੰ ਪੰਜਾਂ ਮਿੰਟਾਂ ਦਾ ਰਸਤਾ ਸੀ, ਪਰ ਇਸ ਛੋਟੇ ਜਿਹੇ ਵਕਤ ਵਿਚ ਹੀ ਉਸ ਦੀਆਂ ਅੱਖਾਂ ਅੱਗੋਂ ਉਹ ਸਮਾਂ ਲੰਘ ਗਿਆ ਜੇਹੜਾ ਅਜੇ ਕੇਵਲ ਭਵਿਸ਼ ਅਤੇ ਕਲਪਨਾ ਦੇ ਪੇਟ ਵਿਚ ਸੀ। ਉਮੈਦਾਂ ਦੇ ਜਿਸ ਬੂਟੇ ਨੂੰ ਸਰਲਾ ਦੀਆਂ ਚਹੁੰ ਗੱਲਾਂ ਦੀ ਪੱਤਝੜ ਨੇ ਓਦਨ ਝੰਬ ਝਾੜ ਕੇ ਟੁੰਡ ਬਣਾ ਦਿਤਾ ਸੀ, ਕੀ ਉਸ ਬੂਟੇ ਵਿਚੋਂ ਸੱਧਰਾਂ ਦੀ ਹੁਣ ਕੋਈ ਲਗਰ ਨਹੀਂ ਨਿਕਲੇਗੀ? ਕੀ ਪੈਸੇ ਦੀ ਹੋਂਦ ਨਾਲ ਹੀ ਆਦਮੀ ਕਿਸੇ ਦਾ ਪ੍ਰੇਮ ਖਰੀਦ ਸਕਦਾ ਹੈ, ਇਸ ਤੋਂ ਬਿਨਾਂ ਨਹੀਂ?

ਇਹ ਖ਼ਿਆਲ ਉਸ ਲਈ ਸਾਧਾਰਨ ਖ਼ਿਆਲ ਸਨ, ਉਸ ਦੀਆਂ ਆਸਾਂ ਦੇ ਸੱਜ ਬੁਝੇ ਦੀਵੇ ਦਾ ਧੂੰਆਂ ਸੀ। ਪਰ ਇਤਨੀ ਨਿਰਾਸਤਾ ਹੋਣ ਤੇ ਵੀ ਇਕ ਸੂਖਮ ਜਿਹਾ ਆਸ-ਉਪਜਾਊ ਖ਼ਿਆਲ ਉਸ ਦੇ ਅੰਦਰ ਘੜੀ ਮੁੜੀ ਪੈਦਾ ਹੁੰਦਾ ਸੀ ਕਿ ਜੇ ਉਸ ਪਾਸ ਪੈਸਾ ਹੋਵੇ, ਤਾਂ ਹੋ ਸਕਦਾ ਹੈ ਓਸ ਪ੍ਰੀਤ-ਕੁਠੀ ਮੁਟਿਆਰ ਦੀਆਂ ਕੋਮਲ ਬਾਹਾਂ ਉਸ ਦੇ ਗਲੇ ਦੀ ਮਾਲਾ ਬਣ ਸਕਣ।

ਇਨ੍ਹਾਂ ਖ਼ਿਆਲਾਂ ਦੀਆਂ ਲੜੀਆਂ ਨੂੰ ਪਰੋਂਦਾ ਸੁਲਝਾਂਦਾ ਮੋਹਨ ਘਰ ਪੁੱਜਾ। ਬੂਹੇ ਵੜਦਿਆਂ ਹੀ ਸ਼ਾਂਤੀ ਨੇ ਉਸ ਨੂੰ ਦੋ ਚਿਠੀਆਂ ਦਿਤੀਆਂ, ਜੋ ਹੁਣੇ ਹੀ ਲਾਹੌਰੋਂ ਆਈਆਂ ਸਨ।

ਮੋਹਨ ਨੇ ਪਹਿਲਾ ਲਫ਼ਾਫ਼ਾ ਖ਼ੋਲ੍ਹਿਆ, ਇਹ ਉਸ ਦੇ ਮਾਲਕ ਸ: ਉਤਮ ਸਿੰਘ ਵਲੋਂ ਸੀ, ਜਿਸ ਦਾ ਮਜ਼ਮੂਨ ਸੀ—

"ਮੋਹਨ ਜੀ! ਉਮੇਦ ਹੈ ਤੁਸੀਂ ਰਾਜ਼ੀ ਖ਼ੁਸ਼ੀ ਹੋਵੋਗੀ। ਪਰਚੇ ਲਈ ਤੁਹਾਡਾ ਭੇਜਿਆ ਹੋਇਆ ਮਜ਼ਮੂਨ ਪੁੱਜਾ, ਪਰ ਬਹੁਤ ਥੋੜ੍ਹਾ ਹੈ। ਨਾਲੇ ਇਸ ਦਾ ਮੈਨੂੰ ਬੜਾ ਅਫ਼ਸੋਸ ਹੈ ਕਿ ਮਜ਼ਮੂਮ ਤੁਸੀਂ ਬਹੁਤ ਗੜਬੜ ਭੇਜਦੇ ਹੋ। ਮੇਰੇ ਕਹੇ ਮਾਫ਼ਕ ਨਹੀਂ ਹੁੰਦਾ। ਸਭ ਤੋਂ ਜ਼ਰੂਰੀ ਤਗੀਦ ਤੁਹਾਨੂੰ ਇਸ ਗੱਲ ਦੀ ਕੀਤੀ ਸੀ ਕਿ ਮੁਸਲਮਾਨਾਂ ਬਾਰੇ ਇਕ ਧੜੱਲੇਦਾਰ ਲੇਖ ਲਿਖਣਾ ਕਿ ਉਹ ਦਿਨੋ ਦਿਨ ਭੂਹੇ ਹੁੰਦੇ ਜਾ ਰਹੇ ਹਨ ਤੇ ਖ਼ਾਲਸਾ ਕੌਮ ਨੂੰ ਉਨ੍ਹਾਂ ਦਾ ਹਰ ਤਰ੍ਹਾਂ ਟਾਕਰਾ ਤੇ ਉਨ੍ਹਾਂ ਦਾ ਬਾਈਕਾਟ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ, ਪਰ ਤੁਸਾਂ ਇਸ ਬਾਰੇ ਇਕ ਸਤਰ ਵੀ ਨਹੀਂ ਲਿਖੀ।

ਇਸ ਤੋਂ ਛੁੱਟ ਜਿਹੜਾ ਤੁਸਾਂ ਸ: ਨਿਰਮਲ ਸਿੰਘ ਦੀ ਕਿਤਾਬ ਦਾ ਰੀਵੀਊ ਲਿਖ ਭੇਜਿਆ ਹੈ, ਉਹ ਮੈਨੂੰ ਜ਼ਰਾ ਵੀ ਪਸੰਦ ਨਹੀਂ। ਤੁਸਾਂ ਤਾਂ ਇਕ ਦੰਮ ਉਸ ਦੀਆਂ ਬੁਰਿਆਈਆਂ ਦੀ ਫਰਿਸਤ ਹੀ ਬਣਾ ਮਾਰੀ ਹੈ। ਮੰਨਿਆ ਕਿ ਕਿਤਾਬ ਵਿਚ ਬਹੁਤ ਸਾਰੀਆਂ ਕਵਿਤਾਵਾਂ ਨੌਜਵਾਨਾਂ ਦੇ ਚਾਲ ਚਲਣ ਵਿਗਾੜਨ ਵਾਲੀਆਂ ਹਨ—ਕਾਵਿ ਦੇ ਲਿਹਾਜ਼ ਨਾਲ ਵੀ ਘਟੀਆ ਸਹੀ, ਪਰ ਤੁਹਾਨੂੰ ਇਹ ਤਾਂ ਪਤਾ ਹੈ ਕਿ ਨਿਰਮਲ ਸਿੰਘ ਨੇ ਪਿਛਲੇ ਸਾਲ ਸਾਡੇ ਅਖ਼ਬਾਰ ਦੇ ਪੰਝੀ ਗਾਹਕ ਬਣਾਏ ਸਨ। ਸੋ ਸਭ ਤੋਂ ਪਹਿਲਾਂ ਇਹ ਰੀਵੀਊ ਨਵਾਂ ਲਿਖ ਕੇ ਭੇਜੋ; ਜਿਸ ਵਿਚ ਕਿਤਾਬ ਦੀ ਵੱਧ ਤੋਂ ਵੱਧ ਉਪਮਾ ਕੀਤੀ ਹੋਈ ਹੋਵੇ। ਨਾਲ ਹੀ ਪੰਜਾਬ ਯੂਨੀਵਰਸਿਟੀ ਪਾਸ ਸਫ਼ਾਰਸ਼ ਹੋਵੇ ਕਿ ਇਹ ਕਿਤਾਬ ਪੰਜਾਬੀ ਸਾਹਿਤ ਲਈ ਬੜੀ ਲਾਭਦਾਇਕ ਹੈ, ਛੇਤੀ ਤੋਂ ਛੇਤੀ ਇਸ ਨੂੰ ਪੰਜਾਬੀ ਦੇ ਕਿਸੇ ਕੋਰਸ ਵਿਚ ਲਾਇਆ ਜਾਵੇ।

ਇਕ ਗੱਲ ਹੋਰ ਚੇਤੇ ਰਖਣੀ। ਸਰਦਾਰ ਤਰਲੋਕ ਸਿੰਘ ਜੀ ਦੇ ਨਗਰ ਸਭਾ ਦੇ ਪ੍ਰਧਾਨ ਬਣਨ ਬਾਬਤ ਉਨ੍ਹਾਂ ਨੂੰ ਡਾਢੇ ਪਿਆਰੇ ਲਫ਼ਜ਼ਾਂ ਵਿਚ ਵਧਾਈ ਲਿਖਣੀ, ਤੇ ਨਾਲੇ ਉਨ੍ਹਾਂ ਦੇ ਪਬਲਕ ਜੀਵਨ ਤੇ ਚਾਨਣ ਪਾਂਦੇ ਹੋਏ ਲਿਖਣਾ ਕਿ ਆਪ ਬੜੇ ਗੁਰਮੁਖ, ਰਹਿਤ ਬਹਿਤ ਦੇ ਧਾਰਨੀ, ਵਿਦਵਾਨਾਂ ਦੇ ਕਦਰਦਾਨ, ਤੇ ਉੱਚੇ ਸੁੱਚੇ ਜੀਵਨ ਵਾਲੇ ਹਨ। ਉਨ੍ਹਾਂ ਨੂੰ ਕੌਮੀ ਸੇਵਾ ਦੀ ਮੁਢ ਤੋਂ ਹੀ ਲਗਨ ਹੈ। ਇਸ ਤੋਂ ਛੁੱਟ ਇਹ ਵੀ ਲਿਖਣਾ ਕਿ ਸਰਦਾਰ ਹੋਰਾਂ ਦੇਸ ਸੁਧਾਰ ਨੂੰ ਮੁੱਖ ਰੱਖ ਕੇ ਫ਼ਿਲਮ ਕੰਪਨੀ ਖੋਲ੍ਹੀ ਹੈ, ਜਿਸ ਵਿਚ ਤਿਆਰ ਹੋਣ ਵਾਲੀਆਂ ਫ਼ਿਲਮਾਂ ਦੇਸ਼ ਨੂੰ ਬੜਾ ਭਾਰੀ ਲਾਭ ਪੁਚਾਣਗੀਆਂ।

ਇਕ ਮੋਟੀ ਸੁਰਖੀ "ਕੌਮ ਦਾ ਨਿਰਬੱਕ ਤੇ ਸਿਰਲੱਥ ਸੇਵਕ" ਦੇ ਹੇਠਾਂ ਡਾਕਟਰ ਮਾਹਣਾ ਸਿੰਘ ਬਾਰੇ ਲਿਖਣਾ ਕਿ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥਕ ਭਲਿਆਈਆਂ ਲਈ ਵਕਫ਼ ਕਰ ਦਿਤਾ ਹੋਇਆ ਹੈ, ਇਸ ਲਈ ਗੁਰਦੁਆਰਾ ਕਮੇਟੀ ਦੀ ਐਤਕਾਂ ਦੀ ਚੋਣ ਵਿਚ ਡਾਕਟਰ ਸਾਹਿਬ ਨੂੰ ਜ਼ਰੂਰ ਸੇਵਾ ਦਾ ਮੌਕਾ ਦਿਤਾ ਜਾਵੇ ਤੇ ਲਾਹੌਰ ਦਾ ਕੋਈ ਸਿੱਖ ਮੈਂਬਰ ਇਨ੍ਹਾਂ ਦੇ ਟਾਕਰੇ ਤੇ ਨਾ ਖੜੋਵੇ।

"ਇਕ ਗ਼ੁਪਤ ਦਾਨੀ ਦੀ ਉਦਾਰਤਾ" ਦੇ ਸਿਰਲੇਖ ਥੱਲੇ ਲਿਖਣਾ ਕਿ ਲਾਹੌਰ ਦੇ ਇਕ ਪਤਵੰਤੇ ਸਿੱਖ ਸਰਦਾਰ ਨੇ ਅਖ਼ਬਾਰ "ਨਿਧੜਕ" ਨੂੰ ਪੰਜ ਸੌ ਰੁਪਏ ਦੀ ਗੁਪਤ ਸਹਾਇਤਾ ਦਿਤੀ ਹੈ। ਵਾਹਿਗੁਰੂ ਉਨ੍ਹਾਂ ਦਾ ਇਕਬਾਲ ਦੂਣਾ ਕਰੇ ਤੇ ਭੰਡਾਰੇ ਭਰਪੂਰ ਰਹਿਣ।

"ਨੌਜਵਾਨ ਸੁਧਾਰ ਸਭਾ ਦੀ ਅਪੀਲ ਬਾਬਤ ਤੁਹਾਡਾ ਭੇਜਿਆ ਹੋਇਆ ਲੇਖ ਕੋਈ ਏਡਾ ਜ਼ੋਰਦਾਰ ਨਹੀਂ ਸੀ। ਜ਼ਰਾ ਖ਼ੂਬ ਦਰਦ ਭਰੇ ਲਫ਼ਜ਼ਾਂ ਵਿਚ ਲਿਖਣਾ ਕਿ "ਬੱਤੀ ਲਖ ਖ਼ਾਲਸੇ ਅੱਗੇ ਦਸ ਹਜ਼ਾਰ ਰੁਪਿਆ ਕੱਠਾ ਕਰ ਦੇਣਾ ਕਿਹੜੀ ਵੱਡੀ ਗੱਲ ਹੈ, ਗੁਰੂ ਪੰਥ ਲਈ ਇਹ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ। ਕੌਮ ਨੂੰ ਚੌਹਾਂ ਪਾਸਿਆ ਤੋਂ ਢਾਹ ਲੱਗੀ ਹੋਈ ਹੈ, ਦੂਸਰੀਆਂ ਕੌਮਾਂ ਸਿੱਖਾਂ ਨੂੰ ਨਿਗਲਦੀਆਂ ਜਾ ਰਹੀਆਂ ਹਨ, ਜੇ ਹੋਰ ਕੁਝ ਦਿਨ ਪੰਥ ਨੇ ਇਹੋ ਅਣਗਹਿਲੀ ਰੱਖੀ ਤਾਂ ਸਿੱਖ ਕੌਮ ਦਾ ਨਾਮੋ ਨਿਸ਼ਾਨ ਮਿਟ ਜਾਵੇਗਾ। ਜਿੰਨੀ ਛੇਤੀ ਹੋ ਸਕੇ ਸੇਵਕਾਂ ਦੀਆਂ ਝੋਲੀਆਂ ਭਰ ਦਿਓ।" ਇਸ ਤਰ੍ਹਾਂ ਦਾ ਮਜ਼ਮੂਨ ਬੜੀ ਮੇਹਨਤ ਨਾਲ ਲਿਖਣਾ..."।

ਚਿੱਠੀ ਦਾ ਮਜ਼ਮੂਨ ਅਜੇ ਹੋਰ ਵੀ ਬਾਕੀ ਸੀ, ਪਰ ਮੋਹਨ ਇਸ ਤੋਂ ਅੱਗੇ ਪੜ੍ਹ ਨਾ ਸਕਿਆ—ਪੜ੍ਹਦਿਆਂ ਪੜ੍ਹਦਿਆਂ ਉਸਦਾ ਚੇਹਰਾ ਗੁੱਸੇ ਨਾਲ ਤਮਤਮਾ ਉਠਿਆ ਤੇ ਚਿੱਠੀ ਨੂੰ ਮਰੋੜ ਕੇ ਭੁੰਜੇ ਸੁਟਦਾ ਹੋਇਆ ਉਹ ਆਪਣੇ

ਨਾਲ ਇਸ ਤਰਾਂ ਬੁੜ-ਬੁੜਾਣ ਲਗਾ—"ਬਸ, ਹੋਰ ਨਹੀਂ ਸਹਾਰ ਸਕਦਾ, ਆਪਣੀ ਜ਼ਮੀਰ ਨੂੰ ਮਾਰਨ ਦੀ ਵੀ ਕੋਈ ਹੱਦ ਹੁੰਦੀ ਏ। ਕੀ ਸਾਰੇ ਜਹਾਨ ਦੇ ਝੂਠ ਕੁਸੱਤ ਤੋਲਣ ਤੇ ਭਰਾਵਾਂ ਦੇ ਸਿਰ ਪੜਵਾਣ ਦਾ ਮਹੀਓਂ ਠੇਕਾ ਲਿਆ ਹੋਇਆ ਏ? ਲਾਨ੍ਹਤ ਹੈ ਐਸੀ ਨੌਕਰੀ ਤੇ, ਧਿਰਕਾਰ ਹੈ ਮੇਰੇ ਵਰਗੇ ਜ਼ਮੀਰ ਫ਼ਰੋਸ਼ ਨੂੰ। ਅੱਗੇ ਮੈਂ ਕਿੰਨੇ ਹੀ ਮਜ਼ਮੂਨ ਗੁਆਂਢੀ ਕੌਮਾਂ ਦੇ ਵਿਰੁੱਧ ਭੜਕਾਣ ਵਾਲੇ ਲਿਖ ਚੁੱਕਾ ਵਾਂ, ਕੀ ਇਹ ਮੇਰਾ ਮਨੁੱਖ-ਪੁਣਾ ਹੈ? ਇਹੋ ਜਿਹੀ ਨੌਕਰੀ ਤਾਂ ਹਜ਼ਾਰ ਰੁਪਏ ਮਹੀਨੇ ਤੋਂ ਵੀ ਮਹਿੰਗੀ ਏ।"

ਉਸ ਨੇ ਦੂਸਰਾ ਲਫਾਫਾ ਖੋਲ੍ਹਿਆ। ਇਹ ਲਾਹੌਰ ਦੀ ਕਿਸੇ ਫ਼ਿਲਮ ਕੰਪਨੀ ਦੇ ਡਾਇਰੈਕਟਰ ਵਲੋਂ ਸੀ। ਉਸ ਵਿਚ ਲਿਖਿਆ ਸੀ—

"ਮਿਸਟਰ ਮੋਹਨ ਜੀ,

ਇਤਫ਼ਾਕ ਨਾਲ ਤੁਹਾਡੀ ਕਹਾਣੀ 'ਪ੍ਰੀਤ-ਮੰਜ਼ਲ' ਅਖ਼ਬਾਰ ਵਿਚ ਪੜ੍ਹੀ। ਬੜੀ ਪੁਰ ਅਸਰ ਤੇ ਪੁਰ ਦਰਦ ਕਹਾਣੀ ਹੈ। ਜੇ ਕਦੇ ਇਸ ਨੂੰ ਫ਼ਿਲਮ ਸੀਨੇਰੀਓ ਦੇ ਰੂਪ ਵਿਚ ਬਦਲ ਕੇ ਤਿਆਰ ਕਰ ਸਕੋ ਤਾਂ ਸਾਡੀ ਕੰਪਨੀ ਤੁਹਾਨੂੰ ਚੰਗੀ ਰਕਮ ਦੇ ਕੇ ਇਸ ਨੂੰ ਖ਼ਰੀਦ ਲਵੇਗੀ। ਤੁਹਾਨੂੰ ਪਤਾ ਹੀ ਹੋਵੇਗਾ ਕਿ ਸਾਡੇ ਪ੍ਰੋਪ੍ਰਾਈਟਰ ਸਾਹਿਬ ਸਰਦਾਰ ਤਰਲੋਕ ਸਿੰਘ ਜੀ ਨੇ ਹੁਣੇ ਜਿਹੇ ਇਕ ਫ਼ਿਲਮ ਕੰਪਨੀ ਜਾਰੀ ਕੀਤੀ ਹੈ।

ਉਤਰ ਅਭਲਾਖੀ—ਟੇਕ ਚੰਦ ਡਾਇਰੈਕਟਰ
ਨੈਸ਼ਨਲ ਫ਼ਿਲਮ ਕੰਪਨੀ, ਰਾਵੀ ਰੋਡ, ਲਾਹੌਰ

ਚਿੱਠੀ ਪੜ੍ਹਦਿਆਂ ਪੜ੍ਹਦਿਆਂ ਮੋਹਨ ਦਾ ਦਿਲ ਖ਼ੁਸ਼ੀ ਨਾਲ ਧੜਕਣ ਲੱਗ ਪਿਆ। ਆਪਣੇ ਆਸ ਪਾਸ ਦੀ ਹਰ ਇਕ ਚੀਜ਼ ਵਿਚੋਂ ਉਸ ਨੂੰ ਆਸ ਦੀ ਝਲਕ ਵਿਖਾਈ ਦੇਣ ਲਗੀ। ਢੱਠ ਚੁਕੇ ਆਸਾਂ ਦੇ ਮਹੱਲ ਦੀਆਂ ਕੰਧਾਂ ਉਸ ਨੂੰ ਫੇਰ ਉਸਰ ਦੀਆਂ ਜਾਪਣ ਲੱਗੀਆਂ। ਉਸ ਨੂੰ ਮਲੂੰਮ ਹੁੰਦਾ ਸੀ, ਜੀਕਣ ਇਸ ਚਿੱਠੀ ਵਿਚ ਹੀ ਉਹਦੇ ਭਵਿਖਤ ਜੀਵਨ ਦੀ ਔਖੀ ਕਿਤਾਬ ਦਾ ਅਰਥ ਲੁੱਕਿਆ ਹੋਇਆ ਹੈ।

ਆਦਮੀ ਜਦ ਅਨੁਮਾਨ ਦੀ ਐਨਕ ਅੱਖਾਂ ਨੂੰ ਲਾ ਕੇ ਤੱਕਦਾ ਹੈ ਤਾਂ ਉਸ ਨੂੰ ਹਰ ਨਿੱਕੀ ਚੀਜ਼ ਵਿਚ ਕੋਈ ਵੱਡੇ ਤੋਂ ਵੱਡਾ ਭੇਦ ਦਿਖਾਈ ਦੇਂਦਾ ਹੈ। ਮੋਹਨ ਨੂੰ ਵੀ ਇਸ ਵੇਲੇ ਅਨੁਮਾਨ ਦੇ ਜ਼ੋਰ ਨਾਲ ਇਸ ਛੋਟੀ ਜਿਹੀ ਚਿੱਠੀ ਵਿਚੋਂ ਬਹੁਤ ਵੱਡੀ ਦੁਨੀਆਂ—ਬਹੁਤ ਦੂਰ ਦੀ ਦੁਨੀਆਂ ਦਿੱਸ ਰਹੀ ਸੀ।

ਉਸ ਨੇ ਚਿੱਠੀ ਮੁਕਾ ਲਈ, ਪਰ ਛੇਕੜ ਦੀ ਸਤਰ ਤੇ ਪਹੁੰਚ ਕੇ ਉਸ ਨੂੰ ਅਨੁਭਵ ਹੋਇਆ ਕਿ ਉਹ ਅਸਲ ਵਿਚ ਚਿੱਠੀ ਨਹੀਂ ਪੜ੍ਹ ਰਿਹਾ ਸਗੋਂ ਲਾਹੌਰ ਦੀ ਇਕ ਕੋਠੀ ਵਿਚ ਖੜਾ ਫ਼ਿਲਮ-ਡਾਇਰੈਕਟਰ ਨਾਲ ਗੱਲਾਂ ਕਰ ਰਿਹਾ ਸੀ ਤੇ ਉਸ ਨਾਲ ਆਪਣੀ ਰਚਨਾ ਦਾ ਮੁੱਲ ਠਹਿਰਾ ਰਿਹਾ ਸੀ ਤੇ ਇਸ ਤੋਂ ਵੀ ਅਗਾਂਹ ਨੋਟਾਂ ਦੀਆਂ ਥਹੀਆਂ ਗਿਣ ਗਿਣ ਕੇ ਖੀਸੇ ਵਿਚ ਭਰ ਰਿਹਾ ਸੀ।

ਮਨੁੱਖੀ ਹਿਰਦੇ ਦਾ ਤਾਣਾ ਪੇਟਾ ਵੀ ਅਜੀਬ ਹੈ। ਆਸ ਦੇ ਖੰਭ ਖੁਸ ਜਾਣ ਤੇ ਵੀ ਅਤੇ ਨਿਰਾਸਤਾ ਦੇ ਜਾਲ ਵਿਚ ਫਸ ਜਾਣ ਤੇ ਵੀ ਮਨ ਪੰਛੀ ਖੰਭ ਫਟਕਾਰਨੋ ਨਹੀਂ ਟਲਦਾ।

੧੦

ਜਿਸ ਕਮਰੇ ਵਿਚ ਪੈਰ ਪਾਇਆਂ, ਸ: ਤਰਲੋਕ ਸਿੰਘ ਨੂੰ ਕਈ ਦਿਨ ਬੀਤ ਗਏ ਸਨ, ਅਜ ਸਦਾ ਤੋਂ ਉਲਟ ਉਹ ਸਭ ਤੋਂ ਪਹਿਲਾਂ ਉਸੇ ਬੀਮਾਰ ਵਹੁਟੀ ਦੇ ਕਮਰੇ ਵਿਚ ਗਿਆ, ਪਰ ਸੰਗਦਾ ਸੰਗਦਾ।

ਕਰਤਾਰ ਕੌਰ ਦਾ ਭੁਗੜੀ ਸਰੀਰ, ਹੁਣ ਮਸੇ ਮੰਜੇ ਦੀ ਹੀਂਹ ਜਿੰਨਾ ਰਹਿ ਗਿਆ ਸੀ—ਉਸ ਦੀ ਹੱਡੀਆਂ ਤੇ ਖਲੜੀ ਤੋਂ ਬਿਨਾ ਕੁਝ ਨਹੀਂ ਸੀ। ਉਸ ਦੀਆਂ ਅਧਖੁਲ੍ਹੀਆਂ ਅੱਖਾਂ ਬੂਹੇ ਵੱਲ ਸਨ, ਪਰ ਉਹ ਜਾਗਦੀ ਨਹੀਂ, ਸੁੱਤੀ ਹੋਈ ਸੀ।

ਪੈਰਾਂ ਦਾ ਖੜਾਕ ਹੁੰਦਿਆਂ ਉਸ ਦੀ ਤੰਦਰਾਂ ਰੂਪ ਨੀਂਦਰ ਖੁਲ੍ਹੀ। ਉਸ ਨੇ ਜੋ ਕੁਝ ਸਾਹਮਣੇ ਵੇਖਿਆ, ਇਸ ਦੇ ਵੇਖਣ ਦੀ ਆਸ ਉਹ ਕਦੇ ਦੀ ਲਾਹ ਚੁੱਕੀ ਸੀ। ਉਸ ਦੇ ਪੀਲੇ ਚੇਹਰੇ ਉਤੇ ਮਧਮ ਜਿਹੀ ਮੁਸਕਰਾਹਟ ਦੀ ਰੇਖ ਆਈ ਤੇ ਕੁਝ ਬੋਲਣ ਲਈ ਉਸਦੇ ਬੁਲ੍ਹ ਫਰਕੇ।

ਤਰਲੋਕ ਸਿੰਘ ਉਸ ਦੇ ਮੰਜੇ ਤੇ ਬੈਠ ਗਿਆ ਤੇ ਉਸ ਦੇ ਮੱਥੇ ਤੇ ਹੱਥ ਰੱਖਕੇ ਬੋਲਿਆ—"ਕਰਤਾਰ ਜੀ"।

ਦੁਨੀਆਂ ਤੋਂ ਜਾ ਰਹੇ ਇਕ ਦੁਖੀ ਜੀਵ ਲਈ ਇਹ ਵਾਕ ਕਿਤਨਾ ਪਿਆਰਾ—ਕਿਤਨਾ ਮਿੱਠਾ ਸੀ। "ਕਰਤਾਰ ਜੀ" ਵਾਕ ਨੇ ਤੇਲ ਬਣ ਕੇ ਇਸ ਬੁੱਝਦੇ ਜਾਂਦੇ ਦੀਵੇ ਨੂੰ ਇਕ ਵਾਰੀ ਫੇਰ ਕੁਝ ਚਿਰ ਲਈ ਮਸ਼ਾਲ ਵਾਂਗ ਲੱਟ ਲੱਟ ਜਗਾ ਦਿਤਾ।

ਕਰਤਾਰ ਕੌਰ ਨਜ਼ਰ ਭਰ ਕੇ ਪਤੀ ਦੇ ਚਿਹਰੇ ਵੱਲ ਤੱਕੀ। ਤਕਦਿਆਂ ਤਕਦਿਆਂ ਉਸ ਨੂੰ ਭੁਲੇਖਾ ਜਿਹਾ ਲਗਾ ਕਿ ਸ਼ੈਦ ਉਹ ਸੁਪਨਾ ਵੇਖ ਰਹੀ ਹੈ, ਪਰ ਫਿਰ ਖ਼ਿਆਲ ਆਇਆ, ਸੁਪਨੇ ਵਿਚ ਵੀ ਤਾਂ ਇਸ ਚਿਹਰੇ ਉਤੇ ਪਿਆਰ ਦਾ ਏਨਾ ਗੂੜ੍ਹਾ ਰੰਗ ਵੇਖਿਆਂ ਉਸ ਨੂੰ ਜੁਗ ਬੀਤ ਗਏ ਸਨ। ਤਾਂ ਕੀ ਉਸ ਦੀ ਸੱਧਰ ਪੂਰੀ ਹੋ ਗਈ ਹੈ, ਜਿਹੜੀ ਉਸ ਨੂੰ ਦਿਨ ਰਾਤ ਲੱਗੀ ਰਹਿੰਦੀ ਸੀ ਕਿ ਉਹ ਕਿਸੇ ਹੋਰ ਜਨਮ ਵਿਚ ਜਾ ਕੇ ਪਤੀ-ਪ੍ਰੇਮ ਦਾ ਸੁਆਦ ਮਾਣ ਸਕੇਗੀ? ਕੀ ਉਹ ਮਰਨ ਤੋਂ ਬਾਅਦ ਇਹ ਸਭ ਕੁਝ ਵੇਖ ਰਹੀ ਹੈ?

ਕਰਤਾਰ ਕੌਰ ਨੂੰ ਡ੍ਰਿਬੁਡ ਅੱਖਾਂ ਨਾਲ ਆਪਣੇ ਵਲ ਤਕਦਿਆਂ ਵੇਖ ਕੇ ਸਰਦਾਰ ਨੇ ਫਿਰ ਕਿਹਾ—"ਕਰਤਾਰ ਜੀ! ਮੇਰੇ ਨਾਲ ਬੋਲਣਾ ਨਹੀਂ?"

ਹੁਣ ਕਰਤਾਰ ਕੌਰ ਨੂੰ ਨਿਸਚਾ ਹੋ ਗਿਆ ਕਿ ਉਹ ਸਭ ਕੁਝ ਅਸਲੀ ਰੂਪ ਵਿਚ ਵੇਖ ਰਹੀ ਹੈ।

ਦਿਲ ਦੀ ਵਧਦੀ ਜਾਂਦੀ ਧੜਕਣ ਨੂੰ ਰੋਕਣ ਦਾ ਯਤਨ ਕਰਦੀ ਹੋਈ ਉਹ ਪਤੀ ਦਾ ਹੱਥ ਫੜ ਕੇ ਬੋਲੀ—"ਤੁਸੀਂ—ਤੁਸੀਂ ਆਏ ਓ?"

ਤਰਲੋਕ ਸਿੰਭ ਨੇ ਪਤਨੀ ਦੇ ਬੇਹਬਲ ਦਿਲ ਤੋਂ ਨਿਕਲੇ ਹੋਏ ਇਸ ਮਜ਼ਮੂਨ ਦਾ ਅਰਥ ਨਹੀਂ ਸਮਝਿਆ—ਸਮਝਿਆ ਕੇਵਲ ਇਹ ਕਿ ਕਰਤਾਰ ਕੌਰ ਨੇ ਇਹ ਵਾਕ ਤਾਹਨੇ ਦੇ ਤੌਰ ਤੇ ਆਖਿਆ ਹੈ।

ਚੋਰ, ਜਿਸ ਤਰ੍ਹਾਂ ਆਪਣੀ ਚੋਰੀ ਲੁਕਾਣ ਲਈ ਝੂਠੀਆਂ ਸਹੁੰਆਂ ਦੀ ਭਰਮਾਰ ਪਾਂਦਾ ਹੈ, ਇਸੇ ਤਰ੍ਹਾਂ ਤਰਲੋਕ ਸਿੰਭ ਨੇ ਕੀਤਾ। ਉਹ ਉਸ ਦੇ ਦੁਹਾਂ ਹੱਥਾਂ ਨੂੰ ਫੜ ਕੇ ਆਪਣੀ ਛਾਤੀ ਨਾਲ ਲਾਂਦਾ ਹੋਇਆ ਬੋਲਿਆ, "ਕਰਤਾਰ ਜੀ! ਕੰਮਾਂ ਕਾਰਾਂ ਦੇ ਛਮੇਲੇ ਕਰ ਕੇ ਮੈਂ ਨਹੀਂ ਸਾਂ ਆ ਸਕਿਆ।"

ਕਰਤਾਰ ਕੌਰ ਨੇ—ਭੋਲੀ ਕਰਤਾਰ ਕੌਰ ਨੇ ਪਤੀ ਦੀਆਂ ਇਨ੍ਹਾਂ ਗੱਲਾਂ ਨੂੰ ਉਸੇ ਤਰ੍ਹਾਂ ਸੁਣਿਆਂ, ਜੀਕਣ ਭੁੱਲਾ ਹੋਇਆ ਤੇ ਆਪਣੇ ਟਿਕਾਣੇ ਪਹੁੰਚਣ ਦੀ ਆਸ ਛੱਡ ਚੁੱਕਾ ਰਾਹੀ ਕਿਸੇ ਰਾਹ-ਵਿਖਾਊ ਦੀ ਅਵਾਜ਼ ਸੁਣਦਾ ਹੈ।

ਇਸ ਦਾ ਉੱਤਰ ਉਸ ਨੇ ਦਿਤਾ, ਪਰ ਜ਼ਬਾਨ ਨਾਲ ਨਹੀਂ, ਅੱਖਾਂ ਤੇ ਬੁਲ੍ਹਾਂ ਦੁਆਰਾ ਵੀ ਨਹੀਂ, ਕੇਵਲ ਡੂੰਗੇ ਤੇ ਅਮਿਣਵੇਂ ਉਦਗਾਰਾਂ ਦੁਆਰਾ। ਉਹ ਆਪਣੀਆਂ ਦੋਵੇਂ ਕਮਜ਼ੋਰ ਬਾਹਵਾਂ ਪਤੀ ਦੇ ਲੱਕ ਦੁਆਲੇ ਲਪੇਟ ਕੇ ਬੋਲੀ—"ਤੁਸੀਂ ਹੁਣ ਘਰ ਆਇਆ ਕਰੋਗੇ?"

ਇਸ ਦਾ ਉੱਤਰ ਉਸ ਨੇ ਦਿਤਾ, ਪਰ ਜ਼ਬਾਨ ਨਾਲ ਨਹੀਂ, ਅੱਖਾਂ ਤੇ ਬੁਲ੍ਹਾਂ ਦੁਆਰਾ ਵੀ ਨਹੀਂ, ਕੇਵਲ ਡੂੰਘੇ ਤੇ ਅਮਿਣਵੇਂ ਉਦਗਾਰਾਂ ਦੁਆਰਾ।

ਓਹ ਆਪਣੀਆਂ ਦੋਵੇਂ ਕਮਜ਼ੋਰਬ ਬਾਹਵਾਂ ਪਤੀ ਦੇ ਲੱਕ ਦੁਆਲੇ ਲਪੇਟ ਕੇ ਬੋਲੀ—"ਤੁਸੀਂ ਹੁਣ ਘਰ ਆਇਆ ਕਰੋਗੇ ?"

"ਮੈਂ ਰੋਜ਼ ਆਇਆ ਕਰਾਂਗਾ ਕਰਤਾਰ ਜੀ ! ਮੈਂ ਹਰ ਵੇਲੇ ਤੁਹਾਡੇ ਕੋਲ ਰਹਾਂਗਾ। ਅੱਜ ਮੈਂ ਤੁਹਾਡੇ ਲਈ ਇਕ ਸਪੈਸ਼ਲ ਦਵਾਈ ਸਿਆਂਦੀ ਏ, ਜਿਸ ਨਾਲ ਤੁਸੀਂ ਦਿਨਾਂ ਵਿਚ ਰਜ਼ੀ ਹੋ ਜਾਓਗੇ।"

"ਰਾਜ਼ੀ ਹੋ ਜਾਵਾਂਗੀ ? ਸੱਚਮੁੱਚ ਰਾਜ਼ੀ ਹੋ ਜਾਵਾਂਗੀ।" ਕਹਿੰਦਿਆਂ ਕਹਿੰਦਿਆਂ ਉਸ ਦੀਆਂ ਅੱਖਾਂ ਵਿਚ ਇਕ ਚਮਕ ਪੈਦਾ ਹੋਈ, ਉਸਦੇ ਚਿਹਰੇ ਤੇ ਜੀਵਨ ਆਸ ਦੀ ਰੌ ਫਿਰ ਗਈ।

ਇਹ ਓਹੀ ਕਰਤਾਰ ਕੌਰ ਸੀ, ਜਿਹੜੀ ਹੁਣ ਤੋਂ ਥੋੜ੍ਹਾ ਚਿਰ ਪਹਿਲਾਂ ਬੇਸਬਰੀ ਨਾਲ ਮੌਤ ਨੂੰ ਉਡੀਕ ਰਹੀ ਸੀ, ਪਰ ਪਤੀ ਦੇ ਇਸ ਦੋ-ਮਿੰਟੀ ਮਿਲਾਪ ਨੇ ਉਸ ਨੂੰ ਮੌਤ ਤੋਂ ਇਕ ਦੰਮ ਬੇਮੁਖ ਕਰ ਦਿਤਾ। ਦਵਾਈਆਂ ਤੋਂ ਚਿੜ੍ਹੀ ਤੇ ਹੁਸੜੀ ਹੋਈ ਕਰਤਾਰ ਕੌਰ—ਜਿਹੜੀ ਡਾਕਟਰ ਦੇ ਬਾਹਰ ਨਿਕਲਦਿਆਂ ਹੀ ਪੁੜੀਆਂ ਤੇ ਮੁਰੱਕਬਾਂ ਨੂੰ ਕੂੜੇ ਦੇ ਹਵਾਲੇ ਕਰ ਦੇਂਦੀ ਹੁੰਦੀ ਸੀ—ਅੱਜ ਦਵਾ ਪੀਣ ਲਈ ਉਤਾਵਲੀ ਹੋ ਉਠੀ। ਉਹ ਬੋਲੀ—"ਕਿਥੇ ਜੈ ਦਵਾ ? ਮੈਨੂੰ ਛੇਤੀ ਪਿਆਓ, ਮੈਂ ਬਚ ਜਾਵਾਂਗੀ ?"

ਤਰਲੋਕ ਸਿੰਭ ਨੇ ਖੀਸੇ 'ਚੋਂ ਸ਼ੀਸ਼ੀ ਕੱਢੀ, ਪਰ ਉਸ ਦੇ ਹੱਥ ਕੰਬ ਰਹੇ ਸਨ—ਉਹ ਆਪ ਵੀ ਸਿਰ ਤੋਂ ਪੈਰਾਂ ਤੀਕ ਕੰਬ ਰਿਹਾ ਸੀ।

ਲੋਹਾ ਭਾਵੇਂ ਕਿੰਨਾ ਹੀ ਸਖਤ ਹੁੰਦਾ ਹੈ, ਪਰ ਉਸ ਨੂੰ ਇਕ ਨਿਰਜੀਵ ਧੌਂਕਣੀ ਅੱਗੇ ਹਾਰ ਮੰਨ ਕੇ ਇਕ ਵਾਰੀ ਤਾਂ ਜ਼ਰੂਰ ਸੁਭੱਾ ਬਦਲਣਾ ਪੈਂਦਾ ਹੈ—ਇਹ ਗੱਲ ਵੱਖਰੀ ਹੈ ਕਿ ਮਗਰੋਂ ਠੰਡਾ ਹੋ ਕੇ ਭਾਵੇਂ ਉਹ ਪਹਿਲਾਂ ਨਾਲੋਂ ਸਖਤ ਹੋ ਜਾਵੇ।

ਉਸ ਨੇ ਸ਼ੀਸ਼ੇ ਦਾ ਗਲਾਸ ਚੁਕਿਆ, ਸ਼ੀਸ਼ੀ ਦਾ ਕਾਕ ਖੋਲ੍ਹਿਆ ਤੇ ਦਵਾਈ ਉਸ ਵਿਚ ਉਲੱਦ ਦਿਤੀ। ਇਕ ਅੱਧੇ ਕੁ ਮਿੰਟ ਵਿਚ ਹੀ ਉਸ ਦੇ ਸਾਹਮਣਿਉਂ ਇਕ ਜੁੱਗ ਜਿੱਡਾ ਸਮਾਂ ਲੰਘ ਗਿਆ।

ਗਲਾਸ ਹੱਥ ਵਿਚ ਫੜੀ ਤੇ ਇਸ ਵਿਚਲੀ ਦਵਾ ਉਤੇ ਨਜ਼ਰ ਟਿਕਾਈ ਉਹ ਚੋਖ਼ਾ ਚਿਰ ਉਥੇ ਹੀ ਖੜੋਤਾ ਰਿਹਾ। ਉਸ ਦੇ ਪੈਰਾਂ ਦੀਆਂ ਤਲੀਆਂ, ਮੁੜ੍ਹਕੇ ਨਾਲ ਭਿੱਜ ਗਈਆਂ। ਉਸ ਦੀਆਂ ਅੱਖਾਂ ਅੱਗੇ ਉਹ ਦਿਨ ਰਾਤਾਂ ਆਈਆਂ, ਜਦੋਂ ਇਸ ਸਜ ਵਿਆਹੀ ਮੁਟਿਆਰ ਆਪਣੇ ਆਪ ਨੂੰ ਉਸ ਦੇ ਪਰੇਮ ਪਾਸ ਵਿਚੋਂ ਛੁਡਾਣ ਦਾ ਵਿਅਰਥ ਯਤਨ ਕਰ ਰਹੀ ਸੀ। ਫਿਰ ਉਹ ਸਮਾਂ ਜਦ ਉਹ ਕਿਸੇ ਦੇਵੀ ਦੇ ਪਵਿੱਤਰ ਸਿਰ ਤੇ ਹੱਥ ਰੱਖ ਕੇ ਕੋਈ ਪ੍ਰਣ ਕਰ ਰਿਹਾ ਸੀ ਤੇ ਫਿਰ ਉਹ ਦਿਹਾੜੇ ਜਦੋਂ ਉਸ ਦੇ ਬੂਟ ਦੀਆਂ ਠੋਹਕਰਾਂ ਖਾ ਖਾ ਕੇ ਲਹੂ ਲੁਹਾਣ ਹੋਈ ਅਬਲਾ ਉਸ ਦੇ ਕੋਟ ਨੂੰ ਪਿਛੋਂ ਦੀ ਫੜੀ ਫਰਸ਼ ਤੇ ਰੀਂਗ ਰਹੀ ਸੀ।

ਤਰਲੋਕ ਸਿੰਘ ਨੇ ਪਿੱਛਾ ਮੁੜਕੇ ਮੰਜੇ ਵੱਲ ਨਜ਼ਰ ਮਾਰੀ। ਉਥੇ ਉਸਨੂੰ ਰਹਿਮਤਾ ਤੇ ਮੇਹਰਾਂ ਦੀ ਪੂੰਜੀ ਦਿਸੀ। ਸਾਰੀ ਉਮਰ ਦੇ ਕਸੂਰਵਾਰ, ਵਿਸਾਹਘਾਤੀ ਤੇ ਬੇ-ਰਹਿਮ ਕਾਲ ਨੂੰ ਜੇ ਕੋਈ ਇਕੋ ਪਲ ਵਿਚ ਬਖ਼ਸ਼ਣ ਵਾਲੀ ਰੂਹ ਇਸ ਸਵਾਰਥੀ ਸੰਸਾਰ ਵਿਚ ਵੀ ਹੋ ਸਕਦੀ ਹੈ, ਤਾਂ ਉਹ ਤਰਲੋਕ ਸਿੰਘ ਦੀਆਂ ਅੱਖਾਂ ਅੱਗੇ ਸੀ। ਉਹ ਦੇਵੀ, ਜਿਸ ਦੇ ਮੁਰਝਾਏ ਚਿਹਰੇ ਨੂੰ ਉਹ ਕਦੇ ਭੁੱਲ ਕੇ ਵੀ ਤੱਕਣਾ ਨਹੀਂ ਸੀ ਚਾਹੁੰਦਾ, ਅੱਜ ਉਸ ਨੂੰ ਸ੍ਰਿਸ਼ਟੀ ਦੀ ਸਾਰੀ ਸੁੰਦਰਤਾ ਦਾ ਸੋਮਾ ਦਿੱਸ ਰਹੀ ਸੀ।

ਉਸ ਦਾ ਹੱਥ ਸਿੱਥਲ ਹੋ ਗਿਆ ਤੇ ਦਵਾਈ ਵਾਲਾ ਗਲਾਸ ਉਸ ਦੇ ਹੱਥੋਂ ਭੁੰਜੇ ਡਿੱਗ ਕੇ ਚੂਰ ਚੂਰ ਹੋ ਗਿਆ।

"ਕਰਤਾਰ ਜੀ ! ਦਵਾ ਡੁਲ੍ਹ ਗਈ" ਕਹਿੰਦਾ ਹੋਇਆ ਤਰਲੋਕ ਸਿੰਘ ਉਸ ਦੇ ਪਾਸ ਆ ਬੈਠਾ, ਪਰ ਮੰਜੇ ਤੇ ਨਹੀਂ—ਭੁੰਜੇ। ਆਪਣੀਆਂ ਦੋਵੇਂ ਬਾਹਵਾਂ ਕਰਤਾਰ ਕੌਰ ਦੇ ਸਰੀਰ ਤੇ ਸੁੱਟ ਕੇ ਉਨ੍ਹਾਂ ਉਤੇ ਸਿਰ ਰੱਖ ਕੇ ਉਹ ਬਾਲਾਂ ਵਾਂਗ ਫੁਟ ਫੁਟ ਕੇ ਰੋਣ ਲੱਗਾ।

ਕਰਤਾਰ ਕੌਰ ਨੇ ਪਤੀ ਦੇ ਸਿਰ ਨੂੰ ਘੁੱਟ ਕੇ ਜੱਫੀ ਪਾਈ, ਤੇ ਫਿਰ ਉਸ ਦੀਆਂ ਅੱਖਾਂ ਉਤੇ ਉਂਗਲੀ ਫੇਰਦੀ ਹੋਈ ਡਾਢੇ ਔਖ ਨਾਲ ਗੱਦ ਗੱਦ ਹੋ ਕੇ ਬੋਲੀ—"ਤੁਸੀਂ ਰੋਂਦੇ ਕਿਉਂ ਓ ? ਉਹ ਜਾਣੇ ਦਵਾਈ ਡੁਲ੍ਹ ਗਈ ਏ, ਤੇ ਮੈਨੂੰ ਹੁਣ ਦਵਾਈ ਤੋਂ ਬਿਨਾਂ ਈ ਆਰਾਮ ਆ ਜਾਵੇਗਾ।"

ਉਸ ਦੀ ਛਾਤੀ ਤੋਂ ਸਿਰ ਚੁੱਕ ਕੇ ਤੇ ਫਿਰ ਉਸ ਦੇ ਨਾਲ ਸਿਰ ਜੋੜ ਕੇ ਤਰਲੋਕ ਸਿੰਘ ਬੋਲਿਆ—"ਕਰਤਾਰ ਜੀ ! ਮੇਰੀਆਂ ਭੁੱਲਾਂ ਮਾਫ਼ ਕਰੋ। ਕਰਤਾਰ ਜੀ ! ਤੁਸੀਂ ਆਪਣਾ ਦੁੱਖ ਮੈਨੂੰ ਦੇ ਦਿਓ। ਇਹ ਮੇਰਾ ਈ ਦਿੱਤਾ ਹੋਇਆ ਏ, ਮੇਰੀ ਚੀਜ਼ ਮੈਨੂੰ ਮੋੜ ਦਿਓ।

ਕਰਤਾਰ ਕੌਰ ਦੇ ਦਿਲ ਦੀ ਧੜਕਣ ਹੋਰ ਤੇਜ਼ ਹੋਈ, ਹੋਰ ਤੇਜ਼ ਹੋਈ। ਇਥੋਂ ਤਕ ਕਿ ਨਾਲ ਹੀ ਉਸ ਦੀ ਘਬਰਾਹਟ ਵੀ ਵਧਣ ਲੱਗੀ। ਉਸ ਦੇ ਛੋਟੇ ਛੋਟੇ ਤੇ ਤੇਜ਼ ਤੇਜ਼ ਹੋਏ ਦਿਲ ਵਿਚ ਇਤਨੀ ਖੁਸ਼ੀ—ਇਤਨਾਂ ਪਿਆਰ ਸਾਂਭ ਕੇ ਰੱਖਣ ਲਈ ਥਾਂ ਕਿਥੇ ਸੀ। ਵੇਖਦਿਆਂ ਵੇਖਦਿਆਂ ਉਸ ਦੇ ਸਰੀਰ ਦਾ ਸਾਰਾ ਲਹੂ ਚਿਹਰੇ ਵਲ ਨੂੰ ਚੜ੍ਹਨਾ ਸ਼ੁਰੂ ਹੋ ਗਿਆ। ਦਿਲ ਦੀ ਧੜਕਣ ਮੱਠੀ ਪੈਣ ਲੱਗੀ ਤੇ ਸਾਹ ਪੈਰੋ ਪੈਰ ਔਖ ਨਾਲ ਆਉਣ ਲੱਗਾ, ਹਿਚਕੀ ਬੱਝ ਗਈ।

ਤਰਲੋਕ ਸਿੰਘ ਦਾ ਇਸ ਪਾਸੇ ਧਿਆਨ ਨਹੀਂ ਸੀ, ਉਹ ਆਪਣੇ ਹੀ ਕੀਰਨੇ ਪਾਈ ਜਾਂਦਾ ਸੀ—

"ਕਰਤਾਰ ਜੀ! ਇਕ ਵਾਰੀ ਕਹੋ ਮਾਫ਼ ਕੀਤਾ। ਇਹ ਦਵਾਈ ਨਹੀਂ ਸੀ—ਇਹ......" ਤੇ ਜਿਉਂ ਹੀ ਉਸ ਨੇ ਕਰਤਾਰ ਕੌਰ ਦੇ ਚਿਹਰੇ ਵਲ ਤੱਕਿਆ, ਉਹ ਡਰ ਗਿਆ, ਉਠ ਕੇ ਖਲੋ ਗਿਆ ਤੇ ਆਵਾਜ਼ਾਂ ਦੇਣ ਲੱਗਾ—"ਕਰਤਾਰ ਜੀ! ਕਰਤਾਰ ਜੀ!"

ਪਰ ਕਰਤਾਰ ਹੁਣ ਕਰਤਾਰ ਪਾਸ ਪਹੁੰਚ ਚੁਕੀ ਸੀ, ਤੇ ਬਾਕੀ ਰਹਿ ਗਈ ਸੀ ਕੇਵਲ ਉਸ ਦੇ ਬੁੱਲ੍ਹਾਂ ਉਤੇ ਸੱਧਰਾਂ ਭਰੀ ਮੁਸਕਰਾਹਟ ਤੇ ਚਿਹਰੇ ਉੱਤੇ ਖੀਵੇਪਨ ਦੀ ਰੇਖਾ।

ਤਰਲੋਕ ਸਿੰਘ ਨੇ ਉਸ ਨੂੰ ਅੱਜ ਪਹਿਲੀ ਵੇਰਾਂ ਪਛਾਤਾ, ਪਰ ਅਜਿਹੇ ਵੇਲੇ, ਜਦੋਂ ਉਹ ਇਸ ਨੂੰ ਨਹੀਂ ਸੀ ਪਛਾਣ ਸਕਦੀ।

੧੧

ਹਫਤੇ ਦੇ ਥਾਂ ਮੋਹਨ ਡੇਢ ਕੁ ਹਫਤੇ ਬਾਅਦ ਲਾਹੌਰ ਪੁੱਜਾ। ਅਚਾਨਕ ਹੀ ਮਾਂ ਦੀ ਤਬੀਅਤ ਖ਼ਰਾਬ ਹੋ ਜਾਣ ਕਰ ਕੇ ਉਸ ਨੂੰ ਕੁਝ ਦਿਨ ਵੱਧ ਠਹਿਰਨਾ ਪਿਆ ਸੀ!

ਲਾਹੌਰ ਪਹੁੰਚ ਕੇ ਉਸ ਨੇ ਜੋ ਕੁਝ ਡਿੱਠਾ, ਉਸ ਨਾਲ ਮੋਹਨ ਦੇ ਪੈਰਾਂ ਹੇਠੋਂ ਧਰਤੀ ਖਿਸਕਣ ਲੱਗੀ।

ਮੁਸਲਮਾਨਾਂ ਤੇ ਸਿੱਖਾਂ ਦੇ ਆਪੋ ਵਿਚ ਦੇ ਸੰਬੰਧ ਐਨੇ ਵਿਗੜ ਚੁੱਕੇ ਸਨ ਕਿ ਦੂਹਾਂ ਕੌਮਾਂ ਦੇ ਨੌਜਵਾਨ ਇਕ ਦੂਸਰੇ ਦਾ ਲਹੂ ਪੀਣ ਨੂੰ ਫਿਰਦੇ ਸਨ। ਕਈਆਂ ਬਾਜ਼ਾਰਾਂ ਵਿਚ ਮਾੜੇ ਮੋਟੇ ਫਸਾਦ ਵੀ ਹੋ ਚੁਕੇ ਸਨ। ਪੰਜਾਂ ਦਸਾਂ ਦੇ ਸਿਰ ਵੀ ਖੁਲ੍ਹ ਚੁੱਕੇ ਸਨ। ਮੁਸਲਮਾਨਾਂ ਦੇ ਬਾਜ਼ਾਰਾਂ ' ਚੋਂ ਸਿੱਖਾਂ, ਤੇ ਸਿੱਖਾਂ ਦੇ ਬਾਜ਼ਾਰਾਂ 'ਚੋਂ ਮੁਸਲਮਾਨਾਂ ਲਈ ਲੰਘਣਾ ਅਨਹੋਣੀ ਗੱਲ ਸੀ।

ਇਸ ਉਤੇ ਇਕ ਹੋਰ ਵਾਧਾ ਇਹ ਕਿ ਸਿੱਖਾਂ ਤੇ ਮੁਸਲਮਾਨਾਂ ਦਾ ਇਕ ਖ਼ਾਸ ਤਿਉਹਾਰ ਐਤਕੀਂ ਇਕੱਠਾ ਹੀ ਆਉਣਾ ਸੀ, ਅਰਥਾਤ ਮੁਹੱਰਮ ਤੇ ਜੇਠ ਸੁਦੀ ਚੌਥ। ਇਨ੍ਹਾਂ ਤਿਉਹਾਰਾਂ ਵਿਚ ਕੇਵਲ ਤਿੰਨ ਦਿਨ ਬਾਕੀ ਰਹਿ ਗਏ ਸਨ ਤੇ ਲੋਕਾਂ ਨੂੰ ਸੋਲ੍ਹਾਂ ਆਨੇ ਯਕੀਨ ਸੀ ਕਿ ਪੁਲਿਸ ਦਾ ਪ੍ਰਬੰਧ ਹੁੰਦਿਆਂ ਵੀ ਐਤਕੀਂ ਸਿੱਖ ਮੁਸਲਮ ਫ਼ਸਾਦ ਹੋਵੇਗਾ ਤੇ ਬੜਾ ਹੀ ਭਿਆਨਕ ਹੋਵੇਗਾ।

ਹਰ ਪਾਸੇ, ਹਰ ਗਲੀ ਬਾਜ਼ਾਰ ਵਿਚ ਈਰਖਾ ਤੇ ਤੁਅੱਸਬ ਦੀ ਅੱਗ ਭੜਕਦੀ ਵੇਖ ਕੇ ਮੋਹਨ ਘਾਬਰ ਗਿਆ। ਉਹ ਦਿਲ ਵਿਚ ਸੋਚਣ ਲੱਗਾ, ਇਸ ਸਾਰੀ ਸ਼ਰਾਰਤ, ਸਾਰੇ ਅਨਰਥ ਦੀ ਜੜ੍ਹ ਜਿਹੜੇ ਲੋਕੀਂ ਹਨ, ਕੀ ਮੈਂ ਵੀ ਉਨ੍ਹਾਂ ਵਿਚੋਂ ਇਕ ਖ਼ਾਸ ਬੰਦਾ ਨਹੀਂ ਹਾਂ? ਕੀ ਮੇਰੇ ਲਿਖੇ ਹੋਏ ਮਜ਼ਮੂਨਾਂ ਨੇ ਸਭ ਤੋਂ ਵਧੀਕ ਕੰਮ ਇਨ੍ਹਾਂ ਭਾਂਬੜਾਂ ਨੂੰ ਮਚਾਉਣ ਲਈ ਨਹੀਂ ਕੀਤਾ?

ਇਸ ਤੋਂ ਬਾਅਦ ਜਦ ਉਸ ਨੂੰ ਇਹ ਪਤਾ ਲਗਾ ਕਿ ਉਸ ਦੇ ਮਜ਼ਮੂਨ ਨਾ ਭੇਜਣ ਕਰ ਕੇ ਸ: ਉੱਤਮ ਸਿੰਘ ਨੇ ਆਪ ਹੀ ਇਕ ਦੋ ਮਜ਼ਮੂਨ ਅਜਿਹੇ ਲਿਖ ਮਾਰੇ ਸਨ, ਜਿਨ੍ਹਾਂ ਵਿਚ ਖ਼ੂਨ ਖ਼ਰਾਬੇ ਦੀਆਂ ਗੱਲਾਂ ਤੋਂ ਛੁੱਟ ਹੋਰ ਕੁਝ ਹੈ ਹੀ ਨਹੀਂ ਸੀ, ਤਾਂ ਉਹ ਸਮਝ ਗਿਆ ਕਿ ਭਾਵੇਂ ਬਹੁਤਾ ਕਸੂਰ ਉਸ ਦਾ ਹੈ ਤੇ ਭਾਵੇਂ ਉਸਦੇ ਮਾਲਕ ਦਾ, ਪਰ ਅਸਲ ਵਿਚ ਇਹ ਬਹੁਤ ਸਾਰੀ ਕ੍ਰਿਪਾਲਤਾ ਇਸੇ "ਨਿਧੜਕ" ਪਰਚੇ ਦੀ ਹੈ। ਭਾਵੇਂ ਮੁਸਲਮਾਨਾਂ ਦੇ ਵੀ ਇਕ ਦੋ ਅਖ਼ਬਾਰ ਸਨ, ਜਿਹੜੇ ਦਿਨ ਰਾਤ ਇਹੋ ਜਿਹਾ ਸ਼ਰਾਰਤੀ ਪਰਚਾਰ ਕਰਦੇ ਰਹਿੰਦੇ ਸਨ, ਪਰ ਮੋਹਨ ਨੂੰ ਇਸ ਵਿਚ ਬਹੁਤਾ ਕਸੂਰ ਆਪਣਾ ਹੀ ਜਾਪਿਆ।

ਉਹ ਸ਼ਹਾਲਮੀ ਦਰਵਾਜ਼ੇ ਵਲੋਂ ਹੁੰਦਾ ਹੋਇਆ ਆਪਣੇ ਮਕਾਨ ਵੱਲ ਤੁਰਿਆ ਜਾ ਰਿਹਾ ਸੀ ਤੇ ਇਹੋ ਸੋਚਦਾ ਜਾਂਦਾ ਸੀ ਕਿ ਕੀ ਕਿਸੇ ਤਰ੍ਹਾਂ ਇਸ ਤੂਫਾਨ ਨੂੰ ਰੋਕਿਆ ਨਹੀਂ ਜਾ ਸਕਦਾ? ਕਿ ਅਚਾਨਕ ਉਹਦੀ ਨਜ਼ਰ ਇਕ ਬੜੇ ਭਾਰੇ ਇਕੱਠ ਤੇ ਪਈ।

ਉਸ ਨੇ ਅਗਾਂਹ ਜਾ ਕੇ ਡਿੱਠਾ, ਇਹ ਮੁਸਲਮਾਨਾਂ ਦਾ ਇਕ ਬੜਾ ਭਾਰੀ ਜਲਸਾ ਹੋ ਰਿਹਾ ਸੀ । ਹਜ਼ਾਰਾਂ ਮੁਸਲਮਾਨਾਂ ਦੀ ਭੀੜ ਜੁੜੀ ਹੋਈ ਸੀ ਤੇ ਵਿਚਕਾਰ ਇਕ ਅੱਧਖੜ ਉਮਰ ਦਾ ਮੌਲਵੀ ਵਾਹਜ਼ ਕਰ ਰਿਹਾ ਸੀ । ਉਸ ਨੇ ਪਛਾਣ ਲਿਆ ਕਿ ਇਹ ਵੀ ਇਕ "ਨਿਧੜਕ" ਵਰਗੇ ਹੀ ਮੁਸਲਮਾਨ ਅਖ਼ਬਾਰ ਦਾ ਐਡੀਟਰ ਹੈ ।

ਉਹ ਭੀੜ ਵਿਚ ਜਾ ਖਿਲੋਤਾ ਤੇ ਲੈਕਚਰ ਸੁਣਨ ਲਗਾ ।

ਮੌਲਵੀ ਹੋਰੀਂ ਸੰਘ ਪਾੜ ਪਾੜ ਕੇ ਕਹਿ ਰਹੇ ਸਨ—"...ਐ ਖ਼ਾਦਿਮਾਨੇ ਇਸਲਾਮ ! ਸਾਡੇ ਲਈ ਹੁਣ ਇਸਲਾਮ ਦੇ ਨਾਂ ਤੇ ਮਰ ਮਿਟਣ ਦਾ ਵੇਲਾ ਆ ਗਿਆ ਹੈ । ਕਾਫ਼ਰਾਂ ਨੇ ਅੱਤ ਚੁਕ ਲਈ ਹੈ । ਹੁਣ ਹੋਰ ਜਰਨਾ, ਦੀਨ, ਇਸਲਾਮ ਦੀ ਸ਼ਾਨ ਨੂੰ ਇਕ ਵਾਰੀ ਵਿਖਾ ਦਿਓ ਕਿ ਇਕ ਸੱਚਾ ਮੁਸਲਮਾਨ ਕਿਸ ਤਰ੍ਹਾਂ ਕਾਫ਼ਰਾਂ ਪਾਸੋਂ ਕੁਫ਼ਰ ਦਾ ਬਦਲਾ ਲੈ ਕੇ ਜੰਨਤ ਦਾ ਹੱਕਦਾਰ ਬਣਦਾ ਹੈ..."

"ਕਿਤਨੀ ਡਰਾਉਣੀ ਤਕਰੀਰ, ਕਿਤਨੀ ਭਿਆਨਕ ਬੋਲੀ ਹੈ" ਇਹ ਸੋਚਦਾ ਹੋਇਆ ਮੋਹਨ ਤੜਫ ਰਿਹਾ ਸੀ । ਕਿ ਇਸ ਉਮਡਦੇ ਆ ਰਹੇ ਤੂਫ਼ਾਨ ਨੂੰ ਰੋਕਣ ਦੀ ਮੇਰੇ ਵਰਗੇ ਕਮਜ਼ੋਰ ਬੰਦੇ ਵਿਚ ਸਮਰੱਥਾ ਹੈ ? ਕੀ ਸਚਮੁੱਚ ਭਰਾਵਾਂ ਦੇ ਲਹੂ ਨਾਲ ਭਰਾਵਾਂ ਦੇ ਹੱਥ ਰੰਗੇ ਜਾਣਗੇ ? ਕੀ ਗੁਰੂ ਪੈਗੰਬਰਾਂ ਦੇ ਸ਼ਹੀਦੀ ਦਿਨ ਦੀ ਯਾਦਗਾਰ ਲਹੂ ਦੀਆਂ ਨਦੀਆਂ ਵਿਚ ਨ੍ਹਾ ਕੇ ਮਨਾਈ ਜਾਵੇਗੀ ?

ਇਨ੍ਹਾਂ ਖ਼ਿਆਲਾਂ ਨੇ ਮੋਹਨ ਨੂੰ ਇਤਨਾ ਵਿਆਕੁਲ ਕੀਤਾ ਕਿ ਉਹ ਖੜਾ ਨਾ ਰਹਿ ਸਕਿਆ, ਭੀੜ ਨੂੰ ਚੀਰਦਾ ਹੋਇਆ ਸਿੱਧਾ ਸਟੇਜ ਵਲ ਵਧਣ ਲੱਗਾ।

ਕੌਣ ਹੈ, ਕਾਫ਼ਰ, ਕਿਧਰ ਆ ਰਿਹਾ ਹੈ, ਫੜ ਲਓ, ਆਦਿ ਆਵਾਜ਼ਾਂ ਦੀ ਪਰਵਾਹ ਨਾ ਕਰਦਾ ਹੋਇਆ ਉਹ ਸਟੇਜ ਤੇ ਜਾ ਚੜ੍ਹਿਆ ।

ਮੌਲਵੀ ਹੋਰਾਂ ਦੇ ਸ਼ਬਦ ਅਧੂਰੇ ਹੀ ਮੂੰਹ ਵਿਚ ਰਹਿ ਗਏ । ਜਦ ਮੋਹਨ ਨੇ ਬਾਂਹ ਉਠਾ ਕੇ ਇਕ ਗਰਜਵੀਂ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ—

"ਮੇਰੇ ਬਜ਼ੁਰਗੋ ! ਤੁਹਾਨੂੰ ਬਹੁਤੀ ਤਕਲੀਫ਼ ਉਠਾਣ ਦੀ ਲੋੜ ਨਹੀਂ। ਜਿਸ ਪਾਜੀ ਨੇ ਆਪਣੇ ਅਖ਼ਬਾਰ ਵਿਚ ਬੇਤਹਾਸ਼ਾ ਬਕਵਾਸ ਕਰ ਕਰ ਕੇ ਤੁਹਾਡੇ ਦਿਲਾਂ ਨੂੰ ਜ਼ਖਮੀ ਕੀਤਾ, ਜਿਸ ਦੀ ਸ਼ੈਤਾਨੀ ਕਲਮ ਨੇ ਆਪਣੇ ਹਮਵਤਨ—ਆਪਣੇ ਮਾਂ ਜਾਏ ਭਰਾਵਾਂ ਤੇ ਬਜ਼ੁਰਗਾਂ ਦੀ ਸ਼ਾਨ ਵਿਚ ਵੱਧ ਤੋਂ ਵੱਧ ਗੰਦੇ ਮਜ਼ਮੂਨ ਲਿਖੇ ਹਨ, ਜਿਸ ਦੀਆਂ ਹੈਵਾਨੀ ਹਰਕਤਾਂ ਦੇ ਅਸਰ ਨਾਲ ਅੱਜ ਤੁਸੀਂ ਆਪਣੇ ਹੀ ਭਰਾਵਾਂ ਦਾ ਲਹੂ ਵਹਾਣ ਲਈ ਤਿਆਰ ਹੋ ਰਹੇ ਹੋ, ਉਹ ਬਦਕਾਰ, ਉਹ ਨਾਕਾਬਿਲੇ ਮੁਆਫ਼ੀ ਮੁਜਰਮ ਇਸ ਵੇਲੇ ਤੁਹਾਡੇ ਸਾਹਮਣੇ ਖੜਾ ਹੈ । ਆਓ ਮੇਰੇ ਪਿਆਰੇ ਭਰਾਓ, ਸਭ ਤੋਂ ਪਹਿਲਾਂ ਇਸ ਹੈਵਾਨ ਤੇ ਨਾਪਾਕ ਸਿਰ ਨੂੰ ਧੜ ਤੋਂ ਅਲਹਿਦਾ ਕਰਕੇ ਆਪਣਾ ਗੁੱਸਾ ਠੰਡਾ ਕਰੋ ਤੇ ਇਸ ਤੋਂ ਬਾਅਦ ਜੋ ਤੁਹਾਡਾ ਜੀ ਆਵੇ ਕਰਨਾ । ਮਹੀਓਂ ਹਾਂ "ਨਿਧੜਕ" ਦੇ ਮਜ਼ਮੂਨ ਲਿਖਣ ਵਾਲਾ ।" ਇਸ ਦੇ ਨਾਲ ਹੀ ਮੋਹਨ ਨੇ ਆਪਣਾ ਸਿਰ ਨੀਵਾ ਦਿਤਾ ।

ਬਦਲੇ ਭੜਮੱਚੇ ਬੁਝ ਗਏ ਤੇ ਦਿਲਾਂ ਵਿਚ ਭੜਕ ਰਹੇ ਲਾਂਬੂ ਠੰਢੇ ਹੋ ਗਏ । ਹਰ ਪਾਸੇ ਚੁੱਪ ਛਾ ਗਈ, ਸ਼ਾਂਤੀ ਛਾ ਗਈ । ਮੁੱਦਤਾਂ ਦੇ ਚੋ ਰਹੇ ਜ਼ਖ਼ਮ, ਇਕੋ ਫਹੇ ਨਾਲ ਮਿਲ ਗਏ ।

ਵਾਹਜ਼ ਕਰਨ ਵਾਲਾ ਮੌਲਵੀ, ਆਪਣੇ ਆਪ ਨੂੰ ਭੁੱਲ ਗਿਆ । ਮੋਹਨ ਹੁਣ ਉਸਦੀ ਛਾਤੀ ਨਾਲ ਸੀ । ਵਾਹਜ਼ ਸੁਣਨ ਵਾਲਿਆਂ ਦੀਆਂ ਜਿਨ੍ਹਾਂ ਅੱਖਾਂ ਵਿਚ ਹੁਣੇ ਹੁਣੇ ਲਹੂ ਉਤਰਿਆ ਹੋਇਆ ਸੀ ਉਨ੍ਹਾਂ ਅੱਖਾਂ 'ਚੋਂ ਪਿਆਰ ਦੇ

ਅੱਥਰੂ ਡੁਲ੍ਹ ਕੇ ਵਹਿ ਪਏ । ਇਸ ਤੋਂ ਬਾਅਦ ਉਸੇ ਜਲਸੇ ਵਿਚ ਮੋਹਨ ਦਾ ਭਾਸ਼ਨ ਕਰਾਇਆ ਗਿਆ, ਇਸ ਲੈਕਚਰ ਨੂੰ ਸੁਣ ਕੇ ਪੱਥਰ ਦਿਲ ਵੀ ਢਲ ਕੇ ਵਹਿ ਤੁਰੇ। ਜਿਹੜੇ ਲੋਕੀਂ ਭਰਾਵਾਂ ਨੂੰ ਲੁੱਟਣ, ਮਾਰਨ ਤੇ ਬਰਬਾਦ ਕਰਨ ਦਾ ਪ੍ਰਣ ਕਰ ਕੇ ਜਾਂ ਪ੍ਰਣ ਕਰਨ ਲਈ ਆਏ ਸਨ, ਉਹ ਜਲਸਾ ਸਪਾਪਤ ਹੋਣ ਤੇ, ਨਾ ਕੇਵਲ ਸ਼ਾਂਤੀ ਤੇ ਮੈਤ੍ਰੀ ਦਾ ਪ੍ਰਣ ਕਰ ਕੇ ਗਏ, ਸਗੋਂ ਇਸ ਦੇ ਪ੍ਰਚਾਰਕ ਬਣ ਕੇ ਵੀ ।

੧੨

ਸਵੇਰ ਦੇ ਦਸ ਕੁ ਵਜੇ ਦਾ ਵੇਲਾ ਸੀ । ਸ: ਉਤਮ ਸਿੰਘ ਹੋਰੀਂ ਆਪਣੇ ਪ੍ਰੈਸ ਦੀ ਉਤਲੀ ਛੱਤੇ ਘਰ ਦੀ ਬੈਠਕ ਵਿਚ ਬੈਠੇ ਕਿਸੇ ਡੂੰਘੀ ਸੋਚ ਵਿਚ ਗੋਤੇ ਖਾ ਰਹੇ ਹਨ । ਚਿਹਰੇ ਉਤੇ ਆ ਰਹੇ ਕਈ ਤਰ੍ਹਾਂ ਦੇ ਉਤਾਰ ਚੜ੍ਹਾਉ ਦੱਸਦੇ ਹਨ ਕਿ ਅੱਜ ਕੋਈ ਖ਼ਾਸ ਤੌਰ ਤੇ ਚਿੰਤਾ-ਉਪਜਾਊ ਮਾਮਲਾ ਆ ਪਿਆ ਹੈ ।

ਇਸ ਵੇਲੇ ਉਨ੍ਹਾਂ ਦੀ ਘਰ ਵਾਲੀ ਅੰਦਰ ਆਈ ਤੇ ਆਉਂਦੀ ਹੀ ਰੋਹ ਨਾਲ ਬੋਲੀ—"ਅੱਜ ਤੇ ਮੇਰਾ ਕੰਮ ਕਰੋਗੇ ਨਾ ?"

ਗੁੱਸੇ ਨਾਲ ਉਸ ਵਲ ਤੱਕ ਕੇ ਸਰਦਾਰ ਹੋਰੀਂ ਬੋਲੇ—"ਹੋਰ ਨੂੰ ਹੋਰੀ ਦੀ, ਤੇ ਅੰਨ੍ਹੇ ਨੂੰ ਡੰਗੋਰੀ ਦੀ । ਤੈਨੂੰ ਤੇ ਬੱਸ ਆਪਣੇ ਈ ਪੁਆੜੇ ਪਏ ਰਹਿੰਦੇ ਨੇ, ਅਗਲਾ ਕੋਈ ਮਰੇ ਭਾਵੇਂ ਜੀਵੇ ।"

ਧਿਆਨ ਨਾਲ ਪਤੀ ਦੇ ਚਿਹਰੇ ਵੱਲ ਤੱਕਦੀ ਹੋਈ ਬਲਵੰਤ ਕੌਰ ਬੋਲੀ, "ਕਿਉਂ ? ਅੱਜ ਇਸ ਤਰ੍ਹਾਂ ਭਖੇ ਭਖੇ ਕਿਉਂ ਜੇ ?"

"ਤੈਨੂੰ ਕੀ ਕਿਸੇ ਨਾਲ, ਬਸ ਤੂੰ ਆਪਣੇ ਈ ਰਾਗ ਗਾਈ ਜਾਇਆ ਕਰ 'ਹਾਰ ਬਣਵਾ ਦਿਓ, ਚੂੜੀਆਂ ਚੜ੍ਹਵਾ ਦਿਓ', ਹੋਰ ਤੈਨੂੰ ਕੰਮ ਈ ਕਿਹੜਾ ਏ ?"

"ਪਰ ਹੋਇਆ ਕੀ ਏ, ਗੱਲ ਤੇ ਦਸੋ । ਤੁਸੀਂ ਤੇ ਐਵੇਂ ਅੱਜ ਛਿਥੇ ਹੋ ਹੋ ਪੈਂਦੇ ਓ ।"

"ਛਿੱਥਾ ਨਾ ਹੋਵਾਂ ਤੇ ਹੋਰ ਸਿਰ ਜਣਦਿਆਂ ਦਾ ਹੋਵਾਂ ।"

"ਕਿਉਂ ਪਰ, ਗੱਲ ਕੀ ਏ ?"

“ਗੱਲ, ਓਸੇ ਮੋਹਨ ਦਾ ਸਿਆਪਾ, ਹੋਰ ਕੀ ਏ । ਭੜੂਏ ਨੂੰ ਪੜ੍ਹਾਇਆ, ਸਿਆਣਾ ਕੀਤਾ, ਰੁਜ਼ਗਾਰੇ ਲਾਇਆ ਤੇ ਛੇਕੜ ਦੀ ਬਾਕੀ ਘੋਲ ਧਰੀ ਸੂ ਕੜ੍ਹੀ ।”

“ਮੋਹਨ ਨੇ ?” ਬਲਵੰਤ ਕੌਰ ਨੇ ਹੈਰਾਨ ਹੋ ਕੇ ਪੁੱਛਿਆ—“ਆ ਗਿਆ ਏ ਮੋਹਨ ? ਕੀ ਕੀਤਾ ਸੂ ਪਰ, ਦੱਸੋ ਤੇ ਸਹੀ ।”

“ਸਿਰ ਕੀਤਾ ਸੂ ਜਣਦਿਆਂ ਦਾ । ਕਲ੍ਹ ਦਾ ਆਇਆ ਹੋਇਆ ਏ। ਆਉਂਦਾ ਈ ਜਾ ਵੜਿਆ ਮੁਸਲਮਾਨਾਂ ਦੇ ਜਲਸੇ ਵਿਚ, ਤੇ ਅਖ਼ਬਾਰ ਦੀ ਸਾਰੀ ਕੀਤੀ ਕਰਾਈ ਖੂਹ ਪਾ ਆਇਆ ।”

ਇਸ ਤੋਂ ਬਾਅਦ ਸਰਦਾਰ ਹੋਰਾਂ ਵਹੁਟੀ ਨੂੰ ਕਲ੍ਹ ਵਾਲੀ ਮੋਹਨ ਦੀ ਸਾਰੀ ਕਾਰਵਾਈ ਸੁਣਾਈ । ਜਿਸ ਦੀ ਰਿਪੋਰਟ ਉਨ੍ਹਾਂ ਨੂੰ ਮਿਲ ਚੁੱਕੀ ਸੀ।

ਸੁਣ ਕੇ ਸਰਦਾਰਨੀ ਬੜੀ ਘਾਬਰੀ, ਤੇ ਫਿਰ ਪੁੱਛਣ ਲੱਗੀ—“ਹੁਣ ਕੀ ਬਣੇਗਾ ਫਿਰ ?”

“ਬਣਨਾ ਕੀ ਏ । ਇਕ ਵਾਰੀ ਆ ਲੈਣ ਦੇ ਬਦਮਾਸ਼ ਨੂੰ । ਨਾਨੀ ਚੇਤੇ ਨਾ ਕਰਾ ਦਿਆਂ ਤਾਂ ਮੇਰਾ ਨਾ ਵਟਾ ਛੱਡੀਂ ਉਹਨੇ ਸਮਝਿਆ ਕੀ ਏ। ਭੂਤਨੀ ਦੇ ਨੂੰ ਏਨਾ ਖ਼ਿਆਲ ਵੀ ਨਾ ਆਇਆ ਕਿ ਅਜੇ ਕਲ੍ਹ ਦੋ ਸੌ ਰੁਪਈਆ ਕੱਢ ਕੇ ਪਿਆ ਦੇਨਾ ਵਾਂ ਸੂ । ਕਮੀਨੇ ਲੋਕਾਂ ਨੂੰ ਇਹੋ ਈ ਤੇ ਮਾਰ ਹੁੰਦੀ ਏ, ਜਿਸ ਥਾਲੀ ਵਿਚ ਖਾਣਾ ਉਸੇ ਵਿਚ ਛੇਕ ਕਰਨਾ ।”

“ਤੇ ਤੁਹਾਨੂੰ ਕਾਹਦੀ ਮੁਥਾਜੀ ਮਾਰੀ ਜਾਂਦੇ ਏ। ਕਹੋ ਸੂ ਰੁਪਈਏ ਮੇਰੇ ਸੁੱਟ ਤੇ ਦਫ਼ਾ ਹੋ ਜਿਧਰ ਜੀ ਕਰਦਾ ਈ। ਕੰਮ ਕਰਨ ਨੂੰ ਆਦਮੀ ਹੋਰ ਥੋੜ੍ਹੇ ਨੇ। ਪੈਸਾ ਦੇਣਾ ਤੇ ਬੋੜੀ ਚੜ੍ਹਨਾ ਏ, ਖਸਮਾਂ ਨੂੰ ਖਾਣੇ ਸਮੇਂ ਨੂੰ ਅੱਗ ਲੱਗੀ ਹੋਈ ਏ।”

“ਭੋਲੀਏ ਤੂੰ ਨਿਰੀ ਸੁਦੈਣ ਏਂ । ਇਹੋ ਜਿਹਾ ਕੰਮ ਦਾ ਬੰਦਾ ਲੱਭਣਾ ਕੋਈ ਸਹਿਲ ਪਿਆ ਏ ? ਭੌਂਦੂ ਨੂੰ ਪੰਜੀ ਤਨਖਾਹ ਦੇਂਦੇ ਸਾਂ, ਤੇ ਸੌ ਦਾ ਕੰਮ ਲੈਂਦੇ ਸਾਂ।

“ਆਪੇ ਕਹਿੰਦੇ ਰਹਿੰਦੇ ਓ ਮਜ਼ਮੂਨ ਲਿਖ ਕੇ ਨਹੀਂ ਭੇਜਦਾ, ਐਹ ਨਹੀਂ ਕਰਦਾ, ਔਹ ਨਹੀਂ ਕਰਦਾ, ਤੁਹਾਡੀ ਵੀ ਪਤਾ ਬਹੁ ਨਹੀਂ ਲੱਗਦਾ ।”

“ਥੋੜੇ ਦਿਨਾਂ ਤੋਂ ਈ ਕੋਈ ਮਾਰ ਵਗ ਗਈ ਸੂ, ਪਹਿਲਾਂ ਤੇ ਚੰਗਾ ਭਲਾ ਹੁੰਦਾ ਸੀ । ਖ਼ੌਰੇ ਕਿਸੇ ਹੋਰ ਦੇ ਢਹੇ ਨਾ ਚੜ੍ਹ ਗਿਆ ਹੋਵੇ ।”

“ਪਰ ਤੁਸੀਂ ਵੀ ਤੇ ਨਰਥ ਮਾਰਦੇ ਓ ਨਾ । ਐਨੇ ਚਿਰ ਦਾ ਕੰਮ ਕਰਦਾ ਸੀ, ਅਖ਼ਬਾਰ ਵੀ ਕਹਿੰਦੇ ਓ ਉਸ ਦੇ ਮਜ਼ਮੂਨਾਂ ਕਰ ਕੇ ਅੱਗੇ ਨਾਲੋਂ ਦੂਣੀ ਛਪਣ ਲੱਗ ਪਈ ਏ । ਜੇ ਪੰਜ ਦਸ ਰੁਪਈਏ ਵਧਾ ਦਿੰਦੇ ਤੇ ਕਿਧਰ ਦਾ ਨੇਰ੍ਹ ਆ ਚਲਿਆ ਸੀ । ਚਲਾ ਗਿਆ ਤਾਂ ਫੇਰ ਬੈਠੇ ਰੋਵੋਗੇ ਕਰਮਾਂ ਨੂੰ।”

“ਤਨਖ਼ਾਹ ਤੇ ਉਸ ਸਹੁਰੇ ਦੀ ਐਤਕੀਂ ਤੀਹ ਕਰ ਦੇਣੀ ਸੀ, ਪਰ ਕੀ ਪਤਾ ਸੀ ਆਉਂਦਿਆਂ ਹੀ ਉਸ ਨੇ ਇਹ ਕਾਰਾ ਕਰ ਬਹਿਣਾ ਏਂ ।”

“ਚਲੋ ਪੇਰ ਕੀ ਹੋਇਆ, ਕਹਿ ਸੁਣ ਕੇ ਮਨਾ ਲੈਣਾ ਸੂ ।”

“ਆਹੋ, ਪਹਿਲਾਂ ਤੇ ਨਰਮੀ ਨਾਲ ਈ ਸਮਝਾਵਾਂਗਾ ਸੂ । ਕਹਾਂਗਾ ਸੂ ਆਪਣੇ ਕੀਤੇ ਦੀ ਮਾਫ਼ੀ ਮੰਗ ਲੈ ।”

“ਤੇ ਜੇ ਉਸ ਮਾਫ਼ੀ ਨਾ ਮੰਗੀ, ਫੇਰ ?”

“ਫੇਰ ਕਢ ਦਿਆਗਾਂ ਸੂ । ਖਾਏਗਾ ਮਾਂ ਦੇ ਸਿਰ ’ਚੋਂ ?”

“ਕੰਮ ਕਰਨ ਵਾਲਿਆਂ ਨੂੰ ਕੰਮਾਂ ਦਾ ਘਾਟਾ ਹੁੰਦਾ ਏ । ਕਿਤੇ ਹੋਰ ਨੌਕਰੀ ਕਰ ਲਊ ।”

“ਹੋਰ ਕਿਤੇ ਨੌਕਰੀ ਕਰ ਲਊ, ਨੌਕਰ ਹੋਵੇ ਉਤਮ ਸਿੰਘ ਦਾ, ਕਰਜ਼ਾਈ ਹੋਵੇ ਮੇਰਾ, ਤੇ ਨੌਕਰੀ ਜਾ ਕੇ ਕਰੇ ਹੋਰ ਕਿਤੇ । ਨੱਕ ਨਾਲ ਚਣੇ ਚਬਾ ਦਿਆਂਗਾ ।”

“ਹੱਛਾ ਛੱਡੋ ਖਾਂ ਨਿੰਕਮੀਆਂ ਗੱਲਾਂ ਨੂੰ, ਦਸੋ ਮੈਨੂੰ ਹਾਰ ਬਣਵਾ ਕੇ ਲਿਆ ਦੇਣਾ ਜੇ ਕਿ ਨਹੀਂ ?”

“ਫਿਰ ਓਹੀਓ ਪੁਆੜਾ, ਇਕ ਵਾਰੀ ਜੁ ਕਿਹਾ ਏ ਕਲ੍ਹ ਜ਼ਰੂਰ ਬਣਵਾ ਲਿਆਵਾਂਗਾ ।”

“ਤੁਹਾਡੀ ਜ਼ਬਾਨ ਦਾ ਇਤਬਾਰ ਵੀ ਹੋਵੇ ।”

“ਨਹੀਂ ਤੇਰੀ ਸਹੁੰ ਕਲ੍ਹ ਜ਼ਰੂਰ । ਅੱਜ ਵੇਖੀਂ ਤੇ ਸਹੀ ਕਿਹੋ ਜਿਹਾ ਦਾੱ ਫਬਦਾ ਏ । ਬੇੜਾ ਗ਼ਰਕ ਹੋਵੇ ਇਸ ਮੋਹਨ ਦਾ ਜਿਸਨੇ ਆਉਂਦਿਆਂ ਈ ਕੰਮ ਖਚਕਾ ਦਿੱਤਾ । ਨਹੀਂ ਤੇ ਮੈਂ ਅੱਜ ਦੇ ਜਲਸੇ ਵਿਚੋਂ ਚੰਗੇ ਖੀਸੇ ਭਰਨੇ ਸਨ ।”

“ਖੀਸੇ ਭਰ ਕੇ ਮੇਰੇ ਕੋਲ ਥੋੜ੍ਹੇ ਈ ਲਿਆਉਣੇ ਜੇ । ਜਾ ਵੜੋਗੇ ਸ਼ਰਾਬਖ਼ਾਨੇ ਜਾਂ ਹੋਟਲ ਵਿਚ ਕਿ।”

“ਨਹੀਂ ਨਹੀਂ, ਗੁਰੂ ਦੀ ਸਹੁੰ ਅੱਜ ਜੋ ਕੁਝ ਮਿਲੇਗਾ, ਤੇਰੇ ਅੱਗੇ ਲਿਆ ਰਖਾਂਗਾ, ਤੂੰ ਇਹੋ ਹੱਥ ਜੋੜ ਜੁ ਵਿਘਨ ਨਾ...।”

ਗੱਲ ਅਜੇ ਮੁਕੀ ਵੀ ਨਹੀਂ ਸੀ ਕਿ ਪੌੜੀਆਂ ਵਿਚ ਖੜਾਕ ਹੋਇਆ ਤੇ ਝਟ ਹੀ ਮੋਹਨ ਉਨ੍ਹਾਂ ਦੇ ਸਾਹਮਣੇ ਆ ਖਲੋਤਾ ।

ਫਤੇ ਫਤੂਹੀ ਦੇ ਬਾਅਦ ਜਦ ਉਹ ਬੈਠ ਗਿਆ ਤਾਂ ਰੋਹ ਭਰੇ ਲਹਿਜੇ ਵਿਚ ਸਰਦਾਰ ਹੋਰੀਂ ਬੋਲੇ—“ਕਿਉਂ ਮੋਹਨ, ਤੇਰੇ ਪਾਸੋਂ ਮੈਨੂੰ ਇਹੋ ਆਸ ਸੀ ?”

ਸਭ ਤੋਂ ਪਹਿਲਾ ਸਵਾਲ ਉਸ ਉਤੇ ਇਹੋ ਹੋਵੇਗਾ, ਇਸ ਨੂੰ ਮੋਹਨ ਜਾਣਦਾ ਸੀ । ਉਹ ਨਿੰਮ੍ਰਤਾ ਨਾਲ ਬੋਲਿਆ—“ਕੀ ਜੀ ?”

“ਪੁੱਛਦਾ ਏ ਕੀ ਜੀ ! ਤੈਨੂੰ ਪਤਾ ਨਹੀਂ ਕਲ੍ਹ ਜਿਹੜਾ ਪਾਗ਼ਲਪੁਣਾ ਕੀਤਾ ਏ ? ਤੂੰ ਤੇ ਭਾਵੇਂ ਆਪਣੀ ਵਲੋਂ ਮੇਲ ਕਰਾਣ ਦੀ ਵਿਉਂਤ ਸੋਚੀ ਸੀ, ਪਰ ਤੈਨੂੰ ਪਤਾ ਨਹੀਂ ਇਹ ਲੋਕ ਸਾਡੀ ਕੌਮ ਦੇ ਮੁੱਢ ਤੋਂ ਹੀ ਦੁਸ਼ਮਣ ਨੇ ? ਇਨ੍ਹਾਂ ਨਾਲ ਸਾਡੀ ਕਦੇ ਵੀ ਸੁਲ੍ਹਾ ਨਹੀਂ ਹੋ ਸਕਦੀ ।”

ਡਰਦਿਆਂ ਡਰਦਿਆਂ ਮੋਹਨ ਨੇ ਕਿਹਾ—“ਸਰਦਾਰ ਜੀ, ਮੈਨੂੰ ਤੇ ਕੋਈ ਵੀ ਦੁਸ਼ਮਣ ਨਜ਼ਰ ਨਹੀਂ ਆਉਂਦਾ, ਸਾਰੇ ਈ ਸਾਡੇ ਵਰਗੇ ਆਦਮੀ ਨੇ, ਸਾਰੇ ਸਾਡੇ ਭਰਾ ਭਾਈ ਨੇ ।”

“ਬੱਸ ਬੱਸ, ਮੈਂ ਸਮਝ ਲਿਆ ਤੇਰਾ ਨਖ਼ਰਾ । ਮਲੂਮ ਹੁੰਦਾ ਏ ਆਉਂਦਿਆਂ ਈ ਉਨ੍ਹਾਂ ਤੈਨੂੰ ਅੱਢੇ ਚਾੜ੍ਹ ਲਿਆ ਏ । ਹੱਛਾ, ਖੈਰ ਓਹ ਤੇ ਜੋ ਹੋਈ ਸੋ ਹੋਈ, ਹੁਣ ਅੱਗੇ ਲਈ ਕੀ ਸਲਾਹ ਏ ਤੇਰੀ ? ਕੰਮ ਕਰਨਾ ਈ ਸਿੱਧੀ ਤਰ੍ਹਾਂ ਕਿ ਨਹੀਂ ?”

“ਜੀ ਕਰਨਾ ਕਿਉਂ ਨਹੀਂ ।”

“ਚੰਗਾ ਫੇਰ ਅੱਗੇ ਨੂੰ ਇਹੋ ਜਿਹਾ ਝਲਪਣਾ ਨਾ ਖਿਲਾਰੀਂ। ਦੂਜਾ ਤੂੰ ਐਨੇ ਦਿਨ ਲਾ ਆਇਆ ਏਂ, ਤੈਨੂੰ ਪਤਾ ਨਹੀਂ ਸੀ, ਪਿੱਛੇ ਦਾ ਕੀ ਹਾਲ ਹੋਵੇਗਾ ? ਨਾ ਤੂੰ ਕੋਈ ਮਜ਼ਮੂਨ ਭੇਜਿਆ। ਹਾਰ ਕੇ ਮੈਨੂੰ ਆਪ ਈ ਸਭ ਕੁਝ ਕਰਨਾ ਪਿਆ, ਫੇਰ ਵੀ ਚੰਗਾ ਹੋਇਆ ਜੁ ਵੇਲੇ ਸਿਰ ਆ ਗਿਆ ਏਂ। ਕੰਮ ਬੜੇ ਕੱਠੇ ਹੋਏ ਪਏ ਨੇ । ਤੇ ਇਸ ਹਫਤੇ ਵਿਚ ਸਾਰੇ ਤੂੰ ਮੁਕਾਣੇ ਹੋਣਗੇ । ਮੈਂ ਅੱਜ ਤੈਨੂੰ ਨਾ ਮਿਲ ਸਕਾਂ ਸ਼ਾਮ ਨੂੰ ਨੌਜਵਾਨ ਸੁਧਾਰ ਸਭਾ ਦਾ ਜਲਸਾ ਕਰਨਾ ਏਂ। ਸੋ ਤੂੰ ਸਾਰੇ ਕੰਮ ਸਮਝ ਲੈ । ਇਕ ਤੇ ਐਤਕੀਂ ਉਚੇਚਾ ਜ਼ਮੀਮਾ ਲਿਖਣਾ ਏ ਮੁਸਲਮਾਨਾਂ ਬਾਬਤ । ਜੋ ਜੋ ਗਲਾਂ ਇਹਨਾਂ ਬਾਬਤ ਤੈਨੂੰ ਚਿੱਠੀਆਂ ਵਿਚ ਲਿਖ ਭੇਜੀਆਂ ਸਨ, ਉਹ ਸਾਰੀਆਂ ਤੇ ਕੁਝ ਹੋਰ ਵਧਾ ਚੜ੍ਹਾ ਕੇ ਨਾਲੇ ਇਕ ਗੱਲ ਦਾ ਹੋਰ ਖ਼ਿਆਲ ਰਖੀਂ......”

ਏਨੀਆਂ ਕੁ ਗੱਲਾਂ ਤਾਂ ਮੋਹਨ ਚੁਪ ਕਰ ਕੇ ਸੁਣਦਾ ਰਿਹਾ, ਪਰ ਉਸ ਤੋਂ ਹੋਰ ਸਹਾਰਾ ਨਾ ਹੋ ਸਕਿਆ ਤੇ ਵਿਚੋਂ ਹੀ ਬੋਲ ਪਿਆ—"ਸਰਦਾਰ ਜੀ ! ਮੈਂ ਅਖ਼ਬਾਰ ਦਾ ਹਰ ਇਕ ਕੰਮ ਕਰਨ ਨੂੰ ਤਿਆਰ ਆਂ, ਪਰ ਆਪਣੇ ਜ਼ਮੀਰ ਦੀ ਆਵਾਜ਼ ਤੋਂ ਵਿਰੁੱਧ ਸ਼ਾਇਦ ਕੋਈ ਕੰਮ ਮੇਰੇ ਪਾਸੋਂ ਨਾ ਹੋ ਸਕੇ।”

ਸਰਦਾਰ ਹੋਰਾਂ ਦੀ ਬੰਬੇ ਐਕਸਪ੍ਰੈਸ ਵਾਂਗ ਚਲਦੀ ਹੋਈ ਜ਼ਬਾਨ ਇਕ ਦੰਮ ਰੁਕ ਗਈ। ਤੇ ਉਹ ਕਰੋਧ ਨਾਲ ਲਾਲ ਹੋ ਕੇ ਬੋਲੇ—

“ਕੀ ਕਿਹਾ ਈ ? ਜ਼ਮੀਰ ਤੋਂ ਵਿਰੁੱਧ ? ਹੱਛਾ ਹੁਣ ਕੀੜੀਆਂ ਨੂੰ ਵੀ ਖੰਭ ਲੱਗ ਗਏ ਨੇ ?”

“ਜੀ ਮੈਂ ਤੁਹਾਡਾ ਦਾਸ ਆਂ, ਪਰ ਮੇਰਾ ਇਹੋ ਖ਼ਿਆਲ ਏ ।”

“ਨਹੀਂ, ਇਹ ਨਹੀਂ ਹੋ ਸਕਦਾ । ਤੈਨੂੰ ਕੰਮ ਜ਼ਰੂਰ ਕਰਨਾ ਪਵੇਗਾ (ਸਰਦਾਰਨੀ ਵੱਲ ਤੱਕ ਕੇ) ਵੇਖਿਆ ਈ ? ਉਹੋ ਗੱਲ ਹੋਈ ਕਿ ਨਾ ? ਮੈਂ ਤੈਨੂੰ ਕਿਹਾ ਸੀ ਨਾ ਕਿ ਇਹ ਜ਼ਰੂਰ ਕਿਸੇ ਦੇ ਢਹੇ ਚੜ੍ਹ ਗਿਆ ਹੋਣਾ ਏਂ। ਤੂੰ ਮੰਨਦੀ ਨਹੀਂ ਸੈਂ । ਇਨ੍ਹਾਂ ਕਮੀਨਿਆਂ ਲੋਕਾਂ ਦਾ ਕੋਈ ਇਤਬਾਰ ਹੁੰਦਾ ਏਂ ? ਭੁੱਖਾ ਮਰਦਾ ਆਇਆ ਸੀ । ਹੁਣ ਥੁੱਕਣ ! (ਮੋਹਨ ਨੂੰ) ਬੱਸ ਮੈਂ ਸਮਝ ਗਿਆ ਵਾਂ ਤੇਰੀਆਂ ਚਲਾਕੀਆਂ ਸਾਰੀਆਂ । ਜੇ ਨੌਕਰੀ ਕਰਨ ਦੀ ਤੇਰੀ ਨਹੀਂ ਸਲਾਹ ਤਾਂ ਰੁਪਈਆ ਮੇਰਾ ਐਥੇ ਢੇਰੀ ਕਰ ਤੇ ਮਾਰ ਟੱਕਰਾਂ ਜਿਥੇ ਤੇਰਾ ਜੀ ਕਰੇ ।

ਡਰਦਾ ਡਰਦਾ ਮੋਹਨ ਬੋਲਿਆ, “ਜੀ ਮੈਂ ਬੜੀ ਛੇਤੀ ਕੋਸ਼ਿਸ਼ ਕਰਾਂਗਾ, ਪਰ ਅਜੇ ਤੇ......”

ਉਸ ਦੀ ਗੱਲ ਟੋਕ ਕੇ ਸਰਦਾਰ ਨੇ ਦਬਕਾ ਮਾਰਿਆ...“ਤੇਰੇ ਕੋਲ ਰੁਪਏ ਹੈ ਨਹੀਂ ਤੇ ਇਥੋਂ ਤੂੰ ਸੁੱਕਾ ਚਲਾ ਜਾਵੇਂਗਾ ? ਤੈਨੂੰ ਪਤਾ ਏ ਅਸ਼ਟਾਮ ਵਿਚ ਤੂੰ ਕੀ ਸ਼ਰਤਾਂ ਲਿਖ ਕੇ ਦਿੱਤੀਆਂ ਹੋਈਆਂ ਨੇ ? ਜਦ ਤੀਕ ਰੁਪਿਆ ਅਦਾ ਨਾ ਕਰ ਲਵੇਂ, ਤੂੰ ਇਸ ਨੌਕਰੀ ਨੂੰ ਛੱਡ ਈ ਨਹੀਂ ਸਕਦਾ । ਸੁਣਿਆ ਈ ! ਬੱਸ ਜਾਹ ਤੈਨੂੰ ਅੱਜ ਦਾ ਦਿਨ ਮੋਹਲਤ ਦੇਨਾ ਵਾਂ । ਜਾਂ ਤੇ ਕਲ੍ਹ ਸਵੇਰੇ ਸਾਰਾ ਰੁਪਿਆ ਲੈ ਕੇ ਆਵੀਂ ਤੇ ਜਾਂ ਚੁੱਪ ਕਰਕੇ ਕੰਮ ਤੇ ਲੱਗ ਜਾਈਂ । ਬਸ ਇਸ ਤੋਂ ਵਧ ਮੈਂ ਨਾ ਕੋਈ ਗੱਲ ਕਰਨੀ ਚਾਹੁੰਨਾ ਵਾਂ ਨਾ ਸੁਣਨੀ ।"

“ਚੰਗਾ ਜੀ” ਕਹਿ ਕੇ ਮੋਹਨ ਉੱਠਿਆ ਤੇ ਹੌਲੀ ਹੌਲੀ ਕਮਰਿਓਂ ਬਾਹਰ ਹੋ ਕੇ ਪੌੜੀਆਂ ਉਤਰ ਗਿਆ ।

੧੩

ਅੱਜ ਦਾ ਖ਼ਾਲਸਈ ਜਲਸਾ ਖ਼ਾਸ ਤੌਰ ਤੇ ਰੌਣਕ ਵਾਲਾ ਹੈ । ਲਾਹੌਰ ਦੇ ਇਕ ਖੁਲ੍ਹੇ ਮੈਦਾਨ ਵਿਚ ਬੇ-ਓੜਕ ਸਿੰਘਾਂ ਦੀ ਸੰਗਤ ਸੱਜੀ ਹੋਈ ਹੈ ਤੇ ਪਿਛਲੇ ਪਾਸੇ ਕੁਝ ਲੋਕੀਂ ਪੰਜਾਂ ਪੰਜਾਂ ਦਸਾਂ ਦਸਾਂ ਦੀਆਂ ਢਾਣੀਆਂ ਬਣਾ ਕੇ ਉੱਚੀ ਉੱਚੀ ਕੁਝ ਵਾਰਤਾਲਾਪ ਕਰ ਰਹੇ ਹਨ।

ਥੋੜ੍ਹੇ ਚਿਰ ਬਾਅਦ ਡਾਕਟਰ ਮਾਹਣਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਜਲਸੇ ਦੀ ਕਾਰਵਾਈ ਸ਼ੁਰੂ ਹੋਈ । ਕੁਝ ਭੜਕੀਲੀਆਂ ਕਵਿਤਾਵਾਂ ਤੇ ਤਕਰੀਰਾਂ ਤੋਂ ਬਾਅਦ ਨੌਜਵਾਨ ਪਾਰਟੀ ਦੇ ਉੱਘੇ ਲੀਡਰ ਸ: ਉਤਮ ਸਿੰਘ ਹੋਰੀਂ ਸਟੇਜ ਤੇ ਆਏ।

ਆਪ ਦੀ ਤਕਰੀਰ ਕੀ ਸੀ, ਨਿਰੇ ਬੰਬ ਦੇ ਗੋਲੇ । ਲੰਮੀ ਅਚਕਣ ਦੇ ਬਟਨਾਂ ਤੇ ਉਂਗਲਾਂ ਫੇਰਦੇ ਹੋਏ ਬੋਲੇ—“ਖ਼ਾਲਸਾ ਜੀ! ਇਸ ਵੇਲੇ ਸਿੱਖ ਕੌਮ ਦੀ ਆਨ ਸ਼ਾਨ ਖ਼ਤਰੇ ਵਿਚ ਹੈ । ਮੁਸਲਮਾਨਾਂ ਵਲੋਂ ਆਏ ਦਿਨ ਸਿੱਖਾਂ ਦੇ ਕਲੇਜੇ ਲੂਹੇ ਜਾ ਰਹੇ ਹਨ । ਕੋਈ ਨਾ ਕੋਈ ਨਵੀਂ ਸ਼ਰਾਰਤ ਛੇੜ ਕੇ ਸਾਨੂੰ ਸੁੱਤੇ ਸ਼ੇਰਾਂ ਨੂੰ ਜਗਾਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ । ਇਨ੍ਹਾਂ ਦੇ ਨਿੱਤ ਦਿਹਾੜੀ ਦੇ ਕਾਰੇ ਤਾਂ ਤੁਸੀਂ ਮੇਰੇ ਅਖ਼ਬਾਰ ‘ਨਿਧੜਕ’ ਵਿਚ ਪੜ੍ਹਦੇ ਹੀ ਰਹਿੰਦੇ ਹੋ । ਪਰ ਅੱਜ ਇਕ ਅਜਿਹੀ ਦੁਖਦਾਈ ਘਟਨਾ ਮੈਂ ਤੁਹਾਨੂੰ ਸੁਣਾਣ ਲੱਗਾ ਹਾਂ, ਜਿਸ ਨੂੰ ਸੁਣ ਕੇ ਹਰ ਇਕ ਸਿੱਖ ਬੱਚੇ ਦਾ ਖ਼ੂਨ ਉਬਲ ਉੱਠੇਗਾ ।

“ਖ਼ਾਲਸਾ ਜੀ ! ਇਸ ਲਹੂ ਰੁਆਉਣੀ ਖ਼ਬਰ ਨੂੰ ਸੁਣਨ ਲਈ ਆਪੋ ਆਪਣੇ ਕਲੇਜੇ ਥੰਮ੍ਹ ਲਓ ।”

ਸਰੋਤਿਆਂ ਦਾ ਖ਼ਿਆਲ ਇਕ ਦੰਮ ਖਿਚਿਆ ਗਿਆ ਤੇ ਉਹ ਸਿਰ ਚੁੱਕ ਚੁੱਕ ਕੇ ਅਗਾਂਹ ਹੋ ਹੋ ਕੇ ਇਸ ਨਵੀਂ ਖ਼ਬਰ ਨੂੰ ਸੁਣਨ ਦੀ ਕੋਸ਼ਿਸ਼

ਕਰਨ ਲੱਗੇ ।

ਸਰਦਾਰ ਹੋਰੀਂ ਆਪਣੀ ਤਕਰੀਰ ਨੂੰ ਜਾਰੀ ਰੱਖਦੇ ਹੋਏ ਕਹੀ ਜਾ ਰਹੇ ਸਨ—“ਸਾਡੇ ਐਡੀਟੋਰੀਅਲ ਸਟਾਪ (ਸਟਾਫ਼) ਦਾ ਇਕ ਚਪੜਾਸੀ ਮੁੰਡਾ, ਜਿਸ ਦਾ ਨਾਂ ਮੋਹਨ ਸਿੰਘ ਹੈ, ਇਨ੍ਹਾਂ ਜ਼ਾਲਮਾਂ ਦੀ ਚੁੱਕ ਵਿਚ ਆ ਕੇ ਗੁਰਸਿੱਖੀ ਤੋਂ ਪੀੜਤ ਹੋਣ ਨੂੰ ਫਿਰਦਾ ਹੈ । ਅੱਜ ਹੀ ਉਸ ਨੇ ਮੁਸਲਮਾਨ ਹੋ ਜਾਣਾ ਸੀ, ਜੇ ਸਾਰੇ ਦਿਨ ਦੀ ਦੌੜ ਭੱਜ ਤੋਂ ਬਾਅਦ ਮੈਂ ਉਸ ਨੂੰ ਲੱਭ ਨਾ ਲੈਂਦਾ।

“ਤੁਹਾਡੇ ਇਸ ਕੂਕਰ ਨੇ ਬੜੀਆਂ ਕੋਸ਼ਿਸ਼ਾਂ, ਗੁਰਬਾਣੀ ਦੇ ਪਰਮਾਣਾਂ ਤੇ ਦਲੀਲਾਂ ਨਾਲ ਉਸ ਦੇ ਖ਼ਿਆਲਾਂ ਨੂੰ ਪਲਟਾ ਦੇਣਾ ਸ਼ੁਰੂ ਕੀਤਾ ਤੇ ਅਖ਼ੀਰ ਕਈ ਘੰਟਿਆਂ ਦੀ ਮੇਹਨਤ ਤੋਂ ਬਾਅਦ ਏਨਾ ਕਰ ਸਕਿਆ ਕਿ ਹਾਲੇ ਕੁਝ ਦਿਨਾਂ ਲਈ ਉਹ ਮੁਸਲਮਾਨ ਹੋਣੋਂ ਰੁੱਕ ਗਿਆ।

“ਇਸ ਸਾਰੀ ਸ਼ਰਾਰਤ ਦਾ ਮੁੱਢ ਇਹੋ ਮੁਸਲਮਾਨ ਹਨ । ਮੈਨੂੰ ਇਹ ਵੀ ਪਤਾ ਲੱਗਾ ਹੈ ਕਿ ਮੋਹਨ ਸਿੰਘ ਕਈਆਂ ਦਿਨਾਂ ਤੋਂ ਮੁਸਲਮਾਨਾਂ ਪਾਸ ਹੀ ਰਹਿੰਦਾ ਤੇ ਉਨ੍ਹਾਂ ਦਾ ਹੀ ਰਿੱਧਾ ਪੱਕਾ ਖਾਂਦਾ ਰਿਹਾ ਹੈ । ਭਾਵੇਂ ਮੁੰਡਾ ਮੁਸਲਮਾਨ ਹੋਣੋਂ ਰੁਕ ਗਿਆ ਹੈ ਪਰ ਇਕ ਤਰ੍ਹਾਂ ਨਾਲ ਉਹ ਪਤਤ ਹੀ ਸਮਝੋ। ਅਜੇ ਵੀ ਉਸਦਾ ਇਤਬਾਰ ਕੋਈ ਨਹੀਂ।

“ਸੋ ਹੁਣ ਮੇਰੇ ਖ਼ਿਆਲ ਵਿਚ ਸਿੱਖ ਬਰਾਬਰੀ ਵਿਚੋਂ ਉਸ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ ਤੇ ਨਾਲ ਹੀ ਮੁਸਲਮਾਨਾਂ ਨੂੰ ਵੀ ਇਸ ਕਰਤੂਤ ਦਾ ਮਜ਼ਾ ਚਖਾਣਾ ਚਾਹੀਦਾ ਹੈ।”

ਲੈਕਚਰ ਸੁਣਦਿਆਂ ਸੁਣਦਿਆਂ ਕਈਆਂ ਦੀਆਂ ਬਾਹਾਂ ਫਰਕਣ ਲੱਗ ਪਈਆਂ ਤੇ ਬੇ-ਓੜਕ ਜ਼ਬਾਨਾਂ ਚੱਲਣ ਲੱਗ ਪਈਆਂ । ਇਥੋਂ ਤੱਕ ਕਿ ਸਰਦਾਰ ਹੋਰਾਂ ਲਈ ਬੋਲਣਾ ਔਖਾ ਹੋ ਗਿਆ ।

ਅੰਤ ਬੜੇ ਜਤਨਾਂ ਨਾਲ ਸੰਗਤ ਨੂੰ ਚੁੱਪ ਕਰਾਇਆ ਗਿਆ ਤੇ ਸਰਦਾਰ ਹੋਰਾਂ ਆਪਣੀ ਵਿਆਖਿਆ ਮੁੜ ਸ਼ੁਰੂ ਕੀਤੀ—“ਖ਼ਾਲਸਾ ਜੀ! ਕਿੰਨਾ ਕੁ ਚਿਰ ਗ਼ਫਲਤ ਦੀ ਨੀਂਦੇ ਸੁੱਤੇ ਰਹੋਗੇ । ਕੋਈ ਕੌਮ ਓਨਾ ਚਿਰ ਜਿਊਂਦੀ ਨਹੀਂ ਰਹਿ ਸਕਦੀ ਜਿੰਨਾ ਚਿਰ ਉਹ ਆਪਣੇ ਨੌਜਵਾਨਾਂ ਨੂੰ ਸੰਭਾਲਣ ਦਾ ਜਤਨ ਨਹੀਂ ਕਰਦੀ।

“ਤੁਹਾਡੇ ਸੇਵਕਾਂ ਨੇ—ਜਿਹਾ ਕਿ ਤੁਸੀਂ ਅਖ਼ਬਾਰ ‘ਨਿਧੜਕ’ ਵਿਚ ਪੜ੍ਹ ਹੀ ਚੁੱਕੇ ਹੋ—ਇਹ ਬੀੜਾ ਚੁੱਕਿਆ ਹੈ ਕਿ ਸਿੱਖ ਨੌਜਵਾਨਾਂ ਦੇ ਸੁਧਾਰ ਅਤੇ ਅਨੁਮੱਤੀਆਂ ਦੇ ਪ੍ਰਚਾਰ ਦਾ ਮੂੰਹ ਤੋੜ ਮੁਕਾਬਲਾ ਕਰਨ ਲਈ ਇਕ ਨੌਜਵਾਨ ਸੁਧਾਰ ਸਭਾ ਕਾਇਮ ਕੀਤੀ ਜਾਵੇ, ਜਿਸ ਦੀ ਬਣਤਰ ਮੁਕੰਮਲ ਹੋ ਚੁੱਕੀ ਹੈ ਤੇ ਹੁਣ ਬਾਕੀ ਹੈ ਕੇਵਲ ਫੰਡ ਇਕੱਠਾ ਕਰਨਾ । ਇਸ ਬਾਬਤ ਦਸ ਹਾਜ਼ਾਰ ਦੀ ਅਪੀਲ ਵੀ ਤੁਸੀਂ ਅਖ਼ਬਾਰ ਵਿਚ ਪੜ੍ਹ ਚੁੱਕੇ ਹੋ । ਅੱਜ ਦਾ ਇਹ ਜਲਸਾ ਬੁਲਾਣ ਦਾ ਕਾਰਨ ਵੀ ਇਸੇ ਫੰਡ ਦੀ ਅਪੀਲ ਹੈ । ਸੋ ਮੈਂ ਝੋਲੀ ਅੱਡ ਕੇ ਆਪ ਪਾਸੋਂ ਇਸ ਫੰਡ ਲਂਈ ਦਾਨ ਮੰਗਦਾ ਹਾਂ । ਆਸ਼ਾ ਹੈ ਕਿ ਗੁਰੂ ਕੀਆਂ ਸੰਗਤਾਂ ਖੁਲ੍ਹ ਦਿਲੀ ਦਾ ਸਬੂਤ ਦੇ ਕੇ ਸੇਵਕਾਂ ਦੀਆਂ ਝੋਲੀਆਂ ਭਰ...”

ਸਰਦਾਰ ਉਤਮ ਸਿੰਘ ਹੋਰਾਂ ਦੀ ਤਕਰੀਰ ਅਜੇ ਅਧੂਰੀ ਹੀ ਸੀ ਕਿ ਸੰਗਤ ਦਾ ਧਿਆਨ ਕਿਸੇ ਹੋਰ ਪਾਸੇ ਖਿਚਿਆ ਗਿਆ । ਪਿਛਲੇ ਪਾਸਿਓਂ ਭੀੜ ਵਿਚੋਂ ਇਕ ਸਿੱਖ ਗੱਭਰੂ ਅਗਾਂਹ ਆਇਆ ਤੇ ਸਟੇਜ ਦੇ ਨੇੜੇ ਪਹੁੰਚ ਕੇ ਕਾਹਲੀ ਕਾਹਲੀ ਬੋਲਿਆ:

“ਖਾਲਸਾ ਜੀ, ਮੇਰੀ ਬਾਬਤ ਸਰਦਾਰ ਹੋਰਾਂ ਜੋ ਕੁਝ ਕਿਹਾ ਹੈ ਇਹ ਸੋਲਾਂ ਆਨੇ ਗ਼ਲਤ ਹੈ। ਮੇਰਾ ਜੇ ਕੋਈ ਕਸੂਰ ਹੈ ਤਾਂ ਇਹ ਕਿ ਮੈਂ ਕਲ੍ਹ ਉਨ੍ਹਾਂ ਦੇ ਇਕ ਜਲਸੇ ਵਿਚ ਜਾ ਕੇ......”

ਉਹ ਮਸੇ ਇਤਨਾ ਹੀ ਬੋਲ ਸਕਿਆ ਸੀ ਕਿ ਸਰਦਾਰ ਉਤਮ ਸਿੰਘ ਨੇ ਜੋਸ਼ ਵਿਚ ਆ ਕੇ ਪੁਕਾਰਿਆ—“ਇਹੋ ਜੇ ਖਾਲਸਾ ਜੀ ! ਇਹ ਜੇ ਮੇਰੇ ਪ੍ਰੈਸ ਦਾ ਚਪੜਾਸੀ ਜਿਸ ਦੀਆਂ ਕਰਤੂਤਾਂ ਦਾ ਭਾਂਡਾ ਮੈਂ ਤੁਹਾਡੇ ਸਾਹਮਣੇ ਭੰਨ ਚੁੱਕਾ ਹਾਂ । ਵੇਖੋ ਇਸ ਦੀ ਬੇਗੈਰਤੀ, ਅਜੇ ਵੀ ਬਾਜ਼ ਨਹੀਂ ਆਉਂਦਾ ਤੇ ਦੁਸ਼ਮਣਾਂ ਦੀ ਹਮਾਇਤ ਕਰ ਰਿਹਾ ਹੈ । ਮੈ ਇਹ ਵੀ ਸੁਣਿਆ ਹੈ ਕਿ ਸੀ. ਆਈ. ਡੀ. ਵਿਚ ਭਰਤੀ ਹੋ ਗਿਆ ਹੈ । ਇਸੇ ਕਰਕੇ ਸਾਡੇ ਫੁੱਟ ਪਾਣੀ ਚਾਹੁੰਦਾ ਹੈ । ਇਹੋ ਜਿਹੇ ਪਤਤ ਤੇ ਝੋਲੀ ਚੁੱਕ ਨੂੰ ਸਿੱਖ ਸੰਗਤ ਵਿਚ ਬੋਲਣ ਦਾ ਕੋਈ ਹੱਕ ਨਹੀਂ ।"

ਸਰਦਾਰ ਹੋਰਾਂ ਦੇ ਇਤਨਾ ਕਹਿਣ ਦੀ ਹੀ ਦੇਰ ਸੀ ਕਿ ਜਲਸੇ ਵਿਚ ਮੱਛੀ ਵਿਕਣ ਲੱਗ ਪਈ । ਸਿਦਕੀਆਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਤੇ ਉਹ ਗਾਲ੍ਹਾਂ ਦੀ ਬੁਛਾੜ ਨਾਲ ਮੋਹਨ ਦਾ ਸਤਿਕਾਰ ਕਰਨ ਲੱਗੇ।

ਮੋਹਨ ਨੇ ਬੋਲਣ ਲਈ ਬਥੇਰੀ ਵਾਹ ਲਾਈ, ਪਰ ਅੱਵਲ ਤਾਂ ਉਹ ਘਬਰਾਹਟ ਦਾ ਮਾਰਿਆ ਬੋਲ ਹੀ ਨਾ ਸਕਿਆ, ਤੇ ਜੇ ਬੋਲਿਆ ਵੀ ਤਾਂ ਉਹਦੀ ਗੱਲ ਇਸ ਰੌਲੇ ਵਿਚ ਕਿਸੇ ਨੂੰ ਸੁਣਾਈ ਨਾ ਦਿੱਤੀ ।

ਉਹ ਅਜੇ ਵੀ ਖੜਾ ਸੀ ਅਤੇ ਨਾ ਕਿਸੇ ਤਰ੍ਹਾਂ ਲੋਕਾਂ ਦੇ ਕੰਨਾਂ ਤਕ ਕੁਝ ਵਾਕ ਪਹੁੰਚਾਣ ਦਾ ਕੋਈ ਢੰਗ ਸੋਚ ਰਿਹਾ ਸੀ । ਪਰ ਉਹ ਨਹੀਂ ਸੀ ਜਾਣਦਾ ਕਿ ਉਸ ਦੇ ਆਉਣ ਤੋਂ ਪਹਿਲਾਂ ਹੀ ਲੋਕੀਂ ਉਸ ਦੇ ਲਹੂ ਦੇ ਪਿਆਸੇ ਬਣ ਚੁੱਕੇ ਸਨ । ਇਹੋ ਕਾਰਨ ਹੈ ਕਿ ਉਸ ਦਾ ਉਥੇ ਖਲੋਣਾ ਔਖਾ ਤੇ ਸੰਗਤ ਲਈ ਅਸਹਿ ਹੋ ਗਿਆ ।

ਇਥੋਂ ਤਕ ਕਿ ਬੈਠੇ ਹੋਏ ਕਈ ਲੋਕੀਂ ਉਠ ਕੇ ਖੜੋ ਗਏ ਤੇ ਇਸ ਤੋਂ ਬਾਅਦ ਮੋਹਨ ਦੇ ਦਵਾਲੇ ਘੇਰਾ ਪਾ ਕੇ ਉਸ ਨੂੰ ਹੋਰ ਵਧ ਵਧ ਕੇ ਦੁਰਬਚਨ ਬੋਲਣ ਲੱਗੇ ।

ਢਿੱਲੜ ਮੇਲ ਸਿੱਖ ਤਾਂ ਇਹੋ ਕੁਝ ਕਰਕੇ ਹੀ ਸੰਤੁਸ਼ਟ ਹੋ ਗਏ, ਪਰ ਜੋਸ਼ੀਲੇ ਸਿੰਘਾਂ ਦੀ ਏਨੇ ਨਾਲ ਤਸੱਲੀ ਨਾ ਹੋਈ । ਹੁੰਦਿਆਂ ਹੁੰਦਿਆਂ ਨੌਬਤ ਧੱਕਮ-ਧੱਕੇ ਤਕ ਜਾ ਪੁੱਜੀ।

ਇਸ ਤੋਂ ਬਾਅਦ ਕੀ ਹੋਇਆ ? ਕੁਝ ਤਰਸਵਾਨ, ਬੰਦੇ ਅਗਾਂਹ ਹੋ ਕੇ ਮੋਹਨ ਦੀ ਸੈਂਕੜੇ ਸੂਰਬੀਰਾਂ ਹੱਥੋਂ ਖ਼ਲਾਸੀ ਨਾ ਕਰਾਉਂਦੇ ਤਾਂ ਸ਼ਾਇਦ ਉਸਦੀ ਜੀਵਨ ਲੀਲਾ ਇਸੇ ਜਲਸੇ ਵਿਚ ਸਮਾਪਤ ਹੋ ਜਾਂਦੀ ।

ਉਪਰੰਤ ਜਦ ਉਹ ਡਿਗਦਾ ਢਹਿੰਦਾ ਆਪਣੇ ਮਕਾਨ ਵੱਲ ਜਾ ਰਿਹਾ ਸੀ, ਤਾਂ ਉਸ ਦੇ ਲੀਰੋ ਲੀਰ ਤੇ ਲਹੂ ਨਾਲ ਦਾਗੋ ਦਾਗ ਹੋਏ ਕਪੜੇ ਵੇਖ ਕੇ ਇਸ ਗੱਲ ਦਾ ਅਨੁਮਾਨ ਲਾਉਣਾ ਔਖਾ ਸੀ ਕਿ ਕਿੰਨੇ ਕੁ ਦਿਨ ਇਸ ਨੂੰ ਮੰਜੇ ਨਾਲ ਸਾਂਝ ਰੱਖਣੀ ਪਵੇਗੀ।

ਉਸ ਦੇ ਚਲੇ ਜਾਣ ਤੋਂ ਬਾਅਦ ਸਰਦਾਰ ਉਤਮ ਸਿੰਘ ਹੋਰਾਂ ਬੜੀ ਸਿਆਣਪ ਨਾਲ ਜਲਸੇ ਦੀ ਰੌਣਕ ਨੂੰ ਫੇਰ ਕਾਇਮ ਕੀਤਾ, ਤੇ ਆਪਣੀ ਤਕਰੀਰ ਨਾਲ ਸਰੋਤਿਆਂ ਨੂੰ ਮੁੜ ਨਿਹਾਲ ਕਰਨ ਲਗੇ । ਉਹ ਉਸ ਥਾਂ ਪੁੱਜੇ ਜਿਥੋਂ ਲੈਕਚਰ ਦੀ ਲੜੀ ਟੁੱਟੀ ਸੀ, ਅਰਥਾਤ ਨੌਜਵਾਨ ਸੁਧਾਰ ਸਭਾ ਲਈ ਚੰਦੇ ਦੀ ਅਪੀਲ ।

ਇਸ ਤੋਂ ਬਾਅਦ ਡਾਕਟਰ ਹੋਰਾਂ ਇਕ ਰਜਿਸਟਰ ਫੜ ਲਿਆ ਤੇ ਸਰਦਾਰ ਉਤਮ ਸਿੰਘ ਹੋਰੀ ਸੰਗਤ ਪਾਸੋਂ ਮਾਇਆ ਫੜਦੇ ਹੋਏ ਕਹੀ ਜਾਂਦੇ ਸਨ—"ਖ਼ਾਲਸਾ ਜੀ ਇਹ ਵੇਲਾ ਜਕੋ ਤਕੋ ਕਰਨ ਦਾ ਨਹੀਂ। ਨਹਿ ਬਿਲੰਬ ਧਰਮੰ ਬਿਲੰਬ ਪਾਪੰ । ਧਰਮ ਦੇ ਕੰਮ ਵਿਚ ਢਿੱਲ ਨਹੀਂ ਹੋਣੀ ਚਾਹੀਦੀ ।"

ਸੰਗਤ ਵਿਚੋਂ ਦਬਾ ਦਬ ਹੱਥ ਉਠਣ ਲਗੇ । ਸਵਾ ਰੁਪਿਆ ਮੇਰਾ, ਢਾਈ ਮੇਰੇ, ਦਸ ਆਨੇ ਮੇਰੇ ਦੀਆਂ ਆਵਾਜ਼ਾਂ ਆਉਣ ਲਗੀਆਂ।

ਸਰਦਾਰ ਹੋਰੀਂ ਰੁਪਏ ਫੜਦੇ ਜਾਂਦੇ ਹਨ, ਤੇ ਡਾਕਟਰ ਹੋਰੀਂ ਰਜਿਸਟਰ ਵਿਚ ਦਰਜ ਕਰਦੇ ਹੋਏ ਨਾਲੋਂ ਨਾਲ ਬੋਲੀ ਜਾਂਦੇ ਸਨ।

੧੫-੨੦ ਮਿੰਟਾਂ ਵਿਚ ਹੀ ਇਹ ਦੋਵੇਂ ਸਾਰੀ ਸੰਗਤ ਵਿਚ ਫਿਰ ਨਿਕਲੇ। ਜਦ ਸਭ ਪਾਸੀਂ ਚੁਪ ਚਾਪ ਹੋ ਗਈ, ਤਾਂ ਰਕਮ ਗਿਣ ਕੇ ਨਿਰਾਸਤਾ ਭਰੀ ਅਵਾਜ਼ ਵਿਚ ਸਰਦਾਰ ਉਤਮ ਸਿੰਘ ਹੋਰੀਂ ਬੋਲੇ—"ਖਾਲਸਾ ਜੀ! ਮੈਨੂੰ ਬੜੇ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਸੇਵਕਾਂ ਦੀ ਇਤਨੀ ਸਿਰ ਖਪਾਈ ਦਾ ਸੰਗਤ ਉਤੇ ਕੁਝ ਵੀ ਅਸਰ ਨਹੀਂ ਪਿਆ। ਕੁਲ ਦੋ ਸੌ ਪਚਵੰਜਾ ਰੁਪਈਏ ਚੌਦਾਂ ਆਨੇ ਹੋਏ ਹਨ। ਮੇਰਾ ਖ਼ਿਆਲ ਸੀ ਇਤਨੀ ਵਡੀ ਸੰਗਤ ਵਿਚੋਂ ਘਟੋ ਘਟ ਦੋ ਹਜ਼ਾਰ ਰੁਪਿਆ ਪ੍ਰਾਪਤ ਹੋ ਜਾਵੇਗਾ । ਗੁਰਾਂ ਕੇ ਸਿੱਖ ਇਹੋ ਜਿਹੇ ਸਮੇਂ ਆਪਣਾ ਸਰਬੰਸ ਵਾਰਨੋਂ ਵੀ ਫ਼ਰਕ ਨਹੀਂ ਕਰਦੇ । ਖਾਲਸਾ ਜੀ! ਸਤਿਗੁਰ ਨੇ ਇਕ ਸੀਸ ਮੰਗਿਆ ਸੀ ਤਾਂ ਪੰਜ ਹਜ਼ਾਰ ਹੋਏ ਸਨ ਪਰ ਕਿਡੇ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਨਿਕਾਰੀਆਂ ਠੀਕਰੀਆਂ ਦੇ ਦੇਣ ਲਈ ਗੁਰੂ ਕੇ ਸਿੱਖਾਂ ਨੇ ਐਨੀ ਦੇਰ ਲਾਈ ਹੈ । ਜੇ ਸੰਗਤਾਂ ਵਲੋਂ ਸੇਵਕਾਂ ਦੇ ਹੌਂਸਲੇ ਇਸੇ ਤਰ੍ਹਾਂ ਢਾਏ ਗਏ, ਤਾਂ ਸੇਵਕਾਂ ਨੂੰ ਆਪਣੇ ਘਰ ਝੁਗੇ ਵੇਚ ਕੇ ਵੀ ਇਹ ਰਕਮ ਪੂਰੀ ਕਰਨੀ ਪਵੇਗੀ । ਗੁਰੂ ਦਾ ਕਾਰਜ ਤਾਂ ਖਾਲਸਾ ਜੀ! ਜ਼ਰੂਰ ਹੋਕੇ ਰਹੇਗਾ, ਭਾਵੇਂ ਇਸ ਕੂਕਰ ਨੂੰ ਆਪਣਾ ਪ੍ਰੈੱਸ ਵੇਚ ਕੇ ਹੀ ਕਿਉਂ ਨਾ ਲਾ ਦੇਣਾ ਪਏ । ਪਰ ਸੰਗਤਾਂ ਨੂੰ ਇਹੋ ਜਿਹਾ ਸੁਭਾਗਾ ਸਮਾਂ ਰੋਜ਼ ਰੋਜ਼ ਹੱਥ ਨਹੀਂ ਆਉਣਾ । ਕੀ ਇਤਨੀ ਸੰਗਤ ਪਾਸੋਂ ਮੈਂ ਇਹ ਆਸ ਨਹੀਂ ਰੱਖ ਸਕਦਾ ਕਿ ਇਕ ਇਕ ਦਮੜਾ ਝੱਟ ਪੱਟ ਖੀਸਿਆਂ 'ਚੋਂ ਕੱਢ ਕੇ ਮਿੰਟਾਂ ਵਿਚ ਹੀ ਹਜ਼ਾਰਾ ਰੁਪਏ ਕੱਠੇ ਕਰ ਦੇਣਗੇ? ਖਾਲਸਾ ਜੀ! ਮਾਰੋ ਹੰਭਲਾ, ਗੁਰੂ ਏਕ ਦੇ ਅਨੇਕ ਦੇਵੇਗਾ ।"

ਇਨ੍ਹਾਂ ਵਾਕਾਂ ਨੇ ਸੰਗਤ ਵਿਚ ਇਕ ਵਾਰੀ ਫੇਰ ਹਿਲਜੁਲ ਜਿਹੀ ਪੈਦਾ ਕਰ ਦਿਤੀ ਤੇ ਸਰਦਾਰ ਹੋਰਾਂ ਦੇ ਹਥਾਂ ਨੂੰ ਉਨ੍ਹਾਂ ਦੀਆਂ ਜ਼ਬਾਨਾਂ ਵਾਂਗ ਹੀ ਕੰਮ ਕਰਨਾ ਪਿਆ ।

ਐਤਕੀਂ ਵੀ ਬਹੁਤ ਨਹੀਂ, ਪਰ ਡੇਢ ਕੁ ਸੌ ਦਾ ਆੜਾ ਬਾੜਾ ਹੋ ਹੀ ਗਿਆ । ਇਸੇ ਤਰ੍ਹਾਂ ਹੋਰ ਇਕ ਦੋ ਜ਼ੋਸ਼ੀਲੇ ਹਲੇ ਹੋਏ, ਤੇ ਇਨ੍ਹਾਂ ਦਾ ਸਿੱਟਾ ਹੋਇਆ ਕਿ ਉਗਰਾਹੀ ਦੀ ਰਕਮ ਪੰਜ ਸੌ ਤੋਂ ਟੱਪ ਗਈ।

ਇਸ ਤੋਂ ਬਾਅਦ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਵਿਚ ਜਲਸਾ ਸਮਾਪਤ ਹੋਇਆ ਤੇ ਲੋਕੀਂ ਉਠ ਕੇ ਘਰੋ ਘਰੀ ਤੁਰ ਗਏ।

ਦੂਜੇ ਦਿਨ ਸਰਦਾਰ ਉਤਮ ਸਿੰਘ ਹੋਰੀਂ ਆਪਣੀ ਸ੍ਰੀਮਤੀ ਸਣੇ ਸਾਰਾ ਦਿਨ ਸਰਾਫਾਂ ਦੀਆਂ ਹੱਟੀਆਂ ਨੂੰ ਭਾਗ ਲਾਂਦੇ ਰਹੇ ਤੇ ਡਾਕਟਰ ਹੋਰੀਂ ਬਜ਼ਾਜ਼ੀ ਦੀ ਮਾਰਕੀਟ ਨੂੰ ।

੧੪

ਕਿਸੇ ਗੰਦੇ ਤੋਂ ਗੰਦੇ ਛੱਪੜ ਨੂੰ ਵੀ ਜਦ ਹਨੇਰੀ ਦਾ ਬੁੱਲਾ ਆ ਕੇ ਉੱਥਲ ਪੁੱਥਲ ਕਰਦਾ ਹੈ ਤਾਂ ਉਸ ਦੀ ਸੱਤਾ ਹੇਠੋਂ ਕੁਝ ਸਾਫ਼ ਪਾਣੀ ਡਲਕਣ ਲੱਗ ਪੈਂਦਾ ਹੈ । ਪਰ ਝੱਟ ਕੁ ਪਿਛੋਂ ਹੱਟਿਆ ਹੋਇਆ ਬੂਰ ਕਖ ਬਰੂਟ ਮੁੜ ਉਸ ਨੂੰ ਪਹਿਲਾਂ ਵਾਂਗ ਹੀ ਢੱਕ ਦੇਂਦਾ ਹੈ ।

ਕਰਤਾਰ ਕੌਰ ਦੀ ਮੌਤ ਨੇ ਤਰਲੋਕ ਸਿੰਘ ਦੀ ਕਾਂਇਆ ਪਲਟ ਦਿੱਤੀ— ਉਹ ਆਪਣੇ ਪਿਛਲੇ ਜੀਵਨ ਤੋਂ ਤ੍ਰਾਹ ਤ੍ਰਾਹ ਕਰ ਉੱਠਿਆ। ਕਈ ਦਿਨ ਉਹ ਦਿਲ ਦੀ ਤੱਕੜੀ ਉੱਤੇ ਇਕ ਪਾਸੇ ਕਰਤਾਰ ਕੌਰ ਨੂੰ ਤੇ ਦੂਜੇ ਪਾਸੇ ਗੁਲਜ਼ਾਰ ਨੂੰ ਤੋਲਦਾ ਰਿਹਾ।

ਉਸ ਨੂੰ ਹੁਣ ਸਮਝ ਆਈ ਕਿ ਸਰਸਬਜ਼ ਪਹਾੜੀ ਸਮਝ ਕੇ ਜਿਸ ਉੱਤੇ ਉਸ ਨੇ ਗ੍ਰਹਿਸਥ ਦੀ ਸੁਨਹਿਰੀ ਕਿਸ਼ਤੀ ਵਿਚੋਂ ਛਾਲ ਚੁੱਕ ਮਾਰੀ ਸੀ, ਉਹ ਪਹਾੜੀ ਨਹੀਂ, ਸਗੋਂ ਵੇਲ ਮੱਛੀ ਸੀ, ਜਿਹੜੀ ਇਕੋ ਪਲਸੇਟੇ ਨਾਲ ਉਸ ਨੂੰ ਡਰੌਣੀਆਂ ਲਹਿਰਾਂ ਵਿਚ ਸੁੱਟ ਕੇ ਟੁੱਬੀ ਮਾਰ ਗਈ । ਪਰ ਉਧਰੋਂ ਕਿਸ਼ਤੀ ਵੀ ਅਖੋਂ ਓਹਲੇ ਹੋ ਚੁੱਕੀ ਸੀ । ਤੇ ਹੁਣ ਉਹ ਗੋਤੇ ਖਾਂਦਾ ਹੋਇਆ ਕੰਢੇ ਦੀ ਭਾਲ ਵਿਚ ਹੱਥ . ਪੈਰ ਮਾਰ ਰਿਹਾ ਸੀ।

ਕਰਤਾਰ ਕੌਰ ਦੀ ਚਿਖਾ ਵੀ ਅਜੇ ਠੰਢੀ ਨਹੀਂ ਸੀ ਹੋਈ ਕਿ ਸ: ਤਰਲੋਕ ਸਿੰਘ ਦੇ ਦਿਲ ਵਿਚ ਵਿਆਹ ਦੀ ਬੁੱਝ ਚੁੱਕੀ ਅੱਗ ਫੇਰ ਮੱਘ ਉੱਠੀ। ਸਾਵਣ ਮਾਂਹ ਦੀ ਫੁਹਾਰ ਦੇ ਦਿਨ ਉਸ ਨੇ ਅੱਗ ਨਾਲ ਖੇਡਦਿਆਂ ਬਿਤਾ ਦਿਤੇ ਸਨ, ਪਰ ਸਿਰ ਤੋਂ ਪੈਰਾਂ ਤਕ ਝੁਲਸ ਜਾਣ ਤੋਂ ਬਾਅਦ ਜਦ ਉਸ ਨੂੰ ਬਦਲੀ ਦੀ ਲੋੜ ਭਾਸੀ, ਤਾਂ ਉਸ ਵੇਲੇ ਸਾਵਣ ਬੀਤ ਚੁੱਕਾ ਸੀ।

ਉਸ ਨੇ ਬਥੇਰੀਆਂ ਕੋਸ਼ਸ਼ਾਂ ਕੀਤੀਆਂ, ਚਾਂਦੀ ਸਾਵੀਂ ਤੋਲ ਕੇ ਲੈਣ ਲਈ ਕਈਆਂ ਮੰਡੀਆਂ ਦੇ ਦਲਾਲਾਂ ਨੂੰ ਫ਼ਰਮਾਇਸ਼ਾਂ ਪਾਈਆਂ, ਪਰ ਸੋਨੇ ਦੇ ਚਿਮਟੇ ਨਾਲ ਕੋਈ ਵੀ ਕਲੇਜੇ ਦੀ ਬੋਟੀ ਤੁੜਵਾਨ ਨੂੰ ਤਿਆਰ ਨਾ ਹੋਇਆ ।

ਉਸਦੇ ਨਿਮਕ ਹਲਾਲ ਨੌਕਰ ਜਗਤ ਸਿੰਘ ਨੇ ਰਾਤ ਦਿਨ ਇਕ ਕਰ ਦਿੱਤਾ। ਦੂਰ ਨੇੜੇ ਦੇ ਕਈ ਪਿੰਡ ਤੇ ਸ਼ਹਿਰ ਗਾਹੇ, ਪਰ ਸੱਪ ਦੇ ਮੂੰਹ ਪਾਣ ਲਈ ਉਸ ਨੂੰ ਕੋਈ ਵੀ ਕੋਹੜ ਕਿਰਲੀ ਨਾ ਲੱਭ ਸਕੀ।

ਜਿਉਂ ਜਿਉਂ ਨਿਰਾਸਤਾ ਵੱਧਦੀ ਜਾਂਦੀ, ਤਿਉਂ ਤਿਉਂ ਸਰਦਾਰ ਦੇ ਬੁੱਢੇ ਸੀਨੇ ਵਿਚੋਂ ਜੁਆਨ ਹਿਰਸ ਫੜਕ ਫੜਕ ਪੈਂਦੀ ਸੀ । ਉਸ ਦੇ ਦਿਲ ਦਰਿਆ ਵਿਚੋਂ ਨਵੀਆਂ ਤੋਂ ਨਵੀਆਂ ਤਰੰਗਾਂ ਉਠਦੀਆਂ, ਪਰ ਨਿਰਾਸਤਾ ਦੇ ਪਥਰੀਲੇ ਕੰਢਿਆਂ ਨਾਲ ਟਕਰਾ ਕੇ ਮੁੜ ਅੰਦਰੇ ਸਮਾਂ ਜਾਂਦੀਆਂ ਸਨ।

ਖ਼ਾਸ ਕਰ ਕੇ ਜਗਤ ਸਿੰਘ ਨੇ ਕਲ੍ਹ ਜਿਸ ਵੇਲੇ ਖ਼ਬਰ ਆ ਕੇ ਸੁਣਾਈ ਹੈ ਕਿ ਉਸ ਦਾ ਤੀਸਰਾ ਦੌਰਾ ਵੀ ਅਸਫਲ ਰਿਹਾ ਹੈ, ਉਸ ਵੇਲੇ ਤੋਂ ਸਰਦਾਰ ਹੋਰਾਂ ਦੀ ਤਬੀਅਤ ਬਹੁਤ ਹੀ ਖ਼ਰਾਬ ਹੈ, ਇਹੋ ਕਾਰਨ ਹੈ ਕਿ ਅੱਜ ਸਵੇਰ ਤੋਂ ਉਹ ਕਿਤੇ ਬਾਹਰ ਅੰਦਰ ਨਹੀਂ ਗਏ—ਸ਼ਹਿਰ ਵਾਲੇ ਮਕਾਨ ਦੀ ਤੀਜੀ ਛੱਤੇ ਹੀ ਟਹਿਲ ਰਹੇ ਹਨ।

ਜਿਉਂ ਹੀ ਉਨ੍ਹਾਂ ਬਾਰੀ ਵਿਚੋਂ ਸਿਰ ਕੱਢ ਕੇ ਹੇਠਾਂ ਬਜ਼ਾਰ ਵੱਲ ਤਕਿਆ ਕਿ ਗੁੱਸੇ ਨਾਲ ਉਨ੍ਹਾਂ ਦੇ ਚਿਹਰੇ ਦਾ ਰੰਗ ਬਦਲ ਗਿਆ । ਉਨ੍ਹਾਂ ਦੇ ਮੂੰਹੋਂ ਆਮੁਹਾਰਾ ਨਿਕਲ ਗਿਆ, "ਇਹ ਕਮਬਖ਼ਤ ਅੱਜ ਫੇਰ ਕਿਧਰ ਆ ਮੋਇਆ ਏ।"

ਉਨ੍ਹਾਂ ਦੀ ਸਲਾਹ ਹੋਈ ਕਿ ਨੌਕਰ ਨੂੰ ਅਗੇਤਰਾ ਸਮਝਾ ਦੇਣ ਕਿ ਕਹਿ ਦੇਵੇ ਸਰਦਾਰ ਹੋਰੀਂ ਘਰ ਨਹੀਂ, ਪਰ ਫਿਰ ਖ਼ਿਆਲ ਆਇਆ ਕਿ ਉਸ ਦੀ ਕਾਂ ਅੱਖ ਨੇ ਤਾਂ ਬਾਰੀ ਚੋਂ ਸਿਰ ਕਢਦਿਆਂ ਹੀ ਉਨ੍ਹਾਂ ਨੂੰ ਤੱਕ ਲਿਆ ਹੋਵੇਗਾ।

ਆਉਣ ਵਾਲੇ ਨਾਲ ਕੀ ਸਲੂਕ ਕੀਤਾ ਜਾਵੇ, ਅਜੇ ਉਹ ਇਸੇ ਬਾਰੇ ਸੋਚ ਰਹੇ ਸਨ ਕਿ ਡਾਕਟਰ ਮਾਹਣਾ ਸਿੰਘ ਦਗੜ ਦਗੜ ਕਰਦਾ ਉਪਰ ਆ ਪਹੁੰਚਿਆ। ਸਰਦਾਰ ਹੋਰਾਂ ਦਾ ਖ਼ਿਆਲ ਸੀ ਕਿ ਇਸ ਕਲਮੂੰਹੇਂ ਦੀ ਔਂਦ

ਸੁੱਖ ਦੀ ਨਹੀਂ, ਕਿਸੇ ਚੰਦੇ ਚੁੰਦੇ ਦੇ ਬਹਾਨੇ ਜ਼ਰੂਰ ਪੰਜ ਦਸ ਰੁਪਏ ਝਾੜ ਲੈ ਜਾਏਗਾ । ਸੋ ਉਸ ਦੇ ਹੱਥ ਵਿਚ ਚੰਦਿਆਂ ਵਾਲੀ ਕਾਪੀ ਵੇਖ ਕੇ ਉਨ੍ਹਾਂ ਦਾ ਖ਼ਿਆਲ ਹੋਰ ਵੀ ਪੱਕਾ ਹੋ ਗਿਆ ।

ਬੇਰੁੱਖੀ ਨਾਲ ਫ਼ਤਹਿ ਦਾ ਜੁਆਬ ਦੇਣ ਤੋਂ ਬਾਅਦ ਸਰਦਾਰ ਹੋਰੀਂ ਮੂੰਹ ਦੂਜੇ ਪਾਸੇ ਕਰਕੇ ਖਲੋਤੇ ਰਹੇ, ਪਰ ਡਾਕਟਰ ਹੋਰਾਂ ਨੂੰ ਇਸ ਗੱਲ ਦੀ ਲੋੜ ਨਹੀਂ ਸੀ ਕਿ ਜ਼ਰੂਰ ਇਸ਼ਾਰਾ ਪਾ ਕੇ ਹੀ ਕੁਰਸੀ ਤੇ ਬੈਠਣਾ ਹੈ। ਆਪਣਾ ਹੀ ਘਰ ਸਮਝ ਕੇ ਉਹ ਲਾਗੇ ਪਈ ਕੁਰਸੀ ਤੇ ਬੈਠ ਗਏ। ਮਜਬੂਰਨ ਸਰਦਾਰ ਹੋਰਾਂ ਨੂੰ ਵੀ ਬੈਠਣਾ ਪਿਆ । ਪਰ ਉਨ੍ਹਾਂ ਦਾ ਇਹ ਖ਼ਿਆਲ ਗ਼ਲਤ ਨਿਕਲਿਆ ਕਿ ਮੱਥੇ ਦੀ ਤਿਊੜੀ ਵੇਖ ਕੇ ਡਾਕਟਰ ਮਗਰੋਂ ਲੱਥ ਜਾਏਗਾ। ਡਾਕਟਰ ਨੂੰ ਉਨ੍ਹਾਂ ਦੇ ਮੱਥੇ ਵਲ ਤੱਕਣ ਦੀ ਵੇਹਲ ਹੀ ਨਹੀਂ ਸੀ—ਉਹ ਚੰਦੇ ਵਾਲਾ ਰਜਿਸਟਰ ਫੋਲਦਾ ਹੋਇਆ ਪੋਟਿਆਂ ਨਾਲ ਰਕਮ ਗਿਣ ਰਿਹਾ ਸੀ।

ਉਸੇ ਤਰ੍ਹਾਂ ਰਜਿਸਟਰ ਦੀਆਂ ਪਲਾਂਘਾਂ ਉਤੇ ਛੇਤੀ ਛੇਤੀ ਨਜ਼ਰ ਫੇਰਦਾ ਹੋਇਆ ਡਾਕਟਰ ਬੋਲਿਆ—"ਸੁਣਾਓ ਸਰਦਾਰ ਜੀ, ਅਨੰਦ ਪ੍ਰਸੰਨ ਹੋ ?......ਹੱਛਾ......ਮਈ ਇਕ, ਜੂਨ ਦੋ, ਜੁਲਾਈ ਤਿੰਨ ਤੇ ਅਗਸਤ ਚਾਰ, ਚਹੁੰ ਮਹੀਨਿਆਂ ਦਾ ਚਾਰ, ਚਹੁੰ ਮਹੀਨਿਆਂ ਦਾ ਚੰਦਾ ਤਾਂ ਤੁਹਾਡੇ ਜ਼ੁੰਮੇ ਨਿਕਲਦਾ ਜੇ ਪਿੰਡ ਸੁਧਾਰ ਸਭਾ ਦਾ......ਤੇ ਰੱਬ......ਤੁਹਾਡਾ ਭਲਾ ਕਰੇ......ਕੀ ਨਾਂ ਲਈਦਾ......"

ਵਿਚੋਂ ਹੀ ਸਰਦਾਰ ਹੋਰੀਂ ਖਿਝ ਕੇ ਬੋਲੇ—"ਡਾਕਟਰ ਜੀ, ਅਜ ਮੇਰਾ ਖ਼ਿਆਲ ਏ ? ਮਾਫ਼ ਈ ਕਰੋ । ਇਸ ਵੇਲੇ ਤਬੀਅਤ ਠੀਕ ਨਹੀਂ ? ਫੇਰ ਕਦੇ ਦਰਸ਼ਨ ਦੇਣਾ ।"

"ਹੀਂ, ਹੀਂ, ਹੀਂ, ਹੀਂ, ਕੀ ਕਿਹਾ ਜੇ ਤਬੀਅਤ ਠੀਕ ਨਹੀਂ ? ਕਿਉਂ, ਕੀ ਗੱਲ ਏ ? ਵਿਖਾਓ ਖਾਂ ਉਰੇ ਹੱਥ (ਬਦੋ ਬਦੀ ਵੀਣੀ ਫੜ ਕੇ) ਕਫ ਦਾ ਕੁਝ ਜ਼ਿਆਦਾ ਜ਼ੋਰ ਮਲੂੰਮ ਹੁੰਦਾ ਏ । ਖੰਘ ਵੀ ਥੋੜ੍ਹੀ ਬਹੁਤੀ ਆਉਂਦੀ ਹੋਵੇਗੀ ? ਕਬਜ਼ੀ ਤੇ ਨਹੀਂ ਰਹਿੰਦੀ ? ਹੱਛਾ ਤੁਸੀਂ ਨੌਕਰ ਨੂੰ ਭੇਜਣਾ ਮੇਰੇ ਨਾਲ ਮੈਂ ਦਵਾਈ ਭੇਜ ਦਿਆਂਗਾ । ਦੋ ਖ਼ੁਰਾਕਾਂ ਨਾਲ ਤਬੀਅਤ ਖਿੜ ਜਾਵੇਗੀ।"

ਉਸ ਦੀ ਬਕਬਕ ਤੋਂ ਘਬਰਾ ਕੇ ਸਰਦਾਰ ਹੋਰੀਂ ਬੋਲੇ—"ਨਹੀਂ, ਮੈਨੂੰ ਜਿਸਮਾਨੀ ਤਕਲੀਫ਼ ਤੇ ਕੋਈ ਨਹੀਂ । ਐਵੇਂ ਦਿਲ ਅੱਜ ਕੁਝ ਉਦਾਸ ਜਿਹਾ ਏ।"

ਡਾਕਟਰ ਨੂੰ ਝੱਟ ਕੋਈ ਭੁਲੀ ਹੋਈ ਗੱਲ ਚੇਤੇ ਆ ਗਈ । ਉਹ ਸ਼ਰਮਿੰਦਾ ਜਿਹਾ ਹੋ ਕੇ ਬੋਲਿਆ—ਉਹੋ ਮਾਫ਼ ਕਰਨਾ, ਮੈਨੂੰ ਤੇ ਚੇਤਾ ਈ ਭੁੱਲ ਗਿਆ ਸੀ ਸਰਦਾਰਨੀ ਹੋਰਾਂ ਦੀ ਪਰਚੌਣੀ ਕਰਨ ਦਾ । ਵਿਚਾਰੇ ਬੜੇ ਚੰਗੇ ਜੀਅ ਸਨ। ਵੇਖੋ ਨਾ ਪਲੋ ਪਲੀ ਮੌਤ ਆ ਗਈ ।”

“ਰੱਬ ਦੀ ਮਰਜ਼ੀ” ਕਹਿ ਕੇ ਸਰਦਾਰ ਹੋਰੀਂ ਖੀਸੇ ’ਚੋਂ ਘੜੀ ਕੱਢ ਕੇ ਵਕਤ ਵੇਖਣ ਲਗ ਪਏ । ਪਰ ਇਸ ਚਿੱਚੜ ਦਾ ਇਕ ਵਾਰੀ ਚੰਬੜ ਕੇ ਲੱਥਣਾ ਇਤਨਾ ਸੁਖਾਲਾ ਨਹੀਂ ਸੀ ਜੋ ਘੜੀ ਨੂੰ ਵੇਖ ਕੇ ਟਲ ਜਾਂਦਾ। ਫਿਰ ਬੋਲਿਆ—“ਮੈਨੂੰ ਤੇ ਪਤਾ ਈ ਕੋਈ ਨਾ ਲੱਗਾ । ਪ੍ਰਚਾਰ ਲਈ ਕਈਆਂ ਦਿਨਾਂ ਤੋਂ ਬਾਹਰ ਗਿਆ ਹੋਇਆ ਸਾਂ । ਕਲ੍ਹ ਮੇਰੇ ਮਕਾਨ ਤੇ ਸ਼ਾਦੀ ਸਭਾ ਦੀ ਮੀਟਿੰਗ ਸੀ, ਉਥੇ ਕਿਸੇ ਸੱਜਣ ਨੇ ਗੱਲ ਕੀਤੀ, ਅਖੇ ਸਰਦਾਰ ਹੋਰਾਂ ਦੇ ਘਰੋਂ ਗੁਜ਼ਰ ਗਏ ਨੇ। ਮੇਰਾ ਤੇ ਸੁਣ ਕੇ ਕਲੇਜਾ ਕੰਬ ਗਿਆ। ਪਰ ਹੱਛਾ। ਕਿਸਮਤ ਨਾਲ ਕੋਈ ਜ਼ੋਰ ਤੇ ਨਹੀਂ ਨਾ।

‘ਸ਼ਾਦੀ ਸਭਾ’ ਦਾ ਨਾਂ ਸੁਣਦਿਆਂ ਹੀ ਸਰਦਾਰ ਹੋਰਾਂ ਦੇ ਦਿਲ ਵਿਚ ਮਾੜੀ ਮਾੜੀ ਜਲੂੰਣ ਜਿਹੀ ਹੋਈ। ਆਪਣਾ ਰਵੱਈਆ ਰਤਾ ਨਰਮ ਕਰ ਕੇ ਬੋਲੇ—“ਡਾਕਟਰ . ਜੀ ! ਕੀ ਦਸਾਂ, ਜਿਸ ਦਿਨ ਦੀ ਮੋਈ ਏ ਕੁਝ ਚੰਗਾ ਨਹੀਂ ਲਗਦਾ । ਐਸਾ ਦਿਲ ਟੁੱਟ ਗਿਆ ਏ ਬਸ ।” “ਕਿਉਂ ਨਹੀਂ ਜੀ, ਇਹ ਸਦਮਾ ਕੋਈ ਥੋੜ੍ਹਾ ਜਿਹਾ ਤੇ ਨਹੀਂ ਹੁੰਦਾ, ਪਠਾਣਾਂ ਵਿਚ ਅਖਾਣ ਏ ਅਖੇ ‘ਫਲਾਣਿਆਂ, ਤੇਰਾ ਖ਼ਾਨਾ ਖ਼ਰਾਬ’ ਜਿਸ ਦਾ ਖ਼ਾਨਾ ਖ਼ਰਾਬ ਹੋ ਗਿਆ ਉਸ ਨੂੰ ਸੁਖ ਕਿਥੇ ।”

ਠੰਡਾ ਸਾਹ ਲੈ ਕੇ ਸਰਦਾਰ ਹੋਰੀਂ ਬੋਲੇ—“ਬੈਠਾ ਬੈਠਾ ਜਦੋਂ ਸੋਚਨਾ ਵਾਂ, ਇਹ ਏਡਾ ਵੱਡਾ ਘਰ ਬਾਰ ਇਤਨਾ ਧਨ ਦੌਲਤ ਕੌਣ ਸਾਂਭੇਗਾ ? ਇਕ ਅੱਧਾ ਲੜਕਾ ਬਾਲਾ ਈ ਹੁੰਦਾ ਤਾਂ ਵੀ ਦਿਲ ਨੂੰ ਧਰਵਾਸ ਹੁੰਦੀ । ਹੁਣ ਤੇ ਇਹੋ ਜੀ ਕਰਦਾ ਏ, ਸਭ ਕੁਝ ਛੱਡ ਛਡਾ ਕੇ ਕਿਤੇ ਨਿਕਲ ਜਾਵਾਂ !”

“ਵਾਹਗੁਰੂ ਵਾਹਗੁਰੂ ਕਹੋ ਸਰਦਾਰ ਜੀ, ਨਿਕਲਣ ਤੁਹਾਡੇ ਦੁਸ਼ਮਣ। (ਕੁਰਸੀ ਤੋਂ ਉਠਦਿਆਂ ਹੋਇਆਂ) ਹੱਛਾ ਲਓ ਫਿਰ ਆਗਿਆ ਏ ? ਫਿਰ ਕਦੋਂ ਤਕ ਹਾਜ਼ਰ ਹੋਵਾਂ ?”

“ਬੈਠੋ ਜ਼ਰਾ, ਚਲੇ ਈ ਜਾਓਗੇ ਕਿ। ਹੱਛਾ ਕਿੰਨਾ ਬਣ ਗਿਆ ਚੰਦਾ ਮੇਰੇ ਜ਼ੁੰਮੇ ? ਵੇਖਨਾ ਵਾਂ ਕੈਸ਼ ਬਕਸ ਵਿਚੋਂ, ਜੇ ਕੁਝ ਨਿਕਲ ਰਜਿਸਟਰ ਫੋਲਦਾ ਹੋਇਆ ਡਾਕਟਰ ਬੋਲਿਆ—“ਦਸ ਤੇ ਚਾਰ ਚੌਦਾਂ, ਤੇ ਕੀ ਨਾਂ ਲਈ ਦਾ ਪੌਣੇ ਚਾਰ। ਕੁਲ ਬਣ ਗਏ ਨਾ...ਪੌਣੇ ਸਤਾਰਾਂ......ਨਾ ਸੱਚ (ਉਂਗਲਾਂ ਨਾਲ ਗਿਣ ਕੇ) ਚੌਦਾਂ ? ਤੇ......ਪੌਣੇ ਚਾਰਾਂ ਬਾਰਾਂ ਆਨੇ ਉਤਲੇ ਵੱਖਰੇ ਕਰ ਕੇ......ਚੌਦਾਂ, ਪੰਦਰਾਂ, ਸੋਲਾਂ ਰੁਪਏ ਬਾਰਾਂ ਆਨੇ......ਠਹਿਰੋ (ਕਾਗਜ਼ ਪੈਨਸਲ ਕੱਢ ਕੇ ਤੇ ਜੋੜ ਕਰ ਕੇ) ਬਣ ਗਏ ਜੀ, ਕੀ ਨਾਂ ਲਈਦਾ ਪੌਣੇ ਉੱਨੀ ਰੁਪਏ ।”

“ਚੰਗਾ ਲੈ ਈ ਜਾਓ ਫਿਰ ਕਾਹਦੇ ਲਈ ਤਹਾਨੂੰ ਫੇਰਾ ਪਵਾਣਾ ਏ।” ਕਹਿ ਕੇ ਸਰਦਾਰ ਹੋਰਾਂ ਦਸਾਂ ਦਸਾਂ ਦੇ ਦੋ ਨੋਟ ਕੱਢ ਕੇ ਉਸ ਨੂੰ ਫੜਾ ਦਿੱਤੇ । ਨੋਟਾਂ ਨੂੰ ਵੇਖਦਿਆਂ ਹੀ ਖੁਸ਼ੀ ਨਾਲ ਡਾਕਟਰ ਦੀਆਂ ਵਾਛਾਂ ਖਿੜ ਗਈਆਂ ਤੇ ਫੇਰ ਪੰਜੇ ਛੀਏ ਜੇਬਾਂ ਫੋਲ ਕੇ ਬੋਲਿਆ—“ਬਾਕੀ ਤੇ ਮੇਰੇ ਕੋਲ ਹੋਣੇ ਨਹੀਂ ।”

“ਚਲੋ ਕੋਈ ਡਰ ਨਹੀਂ, ਘਰੋਂ ਜਾ ਕੇ ਭੇਜ ਦੇਣੇ।”

“ਸਤ ਬਚਨ। ਬਾਕੀ ਕੀ ਬਚਿਆ ? ਬਾਰ੍ਹਾਂ ਆਨੇ ? ਹੱਛਾ ਹੁਣੇ ਜਾ ਕੇ ਭੇਜਣਾ ਵਾਂ। ਲੌ ਫਿਰ ਸਤਿ ਸ੍ਰੀ ਅਕਾਲ ।”

“ਬੈਠੋ ਰਤਾ, ਪਾਣੀ ਧਾਣੀ ਤੇ ਪੀਓ, ਏਡੀ ਗਰਮੀ ਵਿਚ ਆਏ ਓ।”

“ਮਿਹਰਬਾਨੀ, ਪਾਣੀ ਸਰਦਾਰ ਜੀ ਘਰ ਚਲ ਕੇ ਪੀਆਂਗਾ । ਨਿਰਣੇ ਕਾਲਜੇ ਪਾਣੀ ਜ਼ਰਾ ਨੁਕਸਾਨ ਕਰਦਾ ਏ।”

“ਤਾਂ ਰੋਟੀ ਨਹੀਂ ਜੇ ਖਾਧੀ ਅਜੇ ਤਕ ?”

“ਰੋਟੀ ਦੀ ਕਿਥੇ ਵਿਹਲ ਮਿਲਦੀ ਏ ਸਰਦਾਰ ਜੀ ਸਾਨੂੰ । ਸਵੇਰੇ ਪਹਿਲਾਂ ਡਿਪਟੀ ਕਮਿਸ਼ਨਰ ਪਾਸ ਇਕ ਡੈਪੂਟੇਸ਼ਨ ਲੈ ਕੇ ਗਏ । ਉਹ ਤੁਹਾਨੂੰ ਪਤਾ ਏ ਨਾ ਸ਼ਹਾਲਮੀ ਦਰਵਾਜ਼ੇ ਦੇ ਬਾਹਰ ਹਿੰਦੂਆਂ ਦੇ ਮੰਦਰ ਤੇ ਮੁਸਲਮਾਨਾਂ ਨੇ ਮਸੀਤ ਬਣਾ ਲਈ ਸੀ । ਅਸਾਂ ਆਖਿਆ ਸਿੱਖ ਕਿਉਂ ਪਿਛੇ ਰਹਿਣ। ਅਸੀਂ ਕਿਉਂ ਨਾ ਗੁਰਦੁਆਰਾ ਬਣਾਈਏ । ਡੀ. ਸੀ. ਨੂੰ ਜਾ ਕੇ ਖੂਬ ਦਬਕਾਇਆ। ਮੈਂ ਉਸ ਨੂੰ ਆਖਿਆ, ਜੇ ਤੂੰ ਸਾਨੂੰ ਗੁਰਦੁਆਰਾ ਬਣਾਨ ਦੀ ਇਜਾਜ਼ਤ ਨਹੀਂ ਦੇਵੇਂਗਾ ਤਾਂ ਅਸੀਂ ਸ਼ਹੀਦ ਹੋ ਜਾਵਾਂਗੇ—ਮੋਰਚਾ ਲਾ ਦਿਆਂਗੇ। ਬੱਸ ਜੀ, ਛਕੇ ਛੁੜਾ ਦਿਤੇ ਡੀ. ਸੀ. ਦੇ ।”

“ਬਲਿਹਾਰ ਡਾਕਟਰ ਜੀ, ਸਚ ਮੁੱਚ ਤੁਸੀਂ ਤਾਂ ਜ਼ਿੰਦਾ ਸ਼ਹੀਦ ਹੋ ।”

“ਤੁਸੀਂ ਵੇਖਣਾ ਤੇ ਸਹੀ ਸਰਦਾਰ ਜੀ, ਤਰਥੱਲੀ ਪਾ ਦਿਆਂਗਾ । ਇਕੋ ਲੈਕਚਰ ਦੇਣ ਦੀ ਢਿੱਲ ਏ । ਹੋਸ਼ ਆ ਜਾਊ ਗੌਰਮਿੰਟ ਨੂੰ । ਹਾਂ ਸੱਚ, ਮੈਂ ਗੱਲ ਪਿਆ ਕਰਦਾ ਸਾਂ, ਉਧਰੋਂ ਔਂਦਿਆਂ ਹੀ ਤਿੰਨਾਂ ਚਹੁੰ ਮਰੀਜ਼ਾਂ ਵੱਲ ਗਿਆ । ਵਿਚਾਰੇ ਗਰੀਬਾਂ ਪਾਸ ਪੈਸਾ ਤੇ ਹੁੰਦਾ ਨਹੀਂ, ਦਵਾ ਦਾਰੂ ਖੁਣੋਂ ਅੱਡੀਆਂ ਰਗੜਦੇ ਰਹਿੰਦੇ ਨੇ । ਜਿਥੇ ਕਿਸੇ ਗ਼ਰੀਬ ਦੀ ਸੂਹ ਮਿਲ ਜਾਏ, ਸਾਰੇ ਕੰਮ ਛੱਡ ਕੇ ਪਹਿਲਾਂ ਉਨ੍ਹਾਂ ਵੱਲ ਜਾਈਦਾ ਏ । ਫੇਰ ਚੰਦੇ ਵਲ ਤੁਰ ਪਿਆ । ਏਧਰੋਂ ਵੇਹਲਿਆਂ ਹੋ ਕੇ ਅੰਮ੍ਰਿਤਸਰ ਟੈਮਪ੍ਰੈਂਸ ਹਾਲ ਵਿਚ ਲੈਕਚਰ ਦੇਣ ਜਾਣਾ ਏਂ। ਪਿਛਲੇ ਹਫਤੇ ਉਥੇ ਅੱਧਾ ਪੌਣਾ ਘੰਟਾ ਲੈਕਚਰ ਕੀਤਾ ਸੀ, ਸੱਠਾਂ ਆਦਮੀਆਂ ਨੇ ਸ਼ਰਾਬ ਛਡਣ ਦਾ ਪ੍ਰਣ ਕੀਤਾ ।”

“ਸ਼ਾਬਾਸ਼ ਡਾਕਟਰ ਜੀ, ਤੁਹਾਡੀ ਅਣਥੱਕ ਸੇਵਾ ਦਾ ਕੌਣ ਮੁੱਲ ਪਾ ਸਕਦਾ ਏ । ਚੰਗਾ ਫਿਰ ਫੁਲਕਾ ਇਥੇ ਈ ਛਕ ਲਓ । ਮੈਂ ਵੀ ਤੁਹਾਡੀ ਰੀਸੇ ਦੋ ਗਰਾਹੀਆਂ ਲੈ ਲਵਾਂਗਾ । (ਨੌਕਰ ਨੂੰ) ਓਏ ਕੀ ਨਾਂ ਏ ਤੇਰਾ ਬੁੱਧੂ! ਜਾ ਹੋਟਲ ਵਿਚ ਕਹਿ ਆ, ਦੋ ਥਾਲ ਲਾਕੇ ਭੇਜ ਦੇਣ ਛੇਤੀ ਨਾਲ।

ਥਾਲਾਂ ਦਾ ਨਾਂ ਸੁਣਦਿਆਂ ਹੀ ਡਾਕਟਰ ਦੀ, ਗਰਮੀ ਨਾਲ ਸੁਕੀ ਹੋਈ ਜੀਭ, ਬਿਨਾਂ ਪਾਣੀਓਂ ਤਰ ਹੋ ਗਈ।

ਥੋੜ੍ਹੀ ਦੇਰ ਬਾਅਦ ਥਾਲ ਆ ਗਏ, ਜਿਨ੍ਹਾਂ ਵਿਚ ਮਾਸ ਦੀਆਂ ਕੌਲੀਆਂ, ਡਾਕਟਰ ਹੋਰਾਂ ਦੇ ਡਿਪਲੋਮਿਆਂ ਨਾਲੋਂ ਵੀ ਬਹੁਤੀਆਂ ਸਨ।

“ਮੁਆਫ਼ ਕਰਨਾ ਡਾਕਟਰ ਜੀ, ਮੈਨੂੰ ਜ਼ਰਾ ਆਦਤ ਏ ਕਦੇ ਕਦੇ ਥੋੜ੍ਹੀ ਜਿਹੀ...” ਕਹਿੰਦੇ ਹੋਏ ਸਰਦਾਰ ਹੋਰੀਂ ਅਲਮਾਰੀ ਵਿਚੋਂ ਬੋਤਲ ਕਢ ਲਿਆਏ ਤੇ ਨਾਲ ਹੀ ਉਨ੍ਹਾਂ ਬੁੱਧੂ ਵੱਲ ਤੱਕਿਆ ।

“ਕੋਈ ਡਰ ਨਹੀਂ ਸਰਦਾਰ ਜੀ, ਦਵਾਈ ਦੇ ਤੌਰ ਤੇ ਵਰਤਣ ਦਾ ਕੀ ਹਰਜ ਹੈ।” ਕਹਿ ਕੇ ਡਾਕਟਰ ਹੋਰੀਂ ਥਾਲ ਉਤੇ ਟੁੱਟ ਪਏ ।

ਸ਼ਰਾਬੀ ਨੂੰ ਇਕੱਲਿਆਂ ਪੀਣੀ ਏਨੀ ਹੀ ਔਖੀ ਹੁੰਦੀ ਹੈ, ਜਿੰਨੀ ਕਾਫ਼ਰ ਨੂੰ ਨਿਮਾਜ਼ ਪੜ੍ਹਨੀ। ਫੇਰ ਉਸ ਹਾਲਤ ਵਿਚ ਤਾਂ ਬਹੁਤ ਔਖੀ ਹੁੰਦੀ ਹੈ, ਜਦੋਂ ਸਾਹਮਣੇ ਕੋਈ ਬੈਠਾ ਹੋਵੇ। ਪਹਿਲੇ ਗਲਾਸ ਦਾ ਅੱਧਾ ਢਿੱਡ ਖਾਲੀ

ਕਰਦੇ ਹੋਏ ਸਰਦਾਰ ਹੋਰੀ ਮੁਸਕਰਾ ਕੇ ਬੋਲੇ—“ਤੁਸਾਂ ਤੇ ਡਾਕਟਰ ਜੀ, ਕਦੇ ਛੋਹੀ ਵੀ ਨਹੀਂ ਹੋਣੀ।”

ਹੱਡੀ ਤੋਂ ਦੰਦਾਂ ਨਾਲ ਮਾਸ ਤੋੜਦੇ ਹੋਏ ਡਾਕਟਰ ਹੋਰੀਂ ਬੋਲੇ—“ਨਹੀਂ ਮੈਂ ਕਦੇ ਇਸਤੇਮਾਲ ਨਹੀਂ ਕੀਤੀ । ਦੋ ਤਿੰਨ ਵਾਰੀ ਮਜਬੂਰਨ ਦੋ ਦੋ ਘੁਟ ਲੈਣੀ ਪਈ ਸੀ । ਉਹ ਵੀ ਇਕ ਵਾਰੀ ਨਮੋਨੀਆ ਹੋ ਗਿਆ ਸੀ ਤੇ ਇਕ ਦੋ ਵਾਰੀ ਜ਼ੁਕਾਮ ਲੱਗਣ ਕਰ ਕੇ।”

“ਤਾਂ ਫੇਰ ਤੁਸੀਂ ਸੁਆਦ ਵੇਖ ਈ ਚੁੱਕੇ ਓ ਨਾ?”

“ਹਾਂ ਦੇਸੀ ਦਾ ਸੁਆਦ ਤਾਂ ਵੇਖ ਚੁੱਕਾ ਵਾਂ।”

“ਦੇਸੀ ਦਾ ? ਵਾਹ ਡਾਕਟਰ ਜੀ, ਤਾਂ ਤੁਸਾਂ ਕਾਹਦਾ ਵੇਖਿਆ । ਲਓ ਫਿਰ ਅੱਜ ਵਲੈਤੀ ਦੇ ਵੀ ਦੋ ਘੁੱਟ ਲੈ ਕੇ ਵੇਖੋ।”

“ਊਂ ਹੂੰ! ਮਿਹਰਬਾਨੀ।"

“ਛੱਡਿਆ ਵੀ ਕਰੋ ਜ਼ੋਰਾਵਰੋ ਗੱਲਾਂ ਨੂੰ । ਕਰੋ ਉਰੇ ਗਲਾਸ ਡੋਹਲ ਸੁੱਟੋ।”

“ਸਰਦਾਰ ਜੀ ਕੀ ਜ਼ੁਲਮ ਕਰਨ ਲੱਗੇ ਓ ਮੇਰੇ ਨਾਲ ।” ਕਹਿੰਦਿਆ-ਕਹਿੰਦਿਆਂ ਡਾਕਟਰ ਨੇ ਗਲਾਸ ਵਾਲਾ ਪਾਣੀ ਡੋਲ੍ਹ ਦਿੱਤਾ।

ਇਕ ਦੋ ਵਾਰੀ ਤਾਂ ਡਾਕਟਰ ਹੋਰਾਂ ਗਲਾਸ ਉੱਤੇ ਹੱਥ ਰੱਖ ਕੇ ‘ਜਾਣ ਦਿਓ, ਜਾਣ ਦਿਓ, ਕੀ ਕਰਦੇ ਓ ਕੀ ਕਰਦੇ ਓ’ ਕਹਿਆ, ਪਰ ਇਸ ਤੋਂ ਬਾਅਦ ਸੁਰਾ ਦੇਵੀ ਦੀ ਸ਼ਕਤੀ ਪ੍ਰਾਪਤ ਹੋ ਗਈ, ਫਿਰ ਤਾਂ ਬਸ ਚੱਲ ਸੋ ਚੱਲ।

ਇਸ ਦੈ ਵਿਚ ਹੀ ਸਰਦਾਰ ਹੋਰਾਂ ਜਾਂਚ ਲਿਆ ਕਿ ਡਾਕਟਰ ਨਵਾਂ ਪਹਾਰੂ ਨਹੀਂ ਫਸਿਆ, ਸਗੋਂ ਪੁਰਾਣਾ ਖਿਡਾਰੀ ਹੈ।

ਮੌਕਾ ਤਾੜ ਕੇ ਸਰਦਾਰ ਹੋਰੀਂ ਬੋਲੇ—“ਸੁਣਾਓ ਫਿਰ ਡਾਕਟਰ ਜੀ, ਤੁਹਾਡੀ ਸ਼ਾਦੀ ਸਭਾ ਦਾ ਕੀ ਹਾਲ ਏ ਅੱਜ ਕਲ੍ਹ?”

“ਬੜੀ ਕਾਮਯਾਮੀ ਨਾਲ ਚੱਲ ਰਹੀ ਏ ਜੀ । ਪਿਛਲੇ ਸਾਲ ਦੀ ਰਿਪੋਟ ਤੁਸਾਂ ਨਹੀਂ ਪੜ੍ਹੀ ? ਪੰਜਤਾਲੀ ਸ਼ਾਦੀਆਂ ਇਸ ਸਭਾ ਦੀ ਮਾਰਫਤ ਹੋਈਆਂ

ਨੇ। ਹੁਣ ਤੇ ਬੜੇ ਬੜੇ ਖਾਨਦਾਨੀ ਘਰ ਆਪਣੇ ਲੜਕਿਆਂ ਲੜਕੀਆਂ ਦੇ ਸਾਕ ਸਭਾ ਦੀ ਮਾਰਫ਼ਤ ਕਾਰਣ ਨੂੰ ਫਖ਼ਰ ਸਮਝਦੇ ਨੇ।"

"ਹੱਛਾ! ਤੇ ਡਾਕਟਰ ਜੀ, ਨਿਯਮ ਕੀ ਨੇ ਤੁਹਾਡੀ ਸਭਾ ਦੇ?"

"ਨਿਯਮਾਂ ਦੀ ਕਾਪੀ ਛਪੀ ਹੋਈ ਏ, ਕਹੋ ਤਾਂ ਭੇਜ ਦਿਆਂਗਾ। ਤੁਸੀਂ ਵੀ ਕਿਸੇ ਰਿਸ਼ਤੇਦਾਰ ਦਾ ਨਾਤਾ ਕਰਾਣਾ ਚਾਹੁੰਦੇ ਓ ?"

"ਨਹੀਂ, ਮੈਂ ਤੇ ਕੁਝ ਆਪਣੀ ਬਾਬਤ ਈ ਪੁੱਛਣਾ ਚਾਹੁੰਦਾ ਸਾਂ।"

"ਆਪਣੀ ਬਾਬਤ!" ਡਾਕਟਰ ਨੇ ਹੈਰਾਨੀ ਨਾਲ ਸਰਦਾਰ ਦੇ ਚੇਹਰੇ ਵੱਲ ਤੱਕ ਕੇ ਪੁੱਛਿਆ—"ਤੁਸੀਂ ਸ਼ਾਦੀ ਕਰਾਓਗੇ?"

"ਜੇ ਹੋ ਜਾਏ ਤਾਂ ਤੁਹਾਡੇ ਖ਼ਿਆਲ ਵਿਚ ਕੋਈ ਹਰਜ ਏ?"

"ਹਰਜ ਤੇ ਸਰਦਾਰ ਜੀ ਕੋਈ ਨਹੀਂ। ਪਰ ਗੱਲ ਜ਼ਰਾ ਮੁਸ਼ਕਲ ਜਹੀ ਜਾਪਦੀ ਏ।"

"ਕਿਉਂ?"

"ਰਤਾ ਉਮਰ ਦੀ ਵਜ੍ਹਾ ਕਰ ਕੇ।"

ਉਮਰ ਡਾਕਟਰ ਜੀ (ਬੰਨ੍ਹੀ ਹੋਈ ਦਾਹੜੀ ਤੇ ਹੱਥ ਫੇਰ ਕੇ) ਮੇਰੀ ਕੋਈ ਬਹੁਤੀ ਤੇ ਨਹੀਂ। ਕੋਈ ਕਹਿ ਸਕਦਾ ਏ ਕਿ ਚਾਲ੍ਹੀਆਂ ਤੋਂ ਉਪਰ ਹੋਵਾਂਗਾ ?"

"ਠੀਕ ਏ, ਪਰ"

"ਹਾਂ ਕਰੋ ਗੱਲ"

"ਇਹੋ ਕਿ ਦੇ ਦਿਵੱਾਂ ਕੇ ਭਾਵੇਂ ਕਿਤੇ ਹੋ ਜਾਵੇ।"

"ਦੇ ਕੇ ਈ ਸਹੀ। ਇਥੇ ਤੁਹਾਡੀ ਦਇਆ ਨਾਲ ਅਟਕੱਾਂ ਏ ਕਿਸੇ ਗੱਲ ਦਾ?"

"ਚੰਗਾ ਮੈਂ ਕਰਾਂਗਾ ਕੋਸ਼ਿਸ਼, ਵੇਖੋ ਜੇ ਕਿਤੇ ਨਹੁੰ ਅੜ ਈ ਜਾਵੇ।"

"ਵੇਖੋ ਦੀ ਗੱਲ ਨਹੀਂ ਡਾਕਟਰ ਜੀ! ਇਹ ਕੰਮ ਤੁਹਾਨੂੰ ਜ਼ਰੂਰ ਕਰਨਾ ਪਵੇਗਾ, (ਹੱਥ ਵਧਾ ਕੇ) ਲਓ ਆਵੇ ਹੱਥ।"

ਪੋਲਾ ਜਿਹਾ ਹੱਥ ਵਧਾ ਕੇ ਡਾਕਟਰ ਹੋਰੀਂ ਬੋਲੇ—"ਚੰਗਾ ਜੋ ਗੁਰੂ ਨੂੰ ਭਾਵੇ। ਮੈਂ ਆਪਣੇ ਵਲੋਂ ਕੋਈ ਕਸਰ ਨਹੀਂ ਛਡਾਂਗਾ।"

ਸਰਦਾਰ ਹੋਰਾਂ ਨੂੰ ਅੱਜ ਵਰਗਾ ਨਸ਼ਾ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਆਇਆ ਤੇ ਨਾ ਹੀ ਡਾਕਟਰ ਨੂੰ ਚੰਦੇ ਦੀ ਉਗਰਾਹੀ ਵਿਚ ਅੱਜ ਤੋਂ ਪਹਿਲਾਂ ਕਦੇ ਇਡੀ ਸਫਲਤਾ ਹੋਈ ਸੀ।

ਪੀਂਦਿਆਂ ਖਾਂਦਿਆਂ ਤੇ ਗੱਪਾਂ ਸ਼ਪਾਂ ਮਾਰਦਿਆਂ ਰਾਤ ਪੈ ਗਈ। ਇਸ ਸਾਰੇ ਸਮੇਂ ਵਿਚ ਹੋਟਲ ਦੇ ਨੌਕਰ ਨੂੰ ਬਹੁਤੇ ਫੇਰੇ ਪਾਣੇ ਪਏ ਕਿ ਬੁੱਧੂ ਨੂੰ ਸੋਢੇ ਬਰਫ਼ ਵਾਲੀ ਹੱਟੀ ਤੇ ਬਹੁਤੀ ਵੇਰਾਂ ਜਾਣਾ ਪਿਆ, ਇਸਦਾ ਹਿਸਾਬ ਲਾਣ ਦੀ ਕਿਸੇ ਨੂੰ ਲੋੜ ਨਹੀਂ ਸੀ।

ਜਦ ਦੋਹਾਂ ਦੇ ਢਿੱਡਾਂ ਵਿਚ ਮਸੇ ਸਾਹ ਆਉਣ ਜੋਗੀ ਹੀ ਥਾਂ ਬਾਕੀ ਰਹਿ ਗਈ, ਅਤੇ ਮੇਜ਼ ਉਤਲਾ ਉਰਕਟ ਕੁਰਕੁਟ ਡਿਗ ਡਿਗ ਕੇ ਫਰਸ਼ ਉਤੇ ਫਰਸ਼ ਬਣਨ ਲੱਗਾ ਤਾਂ ਦੋਹਾਂ ਬੱਸ ਕੀਤੀ।

ਡਾਕਟਰ ਜਦ ਉਠ ਕੇ ਤੁਰਨ ਲੱਗਾ, ਤਾਂ ਉਸ ਨੂੰ ਪਤਾ ਲੱਗਾ ਕਿ ਉਸਦੀਆਂ ਲੱਤਾਂ—ਜਿਨ੍ਹਾਂ ਨੇ ਉਸ ਨੂੰ ਅੰਮ੍ਰਿਤਸਰ ਦੇ ਟੈਮਪ੍ਰੈਂਸ ਹਾਲ ਵਿਚ ਪੁਚਾਣਾ ਸੀ—ਘਰ ਪਹੁੰਚਾਣ ਤੋਂ ਵੀ ਮੂੰਹ ਮੋੜੀ ਖੜੀਆਂ ਹਨ। ਪਰ ਚੰਗੇ ਕਰਮਾਂ ਨੂੰ ਇਕ ਤਾਂ ਰਾਤ ਹੋ ਗਈ ਸੀ ਤੇ ਉਹ ਵੀ ਹਨੇਰੀ, ਦੂਜਾ ਸਰਦਾਰ ਹੋਰਾਂ ਦਾ ਨੌਕਰ ਵੀ ਨਾਲ ਹੋ ਤੁਰਿਆ। ਇਸ ਤੋਂ ਛੁੱਟ ਹੋਰ ਵੀ ਮਦਦ ਮਿਲ ਗਈ। ਅਰਥਾਤ ਰਾਹ ਵਿਚ ਤੁਰੇ ਜਾਂਦਿਆਂ ਜਦ ਸ੍ਰੀ ਮਤੀ ਦੀ ਕਰਕਸ਼ ਅਵਾਜ਼ ਤੇ ਉਗਰ ਮੂਰਤੀ ਦਾ ਖ਼ਿਆਲ ਆਇਆ, ਤਾਂ ਨਸ਼ਾ ਰੁਪਈਏ ਵਿਚੋਂ ਅੱਠ ਆਨੇ ਰਹਿ ਗਿਆ।

ਹੋਰ ਥੋੜ੍ਹਾ ਅਗਾਂਹ ਜਾ ਕੇ ਉਸਦੇ ਢਿੱਡ ਦਾ ਭਾਰ ਹੌਲਾ ਹੋਣਾ ਸ਼ੁਰੂ ਹੋ ਗਿਆ। ਬੁੱਧੂ ਨੂੰ ਜੇ ਮਾਲਕ ਦਾ ਡਰ ਨਾ ਹੁੰਦਾ, ਤਾਂ ਉਹ ਇਸ ਨਰਕੀ ਦ੍ਰਿਸ਼ ਨੂੰ ਇਕ ਮਿੰਟ ਲਈ ਵੀ ਵੇਖ ਨਾ ਸਕਦਾ। ਪਰ ਜਦ ਚਾਰੇ ਬੰਨੇ ਉਸ ਦਾ ਜੀਅ ਮਿਤਲਾਣ ਲੱਗ ਪਿਆ ਤੇ ਬਦਬੋ ਨਾਲ ਉਸ ਦਾ ਦਿਮਾਗ਼ ਪਾਟਣ ਤੇ ਆ ਗਿਆ, ਤਾਂ ਉਸ ਨੇ ਮਾਲਕ ਦੀ ਵੀ ਪਰਵਾਹ ਨਾ ਕੀਤੀ। ਡਾਕਟਰ ਨੂੰ ਉਸ ਦੇ ਘਰ ਤੋਂ ਦੋ ਤਿੰਨ ਬਾਜ਼ਾਰ ਉਰਾਂ ਹੀ ਛੱਡ ਕੇ ਉਸ ਨੱਠਣ ਦੀ ਕੀਤੀ।

ਡਿੱਗਦਿਆਂ ਢਹਿੰਦਿਆਂ ਤੇ ਠੁੱਡੇ ਠੇਡੇ ਖਾਂਦਿਆਂ ਅਖੀਰ ਡਾਕਟਰ ਇਕ ਘਰ ਅੱਗੇ ਠਹਿਰ ਗਿਆ ਤੇ ਵਜੇ ਹੋਏ ਬੂਹੇ ਨੂੰ ਦੱਬਾ ਦਬ ਭੰਨਣ ਲੱਗਾ, ਨਾਲ ਹੀ ਦੱਬਾ ਦਬ ਗਾਲ੍ਹਾਂ ਕੱਢਣ ਲੱਗਾ । ਇਨ੍ਹਾਂ ਗਾਲ੍ਹਾਂ ਦਾ ਲਖਸ਼ ਕਿਸੇ ਇਸਤ੍ਰੀ ਵੱਲ ਸੀ। ਥੋੜ੍ਹੇ ਚਿਰ ਬਾਅਦ ਅੰਦਰੋਂ ਇਕ ਗਭਰੂ ਲਾਲਟੈਨ ਲੈ ਕੇ ਨਿਕਲਿਆ । ਡਾਕਟਰ ਨੇ ਉਸ ਵੱਲ ਗਹੁ ਨਾਲ ਤਕਿਆ ਤੇ ਫਿਰ ਸਹਿਮੀ ਹੋਈ ਨਜ਼ਰ ਨਾਲ ਮਕਾਨ ਨੂੰ ਚੰਗੀ ਤਰ੍ਹਾਂ ਘੋਖਣ ਲੱਗ ਪਿਆ ।

ਗਭਰੂ ਨੇ ਲਾਲਟੈਣ ਭੁੰਜੇ ਰੱਖ ਦਿੱਤੀ, ਤੇ ਡਾਕਟਰ ਉਤੇ ਭੁੱਖੇ ਸ਼ੇਰ ਵਾਂਗ ਝਪਟ ਪਿਆ । ਉਸ ਨੂੰ ਜੇ ਅਸਲ ਗੱਲ ਦਾ ਪਤਾ ਹੁੰਦਾ ਕਿ ਡਾਕਟਰ ਸ਼ਰਾਬ ਦੇ ਲੋਰ ਵਿਚ ਭੁੱਲ ਗਿਆ ਹੈ, ਤਾਂ ਖ਼ਬਰੇ ਇਤਨੀ ਦੁਰਗਤੀ ਨਾ ਕਰਦਾ, ਪਰ ਉਸ ਦਾ ਖ਼ਿਆਲ ਸੀ ਕਿ ਇਹ ਕੋਈ ਬਦਮਾਸ਼ ਘਰ ਲੁੱਟਣ ਆਇਆ ਹੈ।

ਹੱਡੀਆਂ ਪਸਲੀਆਂ ਦੀ ਚੰਗੀ ਤਰ੍ਹਾਂ ਮੁਰੰਮਤ ਕਰਾ ਕੇ ਜਦ ਡਾਕਟਰ ਉਥੋਂ ਤੁਰਿਆ, ਤਾਂ ਉਸ ਦਾ ਨਸ਼ਾ ਰੁਪਏ ਵਿਚੋਂ ਮਸਾਂ ਡੂਢ ਆਨਾ ਬਾਕੀ ਸੀ । ਹੁਣ ਉਸ ਨੂੰ ਪਤਾ ਲੱਗਾ ਕਿ ਉਹ ਆਪਣੀ ਗਲੀ ਭੁੱਲ ਕੇ ਕਿਸੇ ਹੋਰਸ ਗਲੀ ਵਿਚ ਜਾ ਵੜਿਆ ਸੀ।

ਅਖ਼ੀਰ ਉਹ ਘਰ ਜਾ ਹੀ ਪੁੱਜਾ । ਅੰਦਰ ਕੀ ਹੋਇਆ ? ਇਸ ਬਾਬਤ ਤਾਂ ਬਾਹਰ ਖੜੋਤਾ ਕੋਈ ਬੰਦਾ ਕੁਝ ਨਹੀਂ ਦੱਸ ਸਕਦਾ, ਪਰ ਇਤਨਾ ਜ਼ਰੂਰ ਕਿਆਸ ਕੀਤਾ ਜਾ ਸਕਦਾ ਸੀ ਕਿ ਪਿਛਲੀ ਘਟਨਾ ਵਾਂਗ ਧਮੇ ਉਤੇ ਧਪੇ ਪੈਣ ਦੀ ਆਵਾਜ਼ ਨਹੀਂ ਸੀ, ਸਗੋਂ ਕਿਸੇ ਬੇਸੁਰੇ ਸਾਜ਼ ਵਿਚੋਂ ਨਿਕਲੀਆਂ ਹੋਈਆਂ ਖਰਜ ਤੇ ਪੰਚਮ ਦੀਆਂ ਦੋ ਆਵਾਜ਼ਾਂ ਆਪੋ ਵਿਚ ਉਲਝ ਰਹੀਆਂ ਸਨ, ਜਿਨ੍ਹਾਂ ਨੂੰ ਆਂਢ ਗੁਆਂਢ ਦੇ ਪੰਜਾਂ ਸਤਾਂ ਘਰਾਂ ਨੇ ਜ਼ਰੂਰ ਸੁਣਿਆ ਹੋਵੇਗਾ।

੧੫

ਸ਼ਹਿਰ ਵਿਚ ਫ਼ਸਾਦ ਦਾ ਖ਼ਤਰਾ ਜਾਂਦਾ ਰਿਹਾ ਤੇ ਦੋਵੇਂ ਤਿਉਹਾਰ ਅਮਨ ਨਾਲ ਬੀਤੇ । ਪਰ ਇਸ ਦਾ ਫਲ ਰੂਪ ਮੋਹਨ ਨੂੰ ਇਕ ਨਵੀਂ ਬਿਪਤਾ ਦਾ ਸ਼ਿਕਾਰ ਹੋਣਾ ਪਿਆ। ਨਾ ਕੇਵਲ ਉਹ ਨੌਕਰੀ ਹੀ ਛਡ ਬੈਠਾ, ਸਗੋਂ ਝਟ ਪੱਟ ਕਰਜ਼ ਉਤਾਰਨ ਦਾ ਫ਼ਿਕਰ ਵੀ ਉਸ ਦੇ ਸਿਰ ਤੇ ਸਵਾਰ ਹੋ ਗਿਆ। ਤੇ ਕਰਜ਼ ਵੀ ਉਸ ਆਦਮੀ ਦਾ ਜਿਸ ਨੇ ਮੋਹਨ ਨੂੰ ਰੱਜ ਕੇ ਹੇਠੀ ਵਿਖਾਣ ਦੀ ਸਹੁੰ ਖਾ ਲਈ ਸੀ।

ਮੋਹਨ ਖੂਹ 'ਚੋਂ ਨਿਕਲ ਕੇ ਖਾਤੇ ਵਿਚ ਜਾ ਪਿਆ। ਉਹਨੇ ਇਕ ਪਾਸੋਂ ਘਰ ਦਾ ਕਰਜ਼ ਉਤਾਰਿਆਂ, ਪਰ ਦੂਜੇ ਪਾਸੇ ਦਾ ਕਰਜ਼ ਉਸ ਨਾਲੋਂ ਵੀ ਦੁਖਦ੍ਾਈ—ਕਸਾਈ ਦੀ ਛੁਰੀ ਬਣ ਕੇ ਉਸ ਦੀ ਗਿੱਚੀ ਤੇ ਫਿਰ ਰਿਹਾ ਸੀ।

ਉਸ ਦਿਨ ਦੇ ਜਲਸੇ ਵਿਚੋਂ ਆਪਣੇ ਮਾਲਕ ਵਲੋਂ ਮਿਲੇ ਹੋਏ ਸਿਰੋਪਾਉ ਨੂੰ ਲੈ ਕੇ ਉਹ ਕਿਸੇ ਤਰ੍ਹਾਂ ਆਪਣੇ ਮਕਾਨ ਤੇ ਪੁੱਜਾ। ਸਾਰੀ ਰਾਤ ਉਸ ਨੇ ਹਾਵਿਆਂ ਤੇ ਹਟਕੋਰਿਆਂ ਵਿਚ ਬਿਤਾਈ। ਉਸ ਨੂੰ ਆਪਣੀ ਹੋਈ ਬੇ-ਇੱਜ਼ਤੀ ਦਾ ਇਤਨਾ ਦੁੱਖ ਨਹੀਂ ਸੀ, ਜਿੰਨਾਂ ਦੁੱਖ ਉਸ ਨੂੰ ਏਸ ਗੱਲ ਦਾ ਸੀ ਕਿ ਇਹ ਕੌਮੀ ਮੁਹਾਣੇ ਆਪੋ ਆਪਣੀਆਂ ਬੇੜੀਆਂ ਨੂੰ ਕਿਹੜੇ ਪਾਸੇ ਲਈ ਜਾ ਰਹੇ ਹਨ । ਇਨ੍ਹਾਂ ਕੌਮਾਂ ਦਾ ਤੇ ਇਸ ਦੇਸ਼ ਦਾ ਆਖ਼ਰ ਕੀ ਬਣੇਗਾ ? ਧਰਮ ਤੇ ਮਜ਼੍ਹਬ ਦੇ ਨਾਂ ਤੇ ਮੱਚ ਰਹੀ ਇਹ ਲੁੱਟ ਤੇ ਫੁੱਟ ਪਤਾ ਨਹੀਂ ਅੰਤ ਕੀ ਰੰਗ ਲਿਆਵੇਗੀ। ਇਨ੍ਹਾਂ ਲੋਕਾਂ ਨੂੰ ਕਦ ਹੋਸ਼ ਆਵੇਗੀ ? ਕੀ ਇਸ ਦਾ ਨਾਂ ਹੀ ਧਰਮ ਮਜ਼੍ਹਬ ਹੈ ?

ਉਤਮ ਸਿੰਘ ਦੇ ਰੁਪਏ ਚੁਕਾਣ ਦਾ ਉਸ ਨੂੰ ਕੋਈ ਵੀ ਇਲਾਜ ਨਹੀਂ ਸੀ ਦਿਸਦਾ।

ਸ਼ਹਿਰ ਵਿਚ ਉਹਦਾ ਕੌਣ ਸੀ, ਜਿਸ ਪਾਸ ਜਾ ਕੇ ਉਹ ਹੱਥ ਟੱਡਦਾ। ਇਸ ਤੋਂ ਛੁੱਟ ਉਤਮ ਸਿੰਘ ਦੀ ਓਦਣ ਵਾਲੀ ਤਕਰੀਰ ਨੇ ਉਸ ਨੂੰ ਕਿਸੇ ਸਿੱਖ ਦੇ ਮੱਥੇ ਲੱਗਣ ਜੋਗਾ ਹੀ ਨਹੀਂ ਸੀ ਛੱਡਿਆ । ਬਾਜ਼ਾਰ ਵਿਚ ਜਾਂਦਿਆਂ ਆਉਂਦਿਆਂ ਜਿਹੜਾ ਵੀ ਉਸ ਨੂੰ ਮਿਲਿਆ, ਘ੍ਰਿਣਾ ਤੇ ਗਾਲ੍ਹ ਮੰਦੇ ਨਾਲ ਹੀ ਉਸ ਦਾ ਸਵਾਗਤ ਕਰਦਾ। ਇਥੋਂ ਤੀਕ ਕਿ ਕਈਆਂ ਨੇ ਉਸ ਨੂੰ ਜਾਨੋਂ ਮੁਕਾ ਦੇਣ ਦੀਆਂ ਵੀ ਧਮਕੀਆਂ ਦਿੱਤੀਆਂ। ਉਹ ਆਪਣੀ ਬੇ-ਕਸੂਰੀ ਦੇ ਬਥੇਰੇ ਉਦਾਹਰਣ ਦੇਂਦਾ, ਪਰ ਉਸ ਦੀ ਸੁਣਦਾ ਹੀ ਕੌਣ ਸੀ।

ਉਹ ਕਈ ਦਿਨ ਬਾਹਰ ਨਾ ਨਿਕਲਿਆ—ਨਾ ਉਤਮ ਸਿੰਘ ਪਾਸ ਗਿਆ ਤੇ ਨਾ ਹੀ ਕੰਮ ਤੇ ।

ਸਭ ਪਾਸਿਆਂ ਤੋਂ ਨਿਰਾਸ ਹੋ ਕੇ ਛੇਕੜ ਉਸ ਦਾ ਖ਼ਿਆਲ ਕਹਾਣੀ ਵੱਲ ਖਿੱਚਿਆ ਗਿਆ। ਪਰ ਇਹ ਵੀ 'ਕਣਕ ਖੇਤ ਕੁੜੀ ਪੇਟ' ਵਾਲੀ ਗੱਲ ਸੀ। ਕਦੋਂ ਸਿਨੇਮਾ-ਕਹਾਣੀ ਸਿਰੇ ਚੜ੍ਹੇ ਤੇ ਕਦੋਂ ਉਹ ਲੈ ਕੇ ਡਾਇਰੈਕਟਰ ਪਾਸ ਜਾਵੇ। ਫਿਰ ਇਸ ਗੱਲ ਦਾ ਵੀ ਕੀ ਪਤਾ ਕਿ ਇਹ ਕਿਸੇ ਦੇ ਪਸੰਦ ਆਵੇ ਜਾਂ ਨਾ।

ਉਸ ਨੂੰ ਕੇਵਲ ਕਰਜ਼ਾ ਉਤਾਰਨ ਦਾ ਹੀ ਫ਼ਿਕਰ ਨਹੀਂ, ਸਗੋਂ ਢਿੱਡ ਦੇ ਤੰਦੂਰ ਲਈ ਬਾਲਣ ਵੀ ਮੁਕਣ ਵਾਲਾ ਸੀ।

ਉਸ ਨੇ ਨੌਕਰੀ ਲਈ ਕਈ ਬੂਹੇ ਖੜਕਾਏ। ਕਈਆਂ ਸਿੱਖ ਸਰਦਾਰਾਂ ਅੱਗੇ ਜਾ ਕੇ ਦੁੱਖ ਰੋਇਆ, ਪਰ ਤ੍ਰਿਸਕਾਰ ਤੇ ਨਿਰਾਸਤਾ ਤੋਂ ਬਿਨਾਂ ਉਸ ਨੂੰ ਕੁਝ ਵੀ ਪ੍ਰਾਪਤ ਨਾ ਹੋ ਸਕਿਆ।

ਅੰਤ ਮੀਏਂ ਦੀ ਦੌੜ ਮਸੀਤ ਤੱਕ, ਉਸ ਨੇ ਕਿਸੇ ਤਰ੍ਹਾਂ ਕਹਾਣੀ ਨੂੰ ਹੀ ਮੁਕੰਮਲ ਕਰਨ ਦਾ ਫ਼ੈਸਲਾ ਕੀਤਾ।

ਮਕਾਨ ਤੇ ਰਹਿ ਕੇ ਤਾਂ ਉਸ ਲਈ ਇਹ ਕੰਮ ਹੋਣਾ ਮੁਸ਼ਕਲ ਸੀ, ਕਿਉਂਕਿ ਹਰ ਵੇਲੇ ਉੱਤਮ ਸਿੰਘ ਦਾ ਆਦਮੀ ਆ ਜਾਣ ਦੀ ਸੰਭਾਵਨਾ ਸੀ। ਉਸ ਨੇ ਇਹ ਨੇਮ ਸ਼ੁਰੂ ਕੀਤਾ ਕਿ ਵੱਡੇ ਵੇਲੇ ਉਠਦਿਆਂ ਹੀ ਬਾਹਰ ਬਾਗਾਂ ਵਿਚ ਨਿਕਲ ਜਾਂਦਾ ਤੇ ਸੌਤਾ ਪਏ ਪਰਤਦਾ।

ਉਸ ਦੀ ਕਹਾਣੀ ਵਾਲੀ ਕਾਪੀ ਜਿਉਂ-ਜਿਉਂ ਭਰਦੀ ਜਾਂਦੀ ਸੀ, ਤਿਉਂ ਤਿਉਂ ਖੀਸਾ ਖਾਲੀ ਹੁੰਦਾ ਜਾਂਦਾ ਸੀ । ਦੁੱਖਾਂ ਮੁਸੀਬਤਾਂ ਦਾ ਰੁਲਿਆ ਹੋਇਆ ਮੋਹਨ ਪਹਿਲਾਂ ਹੀ ਸਰੀਰ ਦਾ ਮਾੜਾ ਸੀ, ਉਤੋਂ ਇਹ ਨਵੀਂ ਬਿਪਤਾ ਕਿ ਢਿੱਡੋਂ ਲਗਪਗ ਭੁੱਖਿਆਂ ਰਹਿ ਕੇ ਸਾਰਾ-ਸਾਰਾ ਦਿਨ ਉਸ ਨੂੰ ਕਲਮ ਘਸਾਣੀ ਪੈਂਦੀ।

ਇਸ ਹਾਲਤ ਵਿਚ ਲਿਖਦਿਆਂ-ਲਿਖਦਿਆਂ ਤੇ ਲੁਕਦਿਆਂ-ਲੁਕਦਿਆਂ ਉਹ ਦਿਨ ਤੇ ਰਾਤਾਂ ਬਿਤ੍ਰਾਉਣ ਲੱਗਾ । ਉਸ ਦੀ ਅਰੋਗਤਾ ਦਿਨੋਂ-ਦਿਨ ਜਵਾਬ ਦੇਂਦੀ ਜਾ ਰਹੀ ਸੀ ।

੧੬

ਮਕਾਨ ਦੀ ਗੈਲਰੀ ਵਿਚ ਟਹਿਲਦਾ ਹੋਇਆ ਤਰਲੋਕ ਸਿੰਘ ਹਨੇਰੀ ਨਾਲ ਉੱਖੜ ਰਹੇ ਦਰੱਖਤ ਵਾਂਗ ਡੋਲ ਰਿਹਾ ਹੈ । ਸਾਰਾ ਘਰ ਉਸ ਨੂੰ ਖਾਣ ਨੂੰ ਪੈਂਦਾ ਹੈ, ਤੇ ਨੌਕਰ ਚਾਕਰ ਜਿੰਨਾਂ ਭੂਤਾਂ ਨਾਲੋਂ ਵੀ ਵੱਧ ਵਿਖਾਈ ਦੇਂਦੇ ਹਨ ।

ਕਰਤਾਰ ਕੌਰ ਦੀ ਮੌਤ ਵੇਲੇ ਦੀ ਸ਼ਕਲ ਉਸ ਦੀਆਂ ਅੱਖਾਂ ਤੋਂ ਓਹਲੇ ਹੁੰਦੀ ਹੁੰਦੀ ਲਗਪਗ ਉੱਕਾ ਹੀ ਭੁੱਲ ਚੁੱਕੀ ਹੈ ਜਿਸ ਦੀ ਥਾਂ ਹੁਣ ਕਿਸੇ ਕਲਪਤ ਸੁੰਦਰੀ ਨੇ ਮੱਲ ਲਈ ਹੈ।

ਕਲ੍ਹ ਦਾ, ਜਿਸ ਵੇਲੇ ਦਾ ਡਾਕਟਰ ਮਾਹਣਾ ਸਿੰਘ ਉਸ ਨੂੰ ਮਿਲ ਕੇ ਇਸ ਕੰਮ ਲਈ ਵਟਾਲੇ ਗਿਆ ਹੈ, ਉਸੇ ਘੜੀ ਤੋਂ ਉਸ ਦਾ ਦਿਲ, ਸਮੁੰਦਰ ਦੀਆਂ ਲਹਿਰਾਂ ਵਾਘ ਉਛਾਲੇ ਮਾਰ ਰਿਹਾ ਹੈ । ਕਦੇ ਤਾਂ ਉਹ ਖ਼ੁਸ਼ੀ ਨਾਲ ਤੇਜ਼-ਤੇਜ਼ ਕਦਮ ਪੁੱਟਣ ਲੱਗ ਪੈਂਦਾ ਹੈ, ਕਦੇ ਇਹ ਖ਼ਿਆਲ ਕਰ ਕੇ ਮਤਾਂ ਡਾਕਟਰ ਅਸਫ਼ਲ ਮੁੜ ਆਵੇ, ਉਸ ਦੇ ਦਿਲ ਨੂੰ ਘਾਟਾਂ ਪੈਣ ਲੱਗ ਪੈਂਦੀਆਂ ਹਨ ਤੇ ਕਦਮ ਉਸ ਦੇ ਸੁਸਤ ਹੋ ਜਾਂਦੇ ਹਨ।

ਉਹ ਘੜੀ-ਮੁੜੀ ਜੇਬ ’ਚੋਂ ਘੜੀ ਕੱਢ ਕੇ ਵੇਖਦਾ, ਤੇ ਬਾਰੀ ’ਚੋਂ ਸਿਰ ਬਾਹਰ ਕੱਢ ਕੇ ਸੜਕ ਨੂੰ ਉਥੋਂ ਤੱਕ ਵੇਖਦਾ ਹੈ, ਜਿਥੋਂ ਤੱਕ ਉਸ ਦੀ ਨਜ਼ਰ ਜਾ ਸਕਦੀ ਹੈ।

ਕਿਸੇ ਕਿਸੇ ਵੇਲੇ ਉਹ ਨਾਲ ਦੇ ਕਮਰੇ ਵਿਚ ਕੰਧ ਵਿਚ ਜੁੜੇ ਹੋਏ ਆਦਮ ਕਦ ਸ਼ੀਸ਼ੇ ਅੱਗੇ ਜਾ ਖਲੋਂਦਾ ਹੈ। ਨਵੇਂ ਖ਼ਿਜ਼ਾਬ ਨਾਲ ਰੰਗੀ ਹੋਈ ਨੀਲੀ ਭਾਹ ਮਾਰਦੀ ਦਾੜ੍ਹੀ—ਜੋ ਖ਼ੂਬ ਘੁੱਟ ਵੱਟ ਕੇ ਬੰਨ੍ਹੀ ਹੋਈ ਹੈ—ਹੱਥਾਂ ਦੀਆਂ ਤਲੀਆਂ ਨਾਲ ਉਸ ਦੀ ਤਹਿ ਬਿਠਾਣ ਦਾ ਜਤਨ ਕਰਦਾ ਹੈ। ਇਸ ਨਾਲ ਵੀ ਜਦ ਤਹਿ ਠੀਕ ਨਹੀਂ ਹੁੰਦੀ ਤਾਂ ਬੁਰਸ਼ ਚੁੱਕ ਲੈਂਦਾ ਹੈ।

ਇਸ ਕੰਮ ਤੋਂ ਵਿਹਲਾ ਹੋ ਕੇ ਪਹਿਨੇ ਹੋਏ ਸਿਲਕੀ ਸੂਟ ਵੱਲ ਨਜ਼ਰ ਮਾਰਦਾ ਹੈ ਕਿ ਪੈਂਟ ਨੂੰ ਗੋਡੇ ਤੋਂ ਵੱਟ ਤਾਂ ਨਹੀਂ ਪੈ ਗਿਆ।

ਸ਼ੀਸ਼ੇ ਵਲੋਂ ਹੱਟ ਕੇ ਇਹ ਜਵਾਨ ਬਾਬਾ ਫੇਰ ਗੈਲਰੀ ਵਿਚ ਆ ਖਲੋਤਾ। ਇਸ ਵੇਲੇ ਸਾਹਮਣੀ ਸੜਕ ਦਾ ਮੋੜ ਮੁੜ ਕੇ ਡਾਕਟਰ ਆਉਂਦਾ ਉਸ ਨੂੰ ਵਿਖਾਈ ਦਿੱਤਾ, ਜਿਸ ਦੇ ਚਿਹਰੇ ਉੱਤੇ ਮੁਸਕ੍ਰਾਹਟ ਤੇ ਕਦਮਾਂ ਵਿਚ ਤੇਜ਼ੀ ਸੀ। ਉਸ ਉੱਤੇ ਨਜ਼ਰ ਪੈਂਦਿਆਂ ਹੀ ਤਰਲੋਕ ਸਿੰਘ ਦਾ ਦਿਲ ਧੜਕਣ ਲੱਗ ਪਿਆ। ਉਸ ਨੂੰ ਕੁਝ-ਕੁਝ ਭਰੋਸਾ ਹੋ ਗਿਆ ਕਿ ਡਾਕਟਰ ਜ਼ਰੂਰ ਤੀਰ ਤੁੱਕਾ ਲਾ ਕੇ ਹੀ ਮੁੜਿਆ ਹੈ।

ਡਾਕਟਰ ਉੱਤੇ ਆ ਪੁੱਜਾ ਤੇ ਆਉਂਦਿਆਂ ਹੀ ਮੁਸਕ੍ਰਾਂਦਾ ਹੋਇਆ ਬੋਲਿਆ—“ਸਰਦਾਰ ਜੀ ਬਹੁਤ-ਬਹੁਤ ਵਧਾਈ ਜੇ । ਲਓ ਜਿੱਤ ਲਿਆ ਜੇ ਮੋਰਚਾ ।”

ਤਰਲੋਕ ਸਿੰਘ ਪਹਿਲਾਂ ਹੀ ਸਮਝ ਗਿਆ ਸੀ। ਡਾਕਟਰ ਦੀ ਗੱਲ ਸੁਣ ਕੇ ਉਸ ਦੇ ਅੰਦਰ ਕੁਝ-ਕੁਝ ਹੋਣ ਲੱਗ ਪਿਆ। ਅੱਖ ਦੇ ਫੋਰ` ਵਿਚ ਹੀ ਉਸ ਨੇ ਅੰਦਰੋਂ-ਅੰਦਰ ਕਈ ਹਵਾਈ ਕਿਲ੍ਹੇ ਉਸਾਰ ਧਰੇ। ਪਰ ਡਾਕਟਰ ਦੇ ਸਾਹਮਣੇ ਉਹ ਆਪਣੇ ਆਪ ਨੂੰ ਇਤਨਾ ਹੋਛਾ ਨਹੀਂ ਸੀ ਪ੍ਰਗਟ ਹੋਣ ਦੇਣਾ ਚਾਹੁੰਦਾ । ਮੂੰਹ ਪੀਡਾ ਕਰਕੇ ਬੋਲਿਆ—“ਕਾਹਦੀ ਵਧਾਈ ਡਾਕਟਰ ਜੀ, ਮਲੂਮ ਹੁੰਦਾ ਏ ਅੱਜ......”

ਪਰ ਡਾਕਟਰ ਦੀਆਂ ਨਜ਼ਰਾਂ ਤੋਂ ਉਸ ਦੀ ਬੇਸਬਰੀ ਲੁਕੀ ਨਾ ਰਹਿ ਸਕੀ। ਉਸ ਨੇ ਕਿਹਾ—“ਸਰਦਾਰ ਜੀ, ਸੱਚ ਕਹਿੰਦੇ ਹੁੰਦੇ ਨੇ ਸਿਆਣੇ, ਅਖੇ ‘ਉਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ ।’ ਆਦਮੀ ਤਨੋ ਮਨੋ ਹੋ ਕੇ ਕੰਮ ਕਰੇ ਤਾਂ ਕਾਮਯਾਬ ਕਿਉਂ ਨਾ ਹੋਵੇ । ਬਾਰਾਂ ਦਿਨ ਹੋਏ ਨੇ ਸਰਦਾਰ ਜੀ, ਇਕ ਲਤ ਲਾਹੌਰ ਦੂਜੀ ਵਟਾਲੇ । ਮੈਂ ਵੀ ਉਨ੍ਹਾਂ ਦੀਆਂ ਦਲ੍ਹੀਜਾਂ ਘਸਾ ਮਾਰੀਆਂ ਨੇ । ਬਥੇਰੇ ਹੇਰ ਫੇਰ ਕਰੇ ਬੁੱਢੜ ਹਟਵਾਣੀਆਂ, ਪਰ ਮੈਂ ਆਖਿਆ ਏਥੋਂ ਹਿੱਲਣਾ ਤਾਂ ਏਂ ਜੁ ਕੰਮ ਕਰਕੇ। ਅਖ਼ੀਰ ਮਸੇ ਮਸੇ ਕਿਤੇ ਮਨ ਮਿਹਰ ਪਈ ਸੂ ਤੇ ਅੱਜ ਹਾਂ ਕੀਤੀ ਸੂ।”

ਸਰਦਾਰ ਪਾਸੋਂ ਹੁਣ ਸਹਾਰਾ ਕੀਕਣ ਹੋ ਸਕਦਾ ਸੀ। ਕੁਰਸੀ ਤੇ ਬੈਠਣਾ ਉਸ ਲਈ ਔਖਾ ਹੋ ਗਿਆ। ਉਸ ਦੇ ਮੂੰਹ ਵਿਚਲੇ ਨਕਲੀ ਦੰਦਾਂ ਦੀਆਂ ਦੋਵੇਂ ਬੀੜਾਂ ਖਟਾ ਖਟ ਵੱਜਣ ਲਗ ਪਈਆਂ ।

"ਡਾਕਟਰ ਜੀ, ਭਲਾ ਤੁਹਾਡਾ ਕੀਤਾ ਕੰਮ ਕਿਉਂ ਤੇ ਕੀਕਣ ਨਾ ਹੋਵੇ। ਹੱਛਾ ਸੁਣਾਓ ਫਿਰ ਕਿਸੇ ਤਰ੍ਹਾਂ ਸਿਰੇ ਚੜ੍ਹਿਆ ਕੰਮ ?"

ਹੱਥ ਵਾਲੀ ਛੜੀ ਨਾਲ ਬੂਟ ਨੂੰ ਠੋਕਰਦਾ ਹੋਇਆ ਡਾਕਟਰ ਬੋਲਿਆ—"ਸਿਰੇ ਚਾੜ੍ਹਨਾ ਤੇ ਹੁਣ ਸਰਦਾਰ ਜੀ ਤੁਹਾਡੇ ਵੱਸ ਏ, ਮੇਰਾ ਕੰਮ ਤੇ ਸੀ ਤੁਹਾਨੂੰ ਸਾਕ ਲੱਭ ਦੇਣਾ। ਕੁੜੀ ਕੀ ਏ ਸਰਦਾਰ ਜੀ, ਬੱਸ ਨਿਰੀ ਦੰਦਖੰਡ ਦੀ ਪੁਤਲੀ। ਸੋਲ੍ਹਾਂ ਸਤਾਰਾਂ ਵਰ੍ਹਿਆਂ ਦੀ ਮੁਟਿਆਰ। ਅਸੀਲ ਏਡੀ ਜੁ ਅੱਖ ਵਿਚ ਪਾਈ ਨਾ ਰੜਕੇ। ਪਤਲੀ ਛਿੰਗ ਤੇ ਮਮੋਲੇ ਵਰਗੀਆਂ ਅੱਖਾਂ। ਪੜ੍ਹੀ ਲਿਖੀ, ਤੇ ਸੱਤਾਂ ਸੁਚੱਜਾਂ ਵਾਲੀ। ਹਨੇਰੇ ਵਿਚ ਬੈਠੇ ਤਾਂ ਚਾਨਣ ਹੋ ਜਾਏ। ਸਮਝ ਲਓ ਪਰੀ ਕੀ ਚੀਜ਼ ਹੁੰਦੀ ਏ।"

ਸੁਣਦਿਆਂ ਸੁਣਦਿਆਂ ਤਰਲੋਕ ਸਿੰਘ ਹਫਣ ਲੱਗ ਪਿਆ। ਉਸ ਦੇ ਮਰੀਅਲ ਸਰੀਰ ਵਿਚ ਉਕਸਾਹਟ ਪੈਦਾ ਹੋ ਗਈ, ਤੇ ਆਪਣਾ ਸਿਰ ਉਸ ਦੇ ਮੋਢਿਆਂ ਦੇ ਦੁਆਲੇ ਘੁੰਮਦਾ ਜਾਪਣ ਲੱਗਾ। ਜਿੰਨਾ ਚਿਰ ਡਾਕਟਰ ਬੋਲਦਾ ਰਿਹਾ, ਹਫੀਮੀ ਦੀ ਪੀਨਕ ਵਾਂਗ ਸਰਦਾਰ ਦੀ ਨਜ਼ਰ ਉਸ ਦੇ ਚੇਹਰੇ ਤੇ ਗੱਡੀ ਰਹੀ। ਉਸ ਦੀਆਂ ਵਾਛਾਂ ਤਣ ਗਈਆਂ ਤੇ ਮੂੰਹ ਬਹੁਤ ਸਾਰਾ ਟੱਡਿਆ ਗਿਆ, ਜਿਸ ਕਰਕੇ ਉਸ ਦੇ ਦੰਦਾਂ ਨਾਲ ਜੜੀਆਂ ਹੋਈਆਂ ਸੁਨਹਿਰੀ ਤਾਰਾਂ ਚਮਕਣ ਲਗ ਪਈਆਂ।

"ਹੱਛਾ ! ਪਰ ਕਿੰਨੇ ਕੁ ਤੱਕ" ਉਸ ਨੇ ਕਾਹਲੀ ਨਾਲ ਡਾਕਟਰ ਤੋਂ ਪੁੱਛਿਆ।

ਇਕ ਫਿਰਵੀਂ ਜਿਹੀ ਨਜ਼ਰ ਨਾਲ ਸਰਦਾਰ ਦੇ ਰੰਗ ਢੰਗ ਨੂੰ ਵੇਖਦਾ ਹੋਇਆ ਬੋਲਿਆ—"ਸਰਦਾਰ ਜੀ ਤਿੰਨ ਹਜ਼ਾਰ ਤੋਂ ਇਕ ਪੈਸਾ ਵੀ ਨਹੀਂ ਜੇ ਘਟਦਾ।"

"ਤਿੰਨ ਹਜ਼ਾਰ ! ਡਾਕਟਰ ਜੀ ਤਿੰਨ ਹਜ਼ਾਰ ਤੇ ਬਹੁਤਾ ਈ ਏ।"

"ਤੁਸੀਂ ਬਹੁਤ ਕਹਿੰਦੇ ਓ, ਉਹ ਤੇ ਭੜੂਆ ਏਨੇ ਤੇ ਵੀ ਨਹੀਂ ਸਾ ਜੇ ਖੜੋਂਦਾ। ਜਦੋਂ ਮੈਂ ਤੁਹਾਡਾ ਨਾ ਪਤਾ ਦਸਿਆ ਤਾਂ ਲਗਾ ਤਿਲਕਣ। ਆਖਣ ਲਗਾ—ਕੁੜੀ ਮੈਂ ਮਨੁੱਖ ਨਾਲ ਵਿਆਹੁਣੀ ਏਂ ਕਿ ਫੱਟੇ ਨਾਲ। ਅਖ਼ੀਰ ਜੀ ਬੜੀਆਂ ਮਿੰਨਤਾਂ ਖੁਸ਼ਾਮਦਾਂ ਨਾਲ ਖਲ੍ਹਾਰਿਆ। ਉਹਨੂੰ ਬਥੇਰਾ ਸਮਝਾਇਆ, ਪਰ ਤੇਰੀ ਧੀ ਰਾਜ ਕਰੇਗੀ, ਗੀਟਿਆਂ ਦੇ ਥਾਂ ਹੀਰਿਆਂ ਮੋਤੀਆਂ ਨਾਲ ਖੇਡੇਗੀ, ਪਰ ਉਹ ਤੇ ਰੱਬ ਦਾ ਮਾਰਿਆ ਪੈਰਾਂ ਤੇ ਪਾਣੀ ਨਾ ਪੈਣ ਦੇਵੇ। ਹਰ ਗੱਲ ਦੇ ਜਵਾਬ ਵਿਚ ਅਵੈੜਾ ਈ ਬੋਲੇ। ਆਖਣ ਲੱਗਾ, ਅਖੇ ਖੇਡੇਗੀ ਤੇ ਠੀਕ ਹੀਰਿਆਂ ਮੋਤੀਆਂ ਨਾਲ, ਪਰ ਗੌਣ ਦੇ ਥਾਂ ਵੈਣ ਵੀ ਉਸ ਨੇ ਪਾਣੇ ਨੇ ਨਾ। ਹੁਣ ਦਸੋ ਸਰਦਾਰ ਜੀ ਮੈਂ ਉਥੇ ਏਦੂੰ ਵਧ ਕੀ ਕਰਦਾ, ਜੇ ਤੁਸੀਂ ਨਹੀਂ ਰਾਜ਼ੀ ਤਾਂ ਅਜੇ ਈ ਇਨਕਾਰ ਲਿਖ ਭੇਜਾਂਗਾ ਸੂ, ਮੇਰਾ ਕੀ ਏ।"

ਦਿਲ ਵਿਚ ਡਾਕਟਰ ਦੀ ਬਹੁਮੁੱਲੀ ਸੇਵਾ ਦੀ ਸ਼ਲਾਘਾ ਕਰਦਾ ਹੋਇਆ ਨਾਲ ਇਸ ਸੌਦੇ ਨੂੰ ਸਸਤਾ ਸਮਝਦਾ ਹੋਇਆ ਸਰਦਾਰ ਬੋਲਿਆ—"ਨਹੀਂ ਨਹੀਂ, ਇਨਕਾਰ ਖਾਹ-ਮਖਾਹ ਲਿਖ ਘਲਣਾ ਏਂ ? ਬੜਾ ਚੰਗਾ ਕੰਮ ਹੋ ਗਿਆ ਏ। ਹੱਛਾ ਫਿਰ ਕਦੋਂ ਤੀਕ...ਕੋਈ ਗੱਲ ਕੱਥ ਕੀਤੀ ਸੀ ਇਸ ਬਾਰੇ ਵੀ ?"

"ਗੱਲ ਕਥ ਕਾਹਦੀ ਸਰਦਾਰ ਜੀ, ਇਕ ਹੱਥ ਗੰਢੜੀ ਤੇ ਇਕ ਹੱਥ ਨੰਢੜੀ। ਪਰਸੋਂ ਛਨਿਛਰ ਵਾਰ ਏ, ਨਾਲੇ ਦਿਨ ਵੀ ਮਸਿਆ ਦਾ ਏ। ਬੱਸ ਮੇਰੇ ਆਖੇ ਲਗੋ ਤਾਂ ਪਾਂਧਾ ਨਾ ਪੁੱਛੋ। ਪਤਾਸਿਆਂ ਦਾ ਮੀਂਹ ਸਰਦਾਰ ਜੀ, ਕਦੇ ਕਦੇ ਈ ਵਰ੍ਹਦਾ ਹੁੰਦਾ ਏ। ਪਰਸੋਂ ਸ਼ਗਨ ਲੈਣ ਦੀ ਕਰੋ, ਤੇ ਅਠੋਵਾਰੀ ਨੂੰ ਜੰਜ ਬੰਨ੍ਹ ਕੇ ਚੱਲ ਢੁਕੋ।"

"ਚੰਗਾ ਠੀਕ ਏ, ਏਦਾਂ ਹੀ ਸਹੀ।"

"ਲਓ ਫਿਰ ਆਗਿਆ ਦਿਓ। ਦੁਕਾਨ ਤੇ ਮਰੀਜ਼ ਪਏ ਉਡੀਕਦੇ ਹੋਣਗੇ, ਨਾਲੇ ਅੱਜ ਵੀਰਵਾਰ ਏ, ਪਿੰਡ ਸੁਧਾਰ ਸਭਾ ਦੀ ਮੀਟਿੰਗ ਵੀ ਕਰਨੀ ਹੋਵੇਗੀ। ਸ਼ਾਮ ਨੂੰ ਹਾਜ਼ਰ ਹੋਵਾਂਗਾ। ਹੱਛਾ, ਸਤਿ ਸ੍ਰੀ ਆਕਾਲ।"

ਡਾਕਟਰ ਨੂੰ ਹੱਥ ਮਿਲਾਂਦਿਆਂ ਤਰਲੋਕ ਸਿੰਘ ਨੇ ਉਸ ਦੀ ਮੁੱਠ ਵਿਚ ਕੁਝ ਨੋਟ ਦੇ ਦਿਤੇ।

"ਰਹਿਣ ਦਿਓ ਜੀ, ਇਸ ਦੀ ਕੀ ਲੋੜ ਸੀ" ਹੱਥ ਨੂੰ ਖੀਸੇ ਵਿਚ ਪਾਂਦਿਆਂ ਹੋਇਆ ਡਾਕਟਰ ਨੇ ਕਿਹਾ ਤੇ ਫਿਰ ਅੱਜ ਦੇ ਅਧੋ ਅਧ ਨਬੇੜੇ ਵਾਲੇ ਸੌਦੇ ਦੀ ਖੁਸ਼ੀ ਵਿਚ ਕਾਹਲੇ ਕਦਮ ਪੁੱਟਦਾ ਹੋਇਆ ਬਾਹਰ ਨਿਕਲ ਗਿਆ।

੧੭

ਹੀਰਿਆਂ ਜੜੀ ਮੁੰਦਰੀ, ਜਿਸ ਨੂੰ ਕੁਦਰਤ ਨੇ ਕਿਸੇ ਜੌਹਰੀ ਲਈ ਬਣਾਇਆ ਸੀ—ਕਿਸਮਤ ਨੇ ਉਸ ਦਾ ਜੋੜ ਇਕ ਘੋਗਿਆਂ ਦੇ ਪਾਰਖੂ ਨਾਲ ਜੋੜ ਦਿਤਾ ।

ਸਰਲਾ ਨੂੰ ਸ਼ਗਨਾਂ ਦੀ ਚੁੰਨੀ ਚੜ੍ਹਾਈ ਗਈ । ਇਹੋ ਚੁੰਨੀ, ਜਿਹੜੀ ਪ੍ਰੇਮ ਸਿੰਘ ਤੇ ਰਤਨ ਦੇਈ ਵਾਸਤੇ ਹਜ਼ਾਰ ਹਜ਼ਾਰ ਦੀਆਂ ਦੋ ਛਣਕਦੀਆਂ ਥੈਲੀਆਂ ਲਿਆਈ ਸੀ, ਸਰਲਾ ਲਈ ਇਸ ਵਿਚ ਨਿਰਾਸਤਾ ਤੇ ਪੀੜ ਭਰੇ ਹਾਵਿਆਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ।

ਸੋਲ੍ਹਾਂ ਵਰ੍ਹਿਆਂ ਦੀ ਬਾਲੜੀ ਨੂੰ ਪੈਂਹਠਾਂ ਵਰ੍ਹਿਆਂ ਦੇ ਬੁੱਢੇ ਨਾਲ ਨਰੜ ਦੇਣ ਦੀ ਗੱਲ ਜਿਸ ਜਿਸ ਨੇ ਸੁਣੀ, ਸੁਣ ਕੇ ਦੰਗ ਰਹਿ ਗਿਆ।

ਮਾਂ ਪਿਓ ਤੇ ਬਿਰਾਦਰੀ ਦੇ ਜ਼ੁਲਮੀ ਹਥੌੜਿਆਂ ਨਾਲ ਆਪਣੇ ਭਾਗਾਂ ਨੂੰ ਟੁੱਟਦਿਆਂ ਵੇਖ ਕੇ ਸਰਲਾ ਦੇ ਦਿਲ ਤੇ ਕੀ ਗੁਜ਼ਰੀ, ਇਸ ਦਾ ਅਨੁਮਾਨ ਸਰਲਾ ਤੋਂ ਬਿਨਾਂ ਕੌਣ ਲਾ ਸਕਦਾ ਹੈ । ਪਰ ਸਰਲ ਹਿਰਦੇ ਤੇ ਠੰਢੇ ਜਿਗਰ ਵਾਲੀ ਸਰਲਾ ਕੁਸਕੀ ਨਹੀਂ—ਨਾ ਹੀ ਉਸ ਦੇ ਹਿਰਦੇ ਦੀ ਆਵਾਜ਼ ਉਸ ਦੇ ਬੁਲ੍ਹਾਂ ਤਕ ਆਈ । ਉਸ ਦੇ ਅੰਦਰੋਂ ਨਿਕਲ ਰਹੇ ਸਨ ਲਹੂ ਸੁੱਟਣ ਵਾਲੇ ਹਉਕੇ। ਪਰ ਇਨ੍ਹਾਂ ਹਉਕਿਆਂ ਦੇ ਸੇਕ ਨਾਲ ਨਾ ਕੋਈ ਸਿਸਕਿਆ ਨਾ ਕੋਈ ਤੜਫਿਆ । ਸ਼ਾਇਦ ਕੁਦਰਤ ਨੇ ਏਨ੍ਹਾਂ ਦੇ ਸੀਨਿਆਂ ਵਿਚ ਪੱਥਰ ਦੇ ਟੁੱਕੜੇ ਭਰ ਦਿੱਤੇ ਹੋਏ ਹਨ।

ਸਭ ਕੁਝ ਵੇਖ ਸੁਣ ਕੇ ਵੀ, ਤੇ ਆਪਣੇ ਭਵਿਸ਼ ਨੂੰ ਜਾਚ ਕੇ ਵੀ ਸਰਲਾ ਇਸ ਸਭ ਕਾਸੇ ਨੂੰ ਦਿਲ ਵਿਚ ਲਹੂ ਦੇ ਘੁੱਟ ਵਾਂਗ ਪੀ ਗਈ। ਸੱਧਰਾਂ ਤੇ ਉਮੰਗਾਂ ਦੀ ਰਾਸ ਪੂੰਜੀ ਲੁੱਟ ਜਾਣ ਤੋਂ ਬਾਅਦ ਹੁਣ ਉਸ ਦੇ ਅੰਦਰ ਮਸਾਣਾਂ ਵਰਗੀ ਡਰਾਉਣੀ ਚੁੱਪ ਚਾਂ ਸੀ, ਬੱਸ ਹੋਰ ਕੁਝ ਨਹੀਂ। ਉਹ ਜਿਸ ਖ਼ਾਤਰ ਜਿਊਂਦੀ ਸੀ, ਉਸ ਖ਼ਾਤਰ ਹੁਣ ਮਰਨ ਦਾ ਮੌਕਾ ਆ ਗਿਆ।

ਰਤਨ ਦੇਈ ਤੇ ਪ੍ਰੇਮ ਸਿੰਘ—ਜਿਨ੍ਹਾਂ ਨੇ ਬਾਲਣ ਦੀ ਥੁੜ੍ਹ ਨੂੰ ਪੂਰਿਆਂ ਕਰਨ ਲਈ ਆਪਣੀ ਉੱਚੀ ਮਾੜੀ ਨੂੰ ਢਾਹ ਸੁੱਟਿਆ ਹੈ—ਖ਼ੁਸ਼ੀ ਨਾਲ ਕਪੜਿਆਂ ਵਿਚ ਨਹੀਂ ਸਮਾਉਂਦੇ । ਪਰ ਸਰਲਾ ਵਿਚਾਰੀ ਘਰ ਦੀ ਇਕ ਨੁਕਰੇ ਗੋਡਿਆਂ ਵਿਚ ਸਿਰ ਦਿੱਤੀ ਬੈਠੀ ਕਰਮਾਂ ਨੂੰ ਰੋ ਰਹੀ ਹੈ।

ਓਹੀ ਰਤਨ ਦੇਈ—ਜਿਹੜੀ ਸਰਲਾ ਦੇ ਅੱਠੇ ਪਹਿਰ ਕੰਮ ਵਿਚ ਲਗਿਆਂ ਰਹਿਣ ਕਰ ਕੇ ਵੀ ਹਰ ਵੇਲੇ ਖਾਊਂ ਕਰਦੀ ਰਹਿੰਦੀ ਸੀ—ਅਜ ਉਸ ਨੂੰ ਵੇਹਲੀ ਬੈਠੀ ਨੂੰ ਵੀ ਪਿਆਰ ਤੇ ਦਲਾਸੇ ਨਾਲ ਬੁਲਾ ਰਹੀ ਹੈ। ਪਰ ਰੋਟੀ ਦੀ ਲੋੜ ਭੁੱਖੇ ਨੂੰ ਹੁੰਦੀ ਹੈ—ਮੁਰਦੇ ਨੂੰ ਨਹੀਂ । ਸਰਲਾ ਲਈ ਇਸ ਪਿਆਰ ਦਾ ਮੁੱਲ ਹੁਣ ਕੁਝ ਵੀ ਨਹੀਂ ਸੀ। ਉਹ ਜਾਣਦੀ ਸੀ ਕਿ ਕਸਾਈ ਦੀ ਛੁਰੀ ਤਾਂ ਲੇਲੀ ਦੇ ਡਡਿਆਉਣ ਨਲ ਭਾਵੇਂ ਠਠੰਬਰ ਜਾਵੇ, ਪਰ ਇਸ ਮਾਂ ਦੇ ਇਰਾਦਿਆਂ ਵਿਚ ਵੀ ਫ਼ਰਕ ਨਹੀਂ ਆਵੇਗਾ ਭਾਵੇਂ. ਉਹ ਕਲੇਜਾ ਚੀਰ ਕੇ ਵੀ ਉਸ ਦੇ ਸਾਹਮਣੇ ਕਿਉਂ ਨਾ ਰੱਖ ਦੇਵੇ । ਇਹ ਸੋਚ ਕੇ ਸਰਲਾ ਨੇ ਆਪਣੇ ਮਾਪਿਆਂ ਅੱਗੇ ਦਿਲ ਦਾ ਧੂੰਆਂ ਨਹੀਂ ਕੱਢਿਆ।

ਸਰਲਾ ਦਾ ਦਿਲ ਭਾਵੇਂ ਮੁੱਢ ਤੋਂ ਹੀ ਸਹਿਨਸ਼ੀਲ ਸੀ—ਵੱਡੇ ਤੋਂ ਵੱਡਾ ਦੁੱਖ ਸਹਾਰਨ ਦੀ ਉਸ ਨੂੰ ਆਦਤ ਜਿਹੀ ਪੈ ਗਈ ਸੀ, ਪਰ ਇਸ ਨਵੀਂ ਘਟਨਾ ਨੇ ਉਸ ਦੇ ਅੰਦਰੇ ਨੂੰ ਇਕ ਵਾਰਗੀ ਹਲੂਣ ਦਿੱਤਾ।

ਬੁੱਢੇ ਪਤੀ ਦੀ ਦੁਲਹਨ ਬਣਨ ਦੀ ਸੰਭਾਵਨਾ ਉਸ ਲਈ ਕੋਈ ਸਾਧਾਰਣ ਦੁੱਖਦਾਈ ਨਹੀਂ ਸੀ, ਪਰ ਇਸ ਤੋਂ ਵੱਡੀ ਚਿੰਤਾ ਤੇ ਪਹਾੜ ਜਿਡੀ ਚਿੰਤਾ ਉਸ ਨੂੰ ਇਹ ਖਾਈ ਜਾਂਦੀ ਸੀ ਕਿ ਉਸ ਦੇ ਹਿਰਦੇ-ਮੰਦਰ ਵਿਚ ਜਿਹੜੀ ਕਿਸੇ ਦੇਵਤਾ ਦੀ ਮੂਰਤੀ ਬਾਲਪਣੇ ਤੋਂ ਸ਼ਥਾਪਨ ਹੋ ਚੁੱਕੀ ਹੋਈ ਹੈ, ਇਸ ਨੂੰ ਕਿਸ ਤਰ੍ਹਾਂ ਕੱਢ ਕੇ ਭੁੰਜੇ ਪਟਕ ਸਕੇਗੀ ।

ਅੱਜ ਸਵੇਰ ਤੋਂ ਸਰਲਾ ਇਸੇ ਚਿੰਤਾ ਵਿਚ ਲੀਨ ਸੀ । ਆਦਮੀ ਦਾ ਸੁਖ ਜਿਸ ਤਰ੍ਹਾਂ ਵੰਡਣ ਨਾਲ ਦੂਣਾ ਹੋ ਜਾਂਦਾ ਹੈ, ਇਸ ਤਰ੍ਹਾਂ ਦੁੱਖ ਨੂੰ ਜੇ ਕਿਸੇ ਨਾਲ ਵੰਡਿਆ ਜਾਏ ਤਾਂ ਉਹ ਅੱਧਾ ਰਹਿ ਜਾਂਦਾ ਹੈ । ਸਰਲਾ ਆਪਣਾ ਦੁੱਖ ਕਿਸੇ ਨਾਲ ਵੰਡਾਉਣਾ ਚਾਹੁੰਦੀ ਸੀ । ਪਰ ਕਿਸ ਨਾਲ ਵੰਡਾਏ ? ਉਸ

ਨੂੰ ਇਕੋ ਇਕ ਆਪਣੇ ਹਾਲ ਦੀ ਮਹਿਰਮ ਨਜ਼ਰੀਂ ਆਉਂਦੀ ਸੀ—ਸ਼ਾਂਤੀ, ਸੋ ਉਹ ਤਾਂ ਪਹਿਲਾਂ ਹੀ ਇਸ ਘਟਨਾ ਨੇ ਪੋਟਾ ਪੋਟਾ ਦੁੱਖੀ ਕਰ ਰੱਖੀ ਸੀ, ਫਿਰ ਉਸ ਨਾਲ ਦੁੱਖ ਵੰਡਾਂਦਿਆਂ ਉਸ ਦਾ ਦੁੱਖ ਸਗੋਂ 'ਭੁਖੇ-ਭੁਖੇ ਜਫੀ ਪਾਈ, ਦੁਹਾਂ ਨੂੰ ਬਿਹੋਸ਼ੀ ਆਈ' ਅਨੁਸਾਰ ਵਧੇਗਾ ਕਿ ਘਟੇਗਾ ; ਪਰ ਜਦ ਉਸ ਨੂੰ ਹੋਰ ਕੋਈ ਠਾਹਰ ਨਾ ਜਾਪੀ ਤਾਂ ਉਹ ਚੁਪ ਚਪਾਤੀ ਉਠ ਕੇ ਸ਼ਾਂਤੀ ਦੇ ਘਰ ਜਾ ਪਹੁੰਚੀ।

ਜਾ ਕੇ ਉਸ ਨੇ ਡਿਠਾ, ਸ਼ਾਂਤੀ ਡਿਓਢੀ ਵਿਚ ਮੰਜਾ ਡਾਹੀ ਮੂੰਹ ਉਤਾਣੀ ਪਈ ਛੱਤ ਦੀਆਂ ਕੜੀਆਂ ਗਿਣ ਰਹੀ ਸੀ।

ਸਰਲਾ ਦੇ ਆਉਂਦਿਆਂ ਹੀ ਸ਼ਾਂਤੀ ਉੱਠ ਬੈਠੀ । ਦੋਵੇਂ ਨਾਲੋ ਨਾਲ ਬੈਠ ਗਈਆਂ ਤੇ ਇਕ ਦੂਜੀ ਦੇ ਚਿਹਰਿਆਂ ਵੱਲ ਇਸ ਤਰ੍ਹਾਂ ਤੱਕਣ ਲਗੀਆਂ, ਜਿਵੇਂ ਉਨ੍ਹਾਂ ਉਤੇ ਲਿਖੇ ਹੋਏ ਕਿਸੇ ਚਿਧ ਮਿਧ ਮਜ਼ੂਮਨ ਨੂੰ ਪੜ੍ਹਨ ਦਾ ਜਤਨ ਕਰ ਰਹੀਆਂ ਹੋਣ ।

ਇਸੇ ਤਾਰ੍ਹਾਂ ਤੱਕਦਿਆਂ ਸ਼ਾਂਤੀ ਦੇ ਮੂੰਹੋਂ ਨਿਕਲਿਆ, “ਸਰਲਾ !” ਤੇ ਨਾਲ ਹੀ ਉਸ ਦੀਆਂ ਅੱਖਾਂ ਵਿਚ ਜਿਹੜਾ ਪਾਣੀ ਡਲ੍ਹਕ ਰਿਹਾ ਸੀ, ਉਹ ਵਹਿ ਤੁਰਿਆ । ਸਰਲਾ ਨੇ ਇਹ ਅਵਾਜ਼ ਸੁਣੀ ਜਾਂ ਨਹੀਂ, ਕਿਹਾ ਨਹੀਂ ਜਾ ਸਕਦਾ । ਕਿਉਂਕਿ ਇਸ ਤੋਂ ਪਹਿਲਾਂ ਹੀ ਉਸਦੀ ਨਜ਼ਰ ਸ਼ਾਂਤੀ ਵਲੋਂ ਹੱਟ ਕੇ ਸਾਹਮਣੀ ਕੰਧ ਉੱਤੇ ਜਾ ਟਿਕੀ ਸੀ, ਜਿਸ ਉਤੇ ਮੋਹਨ ਦੀ ਫੋਟੋ ਟੰਗੀ ਹੋਈ ਸੀ।

ਸ਼ਾਂਤੀ ਨੇ ਫੇਰ ਆਪਣੀ ਗੱਲ ਨੂੰ ਦੁਹਰਾਇਆ ਤੇ ਸਰਲਾ ਨੇ ਉਸ ਵੱਲ ਧਿਆਨ ਮੋੜਿਆ, ਪਰ ਮੂੰਹੋਂ ਕੁਝ ਨਾ ਬੋਲ ਸਕੀ।

ਚੋਖਾ ਚਿਰ ਉਹ ਇਕ ਦੂਜੀ ਵੱਲ ਤਕਦੀਆ ਰਹੀਆਂ—ਕਿਸੇ ਦ ਮੂੰਹੋਂ ਕੁਝ ਨਾ ਨਿਕਲਿਆ, ਪਰ ਇਹ ਹੋਣ ਤੇ ਵੀ ਦੋਵੇਂ ਆਪੋ ਵਿਚ ਗੱਲਾਂ ਕਰ ਰਹੀਆਂ ਸਨ—ਬਰਾਬਰ ਉੱਤਰ ਪ੍ਰਸ਼ਨ ਹੋ ਰਹੇ ਸਨ। ਇਹ ਓਹੀ ਗੱਲਾਂ ਸਨ, ਜੋ ਅੱਜ ਤੋਂ ਪਹਿਲਾਂ ਸੰਗਦੇ ਮਾਰਿਆਂ ਉਹ ਇਕ ਦੂਜੇ ਨਾਲ ਖੁੱਲ੍ਹੇ ਤੌਰ ਤੇ ਨਹੀਂ ਸਨ ਕਰ ਸਕਦੀਆਂ, ਪਰ ਇਸ਼ਾਰਿਆਂ ਨਾਲ ਕਦੇ ਕਦਾਈਂ ਇਕ ਅੱਧੀ ਟਕੋਰ ਹੋ ਜਾਇਆ ਕਰਦੀ ਹੁੰਦੀ ਸੀ । ਉਨ੍ਹਾਂ ਲੁਕਵੀਆਂ ਤੇ ਸੰਗਵੀਆਂ ਟਕੋਰਾਂ ਵਿਚ ਕਿਨਾਂ ਸੁਆਦ ਸੀ, ਤੇ ਇਸ ਅੱਜ ਦੀ ਸੂਖਮ ਰੂਪ ਵਿਚ ਖੁਲ੍ਹੀ ਗੱਲ-ਕਥ ਵਿਚ ਕਿੰਨਾ ਦੁਖ—ਕਿੰਨੇ ਦਿਲ ਚੀਰਵੇਂ ਅਰਮਾਨ ਸਨ, ਇਸ ਦਾ ਟਾਕਰਾ ਕੌਣ ਕਰ ਸਕਦਾ ਹੈ ।

ਦੁਹਾਂ ਵਿਸਮਾਦ ਮੂਰਤਾਂ ਦੀ ਹਾਲਤ ਅਖ਼ੀਰ ਉਸ ਵੇਲੇ ਬਦਲੀ, ਜਦੋਂ ਸ਼ਾਂਤੀ ਦੇ ਮੋਢੇ ਤੇ ਸਿਰ ਸੁੱਟ ਕੇ ਸਰਲਾ ਏਨਾ ਹੀ ਕਹਿ ਸਕੀ—“ਸ਼ਾਤੀ ! ਮੇਰੇ ਲੇਖ......”

ਇਸ ਤੋਂ ਅੱਗੇ ਹੋਰ ਕੁਝ ਬੋਲਣ ਦੇ ਥਾਂ ਦੁਹਾਂ ਦੇ ਸਿਰਾਂ ਵਿਚ ਕਈ ਬਰਸਾਤੀ ਨਦੀਆਂ ਉਛਲ ਪਈਆਂ । ਦੋਵੇਂ ਇਕ ਦੂਜੀ ਦੇ ਮੋਢਿਆਂ ਨੂੰ ਪਤਾ ਨਹੀਂ ਕਿੰਨਾ ਕੁ ਚਿਰ ਭਿਉਂਦੀਆਂ ਰਹੀਆਂ ।

੧੮

ਕੁਝ ਲੋਕਾਂ ਦੇ ਹੱਸਦਿਆਂ ਅਤੇ ਕੁਝ ਲੋਕਾਂ ਦੇ ਰੋਂਦਿਆਂ, ਇਕ ਧੌਲਿਆਂ ਕੇਸਾਂ ਵਾਲੇ ਸਿਰ ਉਤੇ ਸਿਹਰਿਆਂ ਦਾ ਮੁਕਟ ਸੱਜਿਆ, ਤੇ ਫੱਟੇ ਤੇ ਚੜ੍ਹਨ ਤੋਂ ਪਹਿਲਾਂ ਤਰਲੋਕ ਸਿੰਘ ਨੇ ਘੋੜੀ ਦੀ ਸਵਾਰੀ ਕਰ ਹੀ ਲਈ—ਉਸ ਦਾ ਵਿਆਹ ਹੋ ਗਿਆ, ਪਰ ਧੂਪ ਧਾਮ ਤੋਂ ਬਿਨਾਂ—ਚੁਪ ਚੁਪਾਤਾ।

ਕਈਆਂ ਤੇਜ਼ ਤਹਾਰ ਜ਼ਬਾਨਾਂ ਨੇ ਦੰਦਾਂ ਤੋਂ ਬਾਹਰ ਆ ਕੇ ਅੱਗ ਦਾ ਮੀਂਹ ਵਰ੍ਹਾਣਾਂ ਚਾਹਿਆ, ਕਈ ਕਲਮਾਂ ਦੇ ਸੀਨੇ ਪਾਟ ਗਏ, ਤੇ ਉਨ੍ਹਾਂ ਵਿਚੋਂ ਸੁਧਾਰਕ ਮਜ਼ਮੂਨਾਂ ਦਾ ਤੂਫ਼ਾਨ ਉਮਡਿਆ। ਪਰ ਚਾਂਦੀ ਦੀ ਵਾਛੜ ਨੇ ਸਭ ਜੋਸ਼ ਠੰਡੇ ਕਰ ਦਿਤੇ। ਕਲਮਾਂ ਦੀਆਂ ਮਹੀਨ ਚੁੰਝਾਂ ਭੁਰ ਗਈਆਂ, ਤੇ ਜ਼ਬਾਨਾਂ ਦੀਆਂ ਤੇਜ਼ ਧਾਰਾਂ ਮੁੜ ਗਈਆਂ।

ਸਰਲਾ ਦੀ ਡੋਲੀ ਆਈ। ਚੀਲ੍ਹ ਦੇ ਆਲ੍ਹਣੇ ਤੋਂ ਬੰਦ ਖ਼ਲਾਸੀ ਹੁੰਦਿਆਂ ਹੀ ਬੁਲਬੁਲ ਸ਼ਿਕਾਰੀ ਦੇ ਪਿੰਜਰੇ ਵਿਚ ਡਕੀ ਗਈ। ਇਸ ਨਵੇਂ ਜੀਵਨ-ਪ੍ਰਵੇਸ਼ ਦਾ ਸਰਲਾ ਉੱਤੇ ਉਹੀ ਅਸਰ ਪਿਆ, ਜੋ ਟਿੱਡੀ ਦੀ ਖਾਧੀ ਖੇਤੀ ਉਤੇ ਗੜੇ ਮਾਰ ਦਾ ਹੁੰਦਾ ਹੈ, ਅਰਥਾਤ ਕੁਝ ਵੀ ਨਹੀਂ। ਬਹੁਤ ਸੇਕ, ਸਖ਼ਤ ਧਾਤ ਵੀ ਪੰਘਾਰ ਸੁੱਟਦਾ ਹੈ, ਪਰ ਸੁਆਹ ਨੂੰ ਨਹੀਂ ਪੰਘਾਰ ਸਕਦਾ।

ਇਤਨਾ ਹੋਣ ਵੀ ਸਰਲਾ ਦਾ ਦਿਲ ਉਚੇਚੇ ਅਸਰ ਤੋਂ ਬਚ ਨਾ ਸਕਿਆ। ਇਸ ਜੀਵਨ-ਪ੍ਰਵੇਸ਼ ਨੇ ਉਸ ਦੇ ਅੰਦਰ ਇਕ ਅਜੀਬ ਤਰ੍ਹਾਂ ਦਾ ਘਮਸਾਨ ਜਿਹਾ ਮਚਾ ਦਿੱਤਾ, ਉਸ ਦੇ ਅੰਦਰ ਹੀ ਦੋਂਹ ਤਾਕਤਾਂ ਦੀ ਲੜਾਈ ਹੋ ਰਹੀ ਸੀ, ਪਰ ਦੋ 'ਚੋਂ ਕੋਈ ਵੀ ਹਾਰਦੀ ਜਿਤਦੀ ਨਹੀਂ ਸੀ। ਇਹ ਦੋ ਤਾਕਤਾਂ ਸਨ, ਪਿਆਰ ਤੇ ਫ਼ਰਜ਼।

ਸੰਸਕਾਰਾਂ ਦੀ ਪ੍ਰਬਲਤਾ ਕਰਕੇ ਸਰਲਾ ਦਾ ਝੁਕਾਉ ਇਸ ਵੇਲੇ ਫ਼ਰਜ਼ ਵੱਲ ਸੀ। ਉਹ ਇਸ ਲੜਾਈ ਵਿਚ ਫ਼ਰਜ਼ ਦੀ ਜਿੱਤ ਤੇ ਪ੍ਰੇਮ ਦੀ ਹਾਰ ਵੇਖਣੀ ਚਾਹੁੰਦੀ ਸੀ। ਪਿਆਰ ਦੇ ਬਦੋ ਬਦੀ ਫੈਲਰਦੇ ਜਾਂਦੇ ਬੂਟੇ ਪੁਟ ਕੇ ਇਸ ਦੇ ਥਾਂ ਫਰਜ਼ ਦਾ ਸਿੰਘਾਸਨ ਡਾਹੁਣਾ ਚਾਹੁੰਦੀ ਸੀ, ਪਰ ਉਸ ਦੀ ਕੋਸ਼ਸ਼ ਪੈਰੋ ਪੈਰ ਉਲਟਾ ਹੀ ਰੰਗ ਲਿਆ ਰਹੀ ਸੀ—ਪਿਆਰ ਦੀਆਂ ਜੜ੍ਹਾਂ ਹੋਰ ਵੀ ਡੂੰਘੀਆਂ ਹੁੰਦੀਆਂ ਜਾਂਦੀਆਂ ਸਨ।

ਸਰਲਾ ਉਤੇ ਪਹਿਲੀ ਨਜ਼ਰ ਪੈਂਦਿਆਂ ਹੀ ਤਰਲੋਕ ਸਿੰਘ ਦਾ ਦਿਲ ਹੱਥੋਂ ਜਾਂਦਾ ਰਿਹਾ। ਉਸ ਨੂੰ ਨਹੀਂ ਸੀ ਪਤਾ ਕਿ ਸਰਲਾ ਦੇ ਸੁਹਪੱਣ ਵਿਚ ਇਤਨੀ ਤਾਕਤ ਹੋਵੇਗੀ, ਜਿਹੜੀ ਉਸ ਦੀਆਂ ਸਾਰੀਆਂ ਤਾਕਤਾਂ ਨਿਕਾਰੀਆਂ ਕਰ ਦੇਵੇਗੀ।

ਇਸ ਤੋਂ ਬਾਅਦ ਦਿਨ ਰਾਤ ਉਹ ਇਹੋ ਸੋਚਦਾ ਰਹਿੰਦਾ ਸੀ ਕਿ ਜਿਸ ਸਰਲਾ ਨੂੰ ਉਸ ਨੇ ਨੋਟਾਂ ਦੀਆਂ ਕੁਝ ਥੱਬੀਆਂ ਨਾਲ ਖ਼ਰੀਦਿਆਂ ਹੈ, ਉਸ ਦੇ ਦਿਲ ਨੂੰ ਜੇ ਇਸ ਤੋਂ ਦਸ ਗੁਣਾਂ ਦੇ ਕੇ ਵੀ ਖ਼ਰੀਦ ਸਕਿਆ ਤਾਂ ਇਸ ਸੌਦੇ ਨੂੰ ਸਸਤਾ ਜਾਣੇਗਾ। ਪਰ ਰੱਬ ਨੇ ਇਹ ਸੌਦਾ ਕਿੱਢਾ ਅਜੀਬ ਬਣਾਇਆ ਹੈ। ਕਿਤੇ ਤਾਂ ਇਸ ਨੂੰ ਕੌਡਾਂ ਸਾਵੀਂ ਨਹੀਂ ਕਬੂਲਦਾ, ਤੇ ਕਿਤੇ ਇਹ ਨਾ ਲੱਖੀਂ ਲਭਦਾ ਹੈ ਨਾ ਕਰੋੜੀਂ।

ਸਰਲਾ ਦੇ ਬੁਲ੍ਹ ਖੁਲ੍ਹਣ ਨੂੰ ਉਹ ਸਵਰਗ ਦੇ ਕਿਵਾੜ ਖੁਲ੍ਹਣ ਦੇ ਤੁੱਲ ਸਮਝਦਾ ਸੀ, ਤੇ ਉਸ ਦੀ ਅੱਖ ਚੁੱਕਣ ਨੂੰ ਕਿਸੇ ਦੇਵੀ ਦਾ ਵਰ-ਦਾਨ।

ਸੰਸਕਾਰਾਂ ਦੀ ਬੱਧੀ ਚਾਹੁੰਦੀ ਸੀ ਕਿ ਪਤੀ ਦੀ ਹਰ ਇਕ ਸਿੱਕ ਨੂੰ ਪੂਰਿਆਂ ਕਰੇ, ਉਸ ਨਾਲ ਖੁਲ੍ਹ ਕੇ ਗੱਲ ਕਰੇ। ਪਰ ਕੀ ਤੀਵੀਂ ਦੇ ਸੀਨੇ ਵਿਚ ਦੋ ਦਿਲ ਹੁੰਦੇ ਹਨ? ਇਸ ਗੱਲ ਨੂੰ ਉਹ ਬੜੇ ਗਹੁ ਨਾਲ ਸੋਚਦੀ। ਉਹ ਹੈਰਾਨ ਸੀ ਜਦ ਉਹ ਕਿਸੇ ਕੰਮ ਨੂੰ ਕਰਨਾ ਚਾਹੁੰਦੀ ਹੈ ਤਾਂ ਅੰਦਰ ਕਿਹੜਾ ਗੁਪਤ ਵੈਰੀ ਵੜਿਆ ਬੈਠਾ ਹੈ, ਜਿਹੜਾ ਉਸ ਦੀ ਮਰਜ਼ੀ ਪੂਰੀ ਨਹੀਂ ਹੋਣ ਦੇਂਦਾ।

ਉਹ ਪਤੀ ਦੇ ਸਾਹਮਣੇ ਹੱਸਣਾ ਮੁਸਕਾਣਾ ਚਾਹੁੰਦੀ ਸੀ, ਪਰ ਉਸ ਦਾ ਹਾਸਾ ਬੁਲ੍ਹਾਂ ਤੀਕ ਆਉਣ ਤੋਂ ਪਹਿਲਾਂ ਹੀ ਪਿਛਾਂਹ ਮੁੜ ਜਾਂਦਾ ਸੀ। ਉਹ ਪਤੀ ਵੱਲ ਇਸ ਲਈ ਤੱਕਦੀ ਸੀ ਕਿ ਉਸ ਦੇ ਝੁਰੜੀਆਂ ਭਰੇ ਪਿਲਪਿਲੇ ਚਿਹਰੇ ਵਿਚ ਵਫ਼ਾ ਤੇ ਵਿਸ਼ਵਾਸ ਦਾ ਸੰਚਾਰ ਕਰ ਦੇਵੇ, ਪਰ ਇਸ ਦੇ ਬਦਲੇ ਉਸ ਦੀਆਂ ਅੱਖਾਂ ਵਰ੍ਹਾਂਦੀਆਂ ਸਨ, ਉਪਰਾਮਤਾ ਤੇ ਘ੍ਰਿਣਾ ਦਾ ਮੀਂਹ।

ਦਿਨ, ਹਫ਼ਤਿਆਂ ਦੇ ਰੂਪ ਵਿਚ ਵੱਟਣੇ ਸ਼ੁਰੂ ਹੋ ਗਏ, ਪਰ ਪਤੀ ਦਾ ਤਪਤ ਹਿਰਦਾ ਇਕ ਵਾਰੀ ਵੀ ਪਤਨੀ ਦੇ ਪ੍ਰੇਮ-ਅੰਮ੍ਰਿਤ ਨਾਲ ਠਰ ਨਾ ਸਕਿਆ। ਉਸ ਦੀ ਧੜਕਦੀ ਛਾਤੀ ਉਤੇ ਸਗੋਂ ਦਿਨੋਂ ਦਿਨ ਅੰਗਿਆਰਾਂ ਦਾ ਢੇਰ ਲੱਗ ਜਾਂਦਾ ਸੀ। ਸਰਲਾ ਦੇ ਰਵੱਈਏ ਵਿਚ ਰਾਈ ਜਿੰਨਾ ਵੀ ਫ਼ਰਕ ਨਾ ਆਇਆ।

ਹਫ਼ਤੇ ਇਕ ਦੂਜੇ ਨਾਲ ਜੁੜ ਕੇ ਕਈਆਂ ਜੁਗਾਂ ਜਿਡੇ ਇਕ ਮਹੀਨੇ ਦੇ ਰੂਪ ਵਿਚ ਵੱਟ ਗਏ, ਤੇ ਇਕ ਮਹੀਨੇ ਨੇ ਆਪਣੇ ਸਾਰੇ ਦੇ ਸਾਰੇ ਮਿੰਟ ਤੇ ਸਾਰੇ ਸਕਿੰਟ ਦੋਂਹ ਰੂਹਾਂ ਨੂੰ ਤੜਫਾਣ ਵਿਚ ਲਾ ਦਿੱਤੇ। ਇਹ ਤੀਹੋ ਦਿਨ ਤਰਲੋਕ ਸਿੰਘ ਨੇ ਸੁਗਾਤਾਂ ਲਿਆਉਣ ਤੇ ਪਿਆਰ ਦੇ ਦੇਵਤੇ ਨੂੰ ਮਨਾਣ ਦੇ ਜਤਨ ਵਿਚ ਬਿਤਾਏ। ਇਸ ਤੋਂ ਛੁੱਟ ਉਸ ਨੇ ਸਰਲਾ ਦੇ ਦਿਲ ਪਰਚਾਵੇ ਲਈ ਕਈ ਰਿਸਾਲੇ, ਅਖ਼ਬਾਰ ਵੀ ਜਾਰੀ ਕਰਵਾ ਦਿਤੇ, ਪਰ ਸਭ ਵਿਅਰਥ।

ਕੀ ਪਤੀ ਦੇ ਦਿਲ ਦੀ ਪੀੜ ਤੋਂ ਸਰਲਾ ਅਨਜਾਣ ਸੀ? ਕੀ ਉਹ ਨਹੀਂ ਸੀ ਜਾਣਦੀ ਕਿ ਲਾਹੌਰ ਦਾ ਇਕ ਲਖਪਤੀ ਰਈਸ ਇਕ ਮਹਿਟਰ ਤੇ ਗਰੀਬ ਕੁੜੀ ਪਾਸੋਂ ਪ੍ਰੇਮ ਦੀ ਭਿਖਿਆ ਮੰਗਣ ਲਈ ਦਿਨ ਰਾਤ ਉਸ ਦੇ ਸਾਹਮਣੇ ਝੋਲੀ ਅੱਡੀ ਖੜਾ ਰਹਿੰਦਾ? ਉਹ ਜਾਣਦੀ ਸੀ ਤੇ ਓਨਾ ਹੀ ਜਾਣਦੀ ਸੀ, ਜਿੰਨਾ ਕਿ ਆਪਣੀ ਬਾਬਤ ਖ਼ੁਦ ਤਰਲੋਕ ਸਿੰਘ। ਉਸ ਨੂੰ ਪਤੀ ਦੀ ਇਸ ਤਰਸਯੋਗ ਹਾਲਤ ਉਤੇ ਕਈ ਵਾਰੀ ਰਹਿਮ ਵੀ ਆਉਂਦਾ, ਪਰ ਉਹ ਮਜਬੂਰ ਸੀ, ਬੇਵੱਸ ਸੀ। ਉਸ ਦਾ ਆਪਣੇ ਆਪ ਉਤੇ ਅਧਿਕਾਰ ਹੁੰਦਾ ਤਾਂ ਸ਼ਾਇਦ ਉਹ ਪਤੀ ਦੇ ਦੁੱਖਾਂ ਨੂੰ ਘੜੀਓਂ ਚੌਥੇ ਭਾਅ ਦੂਰ ਕਰ ਦੇਂਦੀ।

ਰਾਤ ਦੇ ਨੌਂ ਕੇ ਵਜੇ ਦਾ ਵੇਲਾ ਸੀ। ਚੰਨ ਦੀ ਚਾਨਣੀ ਬਿਰਹੀ ਦਿਲਾਂ ਉਤੇ ਵਧ ਕੇ ਲਾਂਬੂ ਬਾਲ ਰਹੀ ਸੀ। ਪੁਰੇ ਦੀ ਰੁਮਕ ਰਹੀ ਠੰਡੀ ਹਵਾ, ਇਸ ਅੱਗ ਉਤੇ ਦੂਰ ਤੇਲ ਦਾ ਕੰਮ ਕਰ ਰਹੀ ਸੀ।

ਮਕਾਨ ਦੀ ਧੁਰ ਉਪਰਲੀ ਛੱਤੇ ਸਰਲਾ ਤੇ ਤਰਲੋਕ ਸਿੰਘ ਦੇ ਮੰਜੇ ਸਨ। ਸਰਲਾ, ਉਤਾਣੇ ਮੂੰਹ ਆਪਣੇ ਮੰਜੇ ਤੇ ਪਈ ਪੋਟਿਆਂ ਨਾਲ ਅੱਖਾਂ ਦੇ ਡੱਪਰਾਂ ਨੂੰ ਦਬਾਂਦੀ ਹੋਈ ਆਕਾਸ਼ ਵਿਚ ਇਕ ਦੇ ਥਾਂ ਦੋਂਹ ਚੰਦਰਮਿਆਂ ਨੂੰ ਵੇਖ ਰਹੀ ਸੀ। ਵਿਚ ਵਿਚ ਬੇਵਸੇ ਹੀ ਅੰਦਰੋਂ ਨਿਕਲ ਰਹੇ ਸਾਹ ਨੂੰ ਉਹ ਅਜਿਹੇ ਢੰਗ ਨਾਲ ਬਾਹਰ ਕੱਢਦੀ ਸੀ ਕਿ ਉਸ ਦੀ ਆਵਾਜ਼ ਨਾ ਸੁਣਾਈ ਦੇਵੇ। ਪਰ ਤਰਲੋਕ

ਸਿੰਘ ਦੀਆਂ ਵਿਰਲੀਆਂ ਅੱਖਾਂ ਤੇ ਪਤਲੇ ਕੰਨ ਇਸ ਨੂੰ ਭਾਂਪ ਜਾਂਦੇ ਸਨ, ਤੇ ਉਹ ਆਪਣੇ ਮੰਜੇ ਤੇ ਪਿਆ ਪਿਆ ਹੀ ਇਕ ਵਹਿਣ ਵਿਚੋਂ ਨਿਕਲ ਕੇ ਦੂਜੇ ਵਿਚ ਦੂਜੇ ਵਿਚੋਂ ਤੀਜੇ ਵਿਚ ਰੁੜ੍ਹਨ ਲੱਗ ਪੈਂਦਾ ਸੀ। ਉਸ ਦੇ ਬੁੱਢੇ ਦਿਲ ਵਿਚ ਜੁਆਨ ਛੱਲਾਂ ਉੱਠ ਉੱਠ ਕੇ ਗਲ ਤੀਕ ਆ ਰਹੀਆਂ ਸਨ।

ਉਹ ਸਰਲਾ ਦੀ ਪ੍ਰੇਮ-ਪ੍ਰਾਪਤੀ ਤੋਂ ਲਗਪਗ ਨਿਰਾਸ ਹੋ ਚੁੱਕਾ ਸੀ, ਪਰ ਅਜੇ ਵੀ ਕੋਈ ਛੇਕੜਲੀ ਵਾਹ ਲਾਣੀ ਉਸ ਦੇ ਖ਼ਿਆਲ ਵਿਚ ਬਾਕੀ ਸੀ, ਜਿਸ ਦਾ ਮੁੱਢ ਉਹ ਅੱਜ ਤੋਂ ਹੀ ਬੰਨ੍ਹਣਾ ਚਾਹੁੰਦਾ ਸੀ।

ਉਸ ਨੇ ਸਰਲਾ ਨੂੰ ਕੁਝ ਕਹਿਣ ਲਈ ਕਈ ਵਾਰੀ ਸਿਰ ਚੁੱਕਿਆ। ਇਥੋਂ ਤੱਕ ਕਿ ਇਕ ਦੋ ਵਾਰੀ ਕਿਸੇ ਵਾਕ ਦਾ ਇਕ ਅੱਧ ਪਹਿਲਾ ਅੱਖਰ ਵੀ ਉਸ ਦੇ ਮੂੰਹੋਂ ਨਿਕਲ ਗਿਆ, ਪਰ ਫਿਰ ਇਹ ਸੋਚ ਕੇ ਕਿ ਗੱਲ ਛੇੜਨ ਲਈ ਇਹ ਵਾਕ ਬਹੁਤਾ ਅਸਰ ਪਾਊ ਨਹੀਂ, ਕੋਈ ਹੋਰ ਸੋਚਾਂ, ਉਹ ਚੁੱਪ ਹੋ ਜਾਂਦਾ।

ਉਸ ਨੇ ਸਰਲਾ ਵੱਲ ਤੱਕਿਆ। ਸਰਲਾ ਉਸੇ ਤਰ੍ਹਾਂ ਚੰਨ ਵਲ ਨੀਝ ਲਾਈ, ਸਾੜ੍ਹੀ ਦੀ ਇਕ ਕੰਨੀ ਨੂੰ ਪੋਟਿਆਂ ਨਾਲ ਲਪੇਟ ਲਪੇਟ ਕੇ ਪੂਣੀ ਕਰ ਰਹੀ ਸੀ। ਆਕਾਸ਼ ਦੇ ਪੁਲਾੜ ਵਿਚ ਉਸ ਤੀ ਨਜ਼ਰ ਇਸ ਤਰ੍ਹਾਂ ਟਿਕੀ ਹੋਈ ਸੀ, ਜਿਵੇਂ ਉਥੇ ਖੜੋਤੇ ਕਿਸੇ ਜਾਨਦਾਰ ਉੱਤੇ ਕੁਝ ਸਵਾਲ ਕਰ ਰਹੀ ਹੋਵੇ।

ਅਚਾਨਕ ਹੀ, ਸਰਲਾ ਦਾ ਧਿਆਨ ਉਖੜ ਗਿਆ, ਜਦ ਉਸ ਦੇ ਮੰਜੇ ਤੇ ਬੈਠ ਕੇ ਤੇ ਉਸ ਦਾ ਹੱਥ ਫੜ ਕੇ ਹਲਾਂਦਿਆਂ ਕਿਸੇ ਨੇ ਉਸ ਨੂੰ ਆਵਾਜ਼ ਦਿੱਤੀ “ਸਰਲਾ!”

“ਹਾਂ ਜੀ” ਕਹਿ ਕੇ ਉਸ ਨੇ ਪਤੀ ਵੱਲ ਤੱਕਿਆ।

ਜ਼ਰਾ ਕੁ ਠਹਿਰ ਕੇ ਫੇਰ ਤਰਲੋਕ ਸਿੰਘ ਬੋਲਿਆ—“ਕੀ ਪਈ ਸੋਚਨੀ ਏਂ?” ਏਧਰ ਓਧਰ ਤੱਕਣ ਲੱਗੀ। ਜਿਕਣ ਪਤੀ ਜੀ ਨੇ ਉਸ ਦੇ ਦਿਲ ਦੀ ਕਿਤਾਬ ਦਾ ਕੋਈ ਗੁਪਤ ਵਰਕਾ ਪੜ੍ਹ ਲਿਆ ਹੋਵੇ।

ਕਿੰਨਾ ਚਿਰ ਤਰਲੋਕ ਸਿੰਘ ਕੁਝ ਨਾ ਬੋਲਿਆ, ਤੇ ਇਕ ਅਜਿਹੀ ਨਜ਼ਰ ਨਾਲ ਸਰਲਾ ਦੇ ਚਿਹਰੇ ਵੱਲ ਤੱਕਦਾ ਰਿਹਾ, ਜਿਸ ਵਿਚ ਪਿਆਰ, ਕ੍ਰੋਧ, ਈਰਖਾ, ਅਭਿਮਾਨ ਤੇ ਅਰਮਾਨ ਆਦਿ ਕਿੰਨੇ ਹੀ ਮਨੋ ਵਿਕਾਰਾਂ ਦੀ ਮਿਲਾਵਟ ਸੀ।

ਸਰਲਾ ਨੂੰ ਇਸ ਨਜ਼ਰ ਤੋਂ ਡਰ ਜਿਹਾ ਭਾਸਣ ਲੱਗਾ । ਉਸ ਨੇ ਅੱਖਾਂ ਨੀਵੀਆਂ ਕਰ ਲਈਆਂ। ਪਾਸਾ ਪਰਤ ਕੇ ਉਹ ਮੂੰਹ ਦੂਜੇ ਪਾਸੇ ਕਰਨ ਲੱਗੀ ਪਰ ਨਾ ਕਰ ਸਕੀ।

ਇਸ ਰਵੱਈਏ ਨੇ ਤਰਲੋਕ ਸਿੰਘ ਦੀ ਭਾਵ-ਭੰਗੀ ਨੂੰ ਹੋਰ ਵੀ ਵਧਾ ਦਿੱਤਾ । ਇਸ "ਕੁਝ ਨਹੀਂ ਜੀ" ਉੱਤਰ ਵਿਚ ਉਸਨੂੰ ਕੋਈ ਬਹੁਤ ਵੱਡਾ 'ਕੁਝ' ਦਿਸਿਆ । ਉਸ ਨੂੰ ਕ੍ਰੋਧ ਜਿਹਾ ਆਉਣ ਲੱਗਾ ਪਰ ਸਰਲਾ ਦੇ ਚਿਹਰੇ ਤੇ ਅੱਖਾਂ ਵੱਲ ਤਕਦਿਆਂ ਹੀ ਕਿਸੇ ਬੇ-ਮਲੂਮੀ ਤਾਕਤ ਨੇ ਉਸਦਾ ਗੁੱਸਾ ਖਿੱਚ ਲਿਆ ਤੇ ਇਸ ਦੇ ਥਾਂ ਫੇਰ ਓਹੀ ਯਾਚਨਾ ਵਾਲੇ ਭਾਵ ਉਸ ਦੇ ਦਿਲ ਨੂੰ ਬੇ-ਕਾਬੂ ਕਰਨਾ ਲੱਗ ਪਏ।

ਉਸ ਨੇ ਗਿੜ ਗਿੜਾਵੀਂ ਆਵਾਜ਼ ਵਿਚ ਕਿਹਾ—"ਸਰਲਾ ! ਮੇਰੇ ਤੇ ਰਹਿਮ ਕਰ।"

ਸਰਲਾ ਉਸੇ ਤਰ੍ਹਾਂ ਬੇਜਾਨ ਜਿਹੀ ਬਣੀ ਪਈ ਰਹੀ । ਉਸ ਨੇ ਕੋਈ ਉੱਤਰ ਨਾ ਦਿੱਤਾ।

ਮੁਲੰਮੇ ਵਾਲੇ ਗਹਿਣੇ ਵਾਂਗ ਕਈ ਵਾਰੀ ਵਾਸ਼ਨਾ ਮਈ ਪ੍ਰੇਮ ਆਪਣੇ ਦਿਖਾਵੇ ਵਿਚ ਇਤਨਾ ਉੱਚਾ ਚੜ੍ਹ ਜਾਂਦਾ ਹੈ ਕਿ ਸੁੱਚਾ ਪ੍ਰੇਮ ਵੀ ਇਸ ਦੇ ਸਾਹਮਣੇ ਦੰਮ ਨਹੀਂ ਮਾਰ ਸਕਦਾ । ਸ਼ਾਇਦ ਇਹੋ ਕਾਰਨ ਹੈ ਕਿ ਸੰਸਾਰ ਦੀਆਂ ਬੇ-ਓੜਕ ਅੱਲ੍ਹੜਾਂ ਆਪਣੇ ਇਸਤਰੀ-ਪੁਣੇ ਦੇ ਉਚੇ ਆਸਨ ਤੋਂ ਡਿੱਗ ਕੇ ਸਦਾ ਲਈ ਨਰਕ-ਨਿਵਾਸਣਾਂ ਬਣ ਜਾਂਦੀਆਂ ਹਨ । ਸਫ਼ਲਤਾ ਪ੍ਰਾਪਤ ਕਰਨ ਤੋਂ ਬਾਅਦ ਇਹ ਨਰਕੀ ਪ੍ਰੇਮ ਕਿੰਨੇ ਕੁ ਦਿਨ ਆਪਣੀ ਚਮਕ ਦਮਕ ਕਾਇਮ ਰੱਖਦਾ ਹੈ, ਇਸ ਤੋਂ ਕਿਹੜਾ ਬੰਦਾ ਅਨਜਾਣ ਹੈ । ਪਰ ਅਸਫਲਤਾ ਦੀ ਹਾਲਤ ਵਿਚ ਕਦੇ-ਕਦੇ ਇਹ ਪ੍ਰੇਮ, ਮਿੰਟਾਂ ਸਕਿੰਟਾਂ ਅੰਦਰ ਹੀ ਆਪਣਾ ਰੂਪ ਵਟਾ ਕੇ ਮਨੁੱਖ ਨੂੰ ਆਦਮ-ਖਾਣਾ ਪਸ਼ੂ ਵੀ ਬਣਾ ਸਕਦਾ ਹੈ।

ਸਰਲਾ ਦੀ ਚੁੱਪ ਨੇ ਤਰਲੋਕ ਸਿੰਘ ਦੇ ਦਿਲ ਵਿਚ ਹੋਰ ਵੀ ਭੜਕਾਹਟ ਪੈਦਾ ਕਰ ਦਿੱਤੀ, ਪਰ ਅਜੇ ਚਮਕ ਵਿਖਾਣ ਲਈ ਬਹੁਤ ਕੁਝ ਬਾਕੀ ਹੈ, ਇਹ ਸੋਚ ਕੇ ਉਹ ਡਾਢੀ ਗੰਭੀਰ ਅਵਾਜ਼ ਵਿਚ ਆਖਣ ਲੱਗਾ—"ਮਲੂੰਮ ਹੁੰਦਾ ਹੈ, ਮੇਰੇ ਨਾਲ ਵਿਆਹ ਕਰਾ ਕੇ ਤੂੰ ਦੁੱਖੀ ਹੋ ਗਈ ਹੈਂ । ਕਿਉਂ ਠੀਕ ਏ ਇਹ ਗੱਲ ਸਰਲਾ ?"

ਸਰਲਾ ਨੇ ਉਸੇ ਉਦਾਸੀਨਤਾ ਨਾਲ ਕਿਹਾ—"ਉਹ ਸਰਲਾ ਦਾ ਹੱਥ ਫੜ ਕੇ ਫਿਰ ਬੋਲਿਆ—"ਸਰਲਾ ! ਸਚ ਜਾਣ ਮੈਂ ਇਸ ਵਿਚ ਆਪਣਾ ਈ ਕਸੂਰ ਸਮਝਨਾ ਵਾਂ । ਤੂੰ ਮੈਨੂੰ ਦਿਲ ਦਾ ਭੇਤ ਕਿਉਂ ਨਹੀਂ ਦੱਸਦੀ ? ਦੱਸ ਤੂੰ ਮੈਨੂੰ ਕਦੇ ਇਕ ਵਾਰੀ ਵੀ ਪਿਆਰ ਨਾਲ ਬੁਲਾਇਆ ਏ ? ਮੈਂ ਤੈਨੂੰ ਆਪਣਾ ਦਿਲ ਚੀਰ ਕੇ ਕੀਕਣ ਵਿਖਾਵਾਂ, ਜੁ ਏਸ ਦਿਲ ਵਿਚ ਤੇਰੇ ਲਈ ਕਿੰਨਾ ਪਿਆਰ ਏ ।"

ਸਰਲਾ ਨੇ ਫੇਰ ਵੀ ਕੋਈ ਉੱਤਰ ਨਾ ਦਿੱਤਾ । ਸਾੜ੍ਹੀ ਦੀ ਕੰਨੀਂ ਨੂੰ ਉਹ ਅੱਗੇ ਨਾਲੋਂ ਵੀ ਜ਼ੋਰ-ਜ਼ੋਰ ਦੀ ਵਟ ਚਾੜ੍ਹੀ ਜਾਂਦੀ ਸੀ । ਉਹ ਫਿਰ ਬੋਲਿਆ—"ਮੇਰਾ ਖ਼ਿਆਲ ਸੀ, ਤੈਨੂੰ ਲਿਆ ਕੇ ਸੁੱਖੀ ਹੋ ਜਾਵਾਂਗਾ, ਪਰ ਮੇਰਾ ਦੁੱਖ ਸਗੋਂ...ਸਰਲਾ ! ਤੂੰ ਮੈਨੂੰ ਨਹੀਂ ਚਾਹੁੰਦੀ ?"

"ਚਾਹੁੰਨੀ ਆਂ" ਕਹਿਕੇ ਸਰਲਾ ਉਸਦੇ ਹੱਥ ਵਿਚੋਂ ਆਪਣਾ ਹੱਥ ਸਹਿਜੇ-ਸਹਿਜੇ ਖਿੱਚਣ ਦੀ ਕੋਸ਼ਿਸ਼ ਕਰਨ ਲੱਗੀ।

ਸਰਲਾ ਦਾ ਹਰ ਇਕ ਭਾਵ, ਉਸ ਦੀਆਂ ਅੱਖ-ਪੁਤਲੀਆਂ ਦੀ ਹਰ ਇਕ ਹਰਕਤ, ਤਰਲੋਕ ਸਿੰਘ ਦੀ ਘਬਰਾਹਟ, ਬੇਸਬਰੀ ਤੇ ਗੁੱਸੇ ਨੂੰ ਵਧਾ ਰਹੀ ਸੀ। ਨਾਲੋ-ਨਾਲ ਉਸ ਦਾ ਪ੍ਰੇਮ ਵੇਗ ਵੀ ਪੈਰੋ ਪੈਰ ਚੜ੍ਹਾਉ ਤੇ ਹੁੰਦਾ ਜਾਂਦਾ ਸੀ । ਸਰਲਾ ਨਾਲ ਖੁਲ੍ਹ ਕੇ ਗੱਲਾਂ ਕੱਥਾਂ ਕਰਨ ਦੇ ਖ਼ਿਆਲ ਨਾਲ ਹੀ ਉਸ ਨੇ ਇਹ ਸਿਲਸਿਲਾ ਸ਼ੁਰੂ ਕੀਤਾ ਸੀ—ਉਹ ਚਾਹੁੰਦਾ ਸੀ ਕਿ ਗੱਲਾਂ ਗੱਲਾਂ ਵਿਚ ਹੀ ਕਿਸੇ ਤਰ੍ਹਾਂ ਪ੍ਰੇਮ ਦੀ ਰੌਅ ਚੱਲ ਪਵੇ । ਪਰ ਇਸ ਵਿਚ ਹੀ ਉਹ ਜ਼ਰਾ ਵੀ ਸਫ਼ਲ ਨਾ ਹੋ ਸਕਿਆ । ਉਸ ਦੇ ਉੱਤਰ ਵਿਚ ਸਰਲਾ ਵਲੋਂ ਇਕ ਅੱਧ ਸ਼ਬਦ ਕਹਿ ਕੇ ਹੀ ਗਲੋਂ ਗਲਾਵਾਂ ਲਾਹ ਦੇਣਾ, ਤਰਲੋਕ ਸਿੰਘ ਲਈ ਉਸੇ ਤਰ੍ਹਾਂ ਦਾ ਅਸਰ ਪੈਦਾ ਕਰ ਰਿਹਾ ਸੀ ਜਿਵੇਂ ਬੇਰੀ ਉਤੇ ਬੇਰ ਝਾੜਨ ਚੜ੍ਹੇ ਮਨੁੱਖ ਨੂੰ ਕੰਡਿਆਂ ਨਾਲ ਪਿੰਡਾਂ ਪੱਛਣ ਤੋਂ ਬਿਨਾ ਕੁਝ ਵੀ ਪਲੇ ਨਾ ਪਵੇ।

ਉਸ ਨੇ ਸਰਲਾ ਦੇ ਫੜੇ ਹੋਏ ਹੱਥ ਨੂੰ ਜ਼ਰਾ ਜ਼ੋਰ ਦੀ ਦਬਾ ਕੇ ਕਿਹਾ—"ਜੇ ਤੂੰ ਮੈਨੂੰ ਚਾਹੁੰਦੀ ਹੁੰਦੀਓਂ, ਤਾਂ ਮੇਰੇ ਨਾਲ ਇਸੇ ਤਰ੍ਹਾਂ ਦਾ ਸਲੂਕ ਕਰਦੀਓਂ ਕਿਹੜੇ ਵੇਲੇ ਦਾ ਸਿਰ ਖਪਾਣ ਡਿਹਾ ਹੋਇਆ ਵਾਂ, ਤੇ ਤੂੰ ਟੱਸ ਤੋਂ ਮੋ ਨਹੀਂ ਹੁੰਦੀ। ਕੀ ਹੋਰ ਲੋਕਾਂ ਦੇ ਘਰੀਂ ਇਸੇ ਤਰ੍ਹਾਂ ਦਾ ਪਿਆਰ ਹੁੰਦਾ ਹੈ ?

ਸਰਲਾ ਚੁੱਪ ਰਹੀ ।

ਤਰਲੋਕ ਸਿੰਘ ਦੇ ਪ੍ਰੇਮ-ਬਗ਼ੀਚੇ ਵਿਚ ਗੁੱਸੇ ਦਾ ਸਾਹਨ ਆ ਵੜਿਆ, ਤੇ ਉਸ ਦੇ ਬੂਟਿਆਂ ਨੂੰ ਸਣ-ਜੜ੍ਹੀਂ ਹੀ ਪੁੱਟਣ ਲੱਗ ਪਿਆ। ਉਹ ਸਰਲਾ ਦੇ ਹੱਥ ਨੂੰ ਹੋਰ ਘੁੱਟ ਕੇ ਕਹਿਣ ਲੱਗਾ—"ਸਰਲਾ ਮੈਨੂੰ ਸਾਫ਼ ਸਾਫ਼ ਦੱਸ ਦੇਹ, ਕੀ ਹਮੇਸ਼ਾਂ ਲਈ ਮੇਰੇ ਨਾਲ ਤੇਰਾ ਇਹੋ ਵਰਤਾਉ ਰਹੇਗਾ?" ਇਹ ਵਾਕ ਕਹਿੰਦਿਆਂ ਉਸ ਦੀ ਆਵਾਜ਼ ਵਿਚ ਜਿੰਨੀ ਤੇਜ਼ੀ ਆਈ, ਉੱਨੀ ਹੀ ਉਸ ਦੇ ਹੱਥ ਵਿਚ ਕੱਸ।

ਸਰਲਾ ਨੇ ਇਕ ਹੌਲੀ ਜਿਹੀ ਕਸੀਸ ਵੱਟੀ, ਪਰ ਹੱਥ ਛੁੜਾਨ ਦਾ ਜਤਨ ਨਾ ਕੀਤਾ । ਉਸ ਦੇ ਚਿਹਰੇ ਉੱਤੇ ਔਖ ਤੇ ਘਬਰਾਹਟ ਦੇ ਚਿੰਨ੍ਹ ਸਨ ।

ਸਰਲਾ ਨੇ ਉੱਤਰ ਦੇਣ ਲਈ ਅੱਖਾਂ ਉਤਾਂਹ ਕੀਤੀਆਂ, ਪਰ ਕਹਿਣ ਲਈ ਕੋਈ ਵੀ ਗੱਲ ਉਸ ਦੀ ਜ਼ਬਾਨ ਤੇ ਨਾ ਆ ਸਕੀ । ਫੇਰ ਅੱਖਾਂ ਨੀਵੀਆਂ ਕਰਕੇ ਉਹ ਪੈਰ ਦੇ ਅੰਗੂਠੇ ਨੂੰ ਦੂਜੇ ਹੱਥ ਦੀਆਂ ਉਂਗਲਾਂ ਨਾਲ ਮਰੋੜਨ ਲੱਗ ਪਈ।

ਸਰਲਾ ਦੀ ਇਸ ਉਪੇਖਿਆ ਨੇ ਤਰਲੋਕ ਸਿੰਘ ਦਾ ਰਹਿੰਦਾ-ਖੂੰਹਦਾ ਸਬਰ ਵੀ ਖੋਹ ਲਿਆ।

"ਚੁਲ੍ਹੇ 'ਚ ਪਉ" ਕਹਿ ਕੇ, ਤੇ ਉਸ ਨੂੰ ਜ਼ੋਰ ਦਾ ਧੱਕਾ ਮਾਰ ਕੇ ਉਹ ਉਸ ਦੇ ਮੰਜੇ ਤੋਂ ਉਠਿਆ, ਤੇ ਧੜੰਮ ਕਰਦਾ ਆਪਣੇ ਮੰਜੇ ਤੇ ਜਾ ਲੇਟਿਆ।

ਸਰਲਾ ਡੁਸਕ ਡੁਸਕ ਕਰ ਕੇ ਰੋਣ ਲੱਗ ਪਈ । ਰੋਣ ਦਾ ਕਾਰਨ ਕੀ ਸੀ? ਮਾਰ ਦੀ ਪੀੜ ਜਾਂ ਕੁਝ ਹੋਰ? ਸ਼ੈਦ ਇਸ ਦੇ ਇਤਨੇ ਬਹੁਤੇ ਕਾਰਨ ਆਪੋ ਵਿਚ ਰਲੇ ਹੋਏ ਸਨ, ਜਿੰਨੇ ਦਰਿਆ ਦੇ ਕੰਢੇ ਪਏ ਹੋਏ ਪੱਥਰ ਗੀਟੇ।

ਰਾਤ ਦਾ ਕਿੰਨਾ ਕੁ ਹਿੱਸਾ ਦੁਹਾਂ ਨੇ ਨੀਂਦਰ ਵਿਚ ਬਿਤਾਇਆ ? ਇਸ ਦਾ ਆਨੁਮਾਨ ਲਾਣਾ ਤਾਂ ਔਖਾ ਹੈ ਪਰ ਦੋਵੇਂ ਇਕ ਦੂਜੇ ਦੇ, ਪਾਸੇ ਪਰਤਣ ਅਤੇ ਹਉਕੇ ਭਰਨ ਦੀਆਂ ਆਵਾਜ਼ਾਂ ਚੋਖੀ ਰਾਤ ਗਈ ਤੱਕ ਸੁਣਦੇ ਰਹੇ।

੧੯

ਲਗਾਤਾਰ ਮਹੀਨੇ ਦੀ ਕੋਸ਼ਿਸ਼ ਨਾਲ ਮੋਹਨ ਨੇ ਆਪਣੀ ਕਹਾਣੀ ਨੂੰ ਫ਼ਿਲਮ ਸੀਨੇਰੀਓ ਦੇ ਰੂਪ ਤਿਆਰ ਕਰ ਲਿਆ, ਪਰ ਡਾਢੀਆਂ ਔਕੜਾਂ ਤੇ ਮੁਸ਼ਕਲਾ ਨਾਲ । ਉਸ ਨੇ ਕਹਾਣੀ ਦਾ ਨਾਂ ਰੱਖਿਆ "ਵਫ਼ਾ ਦੀ ਪੁਤਲੀ ।

ਮੋਹਨ ਪਾਸ ਪੈਸੇ ਮੁਕ ਚੁੱਕੇ ਸਨ। ਇਥੋਂ ਤਕ ਕਿ ਤੰਦੂਰ ਵਾਲੇ ਦਾ ਕੁਝ ਉਧਾਰ ਵੀ ਉਸ ਦੇ ਸਿਰ ਤੇ ਚੜ੍ਹ ਗਿਆ ਸੀ, ਤੇ ਅੱਗੇ ਤੋਂ ਉਸ ਨੇ ਰੋਟੀ ਖੁਆਣੀ ਬੰਦ ਕਰ ਦਿੱਤੀ ਸੀ । ਪਰ ਰੋਟੀ ਦੀ ਹੁਣ ਉਸ ਨੂੰ ਲੋੜ ਵੀ ਬਹੁਤੀ ਨਹੀਂ ਸੀ। ਕਾਰਨ? ਕਈ ਦਿਨਾਂ ਤੋਂ ਉਸ ਨੂੰ ਮਾੜਾ ਮਾੜਾ ਤਾਪ ਚੜ੍ਹਨਾ ਸ਼ੁਰੂ ਹੋ ਗਿਆ ਸੀ, ਜਿਸ ਕਰ ਕੇ ਉਸ ਨੂੰ ਭੁੱਖ ਲਗਦੀ ਹੀ ਨਹੀਂ ਸੀ।

ਕਈ ਵਾਰੀ ਉਸ ਨੇ ਸਲਾਹ ਕੀਤੀ, ਕਿ ਘਰ ਹੀ ਕੁਝ ਪੈਸਿਆਂ ਲਈ ਲਿਖਿਆ ਜਾਵੇ। ਪਰ ਆਪਣੇ ਘਰ ਦੀ ਹਾਲਤ ਉਸ ਪਾਸੋਂ ਲੁਕੀ ਨਹੀਂ ਸੀ। ਉਹ ਜਾਣਦਾ ਸੀ ਕਿ ਘਰ ਵਾਲੇ ਸਗੋਂ ਇਸ ਉਡੀਕ ਵਿਚ ਬੈਠੇ ਹੋਣਗੇ ਕਿ ਕਿਹੜੇ ਵੇਲੇ ਮੋਹਨ ਦਾ ਮਨੀਆਡਰ ਆਉਂਦਾ ਹੈ।

ਇਸ ਤੋਂ ਛੁੱਟ ਇਕ ਚਿੰਤਾ ਹੋਰ ਵੀ ਸੀ ਤੇ ਉਹ ਇਹ ਕਿ ਇਸ ਸਾਰੇ ਮਹੀਨੇ ਵਿਚ ਘਰੋਂ ਉਸ ਨੂੰ ਕੋਈ ਖ਼ਤ ਨਹੀਂ ਸੀ ਆਇਆ । ਸ਼ਾਂਤੀ ਦੇ ਖ਼ਤ ਨੂੰ ਤੇ ਖ਼ਾਸ ਕਰਕੇ ਖ਼ਤ ਵਿਚਲੇ ਕਿਸੇ ਦੋ-ਸ਼ਬਦ ਵਾਕ ਨੂੰ ਉਹ ਪਪੀਹੇ ਦੀ ਬੂੰਦ ਵਾਂਗ ਸਹਿਕ ਰਿਹਾ ਸੀ।

ਉਸ ਦੇ ਸਰੀਰ ਵਿਚ ਹੁਣ ਤੁਰਨ ਫਿਰਨ ਜਾਂ ਪੜ੍ਹਨ ਲਿਖਣ ਲਈ ਤਾਕਤ ਨਹੀਂ ਸੀ। ਪਰ ਇਕੋ ਚੀਜ਼ ਸੀ, ਜਿਸ ਦੇ ਆਧਾਰ ਤੇ ਅਜੇ ਵੀ ਉਸ ਦੇ ਅੰਗ ਸਿਥਲ ਨਹੀਂ ਸਨ ਹੋਏ, ਤੇ ਉਹ ਸੀ ਕੇਵਲ ਉਸ ਦੀ ਕਹਾਣੀ—

ਉਸ ਦੇ ਜੀਵਨ ਦੀ ਹੂ-ਬ-ਹੂ ਤਸਵੀਰ । ਨਾਲੇ ਇਸ ਕਹਾਣੀ ਤੋਂ ਉਸ ਨੂੰ ਵੱਡੀਆਂ-ਵੱਡੀਆਂ ਆਸਾਂ ਹਨ ।

ਸਵੇਰੇ ਉਠਦਾ ਹੀ ਮੋਹਨ ਸਭ ਤੋਂ ਪਹਿਲਾਂ ਚੈਰਾਇਟੀ ਹਸਪਤਾਲ ਜਾਂਦਾ ਹੁੰਦਾ ਸੀ—ਅੱਜ ਵੀ ਗਿਆ। ਡਾਕਟਰ ਦੇ ਸਾਹਮਣੇ ਉਸ ਨੇ ਪਰਚੀ ਰੱਖੀ। ਡਾਕਟਰ ਨੇ ਦਵਾਈ ਲਿਖ ਦਿੱਤੀ ਤੇ ਨਾਲ ਹੀ ਮੋਹਨ ਨੂੰ ਕੁਝ ਆਖਿਆ ਵੀ। ਕੀ ਆਖਿਆ? ਤਮਾਮ ਫ਼ਿਕਰਾਂ ਦੇ ਪਹਾੜ ਹੇਠ ਦਬੇ ਮੋਹਨ ਨੂੰ ਇਕ ਹੋਰ ਵੀ ਬੋਝ ਹੇਠ ਦੇ ਦਿੱਤਾ । ਜੀਵਨ ਨਿਰਾਸਤਾ ਦੀ ਚੱਕੀ ਵਿਚ । ਅਰਥਾਤ ਕਿ ਉਸ ਦਾ ਰੋਗ ਅਸਾਧ ਹੁੰਦਾ ਜਾਂਦਾ ਹੈ ਤੇ ਇਥੇ ਉਸ ਨੂੰ ਅਰਾਮ ਨਹੀਂ ਆਵੇਗਾ। ਜੇ ਕੁਝ ਚਿਰ ਜੀਣਾ ਚਾਹੁੰਦਾ ਹੈ ਤਾਂ ਕਿਸੇ ਪਹਾੜ ਤੇ ਜਾ ਕੇ ਇਕ ਦੋ ਮਹੀਨੇ ਕੱਟੇ।"

ਗਰੀਬ ਨੂੰ ਰੱਬ ਦੀ ਮਾਰ । ਮੋਹਨ ਉੱਤੇ ਇਕ ਹੋਰ ਬਿਪਤਾ ਆ ਪਈ ਜਿਸ ਨੇ ਉਸ ਨੂੰ ਸਭ ਕੁਝ ਭੁਲਾ ਦਿੱਤਾ । ਜਾਨ ਨਾਲ ਹੀ ਜਹਾਨ ਹੈ, ਜੇ ਜਾਨ ਹੀ ਨਾ ਰਹੀ ਤਾਂ ਇਹ ਸਾਰੇ ਬਖੇੜੇ ਕਾਹਦੇ ਲਈ । ਮੋਹਨ ਇਸ ਨਵੇਂ ਹੀ ਵਹਿਣ ਵਿਚ ਪੈ ਗਿਆ।

ਨਿਰਾਸਤਾ ਦੇ ਡੂੰਘੇ ਖੂਹ ਵਿਚ ਡਿਗਿਆਂ ਵੀ ਉਸ ਨੂੰ ਇਕ ਵਾਰੀ ਆਸ ਦੀ ਬੁਝੀ ਟੁੱਟੀ ਲੋਅ ਵਿਖਾਲੀ ਦਿੱਤੀ ਤੇ ਇਹ ਸੀ ਉਸ ਦੀ 'ਕਹਾਣੀ'।

੨੦

ਬੁੱਢੇ ਵਪਾਰੀ ਨੂੰ ਇਸ ਗੱਲ ਦਾ ਪਤਾ ਨਹੀਂ ਸੀ, ਕਿ ਇਸਤਰੀ ਆਪਣਾ ਦਿਲ ਕਦੇ ਵੀ ਠੇਕੇ ਤੇ ਨਹੀਂ ਦੇ ਸਕਦੀ। ਉਹ ਜਾਂ ਪਿਆਰ ਕਰਨਾ ਜਾਣਦੀ ਹੈ ਜਾਂ ਘਿਰਣਾ।

ਉਸ ਰਾਤ ਵਾਲੇ ਝਗੜੇ ਤੋਂ ਬਾਅਦ ਤਰਲੋਕ ਸਿੰਘ ਨੇ ਸਮਝ ਲਿਆ ਕਿ ਸਰਲਾ ਦੇ ਦਿਲ ਨੂੰ ਜਿਤਣਾ ਉਸ ਲਈ ਅਨਹੋਣੀ ਗੱਲ ਹੈ।

ਇਸ ਕੰਮ ਲਈ ਉਸ ਨੇ ਆਪਣੇ ਗੂੜ੍ਹੇ ਸਲਾਹਕਾਰ ਜਗਤ ਸਿੰਘ ਪਾਸੋਂ ਵੀ ਸਲਾਹ ਲੈਣੀ ਠੀਕ ਸਮਝੀ, ਤੇ ਉਸ ਨੂੰ ਸੱਦ ਕੇ ਵਿਆਹ ਦੇ ਦਿਨ ਤੋਂ ਲੈ ਕੇ ਅੱਜ ਤੱਕ ਦਾ ਸਰਲਾ ਦਾ ਕੁਲ ਰਵੱਈਆ ਦੱਸ ਦਿੱਤਾ।

ਆਪਣੇ ਮਾਲਕ ਨੂੰ ਨਵੇਂ ਸਿਰੇ ਲਾੜਾ ਬਣਿਆ ਵੇਖ ਕੇ ਪਹਿਲੇ ਪਹਿਲ ਜਗਤ ਸਿੰਘ ਬੜਾ ਖੁਸ਼ ਸੀ। ਇਕ ਤਾਂ ਉਸ ਨੇ ਧਰਮ ਦੇ ਦੂਣੇ ਕਰਨ ਵਾਲੇ ਡਾਕਟਰ ਪਾਸੋਂ ਜਾ ਕੇ ਰੋਹਬ ਨਾਲ ਕੁਝ ਹਿੱਸਾ ਵੰਡਾ ਲਿਆ ਸੀ, ਦੂਜਾ ਵਿਆਹ ਦਾ ਸਾਰਾ ਪ੍ਰਬੰਧ ਉਸੇ ਦੇ ਹੱਥ ਵਿਚ ਹੋਣ ਕਰਕੇ ਇਧਰੋਂ ਵੀ ਉਸ ਚੰਗੇ ਹੱਥ ਰੰਗੇ ਸਨ । ਪਰ ਉਸ ਦੀ ਇਹ ਖੁਸ਼ੀ ਬਹੁਤ ਛੇਤੀ ਈਰਖਾ ਦੇ ਰੂਪ ਵਿਚ ਵਟ ਗਈ । ਜਦ ਦੀ ਸਰਲਾ ਉੱਤੇ ਉਸ ਦੀ ਨਜ਼ਰ ਪਈ ਸੀ, ਉਸ ਦਾ ਦਿਲ ਘਾਊਂ ਮਾਊਂ ਹੋ ਰਿਹਾ ਸੀ, ਕਿ ਊਠ ਦੇ ਗੱਲ ਟੱਲੀ ਬੰਨ੍ਹ ਕੇ ਜੇ ਉਸ ਨੇ ਖੜਾਕ ਵੀ ਨਾ ਸੁਣਿਆ ਤਾਂ ਉਸ ਦਾ ਜੀਣਾ ਕਿਸ ਲੇਖੇ । ਜਿਨ੍ਹਾਂ ਇਰਾਦਿਆਂ ਨੂੰ ਦਿਲ ਵਿਚ ਧਾਰ ਕੇ ਉਸ ਨੇ ਇਹ ਨਵਾਂ ਪਾਪੜ ਵੇਲਣ ਦਾ ਢੰਗ ਕੱਢਿਆ ਸੀ, ਉਨ੍ਹਾਂ ਵਿਚੋਂ ਕੋਈ ਵੀ ਪੂਰਾ ਹੁੰਦਾ ਉਸ ਨੂੰ ਨਹੀਂ ਸੀ ਦਿਸ ਰਿਹਾ।

ਉਸ ਨੇ ਸੁੱਕੀ ਵਾਹ ਵਾਹ ਤੇ ਮਾਮੂਲੀ ਇਨਾਮ ਲਈ ਇਹ ਰਾਹ ਨਹੀਂ ਸੀ ਕੱਢਿਆ—ਉਹ ਤਾਂ ਕਿਸੇ ਦੇ ਮੋਢਿਆਂ ਤੇ ਧਰੀ ਹੋਈ ਬੰਦੂਕ ਚਲਾ ਕੇ

ਨਿਸ਼ਾਨਾ ਆਪਣਾ ਹੀ ਸੇਧਣਾ ਚਾਹੁੰਦਾ ਸੀ । ਪਰ ਹੋਈ ਉਲਟੀ ਇਹ ਹਾਲਤ ਕਿ ਉਹ ਸਾਬਤ ਲੈਂਦਾ ਲੈਂਦਾ ਸਗੋਂ ਅਧੀਓਂ ਵੀ ਗਿਆ । ਪਹਿਲਾਂ ਸਰਦਾਰ ਦੇ ਘਰ ਉਸ ਦਾ ਆਉਣ ਜਾਣ ਖੁੱਲ੍ਹਾ ਸੀ, ਪਰ ਇਸ ਵਿਆਹ ਨੇ ਉਸ ਦਾ ਇਹ ਰਾਹ ਲਗਪਗ ਬੰਦ ਹੀ ਕਰ ਦਿਤਾ।

ਉਹ ਇਸ ਬਾਰੇ ਕੋਈ ਨਵੀਂ ਵਿਉਂਤ ਸੋਚਣ ਦੇ ਆਹਰੇ ਲੱਗਾ ਹੋਇਆ ਸੀ, ਕਿ ਬਿੱਲੀ ਲਈ ਛਿੱਕਾ ਟੁਟ ਪਿਆ । ਸਰਦਾਰ ਨੇ ਉਸ ਨੂੰ ਸੱਦ ਕੇ ਆਪਣੇ ਦਿਲ ਦਾ ਸਾਰਾ ਦੁੱਖ ਉਸ ਅੱਗੇ ਫੋਲ ਦਿਤਾ।

ਤੇਜ਼ ਬੁਧੀ ਵਾਲੇ ਜਗਤ ਸਿੰਘ ਨੂੰ ਆਪਣੇ ਮਰਜ਼ ਦਾ ਇਲਾਜ ਲੱਭ ਪਿਆ । ਨਾਲੇ ਹੁਣ ਤਾਂ ਬਹੁਤ ਸਾਰੀਆਂ ਹੋਰ ਵੀ ਸਹੂਲਤਾਂ ਸਨ । ਫਿਲਮ ਕੰਪਨੀ ਲਗਪਗ ਤਿਆਰ ਹੋ ਚੁੱਕੀ ਸੀ ਤੇ ਇਸ ਕੰਮ ਲਈ ਲੋੜੀਂਦੇ ਸਮਿਆਨ ਵੀ ਪ੍ਰਾਪਤ ਹੋ ਚੁਕੇ ਸਨ—ਗੁਲਜ਼ਾਰ ਵੀ ਆ ਗਈ ਸੀ । ਉਸ ਨੇ ਸਰਦਾਰ ਦੀ ਰੁਚੀ ਨੂੰ ਫੇਰ ਉਸੇ ਪਾਸੇ ਫੇਰਨਾ ਚਾਹਿਆ, ਜਿਸ ਪਾਸਿਓਂ ਹੱਟ ਕੇ ਉਹ ਕੁਝ ਦਿਨਾਂ ਤੋਂ ਕੇਵਲ ਸਰਲਾ ਦੇ ਪ੍ਰੇਮ ਵਿਚ ਹੀ ਪਾਗਲ ਹੋ ਰਿਹਾ ਸੀ ।

ਏਸੇ ਦਿਨ ਤੋਂ ਉਸ ਨੇ ਹੌਲੀ ਹੌਲੀ ਨਾ ਕੇਵਲ ਆਪਣਾ ਖੁੱਸ ਚੁੱਕਾ ਅਧਿਕਾਰ ਹੀ ਮੁੜ ਪ੍ਰਾਪਤ ਕਰ ਲਿਆ, ਸਗੋਂ ਪਹਿਲਾਂ ਨਾਲੋਂ ਵੀ ਵਧੀਕ। ਘਰ ਵਿਚ ਆਉਣ ਜਾਣ ਦੀ ਖੁਲ੍ਹ ਤੋਂ ਛੁੱਟ ਹੁਣ ਉਹ ਸਰਲਾ ਨਾਲ ਗੱਲਾਂ ਕਥਾਂ ਵੀ ਕਰ ਸਕਦਾ ਸੀ । ਉਸ ਦੀ ਜ਼ਬਾਨ ਵਿਚ ਪਤਾ ਨਹੀਂ ਕੀ ਜਾਦੂ ਸੀ, ਜੁ ਸਰਲਾ ਨੂੰ ਦਿਨੋਂ ਦਿਨ ਉਸ ਉਤੇ ਸ਼ਰਧਾ ਹੁੰਦੀ ਜਾਂਦੀ ਸੀ।

ਦੂਜੇ ਪਾਸੇ ਜਗਤ ਸਿੰਘ ਨੇ ਆਪਣੇ ਮਾਲਕ ਉਤੇ ਵੀ ਕੋਈ ਐਸਾ ਮੰਤਰ ਧੂੜਿਆ, ਕਿ ਤਰਲੋਕ ਸਿੰਘ ਆਪਣੇ ਸਾਰੇ ਦੁੱਖਾਂ ਦਾ ਦਾਰੂ ਜਗਤ ਸਿੰਘ ਹੀ ਜਾਪਣ ਲੱਗਾ ।

ਪਰ ਜਗਤ ਸਿੰਘ ਵਰਗੇ ਰਿੰਦ ਨੂੰ ਕੀ ਪਤਾ ਸੀ ਕਿ ਉਹ ਆਪ ਹੀ ਕਿਸੇ ਦੇ ਜਾਦੂ ਦਾ ਸ਼ਿਕਾਰ ਹੋ ਜਾਵੇਗਾ । ਸਰਲਾ ਦੇ ਚਿਹਰੇ ਦੀ ਇਕੋ ਝਲਕ ਤੇ ਉਸ ਦੇ ਮੂੰਹੋਂ ਨਿਕਲੇ ਹੋਏ ਕੁਝ ਵਾਕ ਹੀ ਉਸ ਨੂੰ ਪਾਗ਼ਲ ਬਣਾ ਗਏ। ਉਹ ਮਦਾਰੀ ਬਣ ਕੇ ਕਿਸੇ ਦਾ ਜ਼ਹਿਰ ਉਤਾਰਨ ਗਿਆ ਸੀ, ਪਰ ਆਪ ਹੀ ਸੱਪ ਦਾ ਡੰਗ ਖਾ ਕੇ ਤੜਫਣ ਲੱਗ ਪਿਆ।

ਭਾਵੇਂ ਉਸ ਨੂੰ ਇਹ ਸਮਝਣ ਵਿਚ ਚਿਰ ਨਾ ਲੱਗਾ, ਕਿ ਸਰਲਾ ਆਪਣੇ ਬੁੱਢੇ ਪਤੀ ਨਾਲ ਪ੍ਰੇਮ ਨਹੀਂ ਕਰਦੀ, ਪਰ ਸਰਲਾ ਦੇ ਗੰਭੀਰ ਹਿਰਦੇ ਤੇ ਪ੍ਰਭਾਵਸ਼ਾਲੀ ਚਿਹਰੇ ਨੇ ਉਸ ਨੂੰ ਇਹ ਦੱਸ ਦਿਤਾ, ਕਿ ਕਿਸੇ ਨੀਚ ਭਾਵਨਾ ਨਾਲ ਉਸ ਦੇ ਦਿਲ ਤੇ ਅਧਿਕਾਰ ਜਮਾਣਾ ਸੁਖਾਲਾ ਨਹੀਂ। ਫਿਰ ਵੀ ਉਹ ਇਤਨਾ ਤਾਂ ਸਮਝਦਾ ਸੀ ਕਿ ਇਸਤ੍ਰੀ ਦਾ ਹਿਰਦਾ ਅੰਤ ਇਸਤ੍ਰੀ ਦਾ ਹੀ ਹਿਰਦਾ ਹੁੰਦਾ ਹੈ । ਉਸ ਨੂੰ ਵੱਸ ਕਰਨਾ ਇਕ ਚੁਸਤ ਚਾਲਾਕ ਮਰਦ ਲਈ ਜੇ ਥੋੜ੍ਹਾ ਔਖਾ ਨਹੀਂ ਤਾਂ ਬਹੁਤਾ ਔਖਾ ਸਹੀ, ਪਰ ਅਸੰਭਵ ਨਹੀਂ ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰੱਖ ਕੇ ਉਸ ਨੇ ਸਰਲਾ ਨਾਲ ਅਜਿਹੇ ਢੰਗ ਨਾਲ ਵਰਤਣਾ ਸ਼ੁਰੂ ਕੀਤਾ, ਜਿਸ ਤੋਂ ਥੋੜ੍ਹੇ ਦਿਨਾਂ ਵਿਚ ਹੀ ਸਰਲਾ ਨੂੰ ਨਿਸਚਾ ਹੋ ਗਿਆ ਕਿ ਜਗਤ ਸਿੰਘ ਸੱਚਮੁੱਚ ਪਵਿੱਤਰ ਖ਼ਿਆਲਾਂ ਵਾਲਾ, ਸਤਸੰਗੀ, ਤੇ ਦੁਖੀਆਂ ਦਾ ਦਰਦੀ ਹੈ।

ਇਤਨਾ ਕੁਝ ਹੋਣ ਤੇ ਵੀ ਜਗਤ ਸਿੰਘ ਦੇ ਰਾਹ ਵਿਚ ਇਕ ਬੜੀ ਭਾਰੀ ਰੋਕ ਸੀ, ਤੇ ਇਹ ਸੀ, ਉਸ ਦਾ ਮਾਲਕ ਤਰਲੋਕ ਸਿੰਘ, ਤੇ ਇਸ ਤੋਂ ਵੀ ਵੱਡੀ ਰੁਕਾਵਟ ਸੀ, ਤਰਲੋਕ ਸਿੰਘ ਦਾ ਸਰਲਾ ਵੱਲ ਅੰਨ੍ਹਾ ਝੁਕਾਅ।

ਜਿਸ ਦਿਨ ਤਰਲੋਕ ਸਿੰਘ ਨੇ ਓਦਨ ਰਾਤ ਵਾਲੀ ਗੱਲ ਤੇ ਇਸ ਤੋਂ ਪਹਿਲਾਂ ਦੀਆਂ ਸਾਰੀਆਂ ਗੱਲਾਂ ਜਗਤ ਸਿੰਘ ਨੂੰ ਸੁਣਾਈਆਂ ਸਨ, ਉਸੇ ਦਿਨ ਤੋਂ ਜਗਤ ਸਿੰਘ ਨੇ ਇਸ ਕੰਮ ਦਾ ਭਾਰ ਅਜਿਹੇ ਢੰਗ ਨਾਲ ਆਪਣੇ ਉੱਤੇ ਲੈ ਲਿਆ ਕਿ ਤਰਲੋਕ ਸਿੰਘ ਨੂੰ ਜਗਤ ਸਿੰਘ ਪਹਿਲਾਂ ਨਾਲੋਂ ਵੀ ਪਿਆਰਾ ਲਗਣ ਲੱਗ ਪਿਆ । ਉਸ ਨੇ ਉਸ ਨੂੰ ਸਾਰੇ ਅਖ਼ਤਿਆਰ ਦੇ ਦਿਤੇ ਕਿ ਜਿਸ ਤਰ੍ਹਾਂ ਵੀ ਚਾਹੇ, ਜਿਸ ਢੰਗ ਨਾਲ ਵੀ ਹੋ ਸਕੇ, ਇਕ ਵਾਰੀ ਸਰਲਾ ਨੂੰ ਉਸ ਦੀ ਪ੍ਰੇਮ-ਪਾਤਰੀ ਬਣਾ ਦੇਵੇ।

ਜਗਤ ਸਿੰਘ ਨੇ ਆਪਣੇ ਮਾਲਕ ਨੂੰ ਪਹਿਲਾ ਸਬਕ ਇਹ ਪੜ੍ਹਾਇਆ ਕਿ ਉਹ ਘਟੋ ਘਟ ਇਕ ਮਹੀਨੇ ਲਈ ਸਰਲਾ ਵਲੋਂ ਉੱਕਾ ਲਾ-ਪਰਵਾਹ ਹੋ ਜਾਵੇ, ਤੇ ਹਰ ਇਕ ਕੰਮ ਉਸ ਨੂੰ ਸਾੜਨ ਸਤਾਉਣ ਵਾਲਾ ਹੀ ਕਰੇ ਤਾਂ ਜੁ ਸਰਲਾ ਦਾ ਘੁਮੰਡ ਆਪਣੇ ਆਪ ਹੀ ਦੂਰ ਹੋ ਜਾਵੇ।

ਇਸ ਤੋਂ ਛੁੱਟ ਉਸ ਨੇ ਫਿਲਮ ਦੇ ਕੰਮਾਂ ਬਾਰੇ ਵੀ ਐਸੇ ਢੰਗ ਨਾਲ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ, ਜਿਸ ਤੋਂ ਤਰਲੋਕ ਸਿੰਘ ਨੂੰ ਵਿਸ਼ਵਾਸ ਹੋ

ਗਿਆ, ਕਿ ਜਦ ਤੀਕ ਉਹ ਅੱਠ ਦੱਸ ਘੰਟੇ ਰੋਜ਼ ਇਸ ਕੰਮ ਵਿਚ ਆਪਣਾ ਵਕਤ ਨਹੀਂ ਦੇਵੇਗਾ, ਤਦ ਤੀਕ ਕੰਮ ਚਲਣਾ ਕੇਵਲ ਔਖਾ ਹੀ ਨਹੀਂ, ਸਗੋਂ ਕੰਪਨੀ ਦੇ ਫ਼ੇਹਲ ਹੋ ਜਾਣ ਦਾ ਵੀ ਖ਼ਤਰਾ ਹੈ।

ਪਰ ਇਤਨਾ ਕੁਝ ਕਰਕੇ ਵੀ ਜਗਤ ਸਿੰਘ ਨੂੰ ਸਫਲਤਾ ਦਾ ਕੰਢਾ ਅਜੇ ਬਹੁਤ ਦੂਰ ਦਿਸਦਾ ਸੀ । ਇਹੋ ਕਾਰਨ ਹੈ ਕਿ ਇਸ ਕੰਮ ਲਈ ਉਸ ਨੂੰ ਆਪਣੇ ਕਿਸੇ ਉਸਤਾਦ ਦੀ ਸਹਾਇਤਾ ਲੈਣੀ ਪਈ ।

੨੧

ਅੰਮ੍ਰਿਤਸਰ ਦੇ ਘੰਟਾ ਘਰ ਤੋਂ ਕੁਝ ਦੁਰਾਡਾ ਜਾ ਕੇ ਦੋਂਹ ਤਿੰਨਾ ਬਾਜ਼ਾਰਾਂ ਦੇ ਮੋੜ ਮੁੜਦਿਆਂ ਦੂਰੋਂ ਹੀ ਇਕ ਚਿੱਟੇ ਰੰਗ ਦਾ ਕਲਸ ਨਜ਼ਰੀ ਆਉਂਦਾ ਹੈ । ਇਹ ਮੰਦਰ ਇਕ ਮੋਕਲੀ ਚਾਰ ਦਿਵਾਰੀ ਵਿਚ ਘਿਰਿਆ ਹੋਇਆ ਹੈ, ਜੋ ਇਕ ਮਹਾਤਮਾ ਦਾ ਡੇਰਾ ਮਲੂਮ ਹੁੰਦਾ ਹੈ।

ਬੂਹਾ ਵੜਦਿਆਂ ਹੀ ਕੁਝ ਕਦਮ ਅਗਾਂਹ ਜਾ ਕੇ ਸੱਜੇ ਪਾਸੇ ਇਕ ਚੂਨੇ ਗੱਚ ਬਾਰਾਂਦਰੀ ਹੈ, ਜਿਥੇ ਆਸਣ ਤੇ ਬੈਠੇ ਇਕ ਮਹਾਤਮਾ ਕਥਾ ਕਰ ਰਹੇ ਹਨ । ਸਰੋਤਿਆਂ ਵਿਚ ਵਧੇਰੇ ਗਿਣਤੀ ਤੀਵੀਂਆਂ ਦੀ ਦਿਖਾਈ ਦੇਂਦੀ ਹੈ।

ਮਹਾਤਮਾ ਦਾ ਕੱਦ ਮੱਧਰਾ ਤੇ ਸਰੀਰ ਗੰਢਵਾਂ ਹੈ। ਪੈਰ ਆਪ ਦੇ ਬਹੁਤ ਛੋਟੇ ਤੇ ਸਿਰ ਲੋੜ ਤੋਂ ਵਧੇਰੇ ਭਾਰਾ ਹੈ। ਪੈਰਾਂ ਦੀ ਛੁਟਿਆਈ ਬਾਬਤ ਤਾਂ ਕਿਹਾ ਜਾ ਸਕਦਾ ਹੈ ਕਿ ਸ਼ਰਧਾਲੂਆਂ ਨੇ ਮੱਥੇ ਟੇਕ ਟੇਕ ਕੇ ਇਨ੍ਹਾਂ ਨੂੰ ਘਸਾ ਦਿੱਤਾ ਹੋਵੇਗਾ, ਪਰ ਸਿਰ ਦੇ ਭਾਰਾ ਹੋਣ ਦਾ ਕੋਈ ਵੀ ਕਾਰਨ ਪਤਾ ਨਹੀਂ ਲੱਗਦਾ । ਇਸ ਤੋਂ ਛੁੱਟ ਜੇ ਕੋਈ ਆਦਮੀ ਇਹ ਪੁੱਛ ਬੈਠੇ ਕਿ ਮਹਾਤਮਾ ਦਾ ਪਿਠ ਪਿੱਛੇ ਲਗਾ ਹੋਇਆ ਤਕੀਆ ਵੱਡਾ ਹੈ ਕਿ ਉਨ੍ਹਾਂ ਦੇ ਅੱਗੇ ਫੈਲੀ ਹੋਈ ਗੋਗੜ? ਤਾਂ ਵੀ ਸ਼ਾਇਦ ਅਰਬਾ ਲਾਣ ਤੋਂ ਬਿਨਾਂ ਝੱਟ ਪੱਟ ਇਸ ਗੱਲ ਦਾ ਜਵਾਬ ਨਾ ਦਿੱਤਾ ਜਾ ਸਕੇ।

ਆਪ ਦੀਆਂ ਡੂੰਘੀਆਂ, ਲਾਲ ਤੇ ਛੋਟੀਆਂ ਅੱਖਾਂ ਵੇਖ ਕੇ ਕਵੀਆਂ ਦੀ ਮੂਰਖਤਾ ਤੇ ਹਾਸਾ ਆਉਂਦਾ ਹੈ, ਜਿਹੜੇ ਸਦਾ ਮੋਟੀਆਂ ਅੱਖਾਂ ਦੇ ਹੀ ਸੋਹਲੇ ਗਾਉਂਦੇ ਰਹਿੰਦੇ ਹਨ । ਜੇ ਕਿਤੇ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਬਿਨਾ ਪੁੱਛਿਆਂ ਦਿਲ ਦਾ ਭੇਦ ਜਾਨਣ ਲਈ, ਵੱਡੀ ਤੋਂ ਵੱਡੀ ਤਾਕਤ ਨੂੰ ਖਿੱਚਣ ਲਈ, ਤੇ ਇਸਤਰੀ ਦਿਲ ਉੱਤੇ ਜਾਦੂ ਦਾ ਅਸਰ ਪਾਣ ਲਈ ਕੁਦਰਤ ਨੇ ਛੋਟੀਆਂ ਅੱਖਾਂ

ਨੂੰ ਹੀ ਬਣਾਇਆ ਹੈ, ਤਾਂ ਉਹ ਲੋਕੀਂ ਭੁੱਲ ਕੇ ਵੀ ਮੋਟੀਆਂ ਅੱਖਾਂ ਦੀ ਸ਼ਲਾਘਾ ਨਾ ਕਰਦੇ।

ਕਥਾ ਦਾ ਭੋਗ ਪਿਆ, ਤੇ ਸੰਤਾਂ ਨੇ ਚਰਨਾਮਤ ਵੰਡਿਆ । ਪੀ ਕੇ ਜਿਨ੍ਹਾਂ ਜਿਨ੍ਹਾਂ ਦੇ ਕਪਾਟ ਖੁਲ੍ਹ ਗਏ, ਉਹ ਤਾਂ ਤੁਰਦੇ ਬਣੇ, ਪਰ ਜਿਨ੍ਹਾਂ ਪਾਪੀ ਜੀਵਾਂ ਦੇ ਦਸਵੇਂ ਦੁਆਰ ਦੀਆਂ ਤਾਕੀਆਂ ਵਧੇਰੇ ਜੰਗਾਲੀਆਂ ਹੋਈਆਂ ਸਨ, ਉਹ ਅਜੇ ਇਸ ਉਡੀਕ ਵਿਚ ਬੈਠੇ ਰਹੇ ਕਿ ਮਹਾਤਮਾ ਜੀ ਉਨ੍ਹਾਂ ਦੇ ਅਸਾਧ ਰੋਗਾਂ ਲਈ ਕੋਈ ਸਪੈਸ਼ਲ ਨੁਸਖ਼ਾ ਦੇਣਗੇ । ਤੇ ਇਹ ਸਨ ਚਾਰ ਪੰਜ ਤੀਵੀਆਂ। ਮਰਦਾਂ ਵਿਚੋਂ ਕੇਵਲ ਇਕ ਹੀ ਰਹਿ ਗਿਆ ਸੀ ਜੋ ਉਠ ਕੇ ਜ਼ਰਾ ਦੁਰਾਡਾ ਜਾ ਬੈਠਾ। ਇਹ ਸੀ ਜਗਤ ਸਿੰਘ ।

ਸੰਤਾਂ ਦੀ ਸੰਗਤ ਵਿਚ ਜਾ ਕੇ ਅੰਮ੍ਰਿਤਸਰ ਦੀਆਂ ਤੀਵੀਆਂ ਸੱਚਮੁੱਚ ਕਠਾਲੀ ਵਿਚ ਢਲੇ ਹੋਏ ਸੋਨੇ ਵਾਂਗ ਹੋ ਜਾਂਦੀਆਂ ਹਨ, ਜਿਸ ਨੂੰ ਸ਼ੁੱਧ ਵੀ ਕੀਤਾ ਜਾ ਸਕਦਾ ਹੈ ਤੇ ਉਸ ਵਿਚ ਖੋਟ ਵੀ ਰਲਾਇਆ ਜਾ ਸਕਦਾ ਹੈ।

ਇਕ ਮੁਟਿਆਰ ਦੇ ਨਾਲ ਬੈਠੀ ਬੁੱਢੜੀ ਨੇ ਹੱਥ ਜੋੜ ਕੇ ਬੇਨਤੀ ਕੀਤੀ—"ਬਾਬਾ ਜੀ, ਇਹ ਕੁੜੀ ਕੁਝ ਬੇਨਤੀ ਕਰਨੀ ਚਾਹੁੰਦੀ ਏ ।"

ਮੁਸਕਰਾਂਦੇ ਹੋਏ ਉਸ ਵੱਲ ਤੱਕ ਕੇ ਮਹਾਤਮਾ ਬੋਲੇ—"ਕਿਉਂ ਬੀਬੀ! ਕਿਆ ਬਾਤ ਹੈ?"

ਕੁੜੀ ਨੇ ਸੰਗਦਿਆਂ ਸੰਗਦਿਆਂ ਕਿਹਾ—"ਬਾਬਾ ਜੀ, ਮੇਰੀ ਸੱਸ ਮੇਰੇ ਨਾਲ ਬੜਾ ਲੜਦੀ ਰਹਿੰਦੀ ਏ।"

ਸੰਤ ਬੋਲੇ—"ਸੱਸ ਲੜਤੀ ਹੈ, ਤੋ ਤੈਨੂੰ ਉਸ ਕੀ ਸੇਵਾ ਕਰਨੀ ਚਾਹੀਦੀ ਹੈ ਨਾ। ਬੜਿਆਂ ਦੀ ਸੇਵਾ ਕਰਨਾ, ਬੇਟੀ, ਬੜਾ ਪੁੰਨ ਹੈ।"

"ਬਾਬਾ ਜੀ, ਮੈਂ ਤੇ ਬਥੇਰੀ ਸੇਵਾ ਕਰਨੀ ਆਂ, ਪਰ ਉਹ ਤੇ ਬਦੋ-ਬਦੀ ਮੇਰੇ ਗੱਲ ਪੈਂਦੀ ਰਹਿੰਦੀ ਏ।"

"ਹੱਛਾ, ਅਬ ਜਾ ਘਰ ਕੋ । ਕਲ੍ਹ ਇਸ ਮਾਈ ਕੇ ਸਾਥ ਕਿਸੇ ਬਕਤ ਆਵੀਂ । ਤੁਮ ਕੋ ਇਕ ਜੰਤਰ ਦੇ ਦੇਂਗੇ।"

ਕੁੜੀ ਆਪਣੀ ਸਾਥਣ ਸਣੇ ਮੱਥਾ ਟੇਕ ਕੇ ਤੁਰਦੀ ਬਣੀ । ਇੰਨੇ ਨੂੰ ਇਕ ਹੋਰ ਹੱਥ ਜੋੜ ਕੇ ਆਖਣ ਲੱਗੀ—"ਬਾਬਾ ਜੀ, ਮੇਰੀ ਨੂੰਹ ਦੇ ਘਰ

ਕੋਈ ਮੁੰਡਾ ਕੁੜੀ ਨਹੀਂ ਹੁੰਦਾ। ਢਾਈ ਵਰ੍ਹੇ ਹੋ ਚਲੇ ਸੂ ਵਿਆਹੀ ਨੂੰ। ਸਾਡਾ ਤੇ ਜੀਵੇ ਜਾਗੇ, ਤਿੰਨਾਂ ਘਰਾਂ ਵਿਚ ਇਕੋ ਇਕ ਟਿੰਘ ਏ। ਕੋਈ ਕਿਰਪਾ ਕਰੋ ਸਾਡੇ ਉੱਤੇ।"

"ਜ਼ਰਾ ਠਹਿਰੋ" ਕਹਿ ਕੇ ਮਹਾਤਮਾ, ਲਾਗੇ ਬੈਠੀ ਇਕ ਹੋਰ ਮੈਲਿਆਂ ਕੱਪੜਿਆਂ ਵਾਲੀ ਵੀਹਾਂ ਕੁ ਵਰ੍ਹਿਆਂ ਦੀ ਮੁਟਿਆਰ ਨੂੰ ਪੁੱਛਣ ਲੱਗੇ—"ਕਿਉਂ ਬੀਬੀ, ਤੁਮ ਕਾਹੇ ਕੋ ਬੈਠੀ ਹੋ?"

ਤੀਵੀਂ ਨੇ ਸਿਰ ਚੁੱਕ ਕੇ ਮਹਾਤਮਾ ਵੱਲ ਤੱਕਿਆ। ਉਸ ਦਾ ਚੇਹਰਾ ਕੀ ਸੀ। ਦੁੱਖਾਂ, ਹਾਵਿਆਂ, ਤੇ ਗ਼ਰੀਬੀ ਦਾ ਮਜ਼ਮੂਨ । ਉਸ ਦੀਆਂ ਮੋਟੀਆਂ ਤੇ ਸ਼ਰਮੀਲੀਆਂ ਅੱਖਾਂ ਵਿਚ ਬੇ-ਵਸੀ ਦਾ ਪਾਣੀ ਡਲ੍ਹਕ ਰਿਹਾ ਸੀ । ਭਰੜਾਈ ਆਵਾਜ਼ ਵਿਚ ਬੋਲੀ—"ਬਾਬਾ ਜੀ! ਮੈਂ..." ਤੇ ਇਸ ਤੋਂ ਅੱਗੇ ਬੋਲ ਨਾ ਸਕੀ।

"ਹਾਂ ਬੋਲ ਬੋਲ ਬੇਟੀ, ਸੰਤਾਂ ਕੇ ਆਗੇ ਸੰਕੋਚ ਨਹੀਂ ਕਰਿਆ ਜਾਤਾ।"

"ਜੀ, ਮੈਨੂੰ ਕੋਈ ਧਰਮ ਉਪਦੇਸ਼ ਦਿਓ । ਮੇਰਾ ਦਿਲ ਹਰ ਵੇਲੇ ਦੁੱਖੀ ਰਹਿੰਦਾ ਏ !"

"ਧਰਮ ਉਪਦੇਸ਼ ਤੋ ਬੀਬੀ, ਇਤਨੀ ਚੱਟਪੱਟ ਨਹੀਂ ਪ੍ਰਾਪਤ ਹੋ ਸਕਤਾ। ਪਹਿਲਾਂ ਜਗਿਆਸੂ ਬਣੋ। ਹਛਾ ਤੇਰਾ ਪਤੀ ਕਿਆ ਕੰਮ ਕਰਤਾ ਹੈ?"

ਤੀਵੀਂ ਇਸ ਗੱਲ ਦਾ ਕੀ ਜਵਾਬ ਦੇਂਦੀ, ਇਸ ਗੱਲ ਦਾ ਜਵਾਬ ਤਾਂ ਉਸਦੇ ਸਰੀਰ ਦਾ ਹਰ ਇਕ ਅੰਗ ਦੇ ਰਿਹਾ ਸੀ । ਉਸ ਦੇ ਬੁਲ੍ਹਾਂ ਦੀ ਥਰਥਰਾਹਟ, ਉਸ ਦੇ ਚਿਹਰੇ ਦੀ ਪਿਲੱਤਣ ਤੇ ਉਸ ਦੀਆਂ ਅੱਖਾਂ ਦਾ ਵਿਖਾਦ। ਉਹ ਬੋਲੀ—"ਜੀ ਓਹ...।"

ਹੱਛਾ, ਪਤੀ ਤੇਰਾ ਪਰਲੋਕ ਸਿਧਾਰ ਗਿਆ ਹੈ? ਹਛਾ ਬੀਬੀ ਯੇਹ ਸੰਸਾਰ ਤ੍ਰੈ ਕਾਲ ਅਸੱਤ ਹੈ । ਏਕ ਦਿਨ ਸਭ ਨੇ ਚਲਣਾ ਹੈ । ਹੱਛਾ ਐਸੇ ਕਰਿਆ ਕਰ, ਸਵੇਰੇ ਉਠ ਕਰ ਗੀਤਾ ਕਾ ਪਾਠ ਕਰਿਆ ਕਰ । ਸੰਤਾਂ ਮਹਾਤਮਾ ਕਾ ਸਤਸੰਗ ਔਰ ਸੇਵਾ ਕਰਿਆ ਕਰ । ਜਬ ਤੂੰ ਜਗਿਆਸਾ ਕੀ ਪਦਵੀ ਪਰ ਪਹੁੰਚ ਜਾਵੇਂਗੀ ਤਬ ਤੁਮਕੋ ਗੁਰ ਮੰਤਰ ਦਿਆਂਗੇ । ਕਥਾ ਸੁਣਨ ਨੇਮ ਕੇ ਸਾਥ ਆਇਅ ਕਰੋ। ਜਾਓ।"

ਉਹ ਮੱਥਾ ਟੇਕ ਕੇ ਚਲੀ ਗਈ । ਮਹਾਤਮਾ ਨੇ ਫਿਰ ਇਸ਼ਾਰੇ ਨਾਲ ਉਨ੍ਹਾਂ ਦੁਹਾਂ ਨੋਂਹ ਸੱਸ ਨੂੰ ਪਾਸ ਸੱਦਿਆ । ਹੱਥ ਵਾਲੀ ਮਾਲਾ ਦੇ ਮਣਕੇ ਦੱਬਾਦੱਬ ਫੇਰਦੇ ਹੋਏ ਤੇ ਬੁਲ੍ਹਾਂ ਵਿਚ ਕਿਸੇ ਮੰਤ੍ਰ ਦਾ ਜਾਪ ਕਰਦੇ ਹੋਏ ਬੋਲੇ—

"ਹਾਂ ਕਹੋ ਮਾਈ, ਕਿਆ ਕਹਤੀ ਹੈਂ ?"

"ਬਾਬਾ ਜੀ (ਨੋਂਹ ਵਲ ਤੱਕ ਕੇ) ਇਸ ਉਤੇ ਕੋਈ ਕਿਰਪਾ ਕਰੋ ।"

ਝੱਟ ਕੁ ਸੋਚ ਕੇ ਕੁੜੀ ਨੂੰ ਸਿਰ ਤੋਂ ਪੈਰਾਂ ਤਕ ਗਹੁ ਨਾਲ ਤੱਕਦੇ ਹੋਏ ਮਹਾਤਮਾ ਬੋਲੇ "ਮਾਈ, ਅਭੀ ਤੋ ਇਸਕੀ ਆਰਬਲਾ ਕੋਈ ਬੜੀ ਨਹੀਂ ਹੋਈ। ਨਾਲੇ ਤੂੰ ਕਹਿਤੀ ਹੈਂ, ਕਿ ਵਿਆਹ ਕੋ ਵੀ ਕੁਲ ਡਾਈ ਬਰਸ ਹੂਏ ਹੈਂ। ਇਤਨੀ ਜਲਦੀ ਸੰਤਾਨ ਕੇ ਮਗਰ ਕਿਉਂ ਪੜਤੀ ਹੈਂ ?

"ਬਾਬਾ ਜੀ, ਵੇਖੋ ਨਾ, ਸੁੱਖ ਨਾਲ ਇਕੋ ਇਕ ਮੁੰਡਾ ਹੋਇਆ ਸਾਡੇ ਘਰ । ਸੱਧਰ ਆਉਂਦੀ ਏ । ਲੋਕਾਂ ਦੇ ਘਰੀਂ ਬਾਲ ਤੱਕ ਕੇ ਜੀ ਨੂੰ ਡੋਬੂ ਪੈਂਦੇ ਨੇ। ਇਸ ਦੇ ਨਾਲ ਜਿਹੜੀਆਂ ਵਿਆਹੀਆਂ ਸਨ, ਉਨ੍ਹਾਂ ਦੇ ਘਰੀਂ ਦੋ ਦੋ ਖੇਡਦੇ ਨੇ, ਤੇ ਅਸੀਂ ਅਜੇ ਇਕੋ ਨੂੰ ਸਹਿਕਨੇ ਆਂ। (ਹੱਥ ਜੋੜ ਕੇ) ਬਾਬਾ ਜੀ, ਤੁਸੀਂ ਤੇ ਆਪ ਪ੍ਰਭੂ ਦਾ ਅਵਤਾਰ ਓ, ਸਾਡੀ ਰੇਖ ਵਿਚ ਵੀ ਕੋਈ ਮੇਖ ਮਾਰ ਦਿਓ।"

"ਅੱਛਾ (ਕੁੜੀ ਨੂੰ) ਬੀਬੀ! ਆਪਣਾ ਖੱਬਾ ਹੱਥ ਉਤੇ ਕਰ ।"

ਕੁੜੀ ਨੇ ਸੰਗਦਿਆਂ ਸੰਗਦਿਆਂ ਹੱਥ ਅਗਾਂਹ ਵਧਾਇਆ। ਮਹਾਤਮਾ ਨੇ ਇਸ ਨੂੰ ਕਈ ਵਾਰ ਉਲਟ ਪੁਲਟ ਕੇ ਡਿੱਠਾ । ਵੇਖਦਿਆਂ ਵੇਖਦਿਆਂ ਉਨ੍ਹਾਂ ਦੇ ਚੇਹਰੇ ਤੇ ਨਿਰਾਸਤਾ ਦਾ ਰੰਗ ਛਾ ਗਿਆ।—"ਮਾਈ ! ਇਸ ਕੇ ਭਾਗਾਂ ਮੇਂ ਉਲਾਦ ਲਿਖੀ ਹੀ ਨਹੀਂ, ਫੇਰ ਹਮ ਕਹਾਂ ਸੇ ਲਾਵੇਂ।"

ਮਾਈ ਘਬਰਾ ਕੇ ਆਪਣੇ ਗੋਡਿਆਂ ਉਤੇ ਹੱਥਾਂ ਦੀਆਂ ਤਲੀਆਂ ਫੇਰਦੀ ਹੋਈ ਬੋਲੀ—"ਬਾਬਾ ਜੀ, ਜੀਕਣ ਵੀ ਹੋ ਸਕੇ, ਸਾਡਾ ਬੇੜਾ ਬੰਨੇ ਲਾਉ, ਤੁਸੀਂ ਸਭੋ ਕੁਝ ਕਰ ਸਕਦੇ ਓ।"

ਮੱਥੇ ਤੇ ਹੱਥ ਧਰ ਕੇ ਮਹਾਤਮਾ ਕਿੰਨਾ ਹੀ ਚਿਰ ਕੁਝ ਸੋਚਦੇ ਰਹੇ। ਫਿਰ ਬੋਲੇ—"ਏਕ ਉਪਾਉ ਹੈ, ਪਰ ਵੋਹ ਹੈ ਬੜਾ ਕਠਨ । ਇਸ ਲੜਕੀ ਸੇ ਹੋ ਨਹੀਂ ਸਕੇਗਾ।"

ਹੱਥ ਜੋੜ ਕੇ ਮਹਾਤਮਾ ਦੇ ਪੈਰਾਂ ਤੇ ਡਿਗਦੀ ਹੋਈ ਬੁੱਢੀ ਬੋਲੀ—"ਬਾਬਾ ਜੀ, ਤੁਸੀਂ ਇਲਾਜ ਦੱਸੋ, ਭਾਵੇਂ ਕਿੱਡਾ ਈ ਔਖਾ ਹੋਵੇ, ਅਸੀਂ ਸਭ ਕੁਝ ਕਰ ਲਵਾਂਗੇ। ਇਕ ਵਾਰੀ ਕਿਸੇ ਤਰ੍ਹਾਂ ਸਾਡਾ ਬੂਟਾ ਲੱਗ ਜਾਏ । ਇਨ੍ਹਾਂ ਮੂੰਹਾਂ ਪਿਛੇ ਬਾਬਾ ਜੀ, ਕੀ ਕੀ ਨਹੀਂ ਕਰੀਦਾ ।"

ਮਹਾਤਮਾ ਬੋਲੇ—"ਬਹੁਤ ਕਠਨ ਸਮਾਨ ਕੱਠਾ ਕਰਨਾ ਪੜੇਗਾ ।"

"ਬਾਬਾ ਜੀ, ਚਿੜੀਆਂ ਦੇ ਦੁੱਧ ਤੋਂ ਬਿਨਾਂ ਤੁਸੀਂ ਜੋ ਵੀ ਸਮਿਆਨ ਕਹੋਗੇ ਮੈਂ ਪੈਦਾ ਕਰ ਲਵਾਂਗੀ।"

"ਮਸਾਣ ਜਗਾਣੇ ਪੜੇਂਗੇ" ਮਹਾਤਮਾ ਨੇ ਦ੍ਰਿੜਤਾ ਨਾਲ ਕਿਹਾ "ਕਰ ਲਵੇਂਗੀ ਇਸ ਕੰਮ ਕੋ ?"

ਮਸਾਣਾਂ ਦਾ ਨਾਂ ਸੁਣਦਿਆਂ ਹੀ ਕੁੜੀ ਤਾਂ ਕੰਬ ਗਈ, ਪਰ ਬੁੱਢੀ ਦੀ ਦਲੇਰੀ ਬਰਾਬਰ ਕਾਇਮ ਰਹੀ । ਉਸ ਨੇ ਕਿਹਾ—"ਫੇਰ ਕੀ ਹੋਇਆ ਬਾਬਾ ਜੀ। ਇਹ ਕੋਈ ਔਖੀ ਗੱਲ ਏ ? ਤੁਸੀਂ ਜੋ ਜੋ ਚੀਜ਼ਾਂ ਦੱਸੋਗੇ, ਮੈਂ ਲੈ ਆਵਾਂਗੀ।"

"ਹੱਛਾ ਫੇਰ ਐਉਂ ਕਰਨਾ, ਤੁਹਾਡੇ ਗੁਆਂਢ ਕਿਸੇ ਕਾ ਪਲੇਠੀ ਕਾ ਮੁੰਡਾ ਹੋਵੇ ਤੋ ਉਸ ਕੇ ਵਾਲਾਂ ਕੀ ਏਕ ਲਿਟ ਕਤਰ ਲਿਆਉਣੀ, ਪਰ ਕਿਸੇ ਕੋ ਮਲੂੰਮ ਨਾ ਪੜੇ । ਤੇ ਨਾਲੇ ਇਸ ਪਲੇਠੀ ਕੇ ਬਾਲਕ ਕਾ ਸਭ ਤੋਂ ਪਹਿਲਾ ਕੱਪੜਾ। ਸੁਣਿਆਂ ?"

"ਹੱਛਾ ਜੀ, ਇਹ ਤੇ ਸੁਖਾਲਾ ਈ ਕੰਮ ਏ, ਹੋਰ ?"

"ਔਰ ਗੁਰੂ ਤੇਰਾ ਭਲਾ ਕਰੇ, ਔਰ ਕਿਸੇ ਮਰੇ ਹੋਏ ਬਾਲਕ ਕਾ ਜਬ ਸਸਕਾਰ ਹੋਵੇ, ਤੇ ਉਸ ਕੀ ਚਿਖਾ ਸੇ ਏਕ ਚੁਟਕੀ ਰਾਖ ਕੀ, ਬੱਸ ਏਹ ਚੀਜ਼ਾਂ ਲੈ ਆਉਣੀਆਂ, ਬਾਕੀ ਹਮ ਆਪੇ ਮੰਗਵਾ ਲੇਂਗੇ ।"

"ਤੇ ਬਾਬਾ ਜੀ ਮਸਾਣ ਕਦੋਂ ਜਗਾਣੇ ਹੋਣਗੇ ?"

"ਮਸਿਆ ਦੀ ਰਾਤ ਕੋ, ਅੱਧੀ ਰਾਤ੍ਰੀ ਕੇ ਸਮੇਂ।"

"ਤੇ ਕੁੜੀ ਉਥੇ ਕੱਲੀ ਜਾਏਗੀ ?"

“ਨਹੀਂ ਅਕੇਲੀ ਕਾਹੇ ਕੋ ਜਾਏਗੀ, ਹਮ ਭੀ ਉਸ ਕੇ ਸਾਥ ਜਾਵੇਂਗੇ। ਪਰ ਮਸਾਣਾਂ ਕੇ ਭੀਤਰ ਜਾ ਕੇ ਇਸ ਕੋ ਸਾਰੇ ਬਸਤਰ ਉਤਾਰ ਕੇ ਨਗਨ ਹੋਨਾ ਪੜੇਗਾ, ਔਰ ਮਸਾਣਾਂ ਕੀ ਅੱਗ ਪਰ ਚਾਵਲ ਪਕਾ ਕੇ ਖਾਣੇ ਹੋਂਗੇ। ਤਬੀ ਮਸਾਣ ਜਾਗੇਗੇ। ਡਰ ਕੀ ਕੋਈ ਬਾਤ ਨਹੀਂ। ਇਸ ਕੋ ਸਬ ਸਮਝਾ ਦੇਣਾ। ਸਮਝੀ? ਜਾਓ ਅਬ।”

“ਚੰਗਾ ਜੀ,” ਕਹਿ ਕੇ ਬੁੱਢੀ ਨੇ ਮੱਥਾ ਟੇਕਿਆ ਤੇ ਉਸਦੀ ਨੋਂਹ ਨੇ ਵੀ। ਫਿਰ ਦੋਵੇਂ ਉੱਠ ਕੇ ਤੁਰ ਪਈਆਂ। ਕੁੜੀ ਇਸ ਵੇਲੇ ਸਾਰਾ ਜ਼ੋਰ ਲਾ ਕੇ ਵੀ ਆਪਣੀਆਂ ਕੰਬ ਰਹੀਆਂ ਲੱਤਾਂ ਤੇ ਧੜਕ ਰਹੇ ਦਿਲ ਨੂੰ ਸੱਸ ਪਾਸੋਂ ਲੁਕਾਣ ਦਾ ਯਤਨ ਕਰ ਰਹੀ ਸੀ।

ਜਦ ਉਹ ਚਲੀਆਂ ਗਈਆਂ, ਤਾਂ ਕੇਵਲ ਜਗਤ ਸਿੰਘ ਰਹਿ ਗਿਆ ਸੀ। ਜੋ ਪਰ੍ਹਾਂ ਹੱਟਵੇਂ ਥਾਂ ਬੈਠਾ ਉਡੀਕ ਕਰ ਰਿਹਾ ਸੀ।

ਜਦ ਸਭ ਤੀਵੀਆਂ ਚਲੀਆਂ ਗਈਆਂ ਤਾਂ ਮਹਾਤਮਾ ਉੱਠੇ, ਉਠਦਿਆਂ ਹੀ ਉਨ੍ਹਾਂ ਜਗਤ ਸਿੰਘ ਵਲ ਇਕ ਕਟਾਖਸ਼ ਭਰੀ ਨਜ਼ਰ ਨਾਲ ਤਕਿਆ। ਜਗਤ ਸਿੰਘ ਮੁਸਕਰਾਂਦਾ ਹੋਇਆ ਉੱਠ ਖੜੋਤਾ।

ਉਸ ਨੂੰ ਨਾਲ ਲੈ ਕੇ ਮਾਹਤਮਾ ਆਪਣੇ ਆਰਾਮ-ਕਮਰੇ ਵਿਚ ਪਹੁੰਚੇ।

ਇਹ ਕਮਰਾ ਕੀ ਸੀ, ਰਵੀ ਵਰਮਾ ਦੀ ਸਾਰੀ ਚਿਤ੍ਰ-ਸ਼ਾਲਾ ਹੀ ਕੱਠੀ ਹੋਈ ਪਈ ਸੀ। ਦੇਵੀ ਦੇਵਤਿਆਂ ਦੀ ਸ਼ਾਇਦ ਹੀ ਕੋਈ ਤਸਵੀਰ ਹੋਵੇਗੀ, ਜਿਹੜੀ ਇਸ ਦੀਆਂ ਕੰਧਾਂ ਤੇ ਨਾ ਲਟਕ ਰਹੀ ਹੋਵੇ। ਬਹੁਤ ਸਾਰੀਆਂ ਦੀਆਂ ਚੁਗਾਠਾਂ ਉਖੜੀਆਂ ਹੋਈਆਂ, ਕਿੱਲ ਪੁੱਟੇ ਹੋਏ, ਤੇ ਕਈਆਂ ਦੇ ਗੱਤੇ ਵੀ ਟੁੱਟੇ ਹੋਏ ਸਨ, ਪਰ ਕੰਧ ਦਾ ਜ਼ਰਾ ਜਿੰਨਾ ਥਾਂ ਵੀ ਇਨ੍ਹਾਂ ਤੋਂ ਖਾਲੀ ਨਹੀਂ ਸੀ।

ਇਕ ਪਾਸੇ ਚੌਕੀ ਉੱਤੇ ਕਾਲੀ ਪਸ਼ਮ ਦਾ ਫੁੱਲਦਾਰ ਆਸਨ ਵਿਛਿਆ ਹੋਇਆ ਸੀ। ਕਿੱਲਿਆਂ ਨਾਲ ਕਈ ਮਾਲਾ, ਸਿਮਰਨੇ ਤੇ ਦੋ ਤਿੰਨ ਗੋਮੁਖੀਆਂ ਸ਼ੋਭ ਰਹੀਆਂ ਸਨ। ਪਾਸ ਹੀ ਇਕ ਬੈਰਾਗਣ ਪਈ ਸੀ ਤੇ ਉਸ ਤੋਂ ਕੁਝ ਵਿੱਥ ਤੇ ਪੋਥੀਆਂ ਦੀ ਵੱਡੀ ਸਾਰੀ ਅਲਮਾਰੀ।

ਦੂਸਰੇ ਪਾਸੇ ਇਕ ਰੰਗੀਲ ਪਾਵਿਆਂ ਵਾਲਾ ਪਲੰਘ ਵਿਛਿਆ ਹੋਇਆ ਸੀ ਜਿਸ ਉੱਤੇ ਬਿਸਤਰਾ ਤੇ ਕਈ ਗਦੇਲੇ ਲੱਗੇ ਹੋਏ ਸਨ।

ਪਲੰਘ ਤੇ ਚੜ੍ਹਨ ਲਗਿਆਂ ਮਹਾਤਮਾ ਨੂੰ ਓਨੀ ਹੀ ਖੇਚਲ ਕਰਨੀ ਪਈ ਜਿੰਨੀ ਕਿਸੇ ਬਾਲ ਨੂੰ ਘੋੜੇ ਚੜ੍ਹਨ ਵੇਲੇ ਹੁੰਦੀ ਹੈ।

ਜਗਤ ਸਿੰਘ ਵੀ ਇਸ਼ਾਰਾ ਪਾ ਕੇ ਉਸੇ ਤੇ ਬੈਠ ਗਿਆ। ਉਸ ਦਾ ਮੌਢਾ ਫੜ ਕੇ ਮਹਾਤਮਾ ਬੋਲੇ—

“ਸੁਣਾ ਜੱਗਿਆ, ਤੂ ਅੱਜ ਕਿਧਰ ?

ਜਗਤ ਸਿੰਘ ਮੁਸਕਣੀ ਲੈ ਕੇ ਬੋਲਿਆ—“ਮਹਾਰਾਜ, ਔਣਾ ਈ ਪੈਂਦਾ ਏ ਨਾ ਜਦੋਂ ਕੋਈ ਔਖ ਸੁਖਾਲ ਆ ਬਣੇ। ਲੋਕੀਂ ਐਵੇਂ ਤੇ ਨਹੀਂ ਕਹਿੰਦੇ ਅਖੇ, ਸ਼ਾਹ ਬਿਨਾਂ ਪਤ ਨਹੀਂ, ਤੇ ਗੁਰੂ ਬਿਨਾਂ ਗਤ ਨਹੀਂ।”

ਉਸ ਦੇ ਮੌਢੇ ਤੇ ਇਕ ਠੱਪਾ ਮਾਰ ਕੇ ਹੱਸਦੇ ਮਹਾਤਮਾ ਬੋਲੇ—“ਤੂੰ ਬੜਾ ਚਲਾਕ ਏਂ। ਜਦੋਂ ਆਪਣਾ ਮਤਲਬ ਹੋਵੇ ਓਦੋਂ ਆ ਧਮਕਨਾ ਏਂ, ਤੇ ਜਦੋਂ ਸਾਨੂੰ ਤੇਰੀ ਲੋੜ ਪਵੇ, ਓਦੋਂ ਸਹੇ ਦੇ ਸਿੰਘ ਹੋ ਜਾਨਾ ਏਂ। ਕਿੰਨੇ ਈ ਖ਼ਤ ਲਿਖੇ ਨਾ ਕੋਈ ਉੱਘ ਨਾ ਕੋਈ ਸੁੱਘ।”

ਮਿੰਨਤ ਦੇ ਲਹਿਜੇ ਵਿਚ ਜਗਤ ਸਿੰਘ ਬੋਲਿਆ—“ਤੇ ਮੈਂ ਕਦੋਂ ਨਾਬਰੀ ਕੀਤੀ ਏ ਬਾਬਾ ਜੀ ਤੁਹਾਥੋਂ। ਤਹਾਨੂੰ ਗੁੱਸਾ ਹੋਣਾ ਏ ਨਾ, ਗੁਲਜ਼ਾਰ ਵਾਲੀ ਗੱਲ ਦਾ? ਪਰ ਉਦੋਂ ਉਹ ਚਲੀ ਜੁ ਗਈ ਸੀ, ਫਿਰ ਦੱਸੋ ਮੈਂ ਕੀ ਕਰਦਾ। ਹੁਨ ਫੇਰ ਆ ਗਈ ਹੋਈ ਏ। ਜਿੱਕਣ ਕਹੋਗੇ, ਕਰ ਲਵਾਂਗਾ।”

“ਆ ਗਈ ਏ ਫੇਰ?” ਇਕ ਖੁਸ਼ੀ ਭਰੀ ਅਵਾਜ਼ ਵਿਚ ਮਹਾਤਮਾ ਦੇ ਮੂੰਹੋਂ ਨਿਕਲਿਆ ਤੇ ਉਹ ਇਸ ਖੁਸ਼ੀ ਨੂੰ ਆਪਣੇ ਛੱਤ-ਗੁੰਜਾਊ ਹਾਸੇ ਦਵਾਰਾ ਹੋਰ ਵੀ ਸਪੱਸ਼ਟ ਕਰਨ ਲੱਗੇ। ਹੱਸਦਿਆਂ ਹੱਸਦਿਆਂ ਉਨ੍ਹਾਂ ਦੇ ਬੁਲ੍ਹ ਬਹੁਤ ਸਾਰੇ ਖੁਲ੍ਹ ਗਏ ਤੇ ਉੱਲੀ ਖਾਧੇ ਦੰਦ ਕਿੰਨਾ ਹੀ ਚਿਰ ਢੱਕੇ ਨਾ ਜਾ ਸਕੇ।

“ਆਹੋ ਜੀ ਲੈ ਆਇਆ ਸਾਂ ਮਨਾ ਮਨੂ ਕੇ। ਸਰਦਾਰ ਸਾਡਾ ਜੂ ਭੁੰਜੇ ਲੱਥਦਾ ਜਾਂਦਾ ਸੀ। ਕੀ ਕਾਰਦਾ ਫੇਰ?”

ਬਾਬਾ ਜੀ, ਤੁਸੀਂ ਵੀ ਭੋਲੀਆਂ ਗੱਲਾਂ ਕਰਦੇ ਓ। ਕਦੀ ਵਾਦੜੀਆਂ ਸਜਾਦੜੀਆਂ ਵੀ ਹੱਟਦੀਆਂ ਹੁੰਦੀਆਂ ਨੇ ? ਨਾਲੇ ਜਦ ਤੁਹਾਡੇ ਵਰਗੇ ਤਿਆਗੀ ਉਸ ਦਾ ਪਿੱਛਾ ਨਹੀਂ ਛੱਡ ਸਕਦੇ ਤਾਂ ਉਸ ਵਿਚਾਰੇ ਦੀ ਤੇ ਗ਼ੱਲ ਈ ਕੀ ਏ?”

ਸ਼ਰਮਿੰਦਾ ਹੋਣ ਦੇ ਥਾਂ ਮਹਾਤਮਾ ਹੋਰੀਂ ਸਗੋਂ ਫ਼ਖ਼ਰ ਨਾਲ ਬੋਲੇ—"ਬਈ ਅਸੀਂ ਵਿਆਹ ਤੇ ਨਹੀਂ ਸਾਂ ਕਰਾ ਸਕਦੇ, ਜੇ ਸਾਨੂੰ ਵਿਆਹ ਕਰਾਣ ਦੀ ਖੁੱਲ੍ਹ ਹੁੰਦੀ ਤਾਂ ਕਦੇ ਕਿਸੇ ਦਾ ਭੁੱਲ ਕੇ ਵੀ ਨਾਂ ਨਾ ਲੈਂਦੇ।"

"ਜਦ ਤੁਹਾਡੇ ਵਰਗਿਆਂ ਦੀ ਹਿਰਸ ਨਹੀਂ ਮਿੱਟ ਸਕਦੀ ਜਿੰਨ੍ਹਾਂ ਦਾ ਰੋਜ਼ ਨਵੇਂ ਤੋਂ ਨਵਾਂ ਵਿਆਹ ਹੁੰਦਾ ਏ, ਤਾਂ ਓਹ ਵਿਚਾਰਾ ਕਿਸ ਦਾ ਪਾਣੀਹਾਰ ਹੋਇਆ ।"

ਹੱਛਾ ਛੱਡ ਇਨ੍ਹਾਂ ਗੱਲਾਂ ਨੂੰ । ਪਹਿਲਾਂ ਇਹ ਦੱਸ ਜੁ ਹੁਣ ਇਹ ਸਾਡਾ ਕੰਮ ਹੋਵੇਗਾ ਕਿ ਨਹੀਂ ?"

"ਆਹੋ ਜੀ, ਹੁਣ ਕਾਹਦੀ ਢਿਲ ਏ । ਰੁਪਏ ਚੋਂ ਸਵਾ ਸੋਲਾਂ ਆਨੇ ਹੋਇਆ ਪਿਆ ਸਮਝੋ। ਪਰ ਪਹਿਲਾਂ ਮੇਰਾ ਇਕ ਕੰਮ ਕਰੋ ਜਿਸ ਖ਼ਾਤਰ ਉਚੇਚਾ ਲਾਹੌਰੋਂ ਆਇਆਂ ਵਾਂ ਤੁਹਾਡੇ ਕੋਲ ?"

"ਤੇਰਾ ਕਿਹੜਾ ਕੰਮ ਏ ਇਹੋ ਜਿਹਾ ?"

"ਪਹਿਲਾਂ ਇਕਰਾਰ ਕਰੋ ਕਰਨ ਦਾ।"

"ਜੱਗਿਆ, ਅਸਾਂ ਅਸਾਂ ਤੇਰੇ ਕਿਡੇ ਔਖੇ ਕੰਮ ਕੀਤੇ ਨੇ, ਕਦੇ ਨਾਂਹ ਕੀਤੀ ਏ ਅੱਜ ਤੋੜੀ ਤੇਰੇ ਅੱਗੇ ?"

"ਪਰ ਇਹ ਕੰਮ ਰਤਾ ਔਖਾ ਜਿਹਾ ਏ।"

"ਫੇਰ ਹੋਇਆ ਕੀ, ਤੂੰ ਦੱਸ ਤੇ ਸਹੀ।"

"ਨਹੀਂ, ਪਹਿਲਾਂ ਇਕਰਾਰ ਕਰੋ।"

"ਚੰਗਾ ਇਕਰਾਰ ਕੀਤਾ, ਲੈ ਬੱਕ ਵੀ ਹੁਣ।"

"ਇਨਕਾਰ ਤੇ ਨਹੀਂ ਕਰੋਗੇ ?"

"ਓਏ ਮਰ ਵੀ ਹੁਣ, ਗੱਲ ਵੀ ਕਰ।"

"ਮੈਨੂੰ ਚੇਲਾ ਬਣਾ ਲਓ ਆਪਣਾ।"

"ਚੇਲਾ ?" ਮਹਾਤਮਾ ਨੇ ਹੱਸਕੇ ਕਿਹਾ—"ਬੱਚਾ ਅੱਗੇ ਤੂੰ ਚੇਲਾ ਨਹੀਂ ਸਾਡਾ ?"

"ਹੈਗਾ ਵਾਂ, ਪਰ ਹੁਣ ਪੂਰੀ ਤਰ੍ਹਾਂ ਬਣਾਓ।"

"ਪੂਰੀ ਤਰ੍ਹਾਂ ਕੀਕਣ ?"

"ਗੁਰ ਮੰਤਰ ਦੇ ਕੇ।"

"ਭੰਗ ਤੇ ਨਹੀਂ ਪੀ ਆਇਆ, ਪਰ ਜੇ ਮੇਰੀ ਗੱਲ ਨਹੀਂ ਮੰਨੋਗੇ ਤਾਂ ਹਫ਼ੀਮ ਘੋਲ ਕੇ ਪੀ ਲਵਾਂਗਾ।

"ਓਏ ਗੱਲ ਵੀ ਕਰ ਸਿੱਧੀ ਤਰ੍ਹਾਂ, ਕੀ ਬਕੜਵਾਹ ਕਰਨ ਡਿਹਾ ਹੋਇਆ ਏਂ।"

ਇਸ ਤੋਂ ਬਾਅਦ ਜਗਤ ਸਿੰਘ ਨੇ ਆਦ ਤੋਂ ਅੰਤ ਤਕ ਸਭ ਕੁਝ ਦੱਸਿਆ, ਕਿ ਕਿਸ ਤਰ੍ਹਾਂ ਉਹ ਸਰਲਾ ਦੇ ਪ੍ਰੇਮ ਵਿਚ ਪਾਗ਼ਲ ਹੋ ਰਿਹਾ ਹੈ।

ਮਹਾਤਮਾ ਨੇ ਫੇਰ ਪੁੱਛਿਆ—"ਪਰ ਗੁਰਮੰਤਰ ਦਾ ਇਸ ਕੰਮ ਨਾਲ ਕੀ ਵਾਸਤਾ ਜੱਗਿਆ।"

ਜਗਤ ਸਿੰਘ ਨੇ ਗੰਭੀਰਤਾ ਨਾਲ ਕਿਹਾ—"ਬਾਬਾ ਜੀ, ਇਸ ਤੋਂ ਬਿਨਾਂ ਉਹ ਭੂਤਨੀ ਕਾਂਬੂ ਨਹੀਂ ਆ ਸਕੇਗੀ। ਮੈਂ ਜਿਉਂ ਜਿਉਂ ਧਰਮ ਭਾਵ ਵੱਲ ਉਸਨੂੰ ਪ੍ਰੇਰਨਾ ਵਾਂ, ਤਿਉਂ ਤਿਉਂ ਮੇਰੇ ਨਾਲ ਉਸ ਦਾ ਹਿਤ ਵੱਧਦਾ ਜਾਂਦਾ ਹੈ। ਜਿੰਨੀਆਂ ਕੁ ਗੱਲਾਂ ਕੱਥਾਂ ਮੈਨੂੰ ਇਸ ਬਾਰੇ ਯਾਦ ਸਨ, ਸਾਰੀਆਂ ਉਸ ਨੂੰ ਸੁਣਾ ਚੁੱਕਾ ਵਾਂ, ਹੁਣ ਅੱਗੋਂ ਕੀ ਸੁਣਾਇਆ ਕਰਾਂ ਉਸ ਨੂੰ।"

"ਹਛਾ, ਹੁਣ ਸਮਝੀ ਤੇਰੀ ਗੱਲ" ਮਹਾਤਮਾ ਸਿਰ ਹਿਲਾਂਦੇ ਹੋਏ ਬੋਲੇ—ਤੂੰ ਗੁਰੂ ਬਣ ਕੇ ਚੇਲੀ ਉਡਾਣੀ ਚਾਹੁੰਨਾ ਏਂ।"

"ਤੁਸੀਂ ਜਾਣਦੇ ਈ ਓ, ਚੇਲਿਆਂ ਨੇ ਵੀ ਗੁਰੂਆਂ ਦੀ ਸਿਖ ਮਤ ਤੇ ਈ ਚਲਣਾ ਹੋਇਆ ਨਾ। ਪਰ ਗੱਲ ਨਾ ਕਰਨੀ ਕਿਸੇ ਅੱਗੇ।"

"ਗੱਲ ਖ਼ਾਹ-ਮਖ਼ਾਹ ਕਰਨੀ ਏਂ ? ਤੇ ਇਹ ਕਿਹੜਾ ਔਖਾ ਕੰਮ ਏ। ਗਿਆਨ ਤੇ ਤੈਨੂੰ ਇਹੋ ਜਿਹੇ ਸਿਖਾ ਦਿਆਂਗੇ, ਕਿ ਬਸ ਠੰਢੇ ਸਾਹ ਪਈ ਭਰੇ, ਤੇ ਜਿਧਰ ਤੋਰੇਂਗਾ ਓਧਰੇ ਤੁਰੀ ਜਾਏਗੀ।"

ਖ਼ੁਸ਼ੀ ਨਾਲ ਗੱਦ ਗੱਦ ਹੋ ਕੇ ਮਹਾਤਮਾ ਦੇ ਪੈਰ ਛੂੰਹਦਾ ਹੋਇਆ ਜਗਤ ਸਿੰਘ ਬੋਲਿਆ—"ਬੱਸ ਬਾਬਾ ਜੀ, ਮੈਨੂੰ ਇਹੋ ਕੁਝ ਚਾਹੀਦਾ ਏ । ਮੈਨੂੰ ਵੀ ਫੇਰ ਤੁਸੀਂ ਬਿਨ ਦੰਮੋਂ ਗੁਲਾਮ ਸਮਝੋ।"

"ਹੱਛਾ ਜੇ ਤੇਰਾ ਕੰਮ ਹੋ ਗਿਆ, ਫੇਰ ਸਾਡਾ ਕੰਮ ਕਰੇਂਗਾ ਨਾ ?"

"ਵਾਹ ਬਾਬਾ ਜੀ, ਗੋਲੀ ਕੀਹਦੀ ਤੇ ਬੰਦੂਕ...ਨਾ ਸਚ ਗਹਿਣੇ ਕੀਹਦੇ।"

"ਹੱਤ ਤੇਰੀ ਦੁਸ਼ਟ ਦੀ, ਕੀ ਆਖਿਆ ਈ ਸਾਡੀ ਬੰਦੂਕ ਤੇ ਸਾਡੀਓ ਗੋਲੀ ?"

"ਨਹੀਂ ਬਾਬਾ ਜੀ, ਮਾਫ ਕਰਨਾ ਚੰਮ ਦੀ ਜ਼ਬਾਨ ਜੁ ਹੋਈ। ਹਾਂ ਫਿਰ ਦਿਓ ਗੁਰਮੰਤਰ। ਪਰ ਇਉਂ ਕੰਮ ਨਹੀਂ ਬਣਨਾ। ਇਕ ਦਿਨ ਵਿਚ ਤੁਸੀਂ ਕਿੰਨਾ ਕੁ ਸਿਖਾ ਲਓਗੇ। ਐਉਂ ਹੋਣਾ ਚਾਹੀਦਾ ਏ ਕਿ ਰੋਜ਼ ਜਾਂ ਦੂਜੇ ਤੀਜੇ ਦਿਨ ਮੈਨੂੰ ਇਕ ਚਿੱਠੀ ਪਾ ਦਿਆ ਕਰੋ ਤੇ ਉਸੇ ਵਿਚ ਰੋਜ਼ ਲਿਖ ਭੇਜਿਆ ਕਰਾਂਗਾ।"

"ਚੰਗਾ ਚੰਗਾ, ਇਹ ਤਰੀਕਾ ਸੋਹਣਾ ਏ—ਏਦਾਂ ਹੀ ਸਹੀ।"

ਘੰਟਾ ਡੂਢ ਘੰਟਾ ਲਾਕੇ ਮਹਾਤਮਾ ਨੇ ਜਗਤ ਸਿੰਘ ਨੂੰ ਕਿੰਨਾ ਕੁਝ ਹੀ ਸਮਝਾਇਆ। ਇਸ ਤੋਂ ਬਾਅਦ ਦੋਵੇਂ ਇਕ ਦੂਜੇ ਦਾ ਕੰਮ ਨਿਭਾਉਣ ਦੀ ਹਾਮੀ ਭਰਕੇ ਇਕ ਦੂਜੇ ਤੋਂ ਵਖ ਹੋਏ। ਜਗਤ ਸਿੰਘ ਕਾਹਲੀ ਕਾਹਲੀ ਰੇਲਵੇ ਸਟੇਸ਼ਨ ਵੱਲ ਤੁਰ ਪਿਆ।

੨੨

ਸਰਲਾ ਵੇਖਦੀ, ਜਗਤ ਸਿੰਘ ਉਸ ਦੇ ਸਾਹਮਣੇ ਆ ਕੇ ਅੱਖ ਉੱਚੀ ਨਹੀਂ ਸੀ ਕਰਦਾ, ਉਸ ਦੀ ਹਰ ਇਕ ਹਰਕਤ—ਹਰ ਇਕ ਗੱਲ ਕੱਥ ਤੋਂ ਉਸ ਨੂੰ ਇਹੋ ਜਾਪਦਾ ਸੀ ਕਿ ਜਗਤ ਸਿੰਘ ਸੱਚ-ਮੁੱਚ ਕੋਈ ਦੇਵ-ਲੋਕ ਦਾ ਵਾਸੀ ਹੈ। ਹਰ ਸਮੇਂ ਉਹ ਇਹੋ ਗੱਲਾਂ ਕਰਦਾ ਸੀ ਕਿ ਸੰਸਾਰ ਮਿਥਿਆ ਹੈ, ਭਜਨ ਬੰਦਗੀ ਤੋਂ ਬਿਨਾ ਆਦਮੀ ਪਸ਼ੂ ਵਰਗਾ ਹੈ। ਸਾਖੀਆਂ ਸੁਣਾ ਸੁਣਾ ਕੇ, ਤੇ ਪ੍ਰਮਾਣ ਦੇ ਦੇ ਕੇ ਉਹ ਹਰ ਵੇਲੇ ਇਹੋ ਸਿੱਧ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਸੀ, ਕਿ ਮਾਇਆ ਤ੍ਰੈ ਕਾਲ ਅਸੱਤ ਹੈ।

ਇਕ ਸਰਲ ਹਿਰਦੇ ਵਾਲੀ ਲੜਕੀ—ਜਿਸ ਦਾ ਜੀਵਨ ਹੀ ਦੁੱਖਾਂ ਦੀ ਭੱਠੀ ਵਿਚ ਦੱਸਿਆ ਹੋਵੇ—ਇਹੋ ਜਿਹੇ ਅੰਮ੍ਰਿਤ ਬਚਨਾਂ ਤੋਂ ਉਹਨੂੰ ਕਿੰਨੀ ਤ੍ਰਿਪਤੀ ਹੁੰਦੀ ਹੋਵੇਗੀ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲੱਗ ਸਕਦਾ ਹੈ ਕਿ ਸਰਲਾ ਨੂੰ ਦੁਖਾਂ ਤੋਂ ਛੁਟਕਾਰਾ ਦਿਵਾਣ ਵਾਲੀ ਜਿਥੇ ਹੁਣ ਤੋਂ ਪਹਿਲਾਂ ਕੇਵਲ ਮੌਤ ਹੀ ਜਾਪਦੀ ਸੀ, ਉਥੇ ਹੁਣ ਉਹ ਜਗਤ ਸਿੰਘ ਨੂੰ ਸਮਝਣ ਲਗ ਪਈ।

ਰਾਤ ਦੇ ਨੌਂ ਕੁ ਵਜੇ ਦਾ ਵੇਲਾ ਸੀ, ਦੂਰ ਤੋੜੀ ਹਨੇਰਾ ਫੈਲਿਆ ਹੋਇਆ ਸੀ। ਸਰਲਾ ਆਪਣੇ ਮਕਾਨ ਵਿਚ ਇਕੱਲੀ ਸੀ। ਤਕੀਏ ਨਾਲ ਢੋਅ ਲਾਈ ਉਹ ਪਲੰਘ ਤੇ ਬੈਠੀ ਸੀ, ਪਰ ਦਿਲ ਉਸ ਦਾ ਮਾਨੋਂ ਸੀਨੇ ਵਿਚੋਂ ਨਿਕਲ ਕੇ ਕਿਸੇ ਦੀ ਢੂੰਡ ਤੇ ਚੜ੍ਹਿਆ ਹੋਇਆ ਸੀ—ਕਿਸੇ ਗੁਆਚੀ ਹੋਈ ਚੀਜ਼ ਨੂੰ ਲੱਭਣ ਲਈ।

ਉਸ ਨੇ ਜਿਸ ਦਿਨ ਦਾ ਅਖ਼ਬਾਰ ਨਿਧੜਕ ਵਿਚ ਪੜ੍ਹਿਆ ਹੈ ਕਿ ਅਖ਼ਬਾਰ ਦੇ ਮਾਲਕ ਨੇ ਆਪਣੇ ਇਕ ਨੌਕਰ ਨੂੰ ਗ਼ੱਦਾਰੀ, ਧਰਮ-ਬੇਮੁਖਤਾ ਤੇ ਅਕ੍ਰਿਤਘਣਤਾ ਬਦਲੇ ਕੰਮ ਤੋਂ ਹਟਾ ਦਿਤਾ ਹੈ, ਉਸ ਵੇਲੇ ਤੋਂ ਉਸ ਦੀ

ਤਬੀਅਤ ਬੇਚੈਨ ਹੋ ਰਹੀ ਹੈ। ਫਿਰ ਇਹ ਪੜ੍ਹ ਕੇ ਕਿ ਕੰਮ ਦੀ ਭਾਲ ਵਿਚ ਟੱਕਰਾਂ ਮਾਰਦਾ ਉਹ ਮੁਸਲਮਾਨਾਂ ਦੇ ਢਹੇ ਚੜ੍ਹ ਗਿਆ ਹੈ, ਉਹ ਹੋਰ ਵੀ ਘਾਬਰ ਗਈ।

ਇਤਨੀ ਕਾਇਰਤਾ? ਇਤਨੀ ਨਿਰਬਲਤਾ? ਤੇ ਉਹ ਵੀ ਕਿਸੇ ਹੋਰ ਦੀ ਨਹੀਂ, ਮਹੋਨ ਦੀ? ਕੀ ਇਹ ਸੰਭਵ ਹੋ ਸਕਦਾ ਹੈ? ਇਨ੍ਹਾਂ ਗੱਲਾਂ ਬਾਰੇ ਸੋਚਦਿਆਂ ਸੋਚਦਿਆਂ ਹੀ ਉਸ ਨੇ ਅੱਜ ਦੁਪਹਿਰਾਂ ਤੋਂ ਰਾਤ ਕਰ ਦਿੱਤੀ ਸੀ, ਪਰ ਉਸ ਦਾ ਦਿਲ ਅਜੇ ਵੀ ਯਕੀਨ ਕਰਨ ਨੂੰ ਤਿਆਰ ਨਹੀਂ ਸੀ ਹੋਇਆ।

ਅਖ਼ੀਰ ਉਹ ਇਸ ਸਿੱਟੇ ਤੇ ਪੁੱਜੀ ਕਿ ਪਤੀ ਪਾਸੋਂ ਇਸ ਬਾਰੇ ਪੁਛੇ, ਪਰ ਫਿਰ ਖ਼ਿਆਲ ਆਇਆ ਕਿ ਉਸ ਨੇ ਤਾਂ ਅੱਜ ਘਰ ਨਹੀਂ ਆਉਣਾ।

ਉਹ ਇਤਨੀ ਘਬਰਾ ਗਈ, ਇਤਨੀ ਅਧੀਰ ਹੋ ਗਈ ਕਿ ਉਸ ਲਈ ਬੈਠਣਾ ਔਖਾ ਹੋ ਗਿਆ। ਤਰ੍ਹਾਂ ਤਰ੍ਹਾਂ ਦੇ ਸ਼ੰਕਿਆਂ ਤੇ ਵਹਿਮਾਂ ਨੇ ਉਸ ਨੂੰ ਸ਼ੁਦੈਣ ਜਿਹੀ ਬਣਾ ਦਿੱਤਾ। ਉਹ ਉਠ ਕੇ ਕਮਰੇ ਵਿਚ ਟਹਿਲਣ ਲਗ ਪਈ।

ਇਸੇ ਵੇਲੇ ਉਸ ਨੂੰ ਕਿਸੇ ਦੇ ਪੌੜੀਆਂ ਚੜ੍ਹਨ ਦੀ ਆਵਾਜ਼ ਆਈ। ਸਹਿਜੇ ਸਹਿਜੇ ਪੈਰ ਰੱਖ ਕੇ ਚੜ੍ਹਨ ਦੀ ਤੋਰ ਨੂੰ ਪਛਾਣ ਕੇ ਉਸ ਨੂੰ ਸਮਝਣ ਵਿਚ ਢਿੱਲ ਨਾ ਲਗੀ ਕਿ ਇਹ ਜਗਤ ਸਿੰਘ ਹੈ। ਉਸ ਦੇ ਦਿਲ ਨੂੰ ਮਾੜਾ ਜਿਹਾ ਧੀਰਜ ਹੋਇਆ।

ਆਉਂਦਿਆਂ ਹੀ ਜਗਤ ਸਿੰਘ ਨੇ ਹੱਥ ਜੋੜ ਕੇ ਡਾਢੀ ਨਿੰਮ੍ਰਤਾ ਨਾਲ ਸਤਿ ਸ੍ਰੀ ਅਕਾਲ ਬੁਲਾਈ। ਸਰਲਾ ਨੇ ਵੀ ਇਸਦਾ ਉੱਤਰ ਪੂਰੇ ਸਤਿਕਾਰ ਨਾਲ ਦਿੱਤਾ ਤੇ ਸਿਰ ਦਾ ਕਪੜਾ ਠੀਕ ਕਰ ਕੇ ਚਿੰਤਨ ਹੋ ਬੈਠੀ।

"ਵਾਹਿਗੁਰੂ, ਵਾਹਿਗੁਰੂ, ਬਖ਼ਸ਼ ਲਈਂ" ਕਹਿੰਦਾ ਹੋਇਆ ਜਗਤ ਸਿੰਘ ਇਕ ਕੁਰਸੀ ਤੇ ਬੈਠ ਗਿਆ ਤੇ ਫਿਰ ਬੋਲਿਆ—"ਮੈਂ ਸਮਝਿਆਂ ਖ਼ੌਰੇ ਸੌਂ ਗਏ ਹੋਣਗੇ। ਫਿਰ ਖ਼ਿਆਲ ਆਇਆ, ਚਲੋ ਹੋ ਹੀ ਆਵਾਂ, ਨਾਲੇ ਕਹਿ ਆਵਾਂ ਬੂਹੇ ਬਾਹੇ ਚੰਗੀ ਤਰ੍ਹਾਂ ਬੰਦ ਕਰ ਲੈਣੇ, ਸਰਦਾਰ ਹੋਰਾਂ ਤੇ ਸ਼ੈਦ ਅੱਜ ਆਉਣਾ ਨਹੀਂ।"

ਸਰਲਾ ਬੋਲੀ—"ਸਵੇਰੇ ਜਾਂਦੇ ਹੋਏ ਕਹਿ ਗਏ ਸਨ ਅਖੇ ਰਾਤੀਂ ਸ਼ੈਦ ਗੁਜਰਾਂ ਵਾਲਿਓਂ ਨਾ ਮੁੜ ਸਕੀਏ।"

"ਗੁਜਰਾਂ ਵਾਲਿਓਂ ? ਜਗਤ ਸਿੰਘ ਨੇ ਹੈਰਾਨੀ ਵਾਲਾ ਮੂੰਹ ਬਣਾ ਕੇ ਕਿਹਾ—"ਉਹ ਗੁਜਰਾਂ ਵਾਲੇ ਤੇ ਨਹੀਂ ਗਏ—ਇਥੇ ਈ ਨੇ।"

"ਮੈਨੂੰ ਤੇ ਇਹੋ ਕਹਿ ਗਏ ਸਨ।"

"ਹੱਛਾ ਉਨ੍ਹਾਂ ਦੀਆਂ ਓਹੀ ਜਾਣਨ। ਵੱਡੇ ਆਦਮੀ ਹੋਏ, ਨਾਲੇ ਅਸੀਂ ਹੋਏ ਨੌਕਰ। ਸਾਡੀ ਕੀ ਤਾਕਤ ਏ ਅਲਫੋਂ ਬੇ ਆਖਣ ਦੀ। ਤੁਹਾਡੇ ਵੱਲ ਵੇਖ ਕੇ ਈ ਬੀਬੀ ਜੀ, ਦਿਲ ਕੁੜ੍ਹਦਾ ਏ, ਨਹੀਂ ਤੇ......।"

ਸਰਲਾ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਾ ਆਈ, ਉਸ ਨੇ ਪੁੱਛਿਆ—"ਕੀ ਗੱਲ ਏ ਭਰਾ ਜੀ, ਗੱਲ ਤੇ ਦੱਸੋ।"

ਗੱਲ ਬੀਬੀ ਜੀ ਕੀ ਦੱਸਾਂ, ਕੋਈ ਦੱਸਣ ਵਾਲੀ ਏ? ਜੇ ਤੁਹਾਡਾ ਖ਼ਿਆਲ ਨਾ ਹੁੰਦਾ ਤਾਂ ਮੈਂ ਇਕ ਮਿੰਟ ਲਈ ਵੀ ਇਹ ਨੌਕਰੀ ਨਾ ਕਰਦਾ, ਪਰ ਕੀ ਕਰਾਂ..."

"ਤਾਂ ਵੀ ਗੱਲ ਕੀ ਏ—ਦੱਸੋ ਤੇ ਸਹੀ।"

"ਬੀਬੀ ਜੀ ! ਛੋਟਾ ਮੂੰਹ ਤੇ ਵੱਡੀ ਗੱਲ ਏ, ਪਰ ਕਿੰਨਾ ਕੁ ਚਿਰ ਤੁਹਾਥੋਂ ਲੁਕੀਆਂ ਰਹਿਣਗੀਆਂ। ਮੇਰਾ ਨਾਂ ਨਾ ਲੈਣਾ ਕਿਸੇ ਅਗੇ, ਸਰਦਾਰ ਹੋਰੀਂ ਕਿਤੇ ਵੀ ਨਹੀਂ ਗਏ, ਕੋਠੀ ਨੇ।"

"ਕੋਠੀ ਵਿਚ ਨੇ?" ਸਰਲਾ ਨੇ ਤ੍ਰਭਕ ਕੇ ਪੁੱਛਿਆ—'ਤੇ ਰਾਤੀਂ ਵੀ ਉਥੇ ਈ ਰਹਿਣਗੇ?"

"ਬੀਬੀ ਜੀ ! ਤੁਸੀਂ ਬੜੇ ਭੋਲੇ ਓ ! ਉਹ ਜਿੰਨੀ ਵਾਰੀ ਵੀ ਤੁਹਾਨੂੰ ਹੋਰ ਹੋਰ ਗੱਲਾਂ ਦੱਸ ਕੇ ਘਰੋਂ ਬਾਹਰ ਰਹਿੰਦੇ ਨੇ, ਸਾਰੀਆਂ ਰਾਤਾਂ ਉਨ੍ਹਾਂ ਦੀਆਂ ਕੋਠੀ ਵਿਚ ਈ ਬੀਤਦੀਆਂ ਨੇ, ਮੇਰਾ ਨਾਂ ਨਾ ਲੈਣਾ ਕਿਤੇ ਵੇਖਣਾ।"

ਸਰਲਾ ਨੂੰ ਚੱਕਰ ਜਿਹਾ ਆਉਣ ਲਗਾ। ਉਸ ਨੇ ਫਿਰ ਪੁੱਛਿਆ—"ਤੇ ਉਥੇ ਕੀ......"

"ਕਰਨਾ ਕੀ ਨੇ, ਅਮੀਰ ਲੋਕਾਂ ਦੇ ਚੋਹਲ ਤੁਸੀਂ ਬੀਬੀ ਜੀ ਕੀ ਜਾਣੋਂ। ਉਸੇ ਗਲਜ਼ਾਰ ਕੋਲ ਰਹਿੰਦੇ ਨੇ ਜਿਹੜੀ ਪਿਛੇ ਜਿਹੇ ਕਲਕੱਤੇ ਚਲੀ ਗਈ ਸੀ, ਹੁਣ ਫੇਰ ਫ਼ਿਲਮ ਲਈ ਮੰਗਾ ਲਈ ਨੇ।"

"ਹੈਂ !" ਸਰਲਾ ਦਾ ਮੂੰਹ ਟੱਡਿਆ ਰਹਿ ਗਿਆ । ਭਾਵੇਂ ਉਹ ਜਾਣਦੀ ਸੀ ਕਿ ਉਸ ਦਾ ਪਤੀ ਬੇ-ਪਰਵਾਹ ਢੋਲਾ ਹੈ, ਪਰ ਓਸ ਨੂੰ ਸ਼ਰਾਬੀ ਤੋਂ ਵੱਧ ਉਹ ਕੁਝ ਨਹੀਂ ਸੀ ਖ਼ਿਆਲ ਕਰਦੀ । ਅੱਜ ਦੀਆਂ ਗੱਲਾਂ ਨੇ ਤਾਂ ਉਸਦੀ ਹੋਸ਼ ਹੀ ਗੁੰਮ ਕਰ ਦਿੱਤੀ । ਫਿਰ ਵੀ ਓਹ ਝੱਟਪੱਟ ਇਤਬਾਰ ਨਾ ਕਰ ਸਕੀ ।

ਜਗਤ ਸਿੰਘ ਨੇ ਉਸ ਦੇ ਭਾਵ ਨੂੰ ਸਮਝ ਕੇ ਕਿਹਾ—"ਜੇ ਤੁਹਾਨੂੰ ਨਹੀਂ ਯਕੀਨ, ਤਾਂ ਚਲੋ ਮੇਰੇ ਨਾਲ । ਟਾਂਗਾ ਹੇਠਾਂ ਖੜਾ ਏ, ਦਸਾਂ ਮਿੰਟਾਂ ਦਾ ਸਾਰਾ ਰਸਤਾ ਏ, ਆਪਣੀ ਅੱਖੀਂ ਵੇਖ ਲੈਣਾ ।"

ਇਹ ਕਹਿੰਦਾ ਹੋਇਆ ਉਹ ਉਠ ਕੇ ਖੜੋ ਗਿਆ, ਤੇ ਸਰਲਾ ਦੇ ਤੁਰਨ ਦੀ ਉਡੀਕ ਕਰਨ ਲੱਗਾ ।

ਸਰਲਾ ਦੇ ਦੁਖੀ ਦਿਲ ਉਤੇ ਇਸ ਨਵੀਂ ਸੱਟ ਨੇ ਐਸਾ ਅਸਰ ਕੀਤਾ ਕਿ ਕੁਝ ਚਿਰ ਲਈ ਉਸ ਦਾ ਦਿਮਾਗ਼ ਡੌਰ ਭੌਰ ਜਿਹਾ ਹੋ ਗਿਆ । ਉਹ ਉਸੇ ਤਰ੍ਹਾਂ ਉਠ ਕੇ ਉਸ ਦੇ ਮਗਰ ਹੋ ਤੁਰੀ ਤੇ ਹੇਠਾਂ ਜਾ ਕੇ ਟਾਂਗੇ ਦੀ ਪਿਛਲੀ ਸੀਟ ਤੇ ਬੈਠ ਗਈ। ਅਗਲੀ ਸੀਟ ਤੇ ਬੈਠ ਕੇ ਜਗਤ ਸਿੰਘ ਨੇ ਘੋੜੇ ਦੀਆਂ ਵਾਗਾਂ ਫੜ ਲਈਆਂ।

ਥੋੜ੍ਹੇ ਹੀ ਚਿਰ ਪਿਛੋਂ ਕੋਠੀ ਦੇ ਵੱਡੇ ਫਾਟਕ ਪਾਸ ਜਾ ਰੁਕਿਆ।

ਟਾਂਗੇ ਦੀਆਂ ਬੱਤੀਆਂ ਬੁਝਾ ਕੇ ਤੇ ਉਸ ਨੂੰ ਉਥੇ ਹੀ ਖੜਾ ਛੱਡ ਕੇ ਦੋਵੇਂ ਇਸ ਹਨੇਰੀ ਰਾਤ ਵੇਲੇ ਵੱਜੇ ਹੋਏ ਫਾਟਕ ਦੀ ਤਾਕੀ ਖੋਲ੍ਹ ਕੇ ਅੰਦਰ ਲੰਘ ਗਏ ।

ਹਾਲ ਕਮਰੇ ਦੇ ਤਿੰਨਾਂ ਬੂਹਿਆਂ ਵਿਚੋਂ ਵਿਚਕਾਰਲਾ ਖੁਲ੍ਹਾ ਸੀ, ਤੇ ਆਸੇ-ਪਾਸੇ ਦੇ ਬੰਦ ਸਨ । ਜਗਤ ਸਿੰਘ ਨੇ ਅਛੋਪਲੇ ਹੀ ਲੈ ਜਾ ਕੇ ਸਰਲਾ ਨੂੰ ਇਕ ਪਾਸੇ ਖੜਿਆਂ ਕਰ ਦਿੱਤਾ।

ਅੰਦਰੋਂ ਆ ਰਹੀਆਂ ਦੋਂਹ ਆਵਾਜ਼ਾਂ ਵਿਚੋਂ ਸਰਲਾ ਨੇ ਪਤੀ ਦੀ ਆਵਾਜ਼ ਝੱਟ ਪਛਾਣ ਲਈ । ਨਾਲ ਹੀ ਕਿਸੇ ਕਿਸੇ ਵੇਲੇ ਕੱਚ ਦੇ ਗਲਾਸ ਨਾਲ ਬੋਤਲ ਠਹਿਕਣ ਅਥਵਾ ਸੋਡੇ ਦੀ ਬੋਤਲ ਵਿਚ ਗੋਲੀ ਖੜਕਣ ਦੀ ਅਵਾਜ਼ ਵੀ ਉਸ ਨੂੰ ਸੁਣਾਈ ਦੇਂਦੀ ਸੀ।

ਸਰਲਾ ਨੇ ਸੁਣਿਆ, ਉਸ ਦਾ ਪਤੀ ਲੜਖੜਾਂਦੀ ਆਵਾਜ਼ ਵਿਚ ਕਿਸੇ ਨੂੰ ਕਹਿ ਰਿਹਾ ਸੀ—"ਮੇਰੀ...ਗੁਲਜ਼ਾਰ ਤੂੰ...ਗੁੱਸੇ ਹੋ ਕੇ ਕਿਉਂ...ਚਲੀ...ਗਈ ਸੈਂ ?...ਮੇਰਾ ਕੀ...ਕਸੂ...ਰ ਡਿੱਠਾ ਸੀ ?"

ਇਸ ਦੇ ਉੱਤਰ ਵਿਚ ਕਿਸੇ ਨੇ ਮਹੀਨ ਆਵਾਜ਼ ਵਿਚ ਕਿਹਾ—"ਮੈਂ ਤੇ ਸਰਦਾਰ ਜੀ, ਤੁਹਾਡੀ ਗੁਲਾਮ ਹੋਈ । ਪਰ ਮੈਨੂੰ ਜਦ ਪਤਾ ਲੱਗ ਗਿਆ ਕਿ ਤੁਸਾਂ ਵਿਆਹ ਕਰਾ ਲੈਣਾ ਏਂ, ਫੇਰ ਮੈਂ ਇਥੇ ਰਹਿ ਕੇ ਕੀ ਕਰਦੀ।"

"ਓ...ਹੋ...ਮੇਰੀ...ਜਾਨ..., ਜੇ ਤੂੰ...ਨਾ ਜਾਂ...ਦੀਓ...ਤੇ ਮੈਂ... ਵਿਆਹ...ਵਿ...ਵਿਆਹ ਦਾ ਨਾਂ ਈ ਨਹੀਂ...ਸੀ ਲੈਣਾ...।"

"ਪਰ ਹੁਣ ਤੁਹਾਨੂੰ ਮੇਰੀ ਕੀ ਲੋੜ ਏ—ਜਾ ਕੇ ਆਪਣੀ ਵਹੁਟੀ ਨਾਲ ਪਿਆਰ ਕਰੋ।

"ਵਹੁਟੀ ?....ਓ...ਹੋ ਮੇ...ਰੀ ਜਾਨ । ਉਸ...ਉਸ...ਹ...ਹਰਾਮਜ਼ਾਦੀ ਨੂੰ ਤੇ...ਮੈਂ...ਮੈਂ ਤੇਰੀ ਜੁੱਤੀ...ਬਰੋ...ਬਰ ਵੀ ਨਹੀਂ...ਸ...ਸਮਝਦਾ ।"

ਸਰਲਾ ਇਸ ਤੋਂ ਵੱਧ ਨਾ ਸੁਣ ਸਕੀ । ਉਸ ਨੂੰ ਜਾਪਿਆ ਜਿਵੇਂ ਬੇਹੋਸ਼ੀ ਹੋ ਰਹੀ ਹੋਵੇ।

ਕੋਲ ਖੜੇ ਜਗਤ ਸਿੰਘ ਨੂੰ ਉਸ ਨੇ ਮੁੜਨ ਦਾ ਇਸ਼ਾਰਾ ਕੀਤਾ ਤੇ ਪਿਛਾਂਹ ਪਰਤ ਕੇ ਬਰਾਂਡੇ ਤੋਂ ਹੇਠਾਂ ਉਤਰੀ ।

ਜਗਤ ਸਿੰਘ ਦੀ ਇਸ ਵੇਲੇ ਛਾਤੀ ਧਕ ਧਕ ਕਰ ਰਹੀ ਸੀ, ਤੇ ਕੁਝਕੁ ਮੁੜ੍ਹਕਾ ਵੀ ਆ ਰਿਹਾ ਸੀ ।

ਸੜਕ ਦੇ ਹਨੇਰੇ ਨੂੰ ਚੀਰਦਿਆਂ ਹੋਇਆਂ ਦੋ ਲਾਲਟੈਣਾਂ ਉੱਡਦੀਆਂ ਜਾ ਰਹੀਆਂ ਸਨ, ਤੇ ਇਨ੍ਹਾਂ ਨਾਲੋਂ ਵੀ ਬਹੁਤੀਆਂ ਤੇਜ਼ ਸਨ ਕਿਸੇ ਦੀਆਂ ਦੋ ਭਿਆਨਕ ਅੱਖਾਂ, ਜੋ ਕਿਸੇ ਕੋਮਲ ਸੀਨੇ ਦੀ ਕੰਧ ਨੂੰ ਪਾਰ ਕਰ ਕੇ ਤੇ ਉਸ ਦੇ ਅੰਦਰਲੇ ਹਨੇਰੇ ਵਿਚ ਖਿਲਰੇ ਪੁਲਰੇ ਹੋਏ ਖ਼ਿਆਲਾਂ ਤੇ ਫੜਫੜਾਉਂਦੇ ਹੋਏ ਦਿਲ ਵਿਚੋਂ ਕੋਈ ਆਪਣੇ ਮਤਲਬ ਦੀ ਚੀਜ਼ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਸਨ ।

ਸਰਲਾ ਘਰ ਪਹੁੰਚੀ। ਉਸਦੇ ਨਾਲ ਹੀ ਜਗਤ ਸਿੰਘ ਵੀ । ਪਤੀ ਤੋਂ ਉਹ ਹਮੇਸ਼ਾਂ ਹੀ ਉਪਰਾਮ ਰਹਿੰਦੀ ਸੀ—ਕਦੇ ਕਦੇ ਉਸ ਦੇ ਮੂੰਹੋਂ ਸ਼ਰਾਬ

ਦੀਆਂ ਲਪਟਾਂ ਆਉਣ ਕਰਕੇ ਤਾਂ ਉਹ ਉਸ ਨੂੰ ਘ੍ਰਿਣਾ ਵੀ ਕਰਦੀ ਸੀ, ਪਰ ਫਿਰ ਵੀ ਪਤੀ ਨਾਲ ਉਸ ਦੀ ਹਮਦਰਦੀ ਜ਼ਰੂਰ ਸੀ—ਉਹ ਉਸ ਨੂੰ ਸੁਖੀ ਬਨਾਣ ਲਈ ਆਪਣੀ ਅਸਫਲ ਵੀ ਲਗਭਗ ਜਾਰੀ ਰੱਖਦੀ ਸੀ। ਪਰ ਉਸ ਦਾ ਪਤੀ ਇਤਨਾ ਅੱਜਾਸ਼ ਹੈ, ਇਤਨਾ ਬਦਚਲਣ ਤੇ ਕਮੀਨਾ ਹੈ, ਇਸ ਗੱਲ ਦਾ ਉਸ ਨੂੰ ਅੱਜ ਪਹਿਲੀ ਵੇਰਾਂ ਪਤਾ ਲੱਗਾ । ਇਸ ਦੇ ਨਾਲ ਹੀ ਜਗਤ ਸਿੰਘ, ਜਿਹੜਾ ਪਹਿਲਾਂ ਹੀ ਉਸ ਦੀ ਸ਼ਰਧਾ ਭਗਤੀ ਦਾ ਪਾਤਰ ਬਣ ਚੁੱਕਾ ਸੀ, ਹੁਣ ਉਸ ਦੀਆਂ ਨਜ਼ਰਾਂ ਵਿਚ ਹੋਰ ਵੀ ਉੱਚਾ ਹੋ ਗਿਆ । ਜਗਤ ਸਿੰਘ ਦੇ ਉਪਕਾਰਾਂ ਬਦਲੇ ਸਰਲਾ ਦਾ ਵਾਲ ਵਾਲ ਉਸ ਦਾ ਕਰਜ਼ਾਈ ਸੀ।

ਰਾਤ ਦੇ ਦੱਸ ਵੱਜ ਚੁੱਕੇ ਸਨ ।

ਮਕਾਨ ਦੀ ਥੱਲਵੀਂ ਦਲ੍ਹੀਜ਼ ਲੰਘਦਿਆਂ ਜਗਤ ਸਿੰਘ ਦੇ ਦਿਲ ਦੀ ਧੜਕਣ ਹੋਰ ਵਧ ਗਈ । ਇਥੋਂ ਤੱਕ ਵਧ ਗਈ ਕਿ ਉਸ ਨੂੰ ਫ਼ਿਕਰ ਪੈ ਗਿਆ, ਜੁ ਮਤਾਂ ਸਰਲਾ ਉਸ ਦੇ ਮਨੋ-ਭਾਵਾਂ ਨੂੰ ਤਾੜ ਨਾ ਜਾਵੇ । ਉਸ ਨੇ ਪੌੜੀਆਂ ਚੜ੍ਹਨ ਦੀ ਢਿੱਲ ਵਿਚ ਹੀ ਇਹ ਬੇਕਲੀ ਨੂੰ ਦੂਰ ਕਰਨ ਦਾ ਕਿਸੇ ਹੱਦ ਤੱਕ ਜਤਨ ਕੀਤਾ ਤੇ ਰੁਮਾਲ ਕੱਢ ਕੇ ਮੱਥੇ ਦਾ ਮੁੜ੍ਹਕਾ ਪੂੰਝਿਆ।

ਪਰ ਉਸ ਦੀ ਕੋਈ ਵੀ ਕੋਸ਼ਿਸ਼ ਕਾਰਗਰ ਨਾ ਹੋ ਸਕੀ, ਸਗੋਂ ਇਹ ਹਾਲਤ ਅੱਗੇ ਨਾਲੋਂ ਵੀ ਦੂਣੀ ਚੌਣੀ ਹੋ ਗਈ । ਕਾਰਨ ? ਪੌੜੀਆਂ ਚੜ੍ਹਨ ਲੱਗਿਆਂ ਉਸ ਨੇ ਸਰਲਾ ਦਾ ਹੱਥ ਫੜ ਲਿਆ ਸੀ । ਬੈਠਕ ਵਿਚ ਪਹੁੰਚਦਿਆਂ ਪਹੁੰਚਦਿਆਂ ਉਸ ਨੂੰ ਆਪਣੇ ਅੰਦਰ ਪਾਗ਼ਲਪਨ ਜਿਹਾ ਆਉਂਦਾ ਜਾਪਣ ਲੱਗਾ। ਉਸ ਦੀਆਂ ਅੱਖਾਂ ਸ਼ਰਾਬੀ ਵਰਗੀਆਂ, ਚਿਹਰਾ ਜੰਨੂੰਨੀਆਂ ਵਰਗਾ, ਤੇ ਹੱਥ ਪੈਰ ਝੋਲੇ ਮਾਰਿਆਂ ਵਰਗੇ ਹੋ ਗਏ।

ਫਿਰ ਇਹ ਸੋਚ ਕੇ ਕਿ ਅਜੇ ਤਾਂ ਅਸਲੀ ਮੰਜ਼ਲ ਤੇ ਪਹੁੰਚਣ ਲਈ ਬਹੁਤ ਸਾਰੇ ਪੜਾਅ ਬਾਕੀ ਹਨ, ਉਸ ਨੇ ਇਕ ਵਾਰੀ ਫੇਰ ਸੰਭਲਣ ਦੀ ਕੋਸ਼ਿਸ਼ ਕੀਤੀ।

ਸਰਲਾ ਦਾ ਅਜੇ ਤੱਕ ਧਿਆਨ ਉਸ ਵੱਲ ਨਹੀਂ ਸੀ ਗਿਆ । ਉਹ ਆਪਣੇ ਖ਼ਿਆਲਾਂ ਵਿਚ ਏਨੀ ਗੁੰਮ ਸੀ ਕਿ ਉਸ ਨੂੰ ਚੇਤਾ ਹੀ ਭੁੱਲ ਗਿਆ ਕਿ ਉਸ ਦੇ ਨਾਲ ਕੋਈ ਹੋਰ ਵੀ ਹੈ । ਉਸ ਦੇ ਚਿਹਰੇ ਵਿਚ ਗੁੱਸੇ, ਗਿਲਾਨੀ ਤੇ ਪਛਤਾਵੇ ਦੇ ਝੱਖੜ ਉੱਠ ਉੱਠ ਕੇ ਉਸ ਦੇ ਹੋਸ਼ ਹਵਾਸ ਨੂੰ ਉਡਾਈ

ਜਾ ਰਹੇ ਸਨ । ਕੋਠੀ ਤੋਂ ਲੈ ਕੇ ਘਰ ਪਹੁੰਚਣ ਤੱਕ ਉਸ ਨੂੰ ਉੱਕਾ ਕੋਈ ਪਤਾ ਨਾ ਲੱਗਾ ਕਿ ਇਤਨੇ ਲੰਬੇ ਰਸਤੇ ਨੂੰ ਟਾਂਗੇ ਨੇ ਕਿਹੜੇ ਵੇਲੇ ਮੁਕਾ ਲਿਆ।

ਪੌੜੀਆਂ ਚੜ੍ਹਨ ਵੇਲੇ ਉਸ ਦਾ ਹੱਥ ਜਗਤ ਸਿੰਘ ਦੇ ਹੱਥ ਵਿਚ ਸੀ, ਇਸ ਗੱਲ ਦਾ ਵੀ ਉਸ ਨੂੰ ਕੋਈ ਪਤਾ ਨਹੀਂ—ਨਾ ਹੀ ਇਹ ਪਤਾ ਲੱਗਾ ਕਿ ਕਿਹੜੇ ਵੇਲੇ ਜਗਤ ਸਿੰਘ ਨੇ ਉਸ ਦਾ ਹੱਥ ਛੱਡ ਦਿੱਤਾ ਸੀਟ।

ਉਸ ਨੂੰ ਹੁਣ ਜਾ ਕੇ ਖ਼ਿਆਲ ਆਇਆ ਕਿ ਜਗਤ ਸਿੰਘ ਉਸ ਦੇ ਪਾਸ ਹੈ ।

ਸਰਲਾ ਨੇ ਜਗਤ ਸਿੰਘ ਦੇ ਚਿਹਰੇ ਵੱਲ ਤੱਕਿਆ ਤਾਂ ਇਕ ਦਮ ਡਰ ਗਈ । ਏਸੇ ਸਹਿਮ ਭਰੀ ਹਾਲਤ ਵਿਚ ਉਹ ਬਾਹਰ ਪਾਣੀ ਪੀਣ ਲਈ ਨਿਕਲੀ ।

ਉਸ ਦੇ ਬਾਹਰ ਨਿਕਲ ਜਾਣ ਨੇ ਜਗਤ ਸਿੰਘ ਨੂੰ ਇਕ ਵਾਰੀ ਫਿਰ ਸੰਭਲਣ ਤੇ ਸੋਚਣ ਸਮਝਣ ਦਾ ਮੌਕਾ ਦਿੱਤਾ । ਕਿਸੇ ਹੱਦ ਤੱਕ ਉਸ ਨੇ ਇਸ ਵਿਚ ਸਫਲਤਾ ਵੀ ਪ੍ਰਾਪਤ ਕਰ ਲਈ।

ਸਰਲਾ ਅੰਦਰ ਆਈ, ਉਸ ਨੂੰ ਵੇਖ ਕੇ ਜਗਤ ਸਿੰਘ ਤਾੜ ਗਿਆ ਕਿ ਸਰਲਾ ਉਸ ਵੱਲ ਤੱਕ ਕੇ ਡਰੀ ਸੀ । ਆਪਣੀ ਭੁੱਲ ਨੂੰ ਠੀਕ ਕਰਨ ਲਈ ਉਹ ਇਸ ਤਰ੍ਹਾਂ ਬੋਲਿਆ—"ਬੀਬੀ ਜੀ, ਜੇ ਮੈਨੂੰ ਤੁਹਾਡਾ ਖਿਆਲ ਨਾ ਹੁੰਦਾ, ਸਰਦਾਰ ਹੋਰਾਂ ਨੂੰ ਇਸ ਕਰਤੂਤ ਦਾ ਫਲ ਪਤਾ ਨਹੀਂ ਕੀ ਮਿਲਦਾ।"

ਸਰਲਾ ਦਾ ਡਰ ਦੂਰ ਗੋ ਗਿਆ । ਉਸ ਦੇ ਅੰਦਰ ਜਿਹੜਾ ਛੋਟਾ ਜਿਹਾ ਭਰਮ—ਇਸ ਡਰ ਨੂੰ ਪੈਦਾ ਕਰਨ ਵਾਲਾ ਪੈਦਾ ਹੋਇਆ ਸੀ, ਉਹ ਝੱਟ ਪੱਟ ਦੂਰ ਹੋ ਗਿਆ । ਉਹ ਸਮਝ ਗਈ ਕਿ ਜਗਤ ਸਿੰਘ ਦਾ ਇਹ ਭਿਆਨਕ ਰੂਪ ਕਿਸੇ ਹੋਰ ਕਾਰਨ ਕਰਕੇ ਨਹੀਂ ਸਗੋਂ ਉਸ ਪ੍ਰਤੀ ਹਮਦਰਦੀ ਤੇ ਉਸ ਦੇ ਪਤੀ ਬਾਰੇ ਕ੍ਰੋਧ ਕਰ ਕੇ ਹੀ ਹੈ ।

ਇਸ ਅੱਧੀ ਰਾਤ ਦੇ ਵੇਲੇ ਸਰਲਾ ਪਾਸ ਹੋਰ ਕੁਝ ਚਿਰ ਠਹਿਰਨ ਦਾ ਕੀ ਉਪਾਅ ਹੋ ਸਕਦਾ ਹੈ, ਇਸ ਗੱਲ ਨੂੰ ਸੋਚਦਾ ਹੋਇਆ ਜਗਤ ਸਿੰਘ ਖੜਾ ਖੜਾ ਕਹਿਣ ਲੱਗਾ—"ਬੀਬੀ ਜੀ, ਮੈਨੂੰ ਬੜਾ ਅਫਸੋਸ ਏ ਕਿ ਤੁਹਾਡੇ ਦਿਲ ਨੂੰ ਚੋਟ ਪਹੁੰਚਾਣ ਲਈ ਮੈਂ ਕਿਉਂ ਤੁਹਾਨੂੰ ਆ ਕੇ ਸਭ ਕੁਝ ਦੱਸਿਆ,

ਪਰ ਕੀ ਕਰਦਾ, ਅੱਖੀਂ ਵੇਖ ਕੇ ਤੇ ਮੱਖੀ ਨਹੀਂ ਨਾ ਨਿਗਲੀ ਜਾਂਦੀ । ਖ਼ੈਰ, ਜੋ ਹੋਈ ਸੋ ਹੋਈ, ਹੁਣ ਰਾਤ ਬਹੁਤ ਚਲੀ ਗਈ ਏ, ਤੁਸੀਂ ਆਰਾਮ ਕਰੋ, ਕਲ੍ਹ ਫੇਰ ਕਿਸੇ ਵੇਲੇ ਇਸ ਬਾਰੇ ਸੋਚਾਂਗੇ । ਪਰ ਵੇਖਣਾ ਕਿਤੇ ਨਾਂ ਨਾ ਲੈਣਾ ਉਨ੍ਹਾਂ ਅੱਗੇ । ਹਾਂ ਸੱਚ, ਬੂਹੇ ਸਾਰੇ ਚੰਗੀ ਤਰ੍ਹਾਂ ਅੰਦਰੋਂ ਬੰਦ ਕਰ ਲੈਣੇ, ਅੱਜ ਕਲ੍ਹ ਵਾਰਦਾਤਾਂ ਬਹੁਤ ਹੋਣ ਲੱਗ ਪਈਆਂ ਨੇ । ਪਰਸੋਂ ਰਾਤ ਦੀ ਗੱਲ ਤਾਂ ਤੁਸਾਂ ਸੁਣੀ ਹੋਵੇਗੀ । ਵਿਚਾਰੀ ਪੰਡਤ ਗਿਆਨ ਦੀ ਵਹੁਟੀ ਨੂੰ ਕਿਸੇ ਜ਼ਾਲਮ ਨੇ ਅੱਧੀ ਰਾਤੀਂ ਛੱਤ ਪਾੜ ਕੇ ਕਤਲ ਕਰ ਦਿੱਤਾ ਤੇ ਹਜ਼ਾਰਾਂ ਰੁਪਿਆਂ ਦਾ ਗਹਿਣਾ ਲੈ ਗਿਆ।"

ਸਰਲਾ ਕੁਝ ਤਾਂ ਪਹਿਲਾਂ ਹੀ ਘਬਰਾਈ ਤੇ ਡਰੀ ਹੋਈ ਸੀ, ਉੱਤੋਂ ਇਸ ਕਤਲ ਦੀ ਮਨ-ਘੜਤ ਗੱਲ ਨੇ ਉਸ ਨੂੰ ਹੋਰ ਵੀ ਡਰਾ ਦਿੱਤਾ।

ਜਗਤ ਸਿੰਘ ਇਤਨਾ ਕਹਿ ਕੇ ਤੁਰ ਪਿਆ । ਉਸ ਨੂੰ ਜਾਂਦਾ ਵੇਖ ਕੇ ਸਰਲਾ ਹੋਰ ਡਰੀ । ਹਿਚਕਿਚਾਂਦੀ ਹੋਈ ਬੋਲੀ "ਭਰਾ ਜੀ, ਮੈਨੂੰ ਬੜਾ ਡਰ ਪਿਆ ਲੱਗਦਾ ਏ।"

"ਡਰ ? ਡਰ ਕਿਸ ਗੱਲ ਦਾ ਬੀਬੀ ਜੀ ।" ਕਹਿੰਦਾ ਹੋਇਆ ਜਗਤ ਸਿੰਘ ਪਿਛਾਂਹ ਮੁੜਿਆ।

ਸਰਲਾ ਸੰਗਦੀ ਸੰਗਦੀ ਬੋਲੀ—"ਜੇ ਤੁਸੀਂ ਕੋਈ ਹਰਜ ਨਾ ਸਮਝੋ ਤਾਂ ਅੱਜ ਇਥੇ ਈ ਲੰਮੇ ਪੈ ਰਹੋ । ਨਾਲੇ ਕੋਈ ਵਾਰਤਾ ਸੁਣਾਓ, ਜਿਸ ਕਰਕੇ ਦਿਲ ਰਤਾ ਟਿਕਾਣੇ ਹੋਵੇ।"

ਜਗਤ ਸਿੰਘ ਲਾਪਰਵਾਹੀ ਦਾ ਭਾਵ ਦੱਸਦਾ ਹੋਇਆ ਬੋਲਿਆ—"ਚੰਗਾ, ਜੇ ਤੁਹਾਡੀ ਇਹੋ ਮਰਜ਼ੀ ਏ ਤਾਂ ਫਿਰ ਐਉਂ ਕਰੋ, ਤੁਸੀਂ ਅੰਦਰ ਸੌਂ ਜਾਓ ਤੇ ਮੈਂ ਬਾਹਰ ਬੂਹੇ ਅੱਗੇ ਭੁੰਜੇ ਵਿਛਾਈ ਕਰ ਕੇ ਲੰਮਾ ਪੈ ਰਹਾਂਗਾ।"

"ਨਹੀਂ ਭਰਾ ਜੀ, ਮੰਜਾ ਦੂਸਰਾ ਕਾਹਦੇ ਲਈ, ਏ, ਤੁਸੀਂ ਇਸੇ ਉੱਤੇ ਲੇਟੇ ਰਹੋ।"

"ਚੰਗਾ" ਕਹਿ ਕੇ ਜਗਤ ਸਿੰਘ ਦੂਸਰੇ ਮੰਜੇ ਤੇ ਜਾਕੇ ਬੈਠਦਾ ਹੋਇਆ ਬੋਲਿਆ—"ਬੀਬੀ ਜੀ, ਤੁਸੀਂ ਨਾਹੱਕ ਆਪਣੇ ਦਿਲ ਨੂੰ ਦੁੱਖੀ ਨਾ ਕਰੋ। ਜਿਹਾ ਕੋਈ ਕਰੇਗਾ ਤਿਹਾ ਭਰੇਗਾ । ਕਬੀਰ ਨੇ ਕਿਹਾ ਏ, 'ਕਬੀਰਾ ਤੇਰੀ ਝੌਂਪੜੀ ਗਲ ਕਟਿਆ ਕੇ ਪਾਸ । ਕਰਨਗੇ ਸੋ ਭਰਨਗੇ ਤੁਮ ਕਿਉਂ ਭਏ ਉਦਾਸ।' ਤੁਸੀਂ ਆਪਣੇ ਮਨ ਨੂੰ ਇਕਾਗਰ ਰੱਖੋ । ਪਾਠ ਨਿਤਨੇਮ ਤੇ ਭਜਨ ਅਭਿਆਸ ਵਿਚ ਬਿਰਤੀ ਲਾਓ । ਬੀਬੀ ਜੀ, ਇਸ ਸਵਾਰਥੀ ਸੰਸਾਰ ਵਿਚ ਕੌਣ ਕਿਸੇ ਦਾ ਪਤੀ ਤੇ ਕੌਣ ਕਿਸੇ ਦੀ ਇਸਤਰੀ ਏ । ਸਭ ਆਪੋ ਆਪਣੇ ਮਤਲਬ ਦੇ ਯਾਰ ਨੇ ।"

ਠੰਢਾ ਸਾਹ ਭਰ ਕੇ ਸਰਲਾ ਬੋਲੀ—"ਭਰਾ ਜੀ, ਸਭ ਕੁਝ ਸਮਝਨੀ ਆਂ, ਪਰ ਦਿਲ ਨਹੀਂ ਖਲੋਂਦਾ । ਪਾਠ ਵਿਚ ਵੀ ਜੀ ਨਹੀਂ ਲੱਗਦਾ, ਹਰ ਵੇਲੇ ਭੈੜੇ-ਭੈੜੇ ਖ਼ਿਆਲ ਆਉਂਦੇ ਰਹਿੰਦੇ ਨੇ । ਅੱਜ ਤੇ ਓੜਕ ਈ ਹੋ ਗਈ ਏ। ਇਹੋ ਦਿਲ ਕਰਦਾ ਏ ਕੁਝ ਖਾ ਕੇ......"

"ਵਾਹਿਗੁਰੂ, ਵਾਹਿਗੁਰੂ, ਇਹ ਕੀ ਕਹਿਣ ਡਹੇ ਹੋਏ ਓ ਬੀਬੀ ਜੀ ਸੁਖੀ ਸਾਂਦੀ । ਜਦ ਉਨ੍ਹਾਂ ਨੂੰ ਤੁਹਾਡੀ ਕੋਈ ਚਿੰਤਾ ਨਹੀਂ—ਤੁਹਾਡੇ ਨਾਲ ਰਤੀ ਵੀ ਪ੍ਰੇਮ ਨਹੀਂ, ਤੁਹਾਡੇ ਵਰਗੀ ਸੁੰਦਰ ਸੁਚੱਜੀ ਜ਼ਨਾਨੀ ਦੇ ਹੁੰਦਿਆਂ ਵੀ ਉਹ ਦੁਰਾਚਾਰ ਤੋਂ ਬਾਜ਼ ਨਹੀਂ ਆਉਂਦੇ, ਤਾਂ ਤੁਹਾਨੂੰ ਕੀ ਪਈ ਏ, ਜੁ ਐਵੇਂ ਆਪਣੀ ਜਾਨ ਕਲਪਾਓ । ਸਿਆਣਿਆਂ ਦਾ ਕਹਿਣਾ ਏ, ਅਖੇ 'ਆਪ ਕੋ ਨਾ ਚਾਹੇ ਤਾਂ ਕੇ ਬਾਪ ਕੋ ਨਾ ਚਾਹੀਏ।"

ਸਰਲਾ ਨੇ ਕੋਈ ਉੱਤਰ ਨਾ ਦਿੱਤਾ । ਜਗਤ ਸਿੰਘ ਨੇ ਵੇਖਿਆ, ਕਿ 'ਅਲ ਖ਼ਾਮੋਸ਼ੀ ਨੀਮ ਰਜ਼ਾ" ਵਾਲਾ ਮੰਤਰ ਫੁਰ ਗਿਆ ਹੈ । ਉਹ ਇਕ ਕਦਮ ਹੋਰ ਅੱਗੇ ਵਧਿਆ—"ਨਾਲੇ ਵੇਖੋ ਨਾ, ਪਹਿਲੇ ਤਾਂ ਮਾਪਿਆਂ ਨੇ ਤੁਹਾਡੇ ਉਤੇ ਅੱਤਿਆਚਾਰ ਕੀਤਾ, ਜੁ ਰੁਪਿਆਂ ਬਦਲੇ ਧੀ ਨੂੰ ਡੂੰਘੇ ਪਾਣੀਆਂ ਵਿਚ ਰੋੜ੍ਹ ਦਿੱਤਾ । ਜੇ ਹਾਣ ਪਰਵਾਣ ਵੇਖਕੇ ਕਰਦੇ ਤਾਂ ਜ਼ਿੰਦਗੀ ਦੇ ਚਾਰ ਦਿਨ ਸੁਖ ਸੁਆਦ ਦੇ ਕੱਟੇ ਜਾਂਦੇ। ਅਕਸਰ ਤੁਹਾਡੀ ਜਵਾਨੀ ਦੀ ਉਮਰ ਹੋਈ, ਇਹੋ ਉਮਰ ਹੁੰਦੀ ਏ ਸੁੱਖ ਮਾਨਣ ਦੀ, ਪਰ ਇਸੇ ਉਮਰੇ ਤੁਹਾਨੂੰ ਦੁੱਖਾਂ ਦੇ ਪਹਾੜ ਚੁੱਕਣੇ ਪੈ ਗਏ।"

ਜਦੋਂ ਜਗਤ ਸਿੰਘ ਇਹ ਛੇਕੜਲੀ ਗੱਲ ਕਰ ਰਿਹਾ ਸੀ ਤਾਂ ਸਰਲਾ ਨੇ ਉਸ ਦੇ ਮਨੋਭਾਵ ਬੁੱਝਣ ਲਈ ਇਕ ਵਾਰੀ ਡੂੰਘੀ ਨਜ਼ਰੇ ਉਸ ਦੇ ਚਿਹਰੇ ਵੱਲ ਤੱਕਿਆ । ਇਸ ਨਜ਼ਰ ਵਿਚੋਂ ਜਗਤ ਸਿੰਘ ਨੂੰ ਡਰ ਜਿਹਾ ਭਾਸਿਆ। ਚੋਰ ਦੇ ਪੈਰ ਨਹੀਂ ਹੁੰਦੇ । ਝਟ ਹੀ ਆਪਣੀ ਗੱਲ ਦਾ ਰੁੱਖ਼ ਪਲਟ ਕੇ ਉਹ ਆਖਣ ਲੱਗਾ—

“ਇਹੋ ਉਮਰ ਏ, ਜਦ ਆਦਮੀ ਆਪਣਾ ਪਰਲੋਕ ਸਵਾਰਨ ਲਈ ਧਰਮ ਕਰਮ ਵੱਲ ਪ੍ਰਵਿਰਤ ਹੋ ਸਕਦਾ ਏ । ਤੁਸੀਂ ਵੀ ਸੱਚੇ ਓ, ਤੁਹਾਡੀ ਬਿਰਤੀ ਟਿਕੇ ਕੀਕਣ । ਹਰ ਵੇਲੇ ਸੀਨੇ ਵਿਚ ਅੱਗ ਧੁਖਦੀ ਰਹਿੰਦੀ ਹੋਈ। ਪਰ ਬੀਬੀ ਜੀ, ਮਨੁੱਖ ਜਨਮ ਬਾਰ ਬਾਰ ਹੱਥ ਨਹੀਂ ਆਉਂਦਾ । 'ਮਾਨੁੱਖ ਜਨਮ ਦੁਰਲੱਭ ਹੈ ਹੋਤ ਨਾ ਬਾਰੰਬਾਰ' ਜਿਥੋਂ ਤੱਕ ਵੀ ਹੋ ਸਕੇ ਮਨ ਨੂੰ ਪੁਰਸ਼ਾਰਥ ਦੇ ਪਾਸੇ ਲਾਣਾ ਚਾਹੀਦਾ ਏ—ਇਹੋ ਈ ਦੁੱਖਾਂ ਦਾ ਦਾਰੂ ਏ।”

ਸ਼ਰਧਾ ਨਾਲ ਉਸ ਵੱਲ ਤੱਕ ਕੇ ਨਾਲ ਹੀ ਆਪਣੇ ਵਹਿਮੀ ਮਨ ਨੂੰ ਫਿਟ-ਕਾਰਦੀ ਹੋਈ ਸਰਲਾ ਜਗਤ ਸਿੰਘ ਅੱਗੇ ਥੋੜ੍ਹਾ ਜਿਹਾ ਸਿਰ ਨਿਵਾ ਕੇ ਬੋਲੀ—“ਤੁਹਾਡੇ ਵਰਗੇ ਗੁਰਮੁਖਾਂ ਦੀ ਕਿਰਪਾ ਨਾਲ ਭਾਵੇਂ ਕੁਝ ਬਣ ਜਾਵੇ। ਨਹੀਂ ਤਾਂ ਇਹ ਅਮੋੜ ਮਨ ਕਦੋਂ ਆਖੇ ਲੱਗਦਾ ਏ । ਹੁਣ ਤੇ ਤੁਹਾਡਾ ਈ ਆਸਰਾ ਪਰਨਾ ਏ।”

ਜਗਤ ਸਿੰਘ ਦਾ ਗਿਆ ਹੋਇਆ ਬਲ ਮੁੜਿਆ । ਇਕ ਵਾਰੀ ਫੇਰ ਆਪਣੇ ਅਸਲੀ ਨਿਸ਼ਾਨੇ ਵੱਲ ਆਉਣ ਲਈ ਉਹ ਬੋਲਿਆ—“ਬੀਬੀ ਜੀ, ਨਿਸਚਾ ਤੇ ਪ੍ਰੇਮ ਧਾਰ ਕੇ ਜੋ ਕੰਮ ਕੀਤਾ ਜਾਵੇ, ਸਿੱਧ ਹੁੰਦਾ ਏ । ਤੁਹਾਡਾ ਦਿਲ ਬੜਾ ਕਮਜ਼ੋਰ ਏ, ਇਹ ਮੈਂ ਜਾਣਨਾ ਵਾਂ, ਪਰ ਜੇ ਤੁਸੀਂ ਸਤਸੰਗ ਤੇ ਸਤਸੰਗੀਆਂ ਨਾਲ ਤਨੋ ਮਨੋ ਹੋ ਕੇ ਪ੍ਰੇਮ ਕਰੋਗੇ ਤਾਂ ਤੁਸੀਂ ਵੇਖੋਗੇ, ਕਿ ਦਿਨਾਂ ਵਿਚ ਹੀ ਤੁਹਾਡੀ ਕਾਂਇਆ ਪਲਟ ਜਾਵੇਗੀ।”

ਸਰਲਾ ਨੂੰ ਕੁਝ ਚਿਰ ਲਈ ਅੱਜ ਦੀ ਘਟਨਾ ਦਾ ਚੇਤਾ ਹੀ ਭੁੱਲ ਗਿਆ ਤੇ ਉਹ ਆਪਣੇ ਅੰਦਰ ਕੋਈ ਨਿਮ੍ਹਾ ਜਿਹਾ ਸੁੱਖ ਅਨੁਭਵ ਕਰਦੀ ਹੋਈ ਬੋਲੀ—“ਜੇ ਤੁਹਾਡੀ ਕ੍ਰਿਪਾ ਦਾ ਹੱਥ ਸਿਰ ਤੇ ਰਿਹਾ ਤਾਂ ਭਾਵੇਂ ਮੇਰੇ ਵਰਗੇ ਪੱਥਰ ਵੀ ਤਰ ਜਾਣ।”

“ਬੀਬੀ ਜੀ, ਤੁਸੀਂ ਬੜੇ ਬੁੱਧੀਵਾਨ ਹੋ । ਸਾਡੇ ਸੰਤਾਂ ਨੇ ਤਾਂ ਐਸੇ ਐਸੇ ਪਾਂਬਰਾਂ ਤੇ ਪਾਪੀਆਂ ਨੂੰ ਦੇਵਤੇ ਬਣਾ ਦਿੱਤਾ ਏ, ਜਿਨ੍ਹਾਂ ਦੇ ਸੁਧਾਰ ਦੀ ਸੱਤਾਂ ਜਨਮਾਂ ਵਿਚ ਵੀ ਆਸ ਨਹੀਂ ਸੀ । ਇਕ ਵਾਰੀ ਦਰਸ਼ਨ ਕੀਤਿਆਂ ਕਪਾਟ ਖੁੱਲ੍ਹ ਜਾਂਦੇ ਨੇ । ਪਰ ਉਨ੍ਹਾਂ ਦੇ ਦਰਸ਼ਨ ਕਿਸੇ ਭਾਗਾਂ ਵਾਲੇ ਨੂੰ ਈ ਪ੍ਰਾਪਤ ਹੋ ਸਕਦੇ ਨੇ । ਅਵਲ ਤਾਂ ਕਿਸੇ ਦੇ ਮੱਥੇ ਈ ਨਹੀਂ ਲੱਗਦੇ—ਹਰ ਵੇਲੇ ਸਮਾਧੀ ਵਿਚ ਜੁੜੇ ਰਹਿੰਦੇ ਨੇ, ਪਰ ਜੇ ਕਿਸੇ ਉਤੇ ਤੁਠ ਪੈਣ ਤਾਂ ਬੱਸ

ਨੌਂ ਨਿਧਾ ਤੇ ਅਠਾਰਾਂ ਸਿਧਾਂ । ਬੀਬੀ ਜੀ, ਬਾਰ੍ਹਾਂ ਵਰ੍ਹੇ ਇਕ ਲੱਤ ਪਰਨੇ ਹੋ ਕੇ ਤਪੱਸਿਆ ਕਰਨੀ ਉਨ੍ਹਾਂ ਦਾ ਈ ਕੰਮ ਸੀ । ਕਲਜੁਗ ਵਿਚ ਨਰਸਿੰਘ ਅਵਤਾਰ ਨੇ ਬੱਸ।”

ਇਨ੍ਹਾਂ ਬਚਨਾਂ ਨੇ ਹੌਲੀ ਹੌਲੀ ਸਰਲਾ ਉਤੇ ਪ੍ਰਭਾਵ ਸ਼ੁਰੂ ਕੀਤਾ ਤੇ ਅਖ਼ੀਰ ਉਹ ਬੇਹਬਲ ਹੋ ਕੇ ਬੋਲੀ—“ਮੇਰੇ ਵਰਗੀਆਂ ਨਿਕਰਮਣਾਂ ਦੇ ਏਡੇ ਭਾਗ ਕਿਥੇ। ਮੇਰੇ ਲਈ ਤੇ ਤੁਹਾਡੇ ਦਰਸ਼ਨ ਈ ਸੌ ਸੰਤਾਂ ਵਰਗੇ ਨੇ ।”

“ਮੈਂ ਤਾਂ ਮਹਾਂ ਪਾਪੀ, ਨਰਕੀ ਕੀੜਾ ਤੇ ਅਨਜਾਣ ਹਾਂ, ਸੰਤਾਂ ਦੇ ਕੁੱਤਿਆਂ ਦੀ ਵੀ ਬਰਾਬਰੀ ਨਹੀਂ ਕਰ ਸਕਦਾ । ਪਰ ਬੀਬੀ ਜੀ, ਮਹਾਰਾਜ ਨੇ ਲਿਖਿਆ ਏ, “ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ” ਜੇ ਤੁਹਾਡਾ ਪ੍ਰੇਮ ਸੱਚਾ ਤੇ ਅਟੁੱਟ ਹੋਇਆ ਤਾਂ ਅਵੱਸ਼ ਤੁਹਾਨੂੰ ਉਨ੍ਹਾਂ ਦੇ ਦਰਸ਼ਨ ਕਰਾ ਦਿਆਂਗਾ । ਪਰ ਇਕ ਗੱਲ ਏ, ਇਕ ਤੇ ਕਿਸੇ ਅੱਗੇ ਜ਼ਿਕਰ ਨਾ ਕਰਨਾ ਏਸ ਗੱਲ ਦਾ, ਤੇ ਦੂਜਾ ਸਾਡੇ ਸੰਤਾਂ ਦਾ ਬੜਾ ਸਖ਼ਤ ਹੁਕਮ ਏ ਕਿ ਕੁਸੰਗੀ ਤੋਂ ਜ਼ਰਾ ਬਚ ਕੇ ਰਹੋ । “ਸਾਕਤ ਸੰਗ ਨਾ ਕੀਜੀਏ ਦੂਰੋਂ ਜਾਈਏ ਭਾਗ । ਬਾਸਨ ਕਾਰੋ ਪਰਸੀਏ ਤੌਂ ਕਿਛ ਲਾਗੇ ਦਾਗ ।’ ਤੁਹਾਨੂੰ ਇਹ ਜਿਹੜਾ ਕੁਸੰਗੀ ਪਤੀ ਦਾ ਸੰਗ ਟੱਕਰਿਆ ਹੋਇਆ ਏ ਇਹੋ ਸਭ ਤੋਂ ਵੱਡੀ ਦੁਖਦਾਈ ਗੱਲ ਏ ।”

ਸਰਲਾ ਨੇ ਫੇਰ ਇਕ ਵਿਚਿਤ੍ਰ ਜਹੀ ਨਜ਼ਰ ਨਾਲ ਉਸ ਵੱਲ ਤੱਕਿਆ। ਇਸ ਨਜ਼ਰ ਵਿਚ ਹੈਰਾਨੀ ਭਰੀ ਪੁੱਛ ਤੇ ਸ਼ੰਕਾ ਭਰੀ ਛਾਣਬੀਣ ਲੁਕੀ ਹੋਈ ਸੀ।

ਜਗਤ ਸਿੰਘ ਫੇਰ ਸਹਿਮ ਗਿਆ, ਤੇ ਸਮੇਂ ਤੋਂ ਪਹਿਲਾਂ ਹੀ ਮੂੰਹੋਂ ਕੱਢ ਦਿੱਤੀ ਗੱਲ ਨੂੰ ਸੰਭਾਲਣ ਲਈ ਬੋਲਿਆ—“ਭਾਵੇਂ ਪਤੀ ਇਸਤਰੀ ਦਾ ਨਾਤਾ ਅਟੁੱਟ ਹੈ, ਪਰ ਸਤਸੰਗਤ ਇਸਤਰੀ ਦਾ ਫ਼ਰਜ਼ ਏ, ਕਿ ਉਹ ਆਪਣੇ ਕੁਸੰਗੀ ਪਤੀ ਦੇ ਅਸਰਾਂ ਤੋਂ ਬਚੀ ਰਹੇ—ਆਪਣੇ ਧਰਮ ਵਿਚ ਪੱਕੀ ਤੇ ਸੁਤੰਤਰ ਰਹੇ।”

ਇਸ ਤਰ੍ਹਾਂ ਇਕ ਮਗਰੋਂ ਦੂਜੀ ਤੇ ਦੂਜੀ ਮਗਰੋਂ ਤੀਜੀ, ਜਗਤ ਸਿੰਘ ਨੇ ਕਈ ਚੋਟਾਂ ਚਲਾਈਆਂ—ਸ਼ਤਰੰਜ ਦੀ ਬਾਜ਼ੀ ਦੇ ਕਈ ਪਾਸੇ ਪਲਟੇ। ਪਰ ਉਸ ਦੀਆਂ ਸਾਰੀਆਂ ਚਾਲਾਂ ਅਸਫਲ ਰਹੀਆਂ । ਜਿੰਨਾ ਚਿਰ ਤਾਂ ਤੋਂ ਉਹ ਸਤਸੰਗ, ਪ੍ਰਮਾਰਥ ਤੇ ਆਤਮਕ ਉਚਾਈਆਂ ਬਾਰੇ ਗੱਲਾਂ ਕਰਦਾ ਰਹਿੰਦਾ, ਸਰਲਾ

ਬੜੇ ਧਿਆਨ ਨਾਲ ਬੜੇ ਪ੍ਰੇਮ ਨਾਲ ਮਨ ਲਾ ਕੇ ਸੁਣਦੀ ਰਹੀ । ਪਰ ਜਦੋਂ ਹੀ ਸਰਲਾ ਦੀ ਪ੍ਰੇਮ ਬੇਹਬਲਤਾ ਨੂੰ ਹੱਥ ਤੋਂ ਅਗਾਂਹ ਵੱਧਦੀ ਵੇਖ ਕੇ ਜਗਤ ਸਿੰਘ ਰਤਾ ਕੁ ਆਪਣੀ ਵਾਸ਼ਨਾ ਦੀ ਕੰਨੀ ਉਠਾਂਦਾ ਕਿ ਸਰਲਾ ਦੀ ਚੁਕੰਨੀ ਨਜ਼ਰ ਝੱਟ ਹੀ ਉਸ ਦੇ ਚਿਹਰੇ ਤੇ ਜਾ ਪੈਂਦੀ ਜਿਹੜੀ ਜਗਤ ਸਿੰਘ ਦਾ ਸਾਹ ਸੱਤ ਮੁਕਾ ਦੇਂਦੀ।

ਅੰਤ ਹਾਰ ਕੇ ਜਗਤ ਸਿੰਘ ਨੇ ਤਸਵੀਰ ਦੇ ਇਸ ਦੂਜੇ ਪਾਸੇ ਨੂੰ ਕਿਸੇ ਹੋਰ ਵੇਲੇ ਲਈ ਰੱਖ ਛੱਡਿਆ, ਤੇ ਨਿਰੋਲ ਧਾਰਮਕ ਤੇ ਪ੍ਰਮਾਰਥਕ ਰਾਹ ਵੱਲ ਹੀ ਹੋ ਤੁਰਿਆ । ਇਸ ਕੰਮ ਵਿਚ ਉਹ ਇਤਨਾ ਸਫ਼ਲ ਹੋਇਆ—ਇਤਨਾ ਪ੍ਰਭਾਵਸ਼ਾਲੀ ਸਿੱਧ ਹੋਇਆ, ਕਿ ਸਰਲਾ ਦਾ ਦਿਲ—ਜਿਹੜਾ ਥੋੜ੍ਹਾ ਚਿਰ ਪਹਿਲਾਂ ਈਰਖਾ ਤੇ ਕ੍ਰੋਧ ਦੀ ਅੱਗ ਵਿਚ ਸੜ ਰਿਹਾ ਸੀ, ਆਤਮਕ ਰੱਸ ਦੇ ਸਮੁੰਦਰ ਵਿਚ ਤਾਰੀਆਂ ਲਾਉਣ ਲੱਗ ਪਿਆ । ਇਥੋਂ ਤੱਕ ਕਿ ਕਈ ਵਾਰੀ ਗੱਦਗੱਦ ਹੋ ਕੇ ਉਸ ਨੇ ਜਗਤ ਸਿੰਘ ਦੇ ਪੈਰ ਛੋਹੇ, ਕਈ ਵੇਰੀ ਨਮਸ਼ਕਾਰਾਂ ਕੀਤੀਆਂ, ਤੇ ਕਈ ਵੇਰੀ ਅੱਖਾਂ ਤੋਂ ਅੱਥਰੂ ਵਹਾਏ । ਇਸ ਨਰਮਾਈ ਤੋਂ ਲਾਭ ਉਠਾਉਣ ਲਈ ਨਰਮ ਹੋਈ ਹੋਈ ਸਲਾਖ ਨੂੰ ਜਗਤ ਸਿੰਘ ਨੇ ਪਾਪ ਦੇ ਸੱਚੇ ਵਿਚ ਢਾਲਣ ਦੀ ਫੇਰ ਵੀ ਇਕ ਅੱਧ ਵੇਰਾਂ ਸਲਾਹ ਕੀਤੀ, ਪਰ ਅਜਿਹਾ ਕਰ ਨਾ ਸਕਿਆ ਤੇ ਅੰਤ ਇਸ ਕੰਮ ਨੂੰ ਕਿਸੇ ਹੋਰ ਸਮੇਂ ਲਈ ਉਸ ਛੱਡ ਦਿੱਤਾ। ਉਹ ਜਾਣ ਚੁੱਕਾ ਸੀ ਕਿ ਇਸ ਸ਼ੇਰਨੀ ਦੇ ਮੂੰਹ ਵਿਚ ਹੱਥ ਪਾਉਣਾ ਇਤਨਾ ਸੁਖਾਲਾ ਨਹੀਂ ਜਿੰਨਾ ਉਸ ਦਾ ਖ਼ਿਆਲ ਸੀ।

ਰਾਤ ਦਾ ਬਾਕੀ ਹਿੱਸਾ ਇਸ ਤਰ੍ਹਾਂ ਦੇ ਵਾਰਤਾਲਾਪ ਕਰਦਿਆਂ ਬੀਤ ਗਿਆ, ਤੇ ਪ੍ਰਭਾਤ ਵੇਲੇ ਜਦ ਜਗਤ ਸਿੰਘ ਉਥੋਂ ਉੱਠ ਕੇ ਜਾਣ ਲੱਗਾ, ਤਾਂ ਸਰਲਾ ਨੇ ਉਸ ਦੇ ਪੈਰਾਂ ਤੇ ਮੱਥਾ ਰੱਖ ਕੇ ਨਮਸਕਾਰ ਕੀਤੀ।

੨੩

ਸਰਦਾਰ ਤਰਲੋਕ ਸਿੰਘ ਨੂੰ ਸਰਲਾ ਨਾਲ ਮੁਲਾਕਾਤ ਕੀਤਿਆਂ ਅੱਜ ਕਈ ਦਿਨ ਹੋ ਗਏ ਹਨ—ਮੁਲਾਕਾਤ ਕਰਨ ਦੀ ਨਾ ਤਾਂ ਉਸ ਨੂੰ ਵਿਹਲ ਮਿਲਦੀ ਹੈ, ਨਾ ਹੀ ਕਦੇ ਖ਼ਿਆਲ ਆਇਆ ਹੈ । ਜਗਤ ਸਿੰਘ ਦੀ ਵੀ ਤਾਂ ਇਹੋ ਚਿਤਾਵਣੀ ਸੀ।

ਅੱਜ ਉਸ ਨੂੰ ਅਚਾਨਕ ਹੀ ਸਰਲਾ ਦਾ ਖ਼ਿਆਲ ਆ ਗਿਆ । ਖ਼ਿਆਲ ਹੀ ਨਹੀਂ, ਸਗੋਂ ਉਸ ਨੂੰ ਮਿਲਣ ਲਈ ਜੀ ਵੀ ਕਰ ਆਇਆ । 'ਹੋ ਸਕਦਾ ਹੈ ਇਤਨੇ ਦਿਨਾਂ ਦੇ ਮੇਰੇ ਅਸਹਿ ਯੋਗ ਨੇ ਉਸ ਦੇ ਦਿਲ ਤੇ ਕੁਝ ਅਸਰ ਕੀਤਾ ਹੋਵੇ', ਇਹ ਸੋਚ ਕੇ ਉਸ ਨੌਕਰ ਬੁੱਧੂ ਨੂੰ ਕਿਹਾ—"ਜਾਹ ਨਾਲ ਦੇ ਕਮਰੇ 'ਚੋਂ ਸਰਲਾ ਨੂੰ ਸੱਦ ਲਿਆ, ਨਾਲ ਕਹੁ ਸੂ, ਇਕ ਗਲਾਸ ਪਾਣੀ ਲਿਆਵੇ।"

ਸਰਲਾ ਇਸ ਵੇਲੇ ਆਪਣੇ ਕਮਰੇ ਵਿਚ ਬੈਠੀ ਕਾਲੀ ਦਾਸ ਦਾ 'ਮੇਘਦੂਤ' ਪੜ੍ਹ ਰਹੀ ਸੀ । ਇਸ ਦੇ ਮੁੱਕਣ ਵਿਚ ਇਕ ਪੈਰਾ ਹੀ ਬਾਕੀ ਸੀ ਕਿ ਨੌਕਰ ਨੇ ਆ ਕੇ ਉਸ ਨੂੰ ਮਾਲਕ ਦਾ ਸੁਨੇਹਾ ਸੁਣਾਇਆ।

ਭਾਵੇਂ ਉਹ ਝੱਟਪੱਟ ਉੱਠ ਖਲੋਣਾ ਚਾਹੁੰਦੀ ਸੀ, ਪਰ ਇਸ ਵੇਲੇ ਜੋ ਕੁਝ ਉਹ ਪੜ੍ਹ ਰਹੀ ਸੀ ਉਸ ਉੱਤੇ ਕੁਝ ਅਜਿਹਾ ਅਸਰ ਕੀਤਾ ਕਿ ਉਹ ਪੈਰਾ ਮੁਕਾਣ ਤੋਂ ਪਹਿਲਾਂ ਉੱਠ ਨਾ ਸੱਕੀ।

ਉਧਰ ਸਰਦਾਰ, ਸਰਲਾ ਦੀ ਉਡੀਕ ਵਿਚ ਬੈਠਾ ਸੋਚ ਰਿਹਾ ਸੀ ਕਿ ਜੇ ਅਜੇ ਵੀ ਉਸ ਦੇ ਸੁਭਾਅ ਵਿਚ ਕੋਈ ਫ਼ਰਕ ਨਾ ਦਿੱਸਿਆ ਤਾਂ ਫੇਰ ਉਸ ਨਾਲ ਕੀ ਸਲੂਕ ਕਰਨਾ ਹੋਵੇਗਾ।

ਇਸ ਵੇਲੇ ਨੌਕਰ ਨੇ ਸਰਦਾਰ ਨੂੰ ਆ ਕੇ ਕਿਹਾ, ਕਿ ਇਕ ਗੱਭਰੂ ਕਹਿੰਦਾ ਹੈ ਮੈਂ ਫ਼ਿਲਮ ਲਈ ਇਕ ਕਹਾਣੀ ਲਿਖ ਕੇ ਲਿਆਇਆ ਹਾਂ।

ਹੋਰ ਕੋਈ ਕੰਮ ਹੁੰਦਾ ਤਾਂ ਸਰਦਾਰ ਹੋਰੀਂ ਆਉਣ ਵਾਲੇ ਨੂੰ ਮੋੜ ਹੀ ਦੇਂਦੇ, ਪਰ ਇਹ ਚੀਜ਼ ਸ਼ਾਇਦ ਉਨ੍ਹਾਂ ਦੇ ਕੰਮ ਦੀ ਨਿਕਲ ਆਵੇ, ਇਸ ਖ਼ਿਆਲ ਨਾਲ ਉਨ੍ਹਾਂ ਉਸ ਨੂੰ ਆਉਣ ਦੀ ਆਗਿਆ ਦਿੱਤੀ । ਨਾਲੇ ਉਨ੍ਹਾਂ ਇਹ ਵੀ ਸੋਚਿਆ ਕਿ ਸਰਲਾ ਕਹਾਣੀਆਂ ਆਦਿ ਦੀ ਚੰਗੀ ਪਾਰਖੂ ਹੈ । ਉਹ ਵੀ ਸੁਣ ਲਵੇਗੀ ਤੇ ਇਸ ਤਰ੍ਹਾਂ ਉਸ ਨਾਲ ਗੱਲ ਕੱਥ ਵਧੇਰੇ ਸਹੂਲਤ ਨਾਲ ਕੀਤੀ ਜਾ ਸਕੇਗੀ ।

ਓਧਰ ਸਰਲਾ ਕਿਤਾਬ ਹੱਥੋਂ ਰੱਖ ਕੇ ਉੱਠੀ, ਪਾਣੀ ਦਾ ਗਿਲਾਸ ਭਰਿਆ ਤੇ ਪਤੀ ਦੇ ਕਮਰੇ ਵੱਲ ਤੁਰ ਪਈ । ਉਹ ਅਜੇ ਕਮਰੇ ਦੇ ਬੂਹੇ ਪਾਸ ਹੀ ਪੁੱਜੀ ਸੀ, ਕਿ ਸਾਹਮਣਿਓਂ ਉਸ ਨੂੰ ਇਕ ਬੀਮਾਰ ਜਿਹਾ ਨੌਜਵਾਨ, ਹੱਥ ਵਿਚ ਕਾਪੀ ਫੜੀ ਆਉਂਦਾ ਦਿੱਸਿਆ ।

ਬਿਜਲੀ ਦਾ ਕਰੰਟ ਛੂਹ ਜਾਣ ਨਾਲ ਜਿਸ ਤਰ੍ਹਾਂ ਆਦਮੀ ਧੜਾਕਾ ਖਾ ਕੇ ਪਿਛਾਂਹ ਜਾ ਪੈਂਦਾ ਹੈ, ਇਹੋ ਹਾਲ ਸਰਲਾ ਦਾ ਹੋਇਆ । ਉਸ ਦੇ ਮੂਹੋਂ ਚੀਕ ਵਰਗੀ ਇਕ ਅਵਾਜ਼ ਨਿਕਲੀ—"ਮੋਹ......"ਗਲਾਸ ਉਸ ਦੇ ਹੱਥੋਂ ਡਿੱਗਦਾ-ਡਿੱਗਦਾ ਬਚਿਆ । ਪਲ ਦੀ ਪਲ ਲਈ ਉਹ ਸਮਝ ਨਾ ਸਕੀ ਕਿ ਉਹ ਕਿੱਥੇ ਹੈ, ਕੀ ਕਰ ਰਹੀ ਹੈ ਤੇ ਕੀ ਵੇਖ ਰਹੀ ਹੈ ।

ਆਉਣ ਵਾਲਾ ਛੇਕੜਲੀ ਪੌੜੀ ਚੜ੍ਹ ਕੇ ਅੰਦਰ ਲੰਘਿਆ ਤੇ ਸੋਚ ਰਿਹਾ ਸੀ ਕਿ ਇਡੇ ਵੱਡੇ ਸਰਦਾਰ ਦੇ ਸਾਹਮਣੇ ਇਨ੍ਹਾਂ ਖੁੱਥੜ ਬੂਟਾਂ ਨੂੰ ਘਸੀਟਦਾ ਤੇ ਪਾਟੇ ਕੱਪੜਿਆਂ ਨੂੰ ਲਮਕਾਂਦਾ ਕੀਕਣ ਜਾਵਾਂਗਾ, ਕਿ ਅਚਾਨਕ ਹੀ ਸਾਹਮਣਿਓਂ ਇਕ ਚਿੱਟੇ ਚੂੜੇ ਤੇ ਨੀਲੀ ਸਾੜੀ ਵਾਲੀ ਮੁਟਿਆਰ ਹੱਥ ਵਿਚ ਪਾਣੀ ਦਾ ਗਲਾਸ ਲਈ ਆਉਂਦੀ ਉਸ ਨੂੰ ਦਿੱਸੀ । ਇਹ ਵੇਖ ਕੇ ਮਾਨੋ ਉਸ ਦੇ ਸੀਨੇ ਵਿਚ ਕੋਈ ਬੰਬ ਦਾ ਗੋਲਾ ਪਾਟ ਗਿਆ । ਉਸੁ ਦੇ ਮੂੰਹੋਂ ਨਿਕਲ ਗਿਆ—"ਸਰ... " ਤੇ ਉਸ ਨੇ ਬੁੱਲ੍ਹ ਮੀਟ ਲਏ ।

ਕਾਪੀ ਉਸ ਦੇ ਹੱਥੋਂ ਡਿੱਗਦੀ-ਡਿੱਗਦੀ ਬਚੀ । ਉਹ ਸੰਭਲ ਗਿਆ।

ਗਲਾਸ ਡਿੱਗਣ ਦਾ ਖੜਾਕ ਸੁਣ ਕੇ ਸਰਦਾਰ ਤਰਲੋਕ ਸਿੰਘ ਕੁਰਸੀ ਤੋਂ ਉੱਠ ਕੇ ਬਾਹਰ ਆਉਣ ਲੱਗਾ, ਪਰ ਇਸ ਤੋਂ ਪਹਿਲਾਂ ਸਰਲਾ ਅੰਦਰ ਆ ਗਈ ਤੇ ਉਸ ਪਿਛੋਂ ਕਹਾਣੀ ਵਾਲਾ ਗੱਭਰੂ ਵੀ ।

ਸਰਲਾ, ਪੁਤਲੀ ਵਾਂਗ ਕੁਰਸੀ ਤੇ ਬੈਠ ਗਈ । ਉਸ ਦੇ ਮੱਥੇ ਤੇ ਤ੍ਰੇਲੀਆਂ ਆ ਰਹੀਆਂ ਸਨ ਤੇ ਸਾਹ ਉਸ ਦਾ ਤੇਜ਼ ਹੁੰਦਾ ਜਾਂਦਾ ਸੀ । ਪਰ ਸਰਦਾਰ ਨੇ ਉਸ ਵੱਲ ਧਿਆਨ ਨਾ ਕੀਤਾ । ਉਹ ਆਏ ਗੱਭਰੂ ਵੱਲ ਤੱਕ ਕੇ ਬੋਲਿਆ—"ਆਓ ਬੈਠ ਜਾਓ, ਤੁਸਾਂ ਆਪ ਲਿਖੀ ਏ ਕਹਾਣੀ ?"

ਮੋਹਨ ਡੌਰ ਭੌਰਾ ਹੋਇਆ ਸਰਦਾਰ ਦੇ ਸੱਜੇ ਹੱਥ ਵਾਲੀ ਕੁਰਸੀ ਤੇ ਬੈਠ ਗਿਆ । ਉਸ ਦੇ ਸਾਹਮਣੇ ਵਾਲੀ ਕੁਰਸੀ ਤੇ ਸਰਲਾ ਬੈਠੀ ਸੀ । ਸਤਿ ਸ੍ਰੀ ਅਕਾਲ ਬੁਲਾਉਣ ਜਾਂ ਆਪਣਾ ਮਨੋਰਥ ਪ੍ਰਗਟ ਕਰਨ ਦਾ ਉਸ ਨੂੰ ਚੇਤਾ ਹੀ ਨਾ ਰਿਹਾ ।

ਸਰਦਾਰ ਦੀ ਗੱਲ ਸੁਣ ਕੇ ਉਸ ਨੂੰ ਆਪਣੇ ਫ਼ਰਜ਼ ਦਾ ਖ਼ਿਆਲ ਆਇਆ ਤੇ ਇਸ ਨੂੰ ਯਥਾ ਸ਼ਕਤ ਪੂਰਿਆਂ ਕਰਦਾ ਹੋਇਆ ਬੋਲਿਆ—"ਮੈਨੂੰ ਬੜੇ ਚਿਰਾਂ ਤੋਂ ਦਰਸ਼ਨ ਕਰਨ ਦੀ ਚਾਹ ਸੀ । ਫ਼ਿਲਮ ਸਟੋਰੀ......ਫ਼ਿਲਮ ਸਟੋਰੀ ਮੈਂ ਈਂ ਲਿਖੀ ਏ......ਕਈ ਮਹੀਨਿਆਂ ਤੋਂ ਲਿਖਣੀ ਸ਼ੁਰੂ ਕੀਤੀ ਹੋਈ ਸੀ । ਤੁਹਾਡੇ ਡਾਇਰੈਕਟਰ ਸਾਹਿਬ ਦੀ ਇਕ ਚਿੱਠੀ ਵੀ ਮੈਨੂੰ......"

ਗੱਲ ਕਰੰਦਿਆਂ-ਕਰਦਿਆਂ ਮੋਹਨ ਨੇ ਇਕ ਵਾਰੀ ਉਤਾਂਹ ਤੱਕਿਆ । ਸਾਹਮਣੀ ਕੁਰਸੀ ਤੇ ਨਜ਼ਰ ਪੈਂਦਿਆਂ ਹੀ ਗੱਲ ਉਸ ਦੀ ਅੱਧਵਾਟੇ ਰੁਕ ਗਈ । ਉਸ ਨੂੰ ਚੇਤਾ ਹੀ ਭੁੱਲ ਗਿਆ ਕਿ ਉਹ ਕੀ ਗੱਲ ਕਰ ਰਿਹਾ ਸੀ । ਆਪਣੀ ਇਸ ਭਾਵ ਭੰਗੀ ਦਾ ਅਨੁਭਵ ਕਰ ਕੇ ਉਸ ਨੂੰ ਘਬਰਾਹਟ ਹੋਣ ਲੱਗੀ ।

ਸਰਲਾ ਉਂਗਲ ਨਾਲ ਮੇਜ਼ ਦੇ ਕੱਪੜੇ ਨੂੰ ਖਰੋਚਦੀ ਹੋਈ ਸਾਰਾ ਜ਼ੋਰ ਇਸ ਗੱਲ ਤੇ ਲਾ ਰਹੀ ਸੀ ਕਿ ਉਹ ਮੋਹਨ ਦੀਆਂ ਗੱਲਾਂ ਨੂੰ ਸਮਝ ਸਕੇ, ਪਰ ਉਸ ਦੇ ਦਿਮਾਗ਼ ਵਿਚ ਕੋਈ ਇਹੋ ਜਹੀ ਚੀਜ਼ ਭਰਦੀ ਜਾਂਦੀ ਸੀ, ਜਿਸ ਦੇ ਜ਼ੋਰ ਨਾਲ ਉਸ ਦਾ ਸਿਰ ਗੁਬਾਰੇ ਵਾਂਗ ਉਤਾਂਹ ਹੀ ਉਤਾਂਹ ਉੱਡਦਾ ਜਾਂਦਾ ਉਸ ਨੂੰ ਜਾਪਦਾ ਸੀ ।

ਸਰਦਾਰ ਹੋਰਾਂ ਮੋਹਨ ਨੂੰ ਕਿਹਾ—"ਕਿਹੜੇ ਡਾਇਰੈਕਟਰ ਨੇ ਤੁਹਾਨੂੰ ਲਿਖਿਆ ਸੀ—ਟੇਕ ਚੰਦ ਨੇ ?"

"ਮੈਂ ਉਸ ਨੂੰ ਹਟਾ ਦਿੱਤਾ ਏ । ਖ਼ੈਰ, ਕੰਮ ਕੀ ਕਰਦੇ ਹੁੰਦੇ ਓ ਤੁਸੀਂ ?"

ਸਰਦਾਰ ਤਰਲੋਕ ਸਿੰਘ ਦੇ ਇਸ ਪ੍ਰਸ਼ਨ ਨੂੰ ਸੁਣ ਕੇ ਮੋਹਨ ਜ਼ਰਾ ਸੰਭਲ ਕੇ ਬੈਠ ਗਿਆ । ਰੁਮਾਲ ਨਾਲ ਮੱਥੇ ਦਾ ਮੁੜ੍ਹਕਾ ਪੂੰਝਦਾ ਹੋਇਆ ਬੋਲਿਆ—

"ਮੈਂ ਜੀ, ਮੈਂ ਅੱਜ ਕੱਲ੍ਹ ਤੇ ਵਿਹਲਾ ਈ ਆਂ । ਪਹਿਲਾਂ ਇਕ ਅਖ਼ਬਾਰ ਦੇ ਦਫ਼ਤਰ ਵਿਚ ਕੰਮ ਕਰਦਾ ਸਾਂ ।"

"ਤੇ ਕਹਿੰਦੇ ਰਹਿੰਦੇ ਕਿੱਥੇ ਓ ?"

"ਜੀ ਮੈਂ ਰਾਮ ਗਲੀ ਵਿਚ ਲਾਲਾ ਦੁਨੀ ਚੰਦ ਦੀ ਹਵੇਲੀ ਵਿਚ।"

ਮੋਹਨ ਦੇ ਇਸ ਵਾਕ ਨੇ ਸਰਲਾ ਨੂੰ ਵੀ ਕੁਝ ਚੇਤੰਨ ਕਰ ਦਿੱਤਾ। ਇਸ ਤੋਂ ਅੱਗੇ ਇਹ ਕੀ ਕਹੇਗਾ, ਇਸ ਉਡੀਕ ਵਿਚ ਉਸ ਨੇ ਇਕ ਵਾਰੀ ਫੇਰ ਮੋਹਨ ਵੱਲ ਤੱਕਿਆ, ਪਰ ਉਸ ਨਾਲ ਅੱਖਾਂ ਮਿਲਦਿਆਂ ਹੀ ਫੇਰ ਪਤਾ ਨਹੀਂ ਉਸ ਨੂੰ ਕੀ ਹੋ ਗਿਆ, ਜੁ ਮੱਥੇ ਦੀਆਂ ਨਾੜਾਂ ਫਰਕਣ ਲੱਗੀਆਂ ।

"ਹੱਛਾ" ਉਸ ਦੀ ਕਾਪੀ ਫੜ ਕੇ ਫੋਲਦਿਆਂ ਤਰਲੋਕ ਸਿੰਘ ਨੇ ਪੁੱਛਿਆ— "ਤੁਹਾਡੀ ਕਹਾਣੀ ਦਾ ਨਾਂ ਕੀ ਏ ? (ਟਾਈਟਲ ਪੜ ਕੇ) ਵੱਫਾ ਦੀ ਪੁਤਲੀ ?"

"ਵਫ਼ੱਾ ਦੀ ਪੁਤਲੀ ? ਕੌਣ ਦੀ ਪੁਤਲੀ ?"

ਸੁਣ ਕੇ ਸਰਲਾ ਦੇ ਅੰਦਰੋਂ ਅਚਿੰਤੇ ਹੀ ਇਹ ਪ੍ਰਸ਼ਨ ਉੱਠਿਆ ।

"ਜੀ ਹਾਂ, ਇਹੋ ਨਾਂ ਮੈਨੂੰ ਚੰਗਾ ਲੱਗਾ ਸੀ" ਕਹਿ ਕੇ ਮੋਹਨ ਨੇ ਇਕ ਵਾਰੀ ਲੁੱਕਵੀ ਨਜ਼ਰ ਸਾਹਮਣੀ ਕੰਧ ਵੱਲ ਤੱਕਿਆ, ਪਰ ਉਸ ਦੀ ਨਜ਼ਰ ਕੰਧ ਤੱਕ ਪਹੁੰਚਣ ਤੋਂ ਪਹਿਲਾਂ ਰਾਹ ਵਿਚ ਹੀ ਕਿਸੇ ਹੋਰ ਚੀਜ਼ ਨਾਲ ਟਕਰਾਈ।

"ਚੰਗਾ, ਇਸ ਦਾ ਥੋੜ੍ਹਾ ਜਿੰਨਾ ਹਿੱਸਾ ਪੜ੍ਹ ਕੇ ਸੁਣਾਓ" ਕਹਿ ਕੇ ਸਰਦਾਰ ਨੇ ਸਰਲਾ ਵੱਲ ਤੱਕਿਆ । ਸਰਲਾ ਦੇ ਚਿਹਰੇ ਤੇ ਇਸ ਵੇਲੇ ਓਹੀ ਭਾਵ ਸਨ, ਜਿਹੜੇ ਦਰਿਆ ਵਿਚ ਡੁੱਬ ਰਹੇ ਅਜਿਹੇ ਮਨੁੱਖ ਦੇ ਹੁੰਦੇ ਹਨ, ਜਿਸ ਦੀ ਇਕ ਬਾਂਹ ਨੂੰ ਮਗਰਮੱਛ ਫੜ ਕੇ ਖਿੱਚੀ ਜਾ ਰਿਹਾ ਹੋਵੇ ਤੇ ਦੂਜਾ ਹੱਥ ਉਸ ਦਾ ਕੰਢੇ ਨੂੰ ਪੈ ਗਿਆ ਹੋਵੇ ।

"ਕਿਉਂ ਸਰਲਾ, ਤਬੀਅਤ ਠੀਕ ਨਹੀਂ ?" ਕਹਿੰਦਿਆਂ ਹੋਇਆ ਸਰਦਾਰ ਨੇ ਉਸ ਵੱਲ ਜ਼ਰਾ ਹੋਰ ਧਿਆਨ ਨਾਲ ਤੱਕਣਾ ਸ਼ੁਰੂ ਕੀਤਾ ।

ਇਸ ਧਿਆਨ ਤੱਕਣ ਵਿਚ ਭਾਵੇ ਕੁਝ ਵਿਸ਼ੇਸ਼ਤਾ ਸੀ ਤੇ ਭਾਵੇਂ ਨਹੀਂ, ਪਰ ਸਰਲਾ, ਤਬੀਅਤ ਠੀਕ ਨਹੀਂ ?" ਕਹਿੰਦਿਆਂ ਹੋਇਆ ਸਰਦਾਰ ਨੇ ਉਸ ਵੱਲ ਜ਼ਰਾ ਹੋਰ ਧਿਆਨ ਨਾਲ ਤੱਕਣਾ ਸ਼ੁਰੂ ਕੀਤਾ ।

ਇਸ ਧਿਆਨ ਨਾਲ ਤੱਕਣ ਵਿਚ ਭਾਵੇਂ ਕੁਝ ਵਿਸ਼ੇਸ਼ਤਾ ਸੀ ਤੇ ਭਾਵੇਂ ਨਹੀਂ, ਪਰ ਸਰਲਾ ਨੂੰ ਇਹ ਨਜ਼ਰ ਉਸੇ ਤਰ੍ਹਾਂ ਦੀ ਮਲੂੰਮ ਹੋਈ ਜਿਵੇਂ ਕਿਸੇ ਭੱਜੇ ਹੋਏ ਰਾਜਦ੍ਰੋਹੀ ਉਤੇ ਖ਼ੁਫੀਆ ਪੁਲਿਸ ਦੀ ।

ਸਰਦਾਰ ਦਾ ਧਿਆਨ ਹੋਰ ਪਾਸੇ ਜਾਣ ਨਾਲ ਮੋਹਨ ਦੀ ਨਜ਼ਰ ਨੂੰ ਜ਼ਰਾ ਖੁਲ੍ਹ ਮਿਲੀ । ਉਸ ਨੇ ਇਨ੍ਹਾਂ ਦੋਹਾਂ ਵੱਲ ਇਕ ਵਾਰੀ ਬੇ-ਖਟਕੇ ਹੋ ਕੇ ਵੇਖ ਲਿਆ ਨਾਲ ਹੀ ਉਸ ਦੇ ਖ਼ਿਆਲਾਂ ਨੂੰ ਵੀ ਜ਼ਰਾ ਫੈਲਰਨ ਦਾ ਮੌਕਾ ਮਿਲਿਆ। ਉਹ ਸੋਚਣ ਲੱਗਾ—ਕੀ ਮੈਂ ਸੱਚਮੁੱਚ ਆਪਣੇ ਸਾਹਮਣੇ ਸਰਲਾ ਨੂੰ ਵੇਖ ਰਿਹਾ ਹਾਂ ? ਓਹ ! ਸਰਲਾ ਵਿਆਹੀ ਗਈ ? ਤੇ ਇਥੇ ? ਜਿਸ ਦੀ ਯਾਦ ਮੇਰੇ ਜੀਵਨ ਦੀ ਟੋਹਣੀ ਸੀ, ਕੀ ਉਸਦੀ ਇਹ ਘ੍ਰਿਣਾ ਭਰੀ ਮੁਲਾਕਾਤ ਅੰਤ ਤੋੜੀ ਵੀ ਮੇਰੇ ਜੀਵਨ ਦਾ ਪਿੱਛਾ ਛਡੇਗੀ ? ਉਹ ! ਆਪਣੇ ਅਸਾਧ ਰੋਗ ਨੂੰ ਹੋਰ ਭੜਕਾਣ ਲਈ ਮੈਂ ਇਥੇ ਕਿਉਂ ਆ ਵੜਿਆ । ਮੈਨੂੰ ਕੀ ਪਤਾ ਸੀ ਕਿ ਜਿਸ ਬੂਹਿਓਂ ਮੈਂ ਪੇਟ ਦੀ ਅੱਗ ਬੁਝਾਣ ਲਈ ਕੁਝ ਮੰਗਣ ਚਲਿਆ ਹਾਂ ਉਥੋਂ ਮੇਰੇ ਹਿਰਦੇ ਦੀ ਝੋਲੀ ਅੰਗਿਆਰਾਂ ਨਾਲ ਭਰੀ ਜਾਵੇਗੀ ।

"ਜੀ ਸਿਰ ਨੂੰ ਪੀੜ ਹੁੰਦੀ ਪਈ ਏ, ਅੱਜ ਵੱਡੇ ਵੇਲੇ ਦੀ ।"

ਮਨੁੱਖ ਦਾ ਹਿਰਦਾ ਰੱਬ ਨੇ ਕਿੰਨਾ ਅਜੀਬ ਬਣਾਇਆ ਹੈ । ਇਸ ਦੇ ਅੰਮ੍ਰਿਤ ਭਰੇ ਚਸ਼ਮਿਆਂ ਵਿਚ ਵੀ ਜ਼ਹਿਰੀ ਸੱਪਾਂ ਲਈ ਥਾਂ ਮੌਜੂਦ ਹੈ, ਤੇ ਇਸ ਦੇ ਜ਼ਹਿਰ ਭਰੇ ਕੁੰਡਾਂ ਵਿਚ ਵੀ ਅੰਮ੍ਰਿਤ । ਸਰਲਾ ਨੂੰ ਤੱਕ ਕੇ ਜਿਥੇ ਮੋਹਨ ਦਾ ਦਿਲ ਘ੍ਰਿਣਾ ਤੇ ਗਿਲਾਨੀ ਨਾਲ ਸੜ ਰਿਹਾ ਸੀ, ਉਥੇ ਸਰਲਾ ਦੇ ਸੁਰੀਲੇ ਗਲੇ ਵਿਚੋਂ ਨਿਕਲੇ ਹੋਏ ਇਸ "ਸਿਰ ਪੀੜ" ਵਾਲੇ ਇਕੋ ਵਾਕ ਨੇ ਬਰਫ਼ ਦਾ ਡਲਾ ਬਣ ਕੇ ਉਸ ਦੇ ਅੰਦਰ ਪ੍ਰਵੇਸ਼ ਕੀਤਾ । ਇਸ ਬੇ-ਜਾ ਦਖ਼ਲ ਦੀ ਸਫ਼ਾਈ ਕਰਦੀ ਹੋਈ ਉਸ ਦੇ ਅੰਦਰੋਂ ਕੋਈ ਸੂਖਸ਼ਮ ਜਿਹੀ ਅਵਾਜ਼ ਆ ਰਹੀ ਸੀ—ਜੇ ਕੋਈ ਕਸੂਰ ਹੈ ਤਾਂ ਸਰਲਾ ਦਾ, ਨਾ ਕਿ ਇਸ ਪਿਆਰੇ ਇਸ ਮਧੁਰ ਗਲੇ ਦਾ ।

ਇਹ ਓਹੀ ਕੰਨਾਂ ਦੀ ਪਛਾਤੀ ਹੋਈ ਅਵਾਜ਼ ਸੀ, ਮੋਹਨ ਦੇ ਰੋਮ ਰੋਮ ਵਿਚ ਠੰਢ ਪਾਣ ਵਾਲੀ ।

"ਮੇਰਾ ਖ਼ਿਆਲ ਸੀ, ਜ਼ਰਾ ਇਸ ਨੂੰ ਤੂੰ ਵੀ ਸੁਣ ਲੈਂਦੀ", ਸਰਲਾ ਵੱਲ ਤੱਕ ਕੇ ਸਰਦਾਰ ਨੇ ਕਿਹਾ ਤੇ ਫੇਰ ਮੋਹਨ ਵੱਲ ਤੱਕਿਆ।

ਖ਼ਿਆਲਾਂ ਦੀ ਉਲਝਣ ਵਿਚ ਪੈ ਕੇ ਮੋਹਨ ਨੂੰ ਆਪਣੀ ਅਸਲੀਅਤ ਦਾ ਚੇਤਾ ਵੀ ਭੁੱਲ ਚੁੱਕਾ ਸੀ । ਸਰਦਾਰ ਦੀ ਨਿਗਾਹ ਆਪਣੇ ਉੱਤੇ ਪੈਂਦਿਆਂ ਹੀ ਉਸ ਨੇ ਆਪਣੀ ਨਜ਼ਰ ਸਾਹਮਣਿਓਂ ਹਟਾ ਕੇ ਖੱਬੇ ਪਾਸੇ ਮੋੜੀ । ਆਪਣੀ ਇਸ ਅਯੋਗ ਹਰਕਤ ਦਾ ਖ਼ਿਆਲ ਕਰ ਕੇ ਉਸ ਨੂੰ ਸਹਿਮ ਜਿਹਾ ਵੀ ਹੋਇਆ, ਤੇ ਸ਼ਰਮਿੰਦਗੀ ਵੀ ।

ਕਹਾਣੀ, ਤੇ ਫਿਰ ਮੋਹਨ ਦੀ ਜ਼ਬਾਨੀ ? ਸਰਲਾ ਲਈ ਇਸ ਤੋਂ ਵੱਧ ਖੁਸ਼ੀ ਹੋਰ ਕੀ ਹੋ ਸਕਦੀ ਸੀ ! "ਚੰਗਾ ਜੀ ! ਕਹਿ ਕੇ ਉਹ ਇਕ ਵਾਰੀ ਫੇਰ ਆਪਣੇ ਆਪ ਨੂੰ ਸੰਭਾਲਣ ਦਾ ਜਤਨ ਕਰਨ ਲੱਗੀ ।

"ਹਾਂ ਜੀ, ਸੁਣਾਓ" ਗਲਾਸ ਵਿਚੋਂ ਕੁਝ ਘੁਟ ਪਾਣੀ ਪੀ ਕੇ ਸਰਦਾਰ ਨੇ ਮੋਹਨ ਨੂੰ ਅਦੇਸ਼ ਦਿੱਤਾ।

ਮੋਹਨ ਦੱਬਾਦੱਬ ਕਾਪੀ ਦੇ ਵਰਕੇ ਫੋਲੀ ਜਾਂਦਾ ਸੀ । ਉਹ ਜਿਸ ਚਾਅ ਤੇ ਉਤਸ਼ਾਹ ਨਾਲ ਕਹਾਣੀ ਲਿਆਇਆ ਸੀ, ਉਸ ਦਾ ਅੰਸ਼ ਮਾਤਰ ਵੀ ਹੁਣ ਉਸ ਦੇ ਵਿਚ ਨਹੀਂ ਸੀ ਰਿਹਾ । ਸਗੋਂ ਉਹ ਚਾਹੁੰਦਾ ਸੀ ਕਿ ਕਿਸੇ ਬਹਾਨੇ ਬਿਨਾਂ ਸੁਣਾਣ ਤੋਂ ਹੀ ਉਸ ਨੂੰ ਇਥੋਂ ਛੁਟਕਾਰਾ ਮਿਲ ਜਾਵੇ । ਉਸ ਨੂੰ ਕੀ ਪਤਾ ਸੀ ਕਿ ਕਹਾਣੀ ਉਸ ਨੂੰ ਕਹਾਣੀ ਦੀ ਨਾਇਕਾ ਅੱਗੇ ਸੁਣਾਣੀ ਪਵੇਗੀ, ਤੇ ਉਸ ਨਾਇਕਾ ਅਗੇ, ਜਿਸ ਨੂੰ ਉਹ ਵਫ਼ਾ ਦੀ ਪੁਤਲੀ ਸਮਝੀ ਬੈਠਾ ਸੀ।

ਮੋਹਨ ਕਹਾਣੀ ਦਾ ਪਹਿਲਾ ਅੰਕ ਸੁਣਾ ਰਿਹਾ ਸੀ, ਕਾਪੀ ਮੇਜ਼ ਤੇ ਪਈ ਸੀ, ਤੇ ਮੋਹਨ ਦੀਆਂ ਅੱਖਾਂ ਉਸ ਦੀਆਂ ਸਤਰਾਂ ਉਤੇ ਫਿਰ ਰਹੀਆਂ ਸਨ, ਪਰ ਇਹ ਅੱਖਾਂ ਉਸ ਦੇ ਦਿਲ ਵਾਂਗ ਹੀ ਕਿੰਨੀਆਂ ਆਪਹੁਦਰੀਆਂ ਹੁੰਦੀਆਂ ਜਾਂਦੀਆਂ ਸਨ, ਜੋ ਕਹਾਣੀ ਵਿਚਲੀ ਨਾਇਕਾ ਦੇ ਨਿਰਪਣ ਨੂੰ ਛੱਡ ਕੇ ਉਸ ਦੇ ਵਾਸਤਵਿਕ ਆਕਾਰ ਵੱਲ ਦੌੜ ਰਹੀਆਂ ਸਨ।

ਪੜ੍ਹਦਿਆਂ ਪੜ੍ਹਦਿਆਂ ਮੋਹਨ ਨੂੰ ਘੜੀ ਮੁੜੀ ਕਦੇ ਸਤਰ ਭੁੱਲ ਜਾਂਦੀ ਕਦੇ ਪੈਰਾ।

ਕਈ ਵਾਰੀ ਉਹ ਪੜ੍ਹਿਆ ਹੋਇਆ ਮਜ਼ਮੂਨ ਮੁੜ ਪੜ੍ਹਨਾ ਸ਼ੁਰੂ ਕਰ ਦੇਂਦਾ, ਕਈ ਵਾਰੀ ਕਿੰਨਾ ਹਿੱਸਾ ਬਿਨਾਂ ਪੜ੍ਹਿਆ ਹੀ ਛੱਡ ਕੇ ਉਸ ਦੀ ਨਿਗਾਹ ਕਿਸੇ ਹੋਰ ਪੈਰੇ ਤੇ ਜਾ ਪੈਂਦੀ । ਉਹ ਯਤਨ ਕਰਦਾ ਹੋਇਆ ਵੀ ਮਜ਼ਮੂਨ ਨੂੰ ਲੜੀਵਾਰ ਨਾ ਪੜ੍ਹ ਸਕਿਆ ।

ਸਰਲਾ ਨੇ ਧਿਆਨ ਨਾਲ ਸੁਣਿਆ । ਸੁਣਿਆ ਹੀ ਨਹੀਂ ਸਗੋਂ ਵੇਖਿਆ ਵੀ। ਨਾ ਕੇਵਲ ਵੇਖਿਆ ਹੀ, ਸਗੋਂ ਉਸ ਨੂੰ ਆਪਣੇ ਆਪ ਨਾਲ ਹੀ ਸਭ ਕੁਝ ਵਾਪਰਦਾ ਨਜ਼ਰੀ ਆਇਆ।

ਸਰਲਾ ਉਸੇ ਤਰਾਂ ਥਲਵੇਂ ਹੋਂਠ ਨੂੰ ਦੰਦਾਂ ਵਿਚ ਦਬਾਈ, ਨਜ਼ਰ ਨੂੰ ਮੇਜ਼ਪੋਸ਼ ਉਤੇ ਟਿਕਾਈ ਤੇ ਸੱਜੇ ਹੱਥ ਦਾ ਅੰਗੂਠਾ ਗੱਲ੍ਹ ਹੇਠ ਰੱਖੀ, ਮੇਜ਼ ਤੇ ਕੂਹਣੀਆਂ ਟੇਕ ਕੇ ਬੈਠੀ ਰਹੀ । ਉਸ ਦੀਆਂ ਖੁਲ੍ਹੀਆਂ ਹੋਈਆਂ ਅੱਖਾਂ ਅਸਲ ਵਿਚ ਬੰਦ ਸਨ ਤੇ ਅੰਦਰਲੀਆਂ ਕੋਈ ਬੰਦ ਅੱਖਾਂ ਖੁਲ੍ਹੀਆਂ ਸਨ, ਜਿਨ੍ਹਾਂ ਦੇ ਸਾਹਮਣੇ ਇਹੋ ਕਹਾਣੀ ਉਸ ਦੇ ਜੀਵਨ-ਨਾਟਕ ਦੀ ਸਟੇਜ ਤੇ ਖੇਡੀ ਜਾ ਰਹੀ ਸੀ।

ਇਸ ਵੇਲੇ ਪਿਛਲੀ ਬਾਰੀ ਦਾ ਪਰਦਾ ਹਵਾ ਦੇ ਤੇਜ਼ ਵਗਣ ਕਰ ਕੇ ਫੜ ਫੜ ਕਰ ਰਿਹਾ ਸੀ । ਸਰਦਾਰ ਤਰਲੋਕ ਸਿੰਘ ਉੱਠਿਆ ਤੇ ਜਾ ਕੇ ਬਾਰੀ ਬੰਦ ਕਰਨ ਲੱਗਾ ।

ਆਪਣਾ ਨਿੱਜੀ ਨਾਟਕ ਵੇਖ ਰਹੀ ਸਰਲਾ ਨੂੰ ਬਾਰੀ ਬੰਦ ਹੋਣ ਦੀ ਅਵਾਜ਼ ਆਈ । ਬੈਠਕ ਵਿਚ ਚਾਨਣ ਘੱਟ ਹੋ ਜਾਣ ਨਾਲ ਉਸ ਦੀਆਂ ਟਿਕੀਆਂ ਹੋਈਆਂ ਅੱਖਾਂ ਤੋਂ ਛੱਪਰ ਹਿੱਲੇ ।

ਹੁਣ ਤੋਂ ਪਹਿਲਾਂ, ਜਿੰਨਾਂ ਚਿਰ ਵੀ ਮੋਹਨ ਬੈਠਾ ਰਿਹਾ, ਸਰਲਾ ਉਸ ਵੱਲ ਭਰਵੀਂ ਨਜ਼ਰ ਨਾਲ ਨਹੀਂ ਸੀ ਤੱਕ ਸਕੀ । ਐਤਕੀਂ ਉਸ ਨੇ ਇਸ ਚਿਰ-ਵਿਛੜੇ ਚਿਹਰੇ ਨੂੰ ਚੰਗੀ ਤਰ੍ਹਾਂ ਡਿੱਠਾ, ਪਰ ਅੱਧ-ਹੋਸ਼ੀ ਜਿਹੀ ਹਾਲਤ ਵਿਚ । ਉਸ ਦੇ ਬੁਲ੍ਹਾਂ ਵਿਚ ਹਰਕਤ ਆਈ । ਉਨ੍ਹਾਂ ਵਿਚੋਂ "ਮੈ" ਅੱਖਰ ਵੀ ਸਾਰਾ—ਨਹੀਂ ਅੱਧਾ ਕੁ ਮਸੇ ਨਿਕਲਿਆ ਸੀ ਕਿ ਨਾਲ ਦੀ ਕੁਰਸੀ ਉੱਤੇ ਕਿਸੇ ਦੇ ਬੈਠਣ ਦੀ ਆਵਾਜ਼ ਨੇ ਇਸ ਆਵਾਜ਼ ਨੂੰ ਬੁਲ੍ਹਾਂ ਵਿਚ ਹੀ ਲੀਨ ਕਰ ਦਿੱਤਾ ।

"ਹਾਂ ਜੀ, ਪੜ੍ਹੀ ਜਾਓ, ਕਾਫੀ ਸੁਆਦਲੀ ਹੈ ।" ਕੁਰਸੀ ਤੇ ਬੈਠਦਿਆਂ ਹੋਇਆਂ ਸਰਦਾਰ ਨੇ ਕਿਹਾ । ਮੋਹਨ ਨੇ ਪੜ੍ਹਨਾ ਸ਼ੁਰੂ ਕੀਤਾ ।

ਉਸ ਨੇ ਕਾਪੀ ਠੱਪ ਛੱਡੀ ਤੇ ਬੋਲਿਆ—"ਸਰਦਾਰ ਜੀ, ਬਾਕੀ ਕਹਾਣੀ ਫੇਰ ਕਿਸੇ ਵੇਲੇ ਹਾਜ਼ਰ ਹੋ ਕੇ ਸੁਣਾ ਦਿਆਂਗਾ। ਹਾਲੇ ਏਨੀਓ ਬਥੇਰੀ ਏ। ਤੁਹਾਡਾ ਵਕਤ ਕਾਫੀ ਹਰਜ ਕੀਤਾ ਏ।"

ਜਿਸ ਕਹਾਣੀ ਨੂੰ ਆਦਿ ਤੋਂ ਅੰਤ ਤੱਕ ਅੱਖਰ ਅੱਖਰ ਸੁਨਾਣ ਲਈ ਚਿਰਾਂ ਤੋਂ ਇਸ ਮੌਕੇ ਦੀ ਭਾਲ ਵਿਚ ਸੀ, ਮੌਕਾ ਮਿਲਣ ਤੇ ਸਾਰੀ ਸੁਣਾਣੀ ਤਾਂ ਕਿਤੇ ਰਹੀ, ਚੁਥਾਈ ਹਿੱਸਾ ਪੜ੍ਹਨ ਲਈ ਹੀ ਉਸ ਨੂੰ ਇਤਨੀ ਮਿਹਨਤ ਕਰਨੀ ਪਈ, ਜਿੰਨੀ ਸ਼ਾਇਦ ਇਸ ਦੇ ਲਿਖਣ ਵੇਲੇ ਵੀ ਉਸ ਨਹੀਂ ਕੀਤੀ ਹੋਣੀ। ਇਸ ਦਾ ਕਾਰਨ ਉਸ ਤੋਂ ਬਿਨਾਂ ਜਾਂ ਸਰਲਾ ਤੋਂ ਬਿਨਾਂ ਹੋਰ ਕੌਣ ਜਾਣ ਸਕਦਾ ਸੀ।

ਆਪਣੀ ਸੱਜੀ ਲੱਤ ਨੂੰ ਖੱਬੀ ਉੱਤੇ ਰੱਖਦੇ ਹੋਏ ਸਰਦਾਰ ਹੋਰੀਂ ਬੋਲੇ– "ਕਹਾਣੀ ਤੇ ਤੁਹਾਡੀ ਚੰਗੀ ਸੁਆਦੀ ਏ, ਪਰ ਇਸ ਵਿਚ ਤੁਸਾਂ ਨਾ ਕੋਈ ਗਾਣ ਦਾ ਮੌਕਾ ਲਿਆਂਦਾ ਏ, ਨਾ ਕੋਈ ਮੁਜਰਾ, ਨਾ ਮਹਿਫਲ। ਨਾਲੇ ਲੜਾਈ ਭਿੜਾਈ ਵੀ ਕਿਤੇ ਨਹੀਂ ਆਈ। ਇਸ ਕਿਸਮ ਦੀਆਂ ਕਹਾਣੀਆਂ ਨੂੰ ਕੌਣ ਪੁੱਛਦਾ ਏ ਫ਼ਿਲਮ ਲਾਈਨ ਵਿਚ। ਹਾਂ ਜੇ ਇਸ ਵਿਚ ਤੁਸੀਂ ਇਹ ਕਮੀ ਪੂਰੀ ਕਰ ਸਕੋ, ਤਾਂ ਕੁਝ ਨਾ ਕੁਝ ਇਸਦਾ ਮੁਆਵਜ਼ਾ ਸ਼ਾਇਦ ਮਿਲ ਸਕੇ। ਪਰ ਤੀਹ ਚਾਲ੍ਹੀਆਂ ਰੁਪਿਆਂ ਤੋਂ ਵੱਧ ਨਹੀਂ।"

ਕਈਆਂ ਮਹੀਨਿਆਂ ਦੀ ਮਿਹਨਤ, ਤੇ ਉਸਦਾ ਇਹ ਮੁੱਲ। ਉਹ ਵੀ ਤਾਂ, ਜੇ ਮੈਂ ਇਨ੍ਹਾਂ ਦੇ ਮਤਲਬ ਦੀ ਬਣਾ ਸਕਾਂ! ਇਹ ਵਾਕ ਜੇ ਮੋਹਨ ਕਿਸੇ ਹੋਰ ਵੇਲੇ ਸੁਣਦਾ, ਤਾਂ ਪਤਾ ਨਹੀਂ ਉਸ ਦਾ ਕੀ ਹਾਲ ਹੁੰਦਾ, ਪਰ ਇਸ ਵੇਲੇ ਉਹ ਆਪਣੇ ਆਪ ਵਿਚ ਨਹੀਂ ਸੀ, ਇਸ ਕਰਕੇ ਉਸ ਦੇ ਦਿਲ ਨੂੰ ਏਡੀ ਤਕਲੀਫ ਨਾ ਹੋਈ। ਨਾਲੇ ਉਸ ਦੇ ਦਿਲ ਵਿਚ ਹੋਰ ਤਕਲੀਫ ਲਈ ਥਾਂ ਵੀ ਨਹੀਂ ਸੀ।

ਉਹ ਬਿਨਾਂ ਕੁਝ ਕਿਹਾ ਉੱਠਣ ਲੱਗਾ ਸੀ ਕਿ ਉਸ ਨੂੰ ਹੋਰ ਕਈਆਂ ਗੱਲਾਂ ਦਾ ਖ਼ਿਆਲ ਆਇਆ। ਉਤਮ ਸਿੰਘ ਦਾ ਕਰਜ਼ਾ, ਘਰਦਿਆਂ ਦੀ ਹਾਲਤ, ਹਸਪਤਾਲ ਵਾਲੇ ਡਾਕਟਰ ਦੀ ਰਾਇ। ਇਨ੍ਹਾਂ ਖ਼ਿਆਲਾਂ ਨੇ ਉਸ ਦੀ ਅਣਖ ਨੂੰ–ਉਸ ਦੇ ਸਵੈ-ਮਾਣ ਨੂੰ ਉੱਡਾ ਦਿੱਤਾ। ਉਹ ਕੁਰਣਾ ਭਰੀ ਆਵਾਜ਼ ਵਿਚ ਆਖਣ ਲੱਗਾ–"ਸਰਦਾਰ ਜੀ! ਮੈਂ ਤਾਂ ਇਸ ਉੱਤੇ ਬੜੀ ਮਿਹਨਤ ਕੀਤੀ ਹੈ, ਨਾਲੇ ਬੜੀ ਆਸ ਕਰ ਕੇ ਆਇਆ ਸਾਂ। ਅੱਜ ਕਲ੍ਹ ਮੇਰੀ ਹਾਲਤ ਬੜੀ ਖ਼ਰਾਬ ਏ। ਇਕ ਤੇ ਕੰਮ ਕੋਈ ਨਹੀਂ ਮਿਲਦਾ, ਦੂਜਾ ਕੁਝ ਕਰਜ਼ ਸਿਰ ਤੇ ਵੇ, ਨਾਲੇ ਬੀਮਾਰੀ ਦੀ ਵਜ੍ਹਾ ਕਰ ਕੇ ਮੈਂ ਕੁਝ ਦਿਨਾਂ ਲਈ ਪਹਾੜ ਜਾਣਾ ਚਾਹੁੰਦਾ ਸਾਂ। ਡਾਕਟਰ ਨੇ ਸਲਾਹ ਦਿੱਤੀ ਸੀ ਕਿ ਜੇ ਪਹਾੜ ਨਹੀਂ ਜਾਵੇਂਗਾ, ਤਾਂ ਤੇਰੀ ਜ਼ਿੰਦਗੀ......।"

ਇਸ ਲੰਮੀ ਰਾਮ ਕਹਾਣੀ ਤੋਂ ਖਿੱਝ ਕੇ ਸਰਦਾਰ ਹੋਰੀਂ ਬੋਲੇ–"ਇਨ੍ਹਾਂ ਗੱਲਾਂ ਬਾਬਤ ਮੈਂ ਕੀ ਕਰ ਸਕਨਾ ਵਾਂ। ਅਲਬੱਤਾ ਜੇ ਤੁਸਾਂ ਕਹਾਣੀ ਮੇਰੇ ਮਤਲਬ ਦੀ ਬਣਾ ਲਈ ਤਾਂ ਥੋੜ੍ਹਾ ਬਹੁਤ, ਜਿੰਨਾ ਤੁਹਾਡਾ ਹੱਕ ਹੋਵੇਗਾ, ਦੇ ਦਿੱਤਾ ਜਾਵੇਗਾ। (ਘੜੀ ਵੇਖਕੇ) ਚੰਗਾ ਮੈਂ ਰਤਾ ਬਾਹਰ ਜਾਣਾ ਏਂ।

ਮੋਹਨ ਦਾ ਦਿਲ ਟੁੱਕੜੇ ਟੁੱਕੜੇ ਹੋ ਰਿਹਾ ਸੀ। ਉਹ ਇਥੇ ਇਕ ਮਿੰਟ ਲਈ ਵੀ ਠਹਿਰਨਾ ਨਹੀਂ ਸੀ ਚਾਹੁੰਦਾ, ਨਾ ਹੀ ਇਕ ਅੱਖਰ ਬੋਲਣਾ। ਪਰ ਦੂਜੇ ਪਾਸੇ ਇਹ ਮੁਲਾਕਾਤ ਉਸਦੇ ਮਰਨ ਜੀਣ ਦਾ ਸੁਆਲ ਸੀ। ਇਕ ਵਾਰੀ ਫੇਰ ਦਿਲ ਕਰੜਾ ਕਰ ਕੇ ਉਹ ਬੋਲਿਆ "ਸਰਦਾਰ ਜੀ, ਹੋਰ ਨਹੀਂ ਤਾਂ ਮੈਨੂੰ ਕਰਜ਼ ਦੇ ਤੌਰ ਤੇ ਈ ਕੁਝ ਰੁਪਏ......।"

"ਕਰਜ਼? ਕਰਜ਼ ਤੇ ਉਸੇ ਸੂਰਤ ਵਿਚ ਦਿੱਤਾ ਜਾ ਸਕਦਾ ਏ ਜੇ ਕੋਈ ਗਹਿਣਾ ਗੱਟਾ ਤੁਹਾਡੇ ਪਾਸ ਹੋਵੇ।"

"ਜੀ ਗਹਿਣਾ ਗੱਟਾ ਹੁੰਦਾ ਤਾਂ ਫਿਰ ਦੁੱਖ ਕਾਹਦਾ ਸੀ। ਹੱਛਾ ਜੇ ਹੋਰ ਨਹੀਂ ਤਾਂ ਮੇਰੇ ਤੇ ਰਹਿਮ ਕਰ ਕੇ ਮੇਰੇ ਲਹਿਣੇਦਾਰ ਨੂੰ ਈ ਇਤਨਾ ਕਹਿ ਦਿਓ ਕਿ ਮੈਨੂੰ ਹੋਰ ਕੁਝ ਦਿਨਾਂ ਦੀ ਮੋਹਲਤ ਦੇਵੇ।"

"ਕਿਹੜਾ ਲਹਿਣੇਦਾਰ ਏ ਤੇਰਾ?" ਖੜਿਆਂ ਖੜਿਆਂ ਹੀ ਸਰਦਾਰ ਨੇ ਕਿਹਾ।

"ਜੀ ਸਰਦਾਰ ਉਤਮ ਸਿੰਘ ਅਖ਼ਬਾਰ 'ਨਿਧੜਕ' ਦੇ ਮਾਲਕ। ਤੁਸੀਂ ਜਾਣਦੇ ਹੋਵੋਗੇ ਉਨ੍ਹਾਂ ਨੂੰ। ਉਨ੍ਹਾਂ ਦਾ ਮੈਂ ਦੋ ਸੌ ਕੁ ਰੁਪਿਆ ਦੇਣਾ ਏਂ।"

"ਹੱਛਾ ਤੂੰ ਉਸ ਦੇ ਰੁਪਏ ਦੇਣੇ ਨੇ? ਕਿਸੇ ਭੁੱਲੀ ਹੋਈ ਗੱਲ ਨੂੰ ਯਾਦ ਕਰ ਕੇ ਸਰਦਾਰ ਹੋਰੀਂ ਬੋਲੇ–"ਕਿਤੇ ਤੂੰਹੀਓਂ ਤੇ ਨਹੀਂ ਉਨ੍ਹਾਂ ਦਾ ਚਪੜਾਸੀ, ਜਿਹੜਾ ਸੁਣਿਆ ਏਂ, ਮੁਸਲਮਾਨ ਹੋਣ ਨੂੰ ਫਿਰਦਾ ਸੀ?"

"ਜੀ ਇਹ ਮੇਰੀ ਖ਼ਾਬਤ ਐਵੇਂ ਈ ਗ਼ਲਤ ਖ਼ਬਰ......"

ਵਿਚੋਂ ਹੀ ਟੋਕ ਕੇ ਸਰਦਾਰ ਹੋਰੀਂ ਬੋਲੇ–"ਬੱਸ, ਬੱਸ ਸਮਝ ਲਿਆ, ਮੈਨੂੰ ਜੇ ਪਤਾ ਹੁੰਦਾ ਤੂੰ ਇਕ ਪਤਤ ਆਦਮੀ ਏਂ, ਤਾਂ ਮੈਂ ਤੇਰੇ ਨਾਲ ਗਲ

ਈ ਨਾ ਕਰਦਾ (ਜੋਸ਼ ਵਿਚ) ਤੈਨੂੰ ਸ਼ਰਮ ਨਾ ਆਈ ਇਹ ਕਰਤੂਤ ਕਰਦਿਆਂ? ਤੂੰ ਕਹਿਨਾ ਏਂ ਮੈਂ ਬੜਾ ਦੁੱਖੀ ਆਂ। ਮੈਂ ਕਹਿਨਾ ਵਾਂ ਤੇਰੀ ਜਿੰਨੀ ਵੀ ਦੁਰਦਸ਼ਾ ਹੋਵੇ ਥੋੜ੍ਹੀ ਏ। ਜਿੰਨੇ ਵੀ ਤੈਨੂੰ ਧੱਕੇ ਪੈਣ ਘੱਟ ਨੇ (ਸਰਲਾ ਦੀ ਕੁਰਸੀ ਵੱਲ ਮੁੜ ਕੇ) ਵੇਖਿਆ ਈ ਸਰਲਾ ਇਸ ਬਦ....” ਗੱਲ ਕਰਦੇ-ਕਰਦੇ ਸਰਦਾਰ ਹੋਰੀਂ ਰੁਕ ਗਏ। ਸਰਲਾ ਉਥੋਂ ਜਾ ਚੁੱਕੀ ਸੀ। ਕਿਹੜੇ ਵੇਲੇ ਚਲੀ ਗਈ? ਦੁਹਾਂ ਵਿਚੋਂ ਕਿਸੇ ਨੇ ਵੀ ਧਿਆਨ ਨਾ ਕੀਤਾ।

ਮੋਹਨ ਡਿੱਗਦਾ-ਡਿੱਗਦਾ ਬਚਿਆ। ਉਸ ਨੇ ਸਰਦਾਰ ਦੀਆਂ ਗੱਲਾਂ ਦਾ ਕੋਈ ਉੱਤਰ ਨਾ ਦਿੱਤਾ ਤੇ ਓਵੇਂ ਹੀ ਕਾਪੀ ਹੱਥ ਵਿਚ ਲਮਕਾਈ ਬੂਹਿਓਂ ਬਾਹਰ ਨਿਕਲ ਗਿਆ। ਆਪਣੇ ਦਿਲ ਉਤੇ ਕਿੰਨਾ ਕੁ ਭਾਰ ਲੱਦ ਕੇ ਉਹ ਇਸ ਮਕਾਨ ’ਚੋਂ ਨਿਕਲ ਰਿਹਾ ਸੀ।

“ਕੀ ਸਰਲਾ ਬੇ-ਵਫਾ ਤੋਂ ਅਗਾਂਹ ਟੱਪ ਕੇ ਪੱਥਰ ਦਿਲ ਹੋ ਗਈ ਹੈ? ਮੇਰੀ ਦਰਦ ਕਹਾਣੀ ਨੇ—ਮੇਰੇ ਗਿੜਗਿੜਾਉਣ ਨੇ ਉਸ ਦੇ ਦਿਲ ਤੇ ਰਤੀ ਭਰ ਅਸਰ ਨਹੀਂ ਕੀਤਾ? ਸਗੋਂ ਉਲਟਾ ਉਹ ਮੇਰੀ ਬਕਬਕ ਤੋਂ ਉਕਤੌਂ ਕੇ ਉਠ ਗਈ? ਕੀ ਮੇਰੀ ਸ਼ਕਲ ਤੋਂ ਉਸਨੂੰ ਇਤਨੀ ਨਫਰਤ ਹੋ ਗਈ ਹੈ? ਹੋਣੀ ਹੀ ਚਾਹੀਦੀ ਸੀ। ਇਕ ਸਰਦਾਰਨੀ ਨੂੰ ਇਕ ਰੁਲੇ ਖੁਲੇ ਬਦ-ਨਸੀਬ ਉੱਤੇ ਘ੍ਰਿਣਾ ਹੋਣੀ ਚਾਹੀਦੀ ਸੀ।”

ਸਰਲਾ ਵਿਚੋਂ ਹੀ ਉੱਠ ਕੇ ਚਲੀ ਆਈ ਤੇ ਆ ਕੇ ਆਪਣੇ ਕਮਰੇ ਵਿਚ ਦਰਿਆ ਦੀ ਢਿੱਗ ਵਾਂਗ ਬਿਸਤਰੇ ਤੇ ਡਿੱਗ ਪਈ, ਪਰ ਇਸ ਘਰ ਦੀ ਚਾਰ ਦੀਵਾਰੀ ਵਿਚ ਹੁੰਦਿਆਂ ਹੋਇਆਂ ਵੀ ਉਸ ਦੀ ਨਜ਼ਰ ਕਿਸੇ ਦਾ ਪਿੱਛਾ ਕਰ ਰਹੀ ਸੀ। ਉਸਦੇ ਸਾਰੇ ਖ਼ਿਆਲ—ਸਾਰੇ ਫੁਰਨੇ ਮਾਨੋ ਜਾਣ ਵਾਲੇ ਦੇ ਨਾਲ ਅੜ ਕੇ ਘਸੀਟਦੇ ਚਲੇ ਜਾ ਰਹੇ ਸਨ।

ਸਰਦਾਰ ਤਰਲੋਕ ਸਿੰਘ ਨੇ ਜਿਸ ਮਤਲਬ ਲਈ ਸਰਲਾ ਨੂੰ ਸੱਦਿਆ ਸੀ, ਉਹ ਅੱਜ ਵੀ ਪੂਰਾ ਨਾ ਹੋ ਸਕਿਆ।

੨੪

ਪਹਿਲੀ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਹੀ ਵਾਲੀ ਸੀ ਕਿ ਸ: ਤਰਲੋਕ ਸਿੰਘ ਨੂੰ ਡਾਇਰੈਕਟਰ ਬਦਲਣ ਦੀ ਲੋੜ ਪ੍ਰਤੀਤ ਹੋਈ। ਪਹਿਲਾ ਡਾਇਰੈਕਟਰ ਕਈਆਂ ਕਾਰਨਾਂ ਕਰ ਕੇ ਇਸ ਕੰਮ ਦੇ ਅਯੋਗ ਸਾਬਤ ਹੋਇਆ। ਉਹ ਫ਼ਿਲਮ ਨੂੰ ਅਜਿਹੀ ਸ਼ਕਲ ਵਿਚ ਤਿਆਰ ਕਰਨਾ ਚਾਹੁੰਦਾ ਸੀ, ਜਿਸ ਨੂੰ ਚੁਆਨੀ ਦਰਜੇ ਵਾਲੇ ਉੱਕਾ ਹੀ ਪਸੰਦ ਨਾ ਕਰਦੇ। ਉਹ ਫ਼ਿਲਮ ਨੂੰ ਸਦਾਚਾਰਕ ਰੂਪ ਵਿਚ ਤਿਆਰ ਕਰਨਾ ਚਾਹੁੰਦਾ ਸੀ। ਪਰ ਸਰਦਾਰ ਹੋਰਾਂ ਦਾ ਇਸ ਨਾਲ ਮੱਤਭੇਦ ਸੀ। ਜੇ ਉਹ ਡਾਇਰੈਕਟਰ ਦੀ ਗੱਲ ਮੰਨ ਲੈਂਦੇ, ਤਾਂ ਉਨ੍ਹਾਂ ਦਾ ਕੀਤਾ ਹੋਇਆ ਸਾਰਾ ਪੁਰਸ਼ਾਰਥ ਨਸ਼ਟ ਹੋ ਜਾਂਦਾ ਤੇ ਗੁਲਜ਼ਾਰ ਆਦਿ ਫ਼ਿਲਮ ਸਟਾਰਾਂ ਨੂੰ ਜਵਾਬ ਦੇਣਾ ਪੈਂਦਾ, ਜਿਨ੍ਹਾਂ ਨੂੰ ਸਰਦਾਰ ਹੋਰਾਂ ਬੜੀ ਮਿਹਨਤ ਤੇ ਖ਼ਰਚ ਨਾਲ ਇਕੱਠਿਆਂ ਕੀਤਾ ਸੀ।

ਉਸ ਤੋਂ ਬਾਅਦ ਸਰਦਾਰ ਹੋਰਾਂ ਇਕ ਆਪਣੀ ਮਰਜ਼ੀ ਦਾ ਡਾਇਰੈਕਟਰ ਰੱਖਿਆ ਤੇ ਉਸ ਨਾਲ ਕਾਨਟ੍ਰੈਕਟ ਕਰ ਲਿਆ ਕਿ ਤਿੰਨਾਂ ਮਹੀਨਿਆਂ ਦੇ ਅੰਦਰ-ਅੰਦਰ ਉਹ ੧੪੦੦੦ ਫ਼ੁਟ ਫ਼ਿਲਮ ਤਿਆਰ ਕਰ ਦੇਵੇਗਾ।

ਨਵੇਂ ਡਾਇਰੈਕਟਰ ਨੂੰ ਭਾਵੇਂ ਅਜੇ ਤੱਕ ਕੋਈ ਫ਼ਿਲਮ ਤਿਆਰ ਕਰਨ ਦਾ ਮੌਕਾ ਨਹੀਂ ਸੀ ਮਿਲਿਆ, ਪਰ ਤਜਰਬਾ ਉਸਨੂੰ ਬੜਾ ਸੀ। ਕਲਕੱਤੇ ਦੇ ਇਕ ਸਟੂਡੀਓ ਵਿਚ ਉਹ ਪ੍ਰਾਪ੍ਰਟੀ, ਮੈਨ ਦਾ ਕੰਮ ਕਰ ਚੁੱਕਾ ਸੀ ਤੇ ਹੋਰ ਵੀ ਕਈ ਛੋਟੇ ਮੋਟੇ ਕੰਮਾਂ ਦਾ ਉਸ ਨੂੰ ਨਾਂ ਮਾਤਰ ਤਜਰਬਾ ਸੀ।

ਇਧਰ ਜਗਤ ਸਿੰਘ ਦੇ ਜ਼ਿਮੇਂ ਕਈਆਂ ਕੰਮਾਂ ਦੀ ਡਿਊਟੀ ਸੀ, ਜਿਸ ਨੇ ਨਵੇਂ ਡਾਇਰੈਕਟਰ ਦੇ ਕਹੇ ਅਨੁਸਾਰ ਦਿਨਾਂ ਵਿਚ ਹੀ ਹਰ ਤਰ੍ਹਾਂ ਦਾ ਲੋੜੀਂਦਾ ਸਾਮਾਨ ਇਕੱਠਾ ਕਰ ਲਿਆ। ਜਿਹਾ ਕਿ—ਲੜਾਈ ਲਈ ਬਹੁਤ ਸਾਰੀਆਂ ਟੀਨ ਦੀਆਂ ਤਲਵਾਰਾਂ, ਲਕੜ ਦੀਆਂ ਢਾਲਾਂ ਤੇ ਗੱਤਿਆਂ ਦੇ ਛਵ੍ਹੀਆਂ

ਗੰਡਾਸੇ ਆਦਿ । ਇਸ ਤੋਂ ਛੁੱਟ ਦੋ ਚਾਰ ਕੁਪੇ, ਜਿਨ੍ਹਾਂ ਵਿਚ ਰੋੜੇ ਪਾ ਕੇ ਖੜਕਾਂਦਿਆਂ ਹੋਇਆਂ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਪ੍ਰਗਟ ਕਰਨੀ ਸੀ। ਲਸ਼ਕਰ ਲਈ ਕੁਝ ਘੋੜੇ ਵੀ ਚਾਹੀਦੇ ਸਨ, ਜਗਤ ਸਿੰਘ ਨੇ ਇਸ ਕੰਮ ਲਈ ਦਸਾਂ ਪੰਦਰਾਂ ਕੋਚਵਾਨਾਂ ਨੂੰ ਸਾਈਆਂ ਦੇ ਦਿੱਤੀਆਂ । ਹੋਰ ਕਪੜੇ ਆਦਿ ਜੋ ਜੋ ਚੀਜ਼ ਚਾਹੀਦੀ ਸੀ, ਕਵਾੜੀਆਂ ਪਾਸੋਂ ਇਕੱਠੀ ਕਰ ਲਈ ।

ਹੁਣ ਤਕ ਇਸ ਕੰਮ ਉੱਤੇ ਸਰਦਾਰ ਹੋਰਾਂ ਦਾ ਵੀਹ ਪੰਝੀ ਹਜ਼ਾਰ ਰੁਪਿਆਂ ਖ਼ਰਚ ਹੋ ਚੁੱਕਾ ਸੀ—ਸੋ ਵੀ ਇਤਨਾ ਥੋੜ੍ਹਾ ਇਸ ਕਰ ਕੇ ਕਿ ਸਟੂਡੀਓ ਉਨ੍ਹਾਂ ਨੂੰ ਇਕ ਫੇਹਲ ਹੋ ਚੁੱਕੀ ਕੰਪਨੀ ਪਾਸੋਂ ਸਸਤੇ ਮੁੱਲ ਤੇ ਹੱਥ ਆ ਗਿਆ ਸੀ । ਪਰ ਫਿਰ ਵੀ ਅਜੇ ਤਕ ਕੰਮ ਦਾ ਸ੍ਰੀ ਗਣੇਸ਼ ਹੋਣ ਵਿਚ ਨਹੀਂ ਸੀ ਆਇਆ ।

ਪਹਿਲਾਂ ਤਾਂ ਨਵੇਂ ਡਾਇਰੈਕਟਰ ਦੀ ਭਾਲ ਵਿਚ ਚੋਖਾ ਚਿਰ ਬੀਤ ਗਿਆ। ਜਦ ਡਾਇਰੈਕਟਰ ਲੱਭਾ ਤਾਂ ਕਦੇ ਕੈਮਰਾ ਮੈਨ ਦਾ ਬੇੜੀ ਗਰਕ ਹੋ ਜਾਂਦੀ ਰਹੀ, ਕਦੇ ਰਿਕਾਰਡਿਸਟ ਦੀ ਅਕਲ ਮਾਰੀ ਗਈ, ਤੇ ਕਦੇ ਮਿਊਜ਼ਿਕ ਸੈੱਟ ਦਾ ਹਿਸਾਬ ਡੱਡਾਂ ਦੀ ਪੰਸੇਰੀ ਵਾਲਾ ਹੋ ਜਾਂਦਾ ਰਿਹਾ । ਚਾਰ ਮਹੀਨੇ ਇਸ ਬਖੇੜੇ ਵਿਚ ਬੀਤ ਗਏ ।

ਅੰਤ ਸ਼ੁਕਰ ਸ਼ੁਕਰ ਕਰਕੇ ਕੰਮ ਦਾ ਰੁਖ਼ ਬੱਝਾ । ਟੀਮ ਦੀ ਨਵੇਂ ਸਿਰੇ ਛਾਂਟੀ ਬਾਂਟੀ ਕੀਤੀ ਗਈ ।

ਪ੍ਰਬੰਧ ਮੁਕੰਮਲ ਹੋਣ ਤੋਂ ਬਾਅਦ ਸ਼ੂਟਿੰਗ ਦਾ ਸਮਾਂ ਆਇਆ।

ਭਾਵੇਂ ਇਕ ਨਿਕੇ ਜਿਹੇ ਕੰਮ ਦੀ ਅਜੇ ਵੀ ਕਸਰ ਬਾਕੀ ਸੀ, ਪਰ ਸਰਦਾਰ ਹੋਰਾਂ ਦੀ ਦੂਰ ਅੰਦੇਸ਼ੀ ਤੇ ਉੱਦਮ ਨਾਲ ਛੇਤੀ ਹੀ ਇਹ ਮੁਸ਼ਕਲ ਹੱਲ ਹੋ ਗਈ । ਇਹ ਸੀ ਫਿਲਮ-ਸਟੋਰੀ ਬਾਰੇ । ਸਰਦਾਰ ਹੋਰਾਂ ਸੋਚਿਆ ਕਿ ਇਸ ਨਿਕੇ ਜਿਹੇ ਕੰਮ ਬਦਲੇ ਕਿਸੇ ਕਹਾਣੀ ਲੇਖਕ ਦੇ ਤਰਲੇ ਕਰਨੇ, ਤੇ ਫਿਰ ਕਈ ਸੌ ਰੁਪਏ ਉਸ ਦੀ ਭੇਟਾ ਕਰਨੇ ਕਿਧਰ ਦੀ ਅਕਲਮੰਦੀ ਸੀ। ਆਪ ਦੇ ਉਚ ਦਿਮਾਗ਼ ਨੇ ਇਕ ਐਸਾ ਢੰਗ ਸੋਚ ਕੱਢਿਆ ਜਿਸ ਨਾਲ ਬਿਨਾਂ ਕੁਝ ਖ਼ਰਚ ਕਰਨ ਤੋਂ ਕੰਮ ਰਾਸ ਹੋ ਗਿਆ । ਬਾਜ਼ਾਰ ਵਿਚੋਂ ਸੱਸੀ ਪੁੰਨੂੰ, ਹੀਰ ਰਾਂਝਾ, ਸੋਹਣੀ ਮਹੀਂਵਾਲ, ਆਦਿ ਬਹੁਤ ਸਾਰੇ ਕਿੱਸੇ ਮੰਗਵਾ ਕੇ ਉਨ੍ਹਾਂ ਵਿਚੋਂ ਇਕ ਪਸੰਦ ਕਰ ਲਿਆ ਗਿਆ।

ਬਾਕੀ ਰਿਹਾ ਬਨਾਣਾ ਇਸਦਾ ਸਿਨੇਹੀਓ ਤੇ ਡਾਇਲਾਗ, ਸੋ ਇਹ ਕੰਮ ਸਰਦਾਰ ਹੋਰਾਂ ਆਪਣੇ ਨਵੇਂ ਡਾਇਰੈਕਟਰ ਦੇ ਸਪੁਰਦ ਕੀਤਾ, ਜਿਸ ਨੇ ਛੇਤੀ ਹੀ ਸਭ ਠੀਕ ਠਾਕ ਕਰ ਲਿਆ।

ਸਰਦਾਰ ਹੋਰੀਂ ਇਸ ਗਲੋਂ ਅਨਜਾਣ ਨਹੀਂ ਸਨ ਕਿ ਕਹਾਣੀ ਤਾਂ ਫ਼ਿਲਮ ਦੇ ਕੰਮ ਵਿਚ ਇਕ ਨਾਂ ਮਾਤਰ ਤੇ ਵਾਧੂ ਜਿਹੀ ਚੀਜ਼ ਹੁੰਦੀ ਹੈ । ਅਸਲ ਵਿਚ ਫ਼ਿਲਮ ਦੀ ਜਾਨ ਹੁੰਦੀ ਹੈ, ਨਾਚ ਗਾਣੇ । ਇਹੋ ਕਾਰਨ ਹੈ ਕਿ ਕਹਾਣੀ ਵਿਚ ਥਾਂ ਥਾਂ ਨਾਚ, ਮੁਜਰੇ ਤੇ ਗਾਣੇ ਭਰਨ ਲਈ ਉਨ੍ਹਾਂ ਨੂੰ ਚੋਖੀ ਮਿਹਨਤ ਕਰਨੀ ਪਈ । ਇਥੋਂ ਤੱਕ ਕਿ ਉਨ੍ਹਾਂ ਦੀਆਂ ਸਤਿਕਾਰ ਯੋਗ ਐਕਟਰੈੱਸਾਂ ਨੂੰ ਜਿੰਨੇ ਕੁ ਗਾਣੇ ਯਾਦ ਸਨ, ਲਗਪਗ ਸਾਰੇ ਹੀ ਫ਼ਿਲਮ ਵਿਚ ਦਰਜ ਕਰ ਲਏ ਗਏ ।

ਇਸ ਫ਼ਿਲਮ ਦੀ ਨਾਇਕਾ ਸੀ ਮਿਸ ਗੁਲਜ਼ਾਰ ਬੇਗਮ, ਤੇ ਨਾਇਕ ਸੀ ਲਾਹੌਰ ਦਾ ਇਕ ਕਵਾਇਲ ਮੀਆਂ ਅੱਲਾ ਦਿੱਤਾ ।

ਰਿਹਰਸਲ ਵਰਗੇ ਵਾਧੂ ਕੰਮ ਤੇ ਸਰਦਾਰ ਹੋਰਾਂ ਬਹੁਤਾ ਵਕਤ ਗੁਆਣਾ ਮੁਨਾਸਬ ਨਾ ਸਮਝਿਆ । ਕਿਸੇ ਤਰ੍ਹਾਂ ਪਿਛਲਾ ਭਾਂਗਾ ਵੀ ਪੂਰਾ ਕਰਨਾ ਸੀ। ਨਾਲੇ ਇਹ ਕੰਮ ਤਾਂ ਸ਼ੂਟਿੰਗ ਦੇ ਦਿਨਾਂ ਵਿਚ ਵੀ ਹੋ ਸਕਦਾ ਸੀ।

ਅੱਜ ਸ਼ੂਟਿੰਗ ਦੀ ਮੁਢਲੀ ਰਸਮ ਅਦਾ ਹੋਣ ਵਾਲੀ ਹੈ, ਜਿਸ ਲਈ ਸ਼ਹਿਰ ਦੇ ਪਤਵੰਤਿਆਂ ਨੂੰ ਸਰਦਾਰ ਹੋਰਾਂ ਵਲੋਂ ਇਕ ਸ਼ਾਨਦਾਰ ਪਾਰਟੀ ਦਿੱਤੀ ਜਾ ਰਹੀ ਸੀ।

ਕੋਠੀ ਦੇ ਹਾਲ ਵਿਚ ਪ੍ਰਾਹੁਣਿਆਂ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ । ਮੇਜ਼ਾਂ ਉਤੇ ਵੰਨਸੁਵੰਨੇ ਖਾਣ ਪੀਣ ਦੇ ਸਮਿਆਨ ਸਜੇ ਹੋਏ ਸਨ ਤੇ ਪ੍ਰਾਹੁਣੇ ਬੜੀ ਪ੍ਰਸੰਨਤਾ ਨਾਲ ਛਕ ਰਹੇ ਸਨ । ਇਨ੍ਹਾਂ ਦੀਆਂ ਗੱਲਾਂ ਕਥਾਂ ਤੋਂ ਜਾਪਦਾ ਹੈ ਕਿ ਹਰ ਇਕ ਨੂੰ ਅੱਜ ਦਾ ਸਵਰਗੀ ਨਜ਼ਾਰਾ ਵੇਖਣ ਦੀ ਬੜੀ ਚਾਹ ਸੀ । ਸਿਨੇਮਾ ਦੇ ਨਾਇਕਾਂ ਤੇ ਨਾਇਕਾਵਾਂ ਸੰਬੰਧੀ ਬੜੀ ਵਿਦਵਤਾ ਤੇ ਤਜਰਬੇ ਭਰੀ ਪੜਚੋਲ ਜਾਰੀ ਹੈ ।

ਜਗਤ ਸਿੰਘ ਤੇ ਉਸ ਦੇ ਸਾਥੀ ਪ੍ਰਾਹੁਣਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਟੇਬਲਾਂ ਦੁਆਲੇ ਘੁੰਮਦੇ ਫਿਰਦੇ ਹਨ ਤੇ ਨਾਲੋ ਨਾਲ ਸੇਵਾਦਾਰਾਂ ਨੂੰ ਆਵਾਜ਼ਾਂ ਦਈ ਜਾਂਦੇ ਸਨ ।

ਦੋ ਕੁ ਘਟੇ ਕਾਂਟਿਆਂ ਛੁਰੀਆਂ ਦੀ ਕੱਟ ਕੱਟ, ਪਲੇਟਾਂ ਪਿਆਲਿਆਂ ਦੀ ਖੱਟ ਖੱਟ ਤੇ ਗਲਾਸਾਂ ਬੋਤਲਾਂ ਦੀ ਗੱਟ ਗੱਟ ਜਾਰੀ ਰਹੀ । ਇਸ ਤੋਂ ਬਾਅਦ ਇਹ ਕੰਮ ਸਮਾਪਤ ਹੋਇਆ।

ਸਭ ਪ੍ਰਾਹੁਣੇ ਜਦ ਖਾ ਪੀ ਚੁੱਕੇ, ਤਾਂ ਡਾਇਰੈਕਟਰ ਨੇ ਉੱਠ ਕੇ ਸਰਦਾਰ ਹੋਰਾਂ ਵਲੋਂ ਸਭ ਦਾ ਧੰਨਵਾਦ ਕੀਤਾ ਤੇ ਫਿਰ ਸੰਖੇਪ ਸ਼ਬਦਾਂ ਵਿਚ ਇਸ ਕੰਪਨੀ ਦੇ ਚਾਲੂ ਕਰਨ ਦਾ ਮਨੋਰਥ ਦੱਸਿਆ ਜਿਸਦਾ ਭਾਵ ਇਹ ਸੀ— ਫ਼ਿਲਮ ਰਾਹੀਂ ਦੇਸ਼ ਦਾ ਸੁਧਾਰ ਤੇ ਉਪਕਾਰ ਕੀਤਾ ਜਾ ਸਕਦਾ ਹੈ । ਨਾਲੇ ਦੇਸ਼ ਦੇ ਕੋਮਲ ਹੁਨਰ ਵਿਚ ਵੀ ਬੇ-ਓੜਕ ਵਾਧੇ ਹੁੰਦੇ ਹਨ ਤੇ ਪੁਰਾਣੇ ਇਤਿਹਾਸ ਨੂੰ ਮੁੜ ਜਿਊਂਦੀ ਜਾਗਦੀ ਸ਼ਕਲ ਵਿਚ ਪੇਸ਼ ਕਰ ਕੇ ਨੌਜਵਾਨਾਂ ਦੇ ਦਿਲਾਂ ਵਿਚ ਨਵਾਂ ਜੀਵਨ ਤੇ ਨਵਾਂ ਉਤਸ਼ਾਹ ਭਰਿਆ ਜਾ ਸਕਦਾ ਹੈ...।

ਫਿਰ ਉਸ ਨੇ ਬਣਨ ਵਾਲੀ ਫ਼ਿਲਮ ਬਾਰੇ ਕਈਆਂ ਗੱਲਾਂ ਤੇ ਚਾਨਣ ਪਾਂਦਿਆਂ ਹੋਇਆਂ ਕਿਹਾ—"ਕੰਪਨੀ ਦੀ ਪਹਿਲੀ ਫ਼ਿਲਮ ਇਕ ਇਤਿਹਾਸਕ ਫ਼ਿਲਮ ਹੋਵੇਗੀ, ਜੋ ਆਪਣੇ ਵਿਤ ਅਨੁਸਾਰ ਪੁਰਾਤਨ ਪੰਜਾਬ ਦੀ ਰਹਿਣੀ ਬਹਿਣੀ, ਪੰਜਾਬ ਦੇ ਪਿੰਡਾਂ ਦੀ ਸਭਿਅਤਾ ਤੇ ਉਸ ਵੇਲੇ ਦੇ ਸਮੁੱਚੇ ਆਚਾਰ ਵਿਹਾਰ ਨੂੰ ਤੁਹਾਡੀਆਂ ਅੱਖਾਂ ਅੱਗੇ ਲਿਆਵੇਗੀ ।

"ਤਿਆਰ ਹੋਣ ਤੇ ਜਦ ਤੁਸੀਂ ਇਸ ਫ਼ਿਲਮ ਨੂੰ ਸਕਰੀਨ ਉਤੇ ਵੇਖੋਗੇ ਤਾਂ ਇਹ ਸਮਝੋਗੇ ਕਿ ਤੁਸੀਂ ਅੱਜ ਤੋਂ ਪੰਜ ਛੇ ਸਦੀਆਂ ਪਹਿਲਾਂ ਦੇ ਪੰਜਾਬ ਵਿਚ ਬੈਠੇ ਹੋ । ਖ਼ਾਸ ਕਰਕੇ ਆਪ ਨੂੰ ਮੇਕਅੱਪ ਅਤੇ ਸੈਟਿੰਗ ਤੋਂ ਹੀ ਪਤਾ ਲੱਗ ਜਾਵੇਗਾ ਕਿ ਕੰਪਨੀ ਨੇ ਆਪਣੇ ਮਨੋਰਥ ਵਿਚ ਸਫਲਤਾ ਪ੍ਰਾਪਤ ਕਰਨ ਲਈ ਕੀ ਕੁਝ ਨਹੀਂ ਕੀਤਾ......।"

ਇਸ ਤੋਂ ਬਾਅਦ ਪ੍ਰਾਹੁਣਿਆਂ ਨੂੰ ਸਟੂਡੀਓ ਵਿਚ ਲੈ ਜਾਇਆ ਗਿਆ।

ਸੈਟਿੰਗ ਪਲੇਸ ਤੋਂ ਪਿਛਾਂਹ ਹਟਵੇਂ ਥਾਂ ਤੇ ਕਰੁਸੀਆਂ ਦੀ ਇਕ ਲੰਮੀ ਪਾਲ ਲੱਗੀ ਹੋਈ ਸੀ, ਜਿਨ੍ਹਾਂ ਉਤੇ ਸ: ਤਰਲੋਕ ਸਿੰਘ ਸਮੇਤ ਸਾਰੇ ਜਣੇ ਸਜ ਗਏ ।

ਡਾਇਰੈਕਟਰ ਦੀ ਆਗਿਆ ਨਾਲ ਸਾਹਮਣਾ ਪਰਦਾ ਚੁੱਕਿਆ ਗਿਆ, ਜਿਸ ਦੇ ਪਿਛੇ ਇਕ ਪੇਂਡੂ ਘਰ ਦੀ ਸੈਟਿੰਗ ਸੀ ।

ਪ੍ਰਾਹੁਣੇ ਹਰ ਇਕ ਚੀਜ਼ ਨੂੰ ਬੜੀ ਗਹੁ ਨਾਲ ਵੇਖ ਰਹੇ ਸਨ । ਸੈਟਿੰਗ ਦਾ ਕੰਮ ਸਚਮੁੱਚ ਡਾਇਰੈਕਟਰ ਦੀ ਯੋਗਦਾ ਤੇ ਹੁਨਰਮੰਦੀ ਦੀ ਸਾਖੀ ਭਰਦਾ ਸੀ

ਕੰਧਾਂ ਅੰਦਰੋਂ ਮਿੱਟੀ ਨਾਲ ਪੋਚੀਆਂ ਹੋਈਆਂ ਸਨ । ਕਿੱਲੀਆਂ ਨਾਲ ਕਿਤੇ ਸੂਤਰ ਦੀਆਂ ਅੱਟੀਆਂ, ਕਿਤੇ ਚਰਖਾ ਤੇ ਕਿਤੇ ਟੰਗਣਾ ਬਣਾ ਕੇ ਉਸ ਉਤੇ ਲੇਫ ਤਲਾਈਆਂ ਟੰਗੀਆਂ ਹੋਈਆਂ ਸਨ । ਇਕ ਪਾਸੇ ਪੜਛੱਤੀ ਉਤੇ ਘਰ ਦੀਆਂ ਕਈ ਨਿੱਕੀਆਂ ਮੋਟੀਆਂ ਚੀਜ਼ਾਂ ਪਈਆਂ ਸਨ, ਜਿਨ੍ਹਾਂ ਵਿਚ ਚੀਨੀ ਦੀਆਂ ਦੋ ਤਿੰਨ ਪਿਆਲੀਆਂ ਵੀ ਮੌਜੂਦ ਸਨ । ਇਕ ਨੁੱਕਰ ਵਿਚ ਦਾਣਿਆਂ ਵਾਲਾ ਭੜੋਲਾ, ਤੇ ਉਸ ਦੇ ਪਾਸ ਹੀ ਇਕ ਚੱਕੀ ਪਈ ਸੀ ।

ਇਸ ਤੋਂ ਜ਼ਰਾ ਕੁ ਪਰ੍ਹਾਂ ਕਰ ਕੇ ਇਕ ਲੱਕੜ ਦੇ ਪਾਵਿਆਂ ਵਾਲਾ ਸੰਦੂਕ ਸੀ ਜਿਸ ਨੂੰ ਹੋਰ ਪੁਰਾਣਾ ਦਰਸਾਣ ਲਈ ਉਸ ਉਤੇ ਲੇਵੀ ਨਾਲ ਰੱਦੀ ਕਾਗਜ਼ ਮੜੇ ਹੋਏ ਸਨ ਜੋ ਧਿਆਨ ਨਾਲ ਵੇਖਿਆਂ ਪਤਾ ਲੱਗਦਾ ਸੀ, ਕਿ ਕਿਸੇ ਅਖ਼ਬਾਰ ਦੇ ਵਰਕੇ ਹਨ । ਜ਼ਰਾ ਹੋਰ ਚੰਗੀ ਤਰ੍ਹਾਂ ਵੇਖਣ ਵਾਲਿਆਂ ਨੂੰ ਇਨ੍ਹਾਂ ਦੇ ਕੁਝ ਮੋਟੇ ਸਿਰਲੇਖ—"ਯੂਨੀਵਰਸਿਟੀ ਹਾਲ ਮੇਂ ਮੀਆ ਸ਼ਹਾਬ ਦੀਨ ਕੀ ਆਲਮਾਨਾ ਤਕਰੀਰ" ਅਥਵਾ "ਸਰਦਾਰ ਬਹਾਦਰ ਪਾਰਟੀ ਦੀ ਇਕ ਹੋਰ ਗੁੱਝੀ ਚਾਲ" ਵੀ ਸਾਫ ਦਿਸ ਪੈਂਦੇ ਸਨ ।

ਘਰ ਦੀ ਦੂਜੀ ਨੁੱਕਰੇ ਮਿੱਟੀ ਦੇ ਭਾਂਡਿਆਂ ਦੀਆਂ ਦੋ ਤਿੰਨ ਦੋਘੜਾਂ ਲਗੀਆਂ ਸਨ, ਜਿਨ੍ਹਾਂ ਦੇ ਪਾਸ ਹੀ ਇਕ ਢੱਕਣ ਤੋਂ ਬਿਨਾਂ ਹਾਥੀ ਛਾਪ ਦਾ ਮਿੱਟੀ ਦੇ ਤੇਲ ਵਾਲਾ ਪੀਪਾ, ਮਕੱਈ ਦੀਆਂ ਛੱਲੀਆਂ ਦਾ ਭਰਿਆ ਪਿਆ ਸੀ । ਇਸ ਤੋਂ ਉੱਤੇ ਕਰ ਕੇ ਜਾਲੇ ਵਿਚ ਬਾਲਾਂ ਦੇ ਕੁਝ ਖਿਡੌਣੇ ਰਖੇ ਹੋਏ ਸਨ, ਜਿਹੜੇ ਕੁਝ ਤਾਂ ਮਿੱਟੀ ਦੇ, ਤੇ ਕੁਝ ਲੱਕੜੀ ਦੇ ਸਨ, ਤੇ ਉਨ੍ਹਾਂ ਦੇ ਵਿਚ ਹੀ ਇਕ ਰਬੜ ਦੀ ਗੇਂਦ ਤੇ ਦੋ ਕੁ ਸੈਲੋਲਾਇਡ ਦੇ ਜਾਪਾਨੀ ਬਾਵੇ ਵੀ ਸਨ ।

ਇਕ ਕਿੱਲੀ ਨਾਲ ਟੁੱਟੀ ਹੋਈ ਹਰੀਕੇਨ ਲੈਂਪ ਟੰਗੀ ਹੋਈ ਸੀ, ਜਿਸ ਦੇ ਹੇਠਾਂ ਇਕ ਦਿਵਾਖੇ ਉਤੇ ਇਕ ਟੀਨ ਦਾ ਡੱਬਾ, ਨਿੱਕੀਆ ਨਿੱਕੀਆਂ ਪੋਟਲੀਆਂ ਨਾਲ ਭਰਿਆ ਪਿਆ ਸੀ । ਡੱਬੇ ਉੱਤਲਾ ਲੇਵਲ ਭਾਵੇਂ ਮੈਲਾ ਹੋਣ ਕਰ ਕੇ ਚੰਗੀ ਤਰ੍ਹਾਂ ਨਹੀਂ ਸੀ ਦਿਸਦਾ, ਪਰ 'ਲਿਪਟਨਜ਼ ਟੀ' ਅੱਖਰ ਵਧੇਰੇ ਮੋਟੇ ਹੋਣ ਕਰ ਕੇ ਸਾਫ ਪੜ੍ਹੇ ਜਾਂਦੇ ਸਨ।

ਵਿਹੜੇ ਵਿਚ ਇਕ ਵੱਡੀ ਸਾਰੀ ਹਾਸ਼ੀਏਦਾਰ ਦਰੀ ਵਿਛੀ ਹੋਈ ਸੀ, ਜਿਸ ਉੱਤੇ ਤਖ਼ਤਪੋਸ਼ ਡਾਹ ਕੇ ਉੱਤੇ ਇਕ ਪਾਲ ਵਿਚ ਤਿੰਨੇ ਚਰਖੇ ਰੱਖੇ ਹੋਏ ਸਨ।

ਥੋੜ੍ਹੇ ਕੁ ਚਿਰ ਪਿਛੋਂ ਐਕਟਰੈੱਸਾਂ ਨੂੰ ਬੁਲਾਵਾ ਹੋਇਆ, ਜੋ ਪਿਛਲੇ ਹਿੱਸੇ ਵਿਚੋਂ ਆ ਕੇ ਤਖ਼ਤਪੋਸ਼ ਉੱਤੇ ਆਪੋ ਆਪਣੇ ਚਰਖ਼ਿਆਂ ਅੱਗੇ ਬੈਠ ਗਈਆਂ। ਵਿਚਕਾਰਲੀ ਸੀ ਹੀਰੋਇਨ ਮਿਸ ਗੁਲਜ਼ਾਰ, ਤੇ ਸੱਜੇ ਖੱਬੇ ਵਾਲੀਆਂ ਦੋਵੇਂ ਉਸ ਦੀਆਂ ਸਹੇਲੀਆਂ ਸਨ ।

ਤਿੰਨਾਂ ਨੂੰ ਹੀ ਪੇਂਡੂ ਪਹਿਰਾਵੇ ਵਿਚ ਮੇਕਅੱਪ ਕੀਤਾ ਗਿਆ ਸੀ।

ਤੇੜ ਉਨ੍ਹਾਂ ਦੇ ਲਾਲ ਕੰਨੀ ਵਾਲੀਆਂ ਨੀਲੇ ਰੰਗ ਦੀਆਂ ਤਹਿਮਤਾਂ ਸਨ, ਗਲ ਛੀਟ ਦੇ ਕੁੜਤੇ, ਤੇ ਸਿਰਾਂ ਤੇ ਛੱਬੀ ਦੀ ਮਲਮਲ ਦੇ ਵੱਖੋ ਵੱਖ ਰੰਗਾਂ ਵਿਚ ਰੰਗੇ ਹੋਏ ਦੁਪੱਟੇ ।

ਤਿੰਨਾਂ ਨੇ ਹੀ ਵਿੰਗੇ ਟੇਢੇ ਚੀਰ ਕੱਢੇ ਹੋਏ ਸਨ, ਤੇ ਉਨ੍ਹਾਂ ਦੇ ਵਾਲਾਂ ਵਿਚ ਕਲਿੱਪ ਤੇ ਹੇਅਰ ਪਿੰਨਾਂ ਦਿਖਾਈ ਦੇ ਰਹੀਆਂ ਸਨ । ਗੁਲਜ਼ਾਰ ਦੀ ਸਜਾਵਟ ਵਿਚ ਸਾਥਣਾਂ ਨਾਲੋਂ ਕਈ ਵਾਧੇ ਸਨ । ਉਸ ਦੇ ਗਲ ਵਿਚ ਪਾਣ ਵਾਲਾ ਲਾਕਟ, ਹੱਥੀਂ ਰੇਸ਼ਮੀ ਵੰਗਾਂ, ਤੇ ਕੰਨੀਂ ਮੇਮਾਂ ਵਾਲੇ ਟਾਪਸ ਸਨ । ਇਕ ਹੱਥ ਵਿਚ ਉਸ ਨੇ ਵਧੀਆ ਰੁਮਾਲ ਵੀ ਫੜਿਆ ਹੋਇਆ ਸੀ ।

ਪਹਿਲਾ ਕਲੋਜ਼ਅਪ ਸੀਨ ਲੈਣ ਲਈ ਡਾਇਰੈਕਟਰ ਨੇ ਆਰਡਰ ਦਿੱਤਾ।

ਕੈਮਰਾ ਮੈਨ ਕੈਮਰੇ ਨੂੰ ਫਿੱਟ ਕਰਨ ਲੱਗਾ, ਰਿਕਾਰਡਿਸਟ ਨੇ ਆਪਣਾ ਰਿਕਾਰਡਰ ਖੋਲ੍ਹਿਆ, ਤੇ ਸਾਊਂਡ ਮੈਨ ਦੇ ਬੂਮ ਦਾ ਰੁਖ਼ ਮੋੜ ਕੇ ਉਸ ਨਾਲ ਬੰਨ੍ਹਿਆਂ ਹੋਇਆ ਮਾਈਕ੍ਰੋਫ਼ੂਨ ਤਿੰਨਾਂ ਐਕਟਰੈੱਸਾਂ ਦੇ ਸਿਰ ਤੇ ਲਗਾ ਦਿੱਤਾ।

ਇਸ ਤੋਂ ਬਾਅਦ ਕਲੈਪਰਜ਼ ਨਾਲ ਠੱਕ ਠੱਕ ਕਰ ਕੇ ਐਕਟਰੈੱਸਾਂ ਨੂੰ ਚੇਤੰਨ ਕਰ ਦਿੱਤਾ ਗਿਆ—ਨਾਲ ਹੀ ਡਾਇਰੈਕਟਰ ਨੇ ਉਨ੍ਹਾਂ ਨੂੰ ਚਰਖੇ ਕੱਤਦਿਆਂ ਹੋਇਆਂ ਨਿਯਤ ਗੀਤ ਗਾਣ ਦਾ ਹੁਕਮ ਦਿੱਤਾ।

ਮਸ਼ੀਨਾਂ ਚਾਲੂ ਹੋਈਆਂ, ਮਿਊਜ਼ਿਕ ਸੈੱਟ ਗੂੰਜਿਆ, ਤੇ ਤਿੰਨਾਂ ਨੇ ਹੀ ਚਰਖੇ ਕੱਤਣੇ ਸ਼ੁਰੂ ਕੀਤੇ । ਵਿਚਾਰੀਆਂ ਨੇ ਤੰਦਾਂ ਕਢਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਤਿੰਨਾਂ ਵਿਚੋਂ ਕੋਈ ਵੀ ਇਸ ਕੰਮ ਵਿਚ ਸਫਲ ਨਾ ਹੋ ਸਕੀ। ਕਿਸੇ ਦੀ ਤਾਂ ਪੂਣੀ ਹੀ ਤਕਲੇ ਨਾਲ ਲਪੇਟੀ ਜਾਂਦੀ ਸੀ, ਤੇ ਕੋਈ ਜੇ ਦੋ ਚਾਰ ਇੰਚ ਰੱਸੇ ਜਿੱਡੀ ਤੰਦ ਕਢਦੀ ਵੀ, ਤੇ ਕਿਸੇ ਬਦਨਸੀਬ ਦੀ ਆਸ ਵਾਂਗ ਅੱਧਵਾਟਿਓਂ ਹੀ ਟੁੱਟ ਪੈਂਦੀ ।

ਕਿੰਨੇ ਹੀ ਚਿਰ ਦੀ ਮਗਜ਼ਪਚੀ ਨਾਲ ਵੀ ਜਦ ਕੰਮ ਸਿਰੇ ਨਾ ਚੜ੍ਹਿਆ ਤਾਂ ਹਾਰ ਕੇ ਡਾਇਰੈਕਟਣ ਨੇ ਸਟੋਪ ਦਾ ਆਰਡਰ ਦਿੱਤਾ।

ਦੁਬਾਰਾ ਕੈਮਰਾਮੈਨ ਨੂੰ ਲਾਂਗ ਸ਼ਾਟ ਲੈਣ ਲਈ ਹੁਕਮ ਦਿੱਤਾ ਗਿਆ ਤੇ ਐਕਟਰੈੱਸਾਂ ਨੂੰ ਕਿਹਾ ਗਿਆ ਚਰਖੇ ਕੱਤਣ ਤੋਂ ਬਿਨਾਂ—ਕੇਵਲ ਚਰਖਿਆਂ ਅੱਗੇ ਬੈਠ ਕੇ ਹੀ ਗੀਤ ਗਾਓ ।

ਲਾਂਗ ਸ਼ਾਟ ਲੈਣ ਦਾ ਮਤਲਬ ਇਹ ਸੀ ਕਿ ਦੂਰ ਦੀ ਤਸਵੀਰ ਹੋਣ ਕਰ ਕੇ ਸਾਧਾਰਨ ਨੁਕਸਾਂ ਜਾਂ ਚਰਖੇ ਕੱਤਣ ਦੀ ਊਣਤਾਈ ਢੱਕੀ ਰਹੇ ।

ਮਸ਼ੀਨਾਂ ਚਾਲੂ ਹੋਈਆਂ ਤੇ ਨਾਲ ਹੀ ਸੈਟ ਉੱਤੇ ਤਿੰਨੇ ਰਲ ਕੇ ਡਾਢੀ ਮਿੱਠੀ ਸੁਰ ਵਿਚ ਗਾਣ ਲਗੀਆਂ—

ਯਾ ਇਲਾਹੀ ਮਿਟ ਨਾ ਜਾਏ ਦਰਦੇ ਦਿਲ ।
ਮਿਟਨੇ ਵਾਲੋਂ ਕੋ ਮਿਟਾਏ ਦਰਦੇ ਦਿਲ ।

ਗਾਣਾ ਸਮਾਪਤ ਹੋਣ ਤੋਂ ਬਾਅਦ ਡਾਇਰੈਕਟਰ ਨੇ ਹੀਰੋ ਨੂੰ, ਜੋ ਮੇਕਅੱਪ ਕਰ ਕੇ ਪਿਛੇ ਹੱਟਵਾਂ ਖੜਾ ਸੀ, ਇਸ਼ਾਰੇ ਨਾਲ ਸੱਦਿਆ, ਤੇ ਉਸ ਨੂੰ ਇਉਂ ਸਮਝਾਣ ਲੱਗਾ—"ਦੇਖ ਮਿਸਟਰ, ਜਦ ਕੈਮਰਾ, ਫ਼ਿਲਮ ਲੈਣੀ ਸ਼ੁਰੂ ਕਰੇ, ਤਾਂ ਤੂੰ ਪਿਛਲੇ ਪਾਸਿਓਂ ਦੀ ਆ ਕੇ ਅਛੋਪਲਾ ਹੀ ਦੂਹਾਂ ਹੱਥਾਂ ਨਾਲ ਗੁਲਜ਼ਾਰ ਦੀਆਂ ਅੱਖਾਂ ਐਸ ਤਰ੍ਹਾਂ (ਆਪ ਗੁਲਜ਼ਾਰ ਦੇ ਚੇਹਰੇ ਨੂੰ ਹੱਥਾਂ ਨਾਲ ਢੱਕ ਕੇ) ਬੰਦ ਕਰ ਦਈਂ ਤੇ ਇਸ ਤੋਂ ਬਾਅਦ ਝਟ ਹੀ ਐਉਂ ਕਰਕੇ (ਅਮਲੀ ਤੌਰ ਤੇ ਦਸ ਕੇ) ਇਸ ਦਾ ਮੂੰਹ ਚੁੰਮ ਲਈਂ ।

ਫਿਰ ਗੁਲਜ਼ਾਰ ਨੂੰ ਕਹਿਣ ਲੱਗਾ—"ਹਾਂ ਮਿਸ ਗੁਲਜ਼ਾਰ ! ਜਦ ਹੀਰਾ ਇਸ ਤਰ੍ਹਾਂ ਦੀ ਹਰਕਤ ਕਰੇ, ਤਾਂ ਤੂੰ ਆਪਣਾ ਮੂੰਹ ਐਉਂ (ਆਪਣਾ ਮੂੰਹ ਓਦਾਂ ਦਾ ਬਣਾ ਕੇ) ਕਰ ਕੇ ਪਹਿਲਾਂ ਉਸ ਵੱਲ ਗੁੱਸੇ ਨਾਲ ਵੇਖੀਂ, ਫੇਰ ਮੁਸਕਰਾ ਕੇ ਐਉਂ (ਗੁਲਜ਼ਾਰ ਨੂੰ ਜੱਫੀ ਪਾ ਕੇ) ਉਸ ਨੂੰ ਜੱਫੀ ਪਾ ਲਈਂ, ਸੁਣਿਆ !"

ਸ: ਤਰਲੋਕ ਸਿੰਘ, ਦਰਸ਼ਕਾਂ ਵਿਚ ਬੈਠਾ ਇਹ ਸਭ ਕੁਝ ਵੇਖ ਕੇ ਦੰਦੀਆਂ ਪੀਹ ਰਿਹਾ ਸੀ । ਜੇ ਪ੍ਰਾਹੁਣਿਆਂ ਦਾ ਡਰ ਨਾ ਹੁੰਦਾ ਤਾਂ ਉਹ ਜ਼ਰੂਰ ਡਾਇਰੈਕਟਰ ਨੂੰ ਇਸ ਮਦਾਖ਼ਲਤ ਬੇ-ਜਾੱ ਦਾ ਮਜ਼ਾ ਚਖਾਂਦਾ।

ਅਖ਼ੀਰ ਸੀਨ ਫਿਲਮਾਇਆ ਗਿਆ, ਤੇ ਅੱਜ ਦਾ ਕੰਮ ਬੜੀ ਸਫਲਤਾ ਨਾਲ ਸਮਾਪਤ ਹੋਇਆ । ਪ੍ਰਾਹੁਣਿਆਂ ਨੇ ਖ਼ੁਸ਼ੀ ਦੀਆਂ ਤਾੜੀਆਂ ਵਜਾਈਆਂ।

ਕੈਮਰਾ ਮੈਨ ਨੇ ਜਦ ਰੋਲ (ਨੈਗੇਟਿਵ ਫਿਲਮ ਦੀ ਰੀਲ) ਕੈਮਰੇ ਤੋਂ ਉਤਾਰਿਆ ਤਾਂ ਉਸ ਦਾ ਮੂੰਹ ਬੱਗਾ ਹੋ ਗਿਆ । ਡਾਇਰੈਕਟਰ ਦੇ ਪੁੱਛਣ ਤੇ ਉਸ ਨੇ ਡਰਦਿਆਂ ਡਰਦਿਆਂ ਉਸ ਦੇ ਕੰਨ ਵਿਚ ਕਿਹਾ, "ਫ਼ਿਲਮ ਤਾਂ ਸਾਰੀ ਦੀ ਸਾਰੀ ਸੱਖਣੀ ਹੀ ਪਈ ਹੈ—ਉਸ ਉਤੇ ਤਸਵੀਰ ਆਈ ਹੀ ਕੋਈ ਨਹੀਂ, ਕੇਵਲ ਸਾਊਂਡ ਟ੍ਰਕ ਉਤੇ ਆਵਾਜ਼ ਹੀ ਭਰੀ ਗਈ ਹੈ ।"

ਇਸ ਦਾ ਕਾਰਨ ਉਸ ਨੇ ਦਸਿਆ ਕਿ ਚਾਲੂ ਕਰਨ ਵੇਲੇ ਉਸ ਨੂੰ ਕੈਮਰੇ ਅਗੋਂ ਫ਼ੋਕਸਿੰਗ ਕੈਪ ਉਤਾਰਨ ਦਾ ਚੇਤਾ ਹੀ ਭੁੱਲ ਗਿਆ ਸੀ ।

ਡਾਇਰੈਕਟਰ ਦੇ ਮੱਥੇ ਤੇ ਤਿਊੜੀ ਆਈ, ਪਰ ਇਹ ਖ਼ਿਆਲ ਕਰ ਕੇ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ, ਉਸ ਨੇ ਮੂੰਹ ਬੰਦ ਹੀ ਰਖਿਆ।

ਪ੍ਰਾਹੁਣਿਆਂ ਦਾ ਦੋਬਾਰਾ ਧੰਨਵਾਦ ਕਰ ਕੇ ਸਭ ਨੂੰ ਵਿਦਾ ਕੀਤਾ ਗਿਆ। ਜਾਂਦੇ ਹੋਏ ਸਾਰੇ, ਸਰਦਾਰ ਤਰੋਲਕ ਸਿੰਘ ਨੂੰ ਦੂਹਰੀ ਵਧਾਈ ਦੇਂਦੇ ਗਏ।

੨੫

ਅੱਗ ਵਿਚ ਪੈ ਕੇ ਵੀ ਪਿੱਤਲ, ਸੋਨਾ ਨਾ ਬਣ ਸਕਿਆ । ਜਗਤ ਸਿੰਘ ਨੂੰ ਅੰਮ੍ਰਿਤਧਾਰੀ ਮਹਾਤਮਾ ਨੇ ਜਿਹੜੀ ਵਿਉਂਤ ਦੱਸੀ ਸੀ, ਉਸ ਬਾਰੇ ਦੁਹਾਂ ਗੁਰੂ ਚੇਲੇ ਦਾ ਪੱਕਾ ਭਰੋਸਾ ਸੀ ਕਿ ਸਰਲਾ ਨੂੰ ਫ਼ਾਹੁਣ ਲਈ ਇਸ ਤੋਂ ਚੰਗਾ ਇਲਾਜ ਹੋਰ ਕੋਈ ਨਹੀਂ ਹੋ ਸਕਦਾ, ਪਰ ਜਗਤ ਸਿੰਘ ਨੂੰ ਇਸ ਵਿਚ ਸਫਲਤਾ ਨਾ ਹੋ ਸਕੀ ।

'ਮਹਾਰਾਜ' ਵਲੋਂ ਜੋ ਉਪਦੇਸ਼ ਡਾਕ ਰਾਹੀਂ ਜਗਤ ਸਿੰਘ ਨੂੰ ਆਉਂਦੇ ਰਹੇ ਜਗਤ ਸਿੰਘ ਉਨ੍ਹਾਂ ਨੂੰ ਸਾਰੀ ਦਿਹਾੜੀ ਰਟਦਾ ਰਹਿੰਦਾ, ਤੇ ਸ਼ਾਮੀਂ ਜਾਂ ਰਾਤ ਨੂੰ ਜਾ ਕੇ ਓਵੇਂ ਹੀ ਸਰਲਾ ਪਾਸ ਉਨ੍ਹਾਂ ਦੀ ਵਿਆਖਿਆ ਸ਼ੁਰੂ ਕਰ ਦੇਂਦਾ । ਉਪਦੇਸ਼ ਸੱਚ-ਮੁੱਚ ਯੁਕਤੀ-ਪੂਵਰਕ ਤੇ ਅਸਰ ਭਰੇ ਹੁੰਦੇ ਸਨ, ਜਿਹੜੇ ਦੁੱਖੀ ਸਰਲਾ ਲਈ ਢਾਰਸ ਦਾ ਕੰਮ ਕਰਦੇ ਸਨ । ਪਰ ਇਸ ਦਾ ਫਲ-ਰੂਪ ਜਗਤ ਸਿੰਘ ਦਾ ਰਸਤਾ ਸਗੋਂ ਹੋਰ ਵੀ ਬਿਖੜਾ ਹੁੰਦਾ ਜਾਂਦਾ ਸੀ ।

ਫ਼ਰੇਬ ਤੇ ਪਖੰਡ ਦੀ ਅੱਗ ਨਾਲ ਉਹ ਜਿਉਂ ਜਿਉਂ ਸਰਲਾ ਨੂੰ ਪਾਪ ਦੇ ਸੱਚੇ ਵਿਚ ਢਾਲਣ ਦੀ ਕੋਸ਼ਿਸ਼ ਕਰਦਾ, ਸਰਲਾ ਇਸ ਅੱਗ ਦੇ ਸੇਕ ਨਾਲ ਸੰਜੀਵਨੀ ਬਣਦੀ ਜਾਂਦੀ ਸੀ । ਜਗਤ ਸਿੰਘ ਦੇ ਬਨਾਉਟੀ ਸੰਦੇਸ਼ ਤੇ ਫੋਕੀ ਗਿਆਨ ਚਰਚਾ ਨੂੰ ਉਹ ਉਸੇ ਤਰ੍ਹਾਂ ਗ੍ਰਹਿਣ ਕਰਦੀ, ਜਿਵੇਂ ਇਕ ਜਗਿਆਸੂ ਆਪਣੇ ਗੁਰੂ ਦੇ ਬਚਨਾਂ ਨੂੰ ।

ਜਗਤ ਸਿੰਘ ਸ਼ੁਰੂ ਸ਼ੁਰੂ ਵਿਚ ਗੱਲਾਂ ਵਿਚ ਹੀ ਕਦੇ ਕਦਾਈਂ ਆਪਣੇ ਮਤਲਬ ਦੀ ਬੇ-ਤੁਕੀ ਵੀ ਵਾਹ ਜਾਂਦਾ ਸੀ, ਜਿਸ ਦੇ ਉੱਤਰ ਵਿਚ ਸਰਲਾ ਵਲੋਂ ਉਸ ਨੂੰ ਜੋ ਕੁਝ ਕਿਹਾ ਜਾਂਦਾ, ਜਾਂ ਜਿਨ੍ਹਾਂ ਭਾਵਾਂ ਨਾਲ ਉਸ ਵੱਲ ਤੱਕਿਆ ਜਾਂਦਾ, ਇਸ ਖ਼ਤਰੇ ਵਲੋਂ ਉਹ ਚੁਕੰਨਾ ਰਹਿੰਦਾ ਸੀ । ਅਖ਼ੀਰ

ਇਥੋਂ ਤਕ ਹੋਇਆ ਕਿ ਸਰਲਾ ਦੀਆਂ ਅੱਖਾਂ ਵਿਚ ਕੋਈ ਅਲੌਕਿਕ ਜਿਹੀ ਚਮਕ ਆ ਗਈ—ਅਜਿਹੀ ਚਮਕ, ਜਿਸ ਦੇ ਝਲਕਾਰੇ ਨਾਲ ਜਗਤ ਸਿੰਘ ਦੇ ਸਵਾਰਥੀ ਮਨੂਸੂਬੇ ਛਿੰਨ ਭਿੰਨ ਹੋ ਜਾਂਦੇ, ਜਿਸ ਤੋਂ ਡਰ ਕੇ ਉਹ ਕੋਈ ਇਸ ਕਿਸਮ ਦਾ ਸ਼ਬਦ ਜ਼ਬਾਨ ਤੇ ਲਿਆ ਹੀ ਨਹੀਂ ਸੀ ਸਕਦਾ। ਇਸ ਤੋਂ ਵੀ ਅਗਾਂਹ ਹੋਰ । ਹੁਣ ਜਗਤ ਸਿੰਘ ਸਰਲਾ ਦੇ ਸਾਹਮਣੇ ਬੈਠਾ ਇਹੋ ਜਿਹੇ 'ਖ਼ਿਆਲ' ਵੀ ਦਿਲ ਵਿਚ ਲਿਆਉਣ ਦਾ ਹੀਆ ਨਹੀਂ ਸੀ ਕਰ ਸਕਦਾ, ਸਗੋਂ ਇਸ ਭਾਵਨਾ ਨਾਲ ਸਰਲਾ ਵਲ ਤੱਕਦਿਆਂ ਹੀ ਕਿਸੇ ਤੇਜ ਮਈ ਪ੍ਰਭਾਵ ਨਾਲ ਉਸਦੀ ਨਜ਼ਰ ਫ਼ਰਸ਼ ਤੇ ਗੱਡੀ ਜਾਂਦੀ ਸੀ।

ਨੌਬਤ ਇਥੋਂ ਤੀਕ ਆ ਗਈ ਕਿ ਸਰਲਾ ਪਾਸ ਬੈਠਾ ਹੋਣ ਤੇ ਜਗਤ ਸਿੰਘ ਦੇ ਅੰਦਰ ਕਿਸੇ ਕਿਸੇ ਪਵਿੱਤ੍ਰਤਾ ਦਾ ਵੀ ਅਨੁਭਵ ਹੁੰਦਾ। ਕਦੇ ਕਦੇ ਅੰਦਰੋਂ ਹੀ ਕੋਈ ਅਣਜਾਪੀ ਜਿਹੀ ਚੀਜ਼ ਉਸ ਨੂੰ ਫਿਟਕਾਰਾਂ ਵੀ ਪਾਣ ਲੱਗ ਪੈਂਦੀ—ਉਸ ਨੂੰ ਕਿਸੇ ਕਿਸੇ ਵੇਲੇ ਡਰ ਜਿਹਾ ਵੀ ਭਾਸਣ ਲਗ ਪੈਂਦਾ ਸੀ ਤੇ ਇਸ ਹਾਲਤ ਵਿਚ ਉਹ ਕਿਸੇ ਨਾ ਕਿਸੇ ਬਹਾਨੇ ਸਰਲਾ ਪਾਸੋਂ ਉੱਠ ਕੇ ਨੱਠਣ ਦੀ ਕਰਦਾ।

ਕੀ ਸਰਲਾ ਨੇ ਉਸ ਨੂੰ ਤਾੜਨਾ ਕੀਤੀ ਸੀ? ਕਦੇ ਉਸ ਵੱਲ ਗੁੱਸੇ ਨਾਲ ਤੱਕੀ ਸੀ ? ਜਾਂ ਕਦੇ ਉਸ ਸੰਬੰਧੀ ਸਰਲਾ ਦੇ ਦਿਲ ਵਿਚ ਇਕ ਵੀ ਅਜਿਹਾ ਫੁਰਨਾ ਫੁਰਿਆ ਸੀ, ਜਿਸ ਵਿਚ ਜਗਤ ਸਿੰਘ ਪ੍ਰਤੀ ਘ੍ਰਿਣਾ ਦਾ ਭਾਵ ਹੋਵੇ ? ਸਗੋਂ ਇਹ ਕਿ ਸਰਲਾ ਉਸ ਨੂੰ ਸ਼ਰਧਾ ਭਾਵ ਨਾਲ ਵੇਖਦੀ ਸੀ । ਫੇਰ ਜਗਤ ਸਿੰਘ ਦੇ ਪੈਰ ਕਿਉਂ ਡਗਮਗਾਂਦੇ ਸਨ ? ਸਰਲਾ ਦੀਆਂ ਅੱਖਾਂ 'ਚੋਂ ਨਿਕਲੀ ਹੋਈ ਕੋਈ ਬਿਜਲੀ ਦੀ ਲਹਿਰ ਕਿਉਂ ਉਸ ਦੇ ਨੀਚ ਭਾਵਾਂ ਵਿਚ ਖਲਬਲੀ ਮਚਾ ਕੇ ਉਨ੍ਹਾਂ ਨੂੰ ਅੱਧਮੋਏ ਜਿਹੇ ਕਰ ਦੇਂਦੀ ਸੀ ।

ਮਨੁੱਖ ਦੇ ਮੈਲੇ ਗੰਧਲੇ ਖ਼ਿਆਲਾਂ ਵਿਚ ਵੀ ਕਿੰਨੀ ਤਾਕਤ ਹੈ ਕਿ ਉਹ ਡਿਗਦੇ ਡਿਗਦੇ ਵੀ—ਹਾਰਦੇ ਤੇ ਕੁਚਲੀਂਦੇ ਹੋਏ ਵੀ ਆਪਣਾ ਅਸਲਾ ਨਹੀਂ ਛੱਡਦੇ । ਜਗਤ ਸਿੰਘ ਫੇਰ ਵੀ ਮਹਾਤਮਾ ਦੇ ਉਪਦੇਸ਼ਾਂ ਨੂੰ ਤੇ ਨਾਲ ਨਾਲ ਆਪਣੀ ਬੁੱਧ-ਚਤੁਰਾਈ ਨੂੰ ਦੁਹਰਾਂਦਾ ਤਿਹਰਾਂਦਾ ਹੀ ਰਹਿੰਦਾ

ਸੀ । ਇਸ ਲਈ ਕਿ ਉਹ ਅਜੇ ਰਾਤ ਨੂੰ ਸਰਲਾ ਅੱਗੇ ਐਸੇ ਢੰਗ ਨਾਲ ਆਪਣੇ ਅਸਲ ਮਤਲਬ ਨੂੰ ਪ੍ਰਗਟ ਕਰੇਗਾ ਕਿ ਜ਼ਰੂਰ ਹੀ ਉਸ ਨੂੰ ਸਫਲਤਾ ਪ੍ਰਾਪਤ ਹੋਵੇਗੀ। ਪਰ ਜਦ ਉਹ ਸਰਲਾ ਦੇ ਸਾਹਮਣੇ ਜਾਂਦਾ, ਉਸ ਨੂੰ ਸਭ ਕੁਝ ਭੁਲ ਜਾਂਦਾ। ਇਥੋਂ ਤਕ ਕਿ ਯਾਦ ਕੀਤੇ ਹੋਏ ਵਾਕ ਵੀ ਪੂਰੀ ਤਰ੍ਹਾਂ ਉਸਨੂੰ ਚੇਤੇ ਨਹੀਂ ਸਨ ਰਹਿੰਦੇ ।

ਛੇਕੜ ਉਹ ਤੰਗ ਆ ਗਿਆ, ਲਾਚਾਰ ਹੋ ਗਿਆ । ਏਸ ਢੰਗ ਨਾਲ ਕਾਮਯਾਬ ਹੋਣ ਦੀ ਉਸ ਨੂੰ ਜ਼ਰਾ ਵੀ ਆਸ ਨਾ ਰਹੀ ।

ਉਸ ਨੇ ਸਰਲਾ ਦੇ ਸਾਹਮਣੇ ਜਾਣਾ ਲਗ ਪਗ ਬੰਦ ਕਰ ਦਿੱਤਾ। ਦਿਨ ਰਾਤ ਇਸੇ ਉਧੇੜ ਬੁਣ ਵਿਚ ਪਿਆ ਰਹਿੰਦਾ ਸੀ।

ਅੱਜ ਉਹ ਸਾਰਾ ਦਿਨ ਘਰੋਂ ਬਾਹਰ ਨਹੀਂ ਨਿਕਲਿਆ, ਨਾ ਕੰਮ ਤੇ ਗਿਆ । ਸਾਰਾ ਦਿਨ ਤੇ ਸਾਰੀ ਰਾਤ ਹੀ ਮੰਜੇ ਤੇ ਪਿਆ ਪਿਆ ਇਹੋ ਸੋਚਦਾ ਰਿਹਾ ਕਿ ਹੁਣ ਕੀ ਕਰਨਾ ਚਾਹੀਦਾ ਹੈ?

ਕਦੇ ਉਸ ਨੂੰ ਖ਼ਿਆਲ ਆਉਂਦਾ, ਮੈਂ ਕਿਤਨਾ ਡਰਾਕਲ ਹਾਂ । ਇਕ ਸਾਧਾਰਣ ਤੀਵੀਂ ਅੱਗੇ ਆਪਣਾ ਮਤਲਬ ਮੈਂ ਅੱਜ ਤੀਕ ਪ੍ਰਗਟ ਨਹੀਂ ਕਰ ਸਕਿਆ ? ਕੀ ਉਹ ਡੈਣ ਹੈ ਜੋ ਮੈਨੂੰ ਨਿਗ਼ਲ ਜਾਵੇਗੀ ? ਫੇਰ ਜਦ ਕਿ ਮੇਰੇ ਹਰ ਇਕ ਹੁਕਮ ਨੂੰ—ਹਰ ਇਕ ਇਸ਼ਾਰੇ ਨੂੰ ਮੰਨਣ ਲਈ ਤਿਆਰ ਹੀ ਨਹੀਂ ਸਗੋਂ ਆਪਣੇ ਲਈ ਧੰਨ ਭਾਗ ਸਮਝਦੀ ਹੈ, ਤਾਂ ਮੈਂ ਕਿਉਂ ਇਤਨਾ ਡਰਦਾ ਹਾਂ ?

ਸੋਚਦਿਆਂ ਸੋਚਦਿਆਂ ਇਕ ਹੋਰ ਤਰ੍ਹਾਂ ਦਾ ਖ਼ਿਆਲ ਉਸ ਦੇ ਅੰਦਰ ਪੈਦਾ ਹੋਇਆ, ਜਿਸ ਦੇ ਪੈਦਾ ਹੁੰਦਿਆਂ ਹੀ ਉਹ ਲੰਮਾ ਪਿਆ ਪਿਆ ਉੱਠ ਕੇ ਬੈਠ ਗਿਆ । ਸਰਲਾ ਜਿਸ ਰੱਸੇ ਨਾਲ ਬੱਧੀ ਹੋਈ ਹੈ, ਜਦ ਤੀਕ ਮੈਂ ਉਸ ਰੱਸੇ ਨੂੰ ਨਾ ਕੱਟਾਂ, ਮੈਨੂੰ ਸਫ਼ਲਤਾ ਨਹੀਂ ਮਿਲ ਸਕਦੀ। ਤੇ ਇਹ ਤਾਂ ਹੀ ਟੁੱਟ ਸਕਦਾ ਹੈ, ਜੇ ਸਰਲਾ ਆਪਣੇ ਬੁੱਢੇ ਪਤੀ ਨੂੰ ਪੁਰੀ ਤਰ੍ਹਾਂ ਘ੍ਰਿਣਾ ਕਰਨ ਲੱਗ ਪਵੇ—ਉਹਦੇ ਪਰਛਾਵੇਂ ਤੋਂ ਡਰਨ ਲੱਗ ਪਵੇ।

ਇਸ ਕੰਮ ਲਈ ਭਾਵੇਂ ਉਸ ਨੇ ਪਹਿਲਾਂ ਵੀ ਕਈ ਵਾਰੀ ਜਤਨ ਕੀਤੇ ਸਨ—ਸਰਲਾ ਨੂੰ ਸਰਦਾਰ ਦੀ ਕੋਠੀ ਲੈ ਜਾ ਕੇ ਉਸ ਨੂੰ ਅਚੰਭਤ

ਵੀ ਕੀਤਾ ਸੀ, ਪਰ ਇਸ ਦਾ ਅਸਰ ਅਧੂਰਾ ਰਿਹਾ—ਸਰਲਾ ਦੇ ਪਤੀ-ਭੂਤ ਦਾ ਜੋਸ਼ ਫਿਰ ਵੀ ਪੂਰੇ ਤੌਰ ਤੇ ਟੁੱਟ ਨਾ ਸਕਿਆ।

ਤਾਂ ਕੀ ਹੁਣ ਇਕ ਹੋਰ ਤੇ ਸਭ ਤੋਂ ਛੇਕੜਲਾ ਹੀਲਾ ਕੀਤਾ ਜਾਵੇ? ਬੱਸ ਇਹੋ ਠੀਕ ਰਹੇਗਾ।

੨੬

ਸਵੇਰ ਦੇ ਦਸ ਕੁ ਵਜੇ ਦਾ ਵਕਤ ਸੀ। ਅਰੋਗਤਾ ਤੇ ਸਫ਼ਾਈ ਸੰਬੰਧੀ ਕਈਆਂ ਪਿੰਡਾਂ ਵਿਚ ਲੈਕਚਰ ਦੇ ਕੇ ਮੁੜਨ ਤੋਂ ਬਾਅਦ ਡਾਕਟਰ ਮਾਹਣਾ ਸਿੰਘ ਹੋਰੀਂ ਦੁਕਾਨ ਵੱਲ ਆ ਰਹੇ ਸਨ ਕਿ ਸੱਜੇ ਗੋਡੇ ਉਤੇ ਬੰਨੇ ਹੋਏ ਰੁਮਾਲ ਵੱਲ ਤੱਕ ਕੇ ਉਹ ਘਰ ਨੂੰ ਹੋ ਤੁਰੇ। ਪਾਟੀ ਹੋਈ ਪਤਲੂਨ ਦਾ ਉਨ੍ਹਾਂ ਨੂੰ ਏਨਾ ਫ਼ਿਕਰ ਨਹੀਂ ਸੀ, ਜਿੰਨਾ ਕਿ ਲੋਭੀ ਪੇਟ ਵਾਂਗ ਉਸ ਦਾ ਲੰਗਾਰ ਵੱਧ ਜਾਣ ਦਾ।

ਘਰ ਵੜਨ ਤੋਂ ਪਹਿਲਾਂ ਹੀ ਗਲੀ ਵਿਚ ਉਨ੍ਹਾਂ ਨੂੰ ਆਪਣੇ ਵੱਡੇ ਮੁੰਡੇ ਦੇ ਦਰਸ਼ਨ ਹੋਏ, ਜਿਹੜਾ ਗੰਦੀ ਮੋਰੀ ਦੇ ਕੰਢੇ ਬੈਠਾ ਉਸ ਵਿਚ ਪੈਰ ਮਾਰ ਮਾਰ ਕੇ ਛਿੱਟੇ ਉਡਾ ਰਿਹਾ ਸੀ। ਹੋਵੇ ਡਾਕਟਰ ਦਾ ਪੁੱਤਰ ਤੇ ਕੰਮ ਕਰੇ ਚੂਹੜਿਆਂ ਵਾਲੇ? ਗੁੱਸੇ ਨਾਲ ਡਾਕਟਰ ਹੋਰਾਂ ਉਸ ਦੇ ਮੂੰਹ ਤੇ ਵੱਟ ਕੇ ਦੋ ਤਿੰਨ ਟਿਕਾਈਆਂ। ਮੁੰਡਾ ਚਿਲ੍ਹਾ ਉਠਿਆ।

ਦਲ੍ਹੀਜਾਂ ਲੰਘੇ ਹੀ ਸਨ ਕਿ ਓਦੂੰ ਛੋਟਾ ਮੁੰਡਾ ਡਿਓਢੀ ਵਿਚ ਬੈਠਾ ਨਾਸ਼ਤਾ ਕਰਦਾ ਮਿਲਿਆ। ਉਹਦੇ ਹੱਥ ਵਿਚ ਰੋਟੀ ਦਾ ਟੁੱਕੜਾ ਸੀ ਤੇ ਕੌਲ ਵਿਚ ਦਾਲ। ਉਸ ਨੂੰ ਖਾਂਦਿਆਂ ਵੇਖ ਕੇ ਇਹ ਨਿਰਣਾ ਕਰਨਾ ਔਖਾ ਸੀ ਕਿ ਦਾਲ ਉਸ ਦੇ ਮੂੰਹ ਵਿਚ ਬਹੁਤੀ ਪੈਂਦੀ ਹੈ ਕਿ ਗੱਲ੍ਹਾਂ ਤੇ ਬਹੁਤੀ ਮਲੀ ਜਾਂਦੀ ਹੈ। ਪਰ ਅੰਤ ਡਾਕਟਰ ਦਾ ਪੁੱਤਰ ਹੀ ਤਾਂ ਸੀ, ਉਸ ਨੂੰ ਵੀ ਸਫ਼ਾਈ ਦਾ ਘੱਟ ਖ਼ਿਆਲ ਨਹੀਂ ਸੀ। ਜੇ ਵਗ ਰਹੇ ਨੱਕ ਨੂੰ ਉਹ ਝੱਗੇ ਦੀਆਂ ਕੇਵਲ ਬਾਹਾਂ ਨਾਲ ਜਜ਼ਬ ਕਰ ਲੈਂਦਾ ਸੀ, ਤਾਂ ਦਾਲ ਨੂੰ ਸਮੇਟਣ ਲਈ ਤਾਂ ਸਾਰਾ ਝੱਗਾ ਮੌਜੂਦ ਸੀ। ਇਸ ਤੋਂ ਛੁਟ ਬਹੁਤ ਸਾਰੀ ਮਦਦ ਉਸ ਨੂੰ ਮੱਖੀਆਂ ਵੀ ਦੇ ਰਹੀਆਂ ਸਨ, ਜੋ ਵੇਲੇ ਕੁਵੇਲੇ ਉਸ ਦੀਆਂ ਅੱਖਾਂ ਦੀ ਸਫ਼ਾਈ ਦਾ ਕੰਮ ਅਧੂਰਾ ਛੱਡ ਕੇ ਹੱਥ ਵਟਾਂਦੀਆਂ ਸਨ।

ਡਾਕਟਰ ਹੋਰਾਂ ਇਸ ਨੂੰ ਵੀ ਦੋ ਕੁ ਜੜੀਆਂ ਤੇ ਅਗਾਂਹ ਲੰਘੇ । ਚੀਕ ਚਿਹਾੜਾ ਪੈ ਗਿਆ।

ਵਿਹੜੇ ਵਿਚ ਨਿੱਕੀ ਮੁੰਨੀ ਭੁੰਜੇ ਹੀ ਪਈ ਖੰਘ ਰਹੀ ਸੀ ਤੇ ਪਿੰਡਾ ਉਸ ਦਾ ਕਪੜਿਆਂ ਦੇ ਥਾਂ ਮਿੱਟੀ ਘੱਟੇ ਨੇ ਕਜਿਆ ਹੋਇਆ ਸੀ । ਇਸ ਉਤੇ ਜਿੰਨਾ ਕੁ ਗੁੱਸਾ ਡਾਕਟਰ ਹੋਰਾਂ ਨੂੰ ਆਉਣਾ ਸੀ, ਉਸ ਤੋਂ ਦੂਣਾ ਜਾਂ ਢਾਈ ਗੁਣਾ ਮੁੰਨੀ ਦੀ ਮਾਂ ਤੇ ਆਇਆ । ਉਹ ਉਸ ਨੂੰ ਗਾਲ੍ਹਾਂ ਕਢਦੇ ਹੋਏ ਪਿਛਲੇ ਅੰਦਰ ਜਾ ਪਹੁੰਚੇ।

ਸ਼੍ਰੀ ਮਤੀ ਮੰਜੇ ਤੇ ਪਈ ਘੁਰਾੜੇ ਮਾਰ ਰਹੀ ਸੀ । ਉਸ ਦੀਆਂ ਬਾਹਾਂ ਮੰਜੇ ਦੀਆਂ ਦੁਹਾਂ ਹੀਆਂ ਤੋਂ ਹੇਠਾਂ ਲਮਕ ਰਹੀਆਂ ਸਨ । ਝਾਟਾ ਖਿਲਰਿਆਂ ਹੋਇਆ ਤੇ ਮੂੰਹ ਟੱਡਿਆ ਹੋਇਆ, ਜਿਸ ਵਿਚ ਮੱਖੀਆਂ ਨੇ ਰੌਣਕ ਲਾਈ ਹੋਈ ਸੀ । ਉਸ ਦੇ ਨਾਲ ਸੁੱਤਾ ਹੋਇਆ ਅੱਠਾਂ ਦਸਾਂ ਮਹੀਨਿਆਂ ਦਾ ਬਾਲ, ਆਪਣੀ ਹੀ ਹਿੰਮਤ ਨਾਲ ਸਰਕਦਾ ਸਰਕਦਾ ਉਸ ਦੀਆਂ ਲੱਤਾਂ ਵੱਲ ਚਲਾ ਗਿਆ ਸੀ, ਜਿਥੇ ਉਹ ਲੱਤਾਂ ਬਾਹਾਂ ਮਾਰ ਮਾਰ ਕੇ ਆਪਣੀ ਕਿਸੇ ਸ੍ਵੈ-ਉਦਰ-ਨਿਕਸਿਤ-ਚੀਜ਼ ਨਾਲ ਆਪਣੇ ਤੇ ਮਾਂ ਦੇ ਪਿੰਡੇ ਨੂੰ ਪਲੱਸਤਰ ਕਰ ਰਿਹਾ ਸੀ । ਉਤੇ ਮੱਖੀਆਂ ਦੇ ਲੇ ਚੜ੍ਹੇ ਹੋਏ ਸਨ ।

ਜਾਂਦਿਆਂ ਹੀ ਡਾਕਟਰ ਹੋਰਾਂ ਕੱਸ ਕੇ ਇਕ ਚਪੇੜ ਸੁੱਤੀ ਹੋਈ ਸ਼੍ਰੀ ਮਤੀ ਦੇ ਮੂੰਹ ਤੇ ਟਿਕਾਈ । ਉਸ ਦਾ ਖੁਲ੍ਹਾ ਹੋਇਆ ਮੂੰਹ ਇਕ ਦੰਮ ਬੰਦ ਹੋ ਗਿਆ, ਜਿਸ ਨਾਲ ਮੱਖੀਆਂ ਨੂੰ ਆਪਣੀਆਂ ਕੁਝ ਸਾਥਣਾਂ ਦੇ ਜੀਵਨ ਤੋਂ ਨਿਰਾਸ ਹੋ ਕੇ ਉਥੋਂ ਮੁੜਨਾ ਪਿਆ ।

ਗੱਲ੍ਹ ਨੂੰ ਮਲਦੀ ਹੋਈ ਉਹ ਵਿਚਾਰੀ ਅਭੜਵਾਹੀ ਉਠ ਬੈਠੀ । ਡਾਕਟਰ ਹੋਰੀਂ ਲਾਲ ਪੀਲੇ ਹੋ ਕੇ ਕਹਿ ਰਹੇ ਸਨ—"ਐਹ ਵੇਲਾ ਸੌਣ ਦਾ ਏ ? ਉੱਲੂ ਦੀ ਪੱਠੀ ਕਮਜ਼ਾਤ ਨਾ ਹੋਵੇ ਤੇ । ਬਾਹਰ ਵੇਖ ਖਾਂ ਕੀ ਹਾਲ ਬਣਿਆ ਹੋਇਆ ਏ । ਰਾਤ ਦੇ ਜੂਠੇ ਭਾਂਡੇ ਚੌਕੇ 'ਚ ਖਿਲਰੇ ਪਏ ਨੇ । ਵਿਹੜੇ ਵਿਚ ਲੱਕ ਲੱਕ ਕੂੜਾ ਇਕੱਠਾ ਹੋਇਆ ਏ, ਇਸੇ ਕਰਕੇ ਤੇ ਬੀਮਾਰੀਆਂ ਪੈਂਦੀਆਂ ਨੇ । ਸਾਡੇ ਮੁਲਕ ਨੂੰ ਖ਼ਬਰੇ ਕਦੋਂ ਅਕਲ ਆਵੇਗੀ । ਲੋਕੀਂ ਕਹਿੰਦੇ ਨੇ ਅਖੇ ਜੀ ਸਾਨੂੰ ਸੁਰਾਜ ਨਹੀਂ ਮਿਲਦਾ । ਸੁਰਾਜੁ ਸੁਆਹ ਮਿਲੇ? ਸਫ਼ਾਈ ਰੱਖਣ ਦਾ ਤੇ ਇਨ੍ਹਾਂ ਲੋਕਾਂ ਨੂੰ ਚੱਜ ਨਹੀਂ ਆਇਆ ਅਜੇ ਤੱਕ।"

ਪਹਿਲਾਂ ਤਾਂ ਡਾਕਟਰਨੀ ਹੈਰਾਨ ਹੋਈ ਕਿ ਪਤੀ ਦੇਵਤੇ ਨੂੰ ਅੱਜ ਹੋ ਕੀ ਗਿਆ ਹੈ—ਅਚਾਨਚੱਕ ਹੀ ਇਹ ਕਾਇਆਂ ਕੀਕਣ ਪਲਟ ਗਈ ? ਪਰ ਉਸ ਦੀਆਂ ਛੇਕੜਲੀਆਂ ਗੱਲਾਂ ਸੁਣ ਕੇ ਉਸ ਨੂੰ ਚੇਤਾ ਆ ਗਿਆ ਕਿ ਆਪ ਕਲ੍ਹ ਦੇ ਪਿੰਡਾਂ ਵਿਚ ਜੁ ਗਏ ਸਨ, ਸਫ਼ਾਈ ਦਾ ਪ੍ਰਚਾਰ ਕਰਨ ਲਈ।

ਸ਼੍ਰੀ ਮਤੀ ਵੀ ਗਰਮ ਹੋ ਪਈ । ਅਜੇ ਪਤਾ ਨਹੀਂ ਇਹ ਸਿਲਸਿਲਾ ਕਿਥੋਂ ਕੁ ਤੀਕ ਵਧਦਾ ਜੇ ਬਾਹਰੋਂ ਕੋਈ, ਆਵਾਜ਼ ਦੇ ਕੇ ਡਾਕਟਰ ਹੋਰਾਂ ਨੂੰ ਸ਼ਾਂਤੀ ਦਾ ਦੇਵਤਾ ਨਾ ਬਣਾ ਦੇਂਦਾ ।

ਦੂਜੇ ਹੀ ਪਲ ਉਨ੍ਹਾਂ ਦਾ ਪੁਰਾਣਾ ਮਿੱਤਰ ਜਗਤ ਸਿੰਘ ਅੰਦਰ ਆਉਂਦਾ ਦਿਸਿਆ । ਡਾਕਟਰਨੀ ਝੱਟ ਪੱਟ ਬਹੁਕਰ ਫੜ ਕੇ ਸਿਰ ਦਾ ਕਪੜਾ ਭੁੰਜੇ ਧਰੀਕਦੀ ਹੋਈ ਬਾਹਰ ਚਲੀ ਗਈ।

ਡਾਕਟਰ ਹੋਰਾਂ ਭਾਵੇਂ ਕੁਝ ਚਿਰ ਤੋਂ ਜਗਤ ਸਿੰਘ ਨਾਲ ਮੂੰਹ ਵਟਿਆ ਹੋਇਆ ਸੀ—ਜਦ ਦਾ ਉਹ, ਉਨ੍ਹਾਂ ਦੀ ਇਕ ਖੱਟੀ ਖੱਟਾਦੀ ਰਕਮ ਵਿਚੋਂ ਰੋਹਬ ਰਾਹਬ ਪਾ ਕੇ ਹਿੱਸਾ ਵੰਡਾ ਲੈ ਗਿਆ ਸੀ, ਪਰ ਫਿਰ ਸੋਚ ਕੇ ਮੋਟੀਆ ਮੋਟੀਆਂ ਰਕਮਾਂ ਵੀ ਤਾਂ ਇਹੋ ਖਟਾਂਦਾ ਹੈ—ਹੋ ਸਕਦਾ ਹੈ ਹੁਣ ਵੀ ਕੁਝ ਗੱਫ਼ਾ ਖਟਾਣ ਲਈ ਆਇਆ ਹੋਵੇ—ਉਹ ਉਸ ਨੂੰ ਪੂਰੇ ਆਦਰ ਨਾਲ ਮਿਲੇ।

ਆਉਂਦਿਆਂ ਹੀ ਜਗਤ ਸਿੰਘ ਨੇ ਕਿਹਾ, "ਮੈਂ ਘੰਟਾ ਸਵਾ ਘੰਟਾ ਹੱਟੀ ਤੇ ਉਡੀਕਦਾ ਰਿਹਾ, ਤੇ ਤੁਸੀਂ ਅਜੇ ਤੀਕ ਘਰੇ ਵੜੇ ਹੋਏ ਓ?"

"ਮੈਂ ਜਗਤ ਸਿਆਂ, ਕੱਲ੍ਹ ਦਾ ਗਿਆ ਹੋਇਆ ਸਾਂ, ਪਿੰਡਾਂ ਵਿਚ ਪ੍ਰਚਾਰ ਕਰਨ । ਕੀ ਕਰੀਏ, ਦੁਨੀਆਂ ਦੇ ਧੰਦੇ ਤੇ ਪੂਰੇ ਹੁੰਦੇ ਈ ਨਹੀਂ, ਦੇਸ਼ ਦੀ ਵੀ ਤਾਂ ਸੇਵਾ ਕਰਨੀ ਪੈਂਦੀ ਏ । ਕੰਮ ਥੋੜ੍ਹਾ ਬਹੁਤਾ ਕਰਨਾ ਹੋਇਆ ਨਾ।"

ਮੁਸਕਰਾ ਕੇ ਜਗਤ ਸਿੰਘ ਬੋਲਿਆ—"ਤੁਹਾਡੇ ਵਰਗੇ ਉਪਕਾਰੀ ਨਾ ਹੋਣ, ਤਾਂ ਵਿਚਾਰੇ ਗਰੀਬ ਪੇਂਡੂਆਂ ਨੂੰ ਮਰਨ ਦੀ ਜਾਚ ਕੌਣ ਸਿਖਾਵੇ ! ਹੱਛਾ ਹੋਰ ਸੁਣਾਓ ਕੰਮ ਕਾਰ ਦਾ ਕੀ ਹਾਲ ਹੈ ?"

"ਕੰਮ ਕਾਰ ਜਗਤ ਸਿਆਂ ਮੰਦਾ ਈ ਏ ਅਜ ਕਲ੍ਹ । ਮਲੇਰੀਆ ਦਾ ਸੀਜ਼ਨ ਤੇ ਐਤਕੀਂ ਕੁਝ ਚੰਗਾ ਈ ਲੱਗ ਗਿਆ ਸੀ, ਮਰ ਮਗਰੋਂ......"

ਵਿਚੋਂ ਹੀ ਜਗਤ ਸਿੰਘ ਬੋਲਿਆ—"ਡਾਕਟਰ ਜੀ, ਲੋਕੀਂ ਵੀ ਤੇ ਅੱਜ ਕੱਲ੍ਹ ਬੜੇ ਚੰਦਰੇ ਹੋ ਗਏ ਨੇ, ਬਿਮਾਰ ਹੋਣ ਨੂੰ ਤੇ ਇਨ੍ਹਾਂ ਦਾ ਉੱਕਾ ਦਿਲ ਨਹੀਂ ਕਰਦਾ ।"

ਹੱਸਦੇ ਹੋਏ ਡਾਕਟਰ ਹੋਰੀਂ ਜਗਤ ਸਿੰਘ ਦੇ ਮੋਢੇ ਨੂੰ ਫੜ ਕੇ ਬੋਲੇ, "ਤੂੰ ਜਗਤ ਸਿਆਂ, ਬੜਾ ਸ਼ਰਾਰਤੀ ਹੋ ਗਿਆ ਏਂ । ਜੋ ਗੱਲ ਕਰੇਂਗਾ ਅਨੋਖੀ ਓ ਕਰੇਂਗਾ । ਹੱਛਾ ਸੁਣਾ, ਅੱਜ ਕਿਧਰ ਮੁਹਾਰਾਂ ਮੋੜੀਆਂ ਈਂ ?"

"ਤੁਸੀਂ ਕਹਿੰਦੇ ਓ ਮੰਦਾ ਬੜਾ ਏ, ਮੈਂ ਆਖਿਆ, ਚਲੋ ਅਸੀਓਂ ਗੱਫਾ ਖਟਾ ਆਵੀਏ ਡਾਕਟਰ ਹੋਰਾਂ ਨੂੰ ।"

ਉਸ ਦੀਆਂ ਜੇਬਾਂ ਵੱਲ ਲਲਚਾਈਆਂ ਨਜ਼ਰਾਂ ਨਾਲ ਤਕਦੇ ਹੋਏ ਡਾਕਟਰ ਹੋਰੀ ਬੋਲੇ—"ਇਹ ਤੇ ਅਗੇ ਈ ਉਮੀਦ ਸੀ ਤੇਰੇ ਉਤੇ ।"

"ਚੰਗਾ ਚਲੋ ਫਿਰ ਦੁਕਾਨ ਨੂੰ ਚਲੀਏ ।"

"ਚੱਲ, ਪਰ ਰਤਾ ਠਹਿਰ ਜਾਂਦਿਓ ਤਾਂ ਮੈਂ ਜ਼ਰਾ ਐਹ ਦੋ ਕੁ ਤੋਪੇ ਲਵਾ ਲੈਂਦਾ ਪਤਲੂਣ ਨੂੰ । ਅੱਜ ਕਲ੍ਹ ਬਜਾਜ ਵੀ ਏਡੇ ਬੇਈਮਾਨ ਹੋ ਗਏ ਨੇ, ਜੁ ਕੁਝ ਪੁਛੋ ਈ ਨਾ । ਜੋ ਗਲਿਆ ਹੋਇਆ ਕੱਪੜਾ ਹੋਵੇ ਮੜ੍ਹ ਦੇਂਦੇ ਨੇ ਲੋਕਾਂ ਨੂੰ । ਅਜੇ ਪਿਛਲੇ ਮਹੀਨੇ ਸੁਆਈ ਸਾਈ ਪਤਲੂਣ, ਤੇ ਹੁਣੇ ਗੋਡਿਆਂ ਤੋਂ ਉੱਡ ਗਈ ਊ ।"

ਜਗਤ ਸਿੰਘ ਬੋਲਿਆ—"ਬਜਾਜ ਵਿਚਾਰੇ ਵੀ ਡਾਕਟਰ ਜੀ ਕੀ ਕਰਨ। ਮੰਦੇ ਮੰਦਵਾੜੇ ਦੇ ਦਿਨ ਹੋਏ । ਉਨ੍ਹਾਂ ਨੂੰ ਵੀ ਕੋਈ ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ ਗਾਹਕ ਵਰ੍ਹੇ ਛਿਮਾਹੀ ਪਿਛੋਂ ਈ ਟਕਰਦਾ ਏ ਨਾ । ਲਓ ਤੁਰੋ ਹੁਣ । ਇਹ ਕੰਮ ਫੇਰ ਕਰ ਲੈਣਾ, ਮੈਨੂੰ ਬੜੀ ਕਾਹਲੀ ਏ ਅੱਜ ।"

"ਪਰ ਕੰਮ ਤੇ ਦੱਸ ।"

"ਕੰਮ ਦੁਕਾਨ ਤੇ ਚਲ ਕੇ ਦਸਾਂਗਾ, ਉਠੋ ਤੁਰਦੇ ਵੀ ਓ ਕਿ ਬੈਠ ਕੇ ਈ ਗੱਲਾਂ ਮਾਰੀ ਜਾਓਗੇ ।"

ਡਾਕਟਰ ਹੋਰੀਂ ਉਸੇ ਤਰ੍ਹਾਂ ਉਠ ਕੇ ਜਗਤ ਸਿੰਘ ਨਾਲ ਤੁਰ ਪਏ ਤੇ ਤੁਰਨ ਵੇਲੇ ਉਨ੍ਹਾਂ ਨੂੰ ਬੂਟਾਂ ਦੇ ਤਸਮੇ ਬੰਨ੍ਹਣ ਦਾ ਵੀ ਚੇਤਾ ਨਾ ਰਿਹਾ।

੨੨

ਸਰਲਾ ਲਾਹੌਰ ਦੇ ਹੀ ਇਕ ਬੁੱਢੇ ਠੇਕੇਦਾਰ ਨਾਲ ਵਿਆਹੀ ਜਾ ਚੁੱਕੀ ਹੈ, ਇਸ ਗੱਲ ਦਾ ਮੋਹਨ ਨੂੰ ਉੱਕਾ ਪਤਾ ਨਹੀਂ ਸੀ । ਪਰ ਅਚਾਨਕ ਹੀ ਸਰਦਾਰ ਤਰਲੋਕ ਸਿੰਘ ਦੇ ਮਕਾਨ ਤੇ ਪਹੁੰਚ ਕੇ ਜੋ ਕੁਝ ਉਸ ਨੇ ਡਿੱਠਾ, ਇਸ ਨੇ ਰੋਗੀ ਤੇ ਦੁੱਖੀ ਮੋਹਨ ਨੂੰ ਉੱਕਾ ਹੀ ਸੱਥਰ ਲਾਹ ਦਿੱਤਾ । ਉਸ ਦੇ ਸਾਹਮਣੇ ਸਰਲਾ ਦਾ ਆਉਣਾ ਨਹੀਂ ਸੀ, ਇਹ ਪ੍ਰਤੱਖ ਰੂਪ ਵਿਚ ਮੌਤ ਦਾ ਆਉਣਾ ਸੀ।

ਇਹ ਅਕਹਿ ਘੜੀ ਵੀ ਮੋਹਨ ਨੇ ਵੇਖੀ ਤੇ ਵੇਖਕੇ ਸਹੀ । ਪਰ ਇਸ ਤੋਂ ਬਾਅਦ ? ਹੁਣ ਉਸ ਲਈ ਇਸ ਜੀਵਨ ਵਿਚ ਕੀ ਪਿਆ ਸੀ, ਜਿਸ ਬਦਲੇ ਉਹ ਇਸ ਨੂੰ ਬਚਾਣ ਦੇ ਤਰਲੇ ਲੈਂਦਾ, ਸਗੋਂ ਉਲਟਾ ਉਹ ਇਸੇ ਵਿਚ ਖ਼ੁਸ਼ੀ ਸਮਝਣ ਲੱਗਾ ਕਿ ਛੇਤੀ ਤੋਂ ਛੇਤੀ ਮੌਤ ਆ ਕੇ ਉਹਦੇ ਸਾਰੇ ਦੁੱਖਾਂ ਦੀ ਸਮਾਪਤੀ ਕਰ ਦੇਵੇ । ਤੇ ਜਾਂ ਉਸ ਦੇ ਦੁੱਖ ਦਾ ਜੇ ਕੋਈ ਹੋਰ ਇਲਾਜ ਬਾਕੀ ਸੀ, ਤਾਂ ਉਹ ਸੀ ਸਰਲਾ ਨੂੰ ਭੁੱਲ ਜਾਣਾ । ਪਰ ਇਹ ਜਾਣਦਾ ਹੋਇਆ ਵੀ ਉਹ ਸਰਲਾ ਨੂੰ ਭੁਲਾ ਨਹੀਂ ਸੀ ਸਕਦਾ । ਭਾਵੇਂ ਦਿਲ ਨੂੰ ਬੁਤੇ ਦੇਣ ਲਈ ਉਹ ਇਹੋ ਸਮਝਣ ਦੀ ਕੋਸ਼ਿਸ਼ ਕਰਦਾ ਸੀ ਕਿ ਉਹ ਸਰਲਾ ਨੂੰ ਭੁਲਾ ਦੇਵੇਗਾ, ਪਰ ਉਸ ਦੇ ਸੀਨੇ ਅੰਦਰ ਸ਼ਾਇਦ ਕੋਈ ਅਜਿਹਾ ਵੀ ਗੁਪਤ ਖ਼ਾਨਾ ਸੀ, ਜਿਥੇ ਸਰਲਾ ਦੀ ਯਾਦ ਅਜੇ ਤੱਕ ਲੁਕੀ ਹੋਈ ਸੀ ।

ਇਕ ਸ਼ਾਹੂਕਾਰ ਦੀ ਸਾਥਣ ਉਤੇ ਹੁਣ ਮੇਰੇ ਵਰਗੇ ਗ਼ਰੀਬ ਦਾ ਕੀ ਦਾਈਆ ਹੈ, ਨਾਲੇ ਉਸ ਬੇ-ਵਫ਼ਾਈ ਦੀ ਪੁਤਲੀ ਉਤੇ ਹੁਣ ਮੈਨੂੰ ਕੀ ਆਸ ਹੋ ਸਕਦੀ ਹੈ, ਜਿਸ ਨੇ ਮੇਰੇ ਪ੍ਰੇਮ ਨੂੰ ਠੁਕਰਾ ਕੇ ਇਕ ਬੁੱਢੇ ਦੇ ਲੜ ਲਗਣ ਲਗਿਆਂ ਅੱਖਾਂ 'ਚੋਂ ਕੋਈ ਝੂਠੀ ਸੱਚੀ ਅੱਥਰ ਵੀ ਨਹੀਂ ਵਹਾਈ । ਮੈਨੂੰ

ਦੋਂਹ ਸਤਰਾਂ ਦੀ ਚਿੱਠੀ ਵੀ ਨਾ ਲਿਖ ਸਕੀ । ਇਹ ਖ਼ਿਆਲ ਕਰਦਾ ਹੋਇਆ ਤੇ ਆਪਣੇ ਪਾਗਲ ਤੇ ਬੇਸਮਝ ਦਿਲ ਉੱਤੇ ਖਿਝਦਾ ਹੋਇਆ ਮੋਹਨ, ਸਰਦਾਰ ਦੇ ਘਰੋਂ ਨਿਕਲਿਆ ।

ਪੌੜੀਆਂ ਉਤਰਿਆ, ਤੇ ਹੇਠਲੇ ਦਰਵਾਜ਼ੇ ਤੋਂ ਬਾਹਰ ਹੋ ਕੇ ਸੜਕ ਤੇ ਪੁੱਜਾ । ਪਰ ਅਜੇ ਵੀ ਉਹ ਇਹੋ ਸਮਝ ਰਿਹਾ ਸੀ ਕਿ ਉਹ ਉਸੇ ਤਰ੍ਹਾਂ ਸਰਲਾ ਦੇ ਸਾਮ੍ਹਣੇ ਬੈਠਾ ਸਰਦਾਰ ਨੂੰ ਕਹਾਣੀ ਸੁਣਾ ਰਿਹਾ ਹੈ, ਉਸੇ ਤਰ੍ਹਾਂ ਦੀਆਂ ਅੱਖਾਂ ਕਹਾਣੀ ਦੇ ਵਰਕਿਆਂ ਤੇ ਦੌੜਦੀਆਂ ਹੋਈਆਂ ਨਾਲੋ ਨਾਲ ਸਰਲਾ ਦੇ ਚਿਹਰੇ ਦਾ ਮਜ਼ਮੂਨ ਪੜ੍ਹ ਰਹੀਆਂ ਹਨ ਤੇ ਸਰਲਾ ਦੇ ਨਿਰਾਸਤਾ-ਦਾਤੇ ਜੀਵਨ ਵਿਚੋਂ ਕੋਈ ਆਸ ਦੀ ਰੇਖ ਲੱਭਣ ਦੀ ਵਿਅਰਥ ਕੋਸ਼ਿਸ਼ ਕਰ ਰਹੀਆਂ ਹਨ ।

ਉਹ ਸੜਕ ਤੇ ਤੁਰਿਆ ਜਾ ਰਿਹਾ ਸੀ, ਤੇ ਸੋਚਦਾ ਜਾਂਦਾ ਸੀ, "ਕੀ ਇਹ ਸਰਲਾ ਸੀ ? ਸੱਚਮੁੱਚ ਓਹੀ ਸਰਲਾ ? ਨਹੀਂ ਨਹੀਂ, ਇਹ ਤਾਂ ਕੋਈ ਕੁਟਲਾ ਸੀ । ਜੇ ਉਹ ਸਰਲਾ ਹੁੰਦੀ, ਤਾਂ ਕੀ ਉਸ ਦੀ ਸਰਲਤਾ ਇਹੋ ਰੂਪ ਧਾਰਨ ਕਰਦੀ ? ਪਰ ਮੈਨੂੰ ਵੇਖਦਿਆਂ ਹੀ ਉਹ ਕਿਸ ਤਰ੍ਹਾਂ ਦੀ ਹੋ ਗਈ ਸੀ ? ਕੀ ਅਜੇ ਵੀ ਉਸ ਦੇ ਦਿਲ ਵਿਚ ਮੇਰਾ ਕੁਝ ਖ਼ਿਆਲ ਬਾਕੀ ਸੀ ? ਨਹੀਂ, ਖ਼ਿਆਲ ਉਸ ਨੂੰ ਕੀ ਹੋਣਾ ਹੈ, ਉਹ ਮੈਨੂੰ ਵੇਖ ਕੇ ਸ਼ਰਮਿੰਦੀ ਹੋਈ ਹੋਵੇਗੀ—ਉਸ ਦੀਆਂ ਅਖ਼ਲਾਕੀ ਕਮਜ਼ੋਰੀਆਂ ਨੇ ਉਸ ਦੀ ਆਤਮਾ ਨੂੰ ਲਾਨ੍ਹਤਾ ਪਾਈਆਂ ਹੋਣਗੀਆਂ ।

ਬੱਸ, ਮੈਂ ਉਸ ਦਾ ਕੋਈ ਨਹੀਂ ਹਾਂ, ਨਾ ਹੀ ਉਹ ਮੇਰੀ ਕੋਈ ਹੈ । ਮੈਂ ਉਸ ਦਾ ਕਦੇ ਭੁੱਲ ਕੇ ਵੀ ਨਾਂ ਨਹੀਂ ਲਵਾਂਗਾ, ਨਾ ਹੀ ਉਸ ਬਾਰੇ ਕਦੀ ਕੁਝ ਸੋਚਾਂਗਾ ।"

ਇਨ੍ਹਾਂ ਹੀ ਖ਼ਿਆਲਾਂ ਵਿਚ ਮੋਹਨ ਨੇ ਦੋ ਦਿਨ ਬਿਤਾਏ । ਪਰ ਅਠੂੰਹੇਂ ਦੇ ਡੰਗ ਦੀ ਪੀੜ ਤੋਂ ਬਚਣ ਲਈ ਉਹ ਜਿਹੜਾ ਮੰਤਰ ਪੜ੍ਹਦਾ ਸੀ, ਉਸ ਦੇ ਅਸਰ ਨਾਲ ਸਗੋਂ ਉਸ ਨੂੰ ਸੱਪ-ਡੰਗ ਦਾ ਜ਼ਹਿਰ ਚੜ੍ਹਦਾ ਜਾਂਦਾ ਸੀ ।

ਡਿਗ ਰਹੀ ਛੱਤ ਨੂੰ ਕੋਈ ਢਾਂਗਿਆਂ ਦੇ ਜ਼ੋਰ ਕਿੰਨਾ ਕੁ ਚਿਰ ਖੜ੍ਹੀ ਰੱਖ ਸਕਦਾ ਹੈ । ਸਰਲਾ ਵੱਲੋਂ ਦਿਲ ਨੂੰ ਹੱਟਕਣ ਲਈ ਉਹ ਸਾਰੀਆਂ ਵਾਹਾਂ ਲਾ ਥੱਕਾ, ਪਰ ਕੁਝ ਵੀ ਨਾ ਬਣ ਸਕਿਆ ।

ਅੱਜ ਦਾ ਸਾਰਾ ਦਿਨ ਵੀ ਉਸ ਨੇ ਇਸੇ ਹਾਲਤ ਵਿਚ ਬਿਤਾਇਆ । ਰਾਤ ਹੋ ਗਈ । ਉਸ ਦੇ ਦਿਲ ਦੀ ਪੀੜ ਬਰਾਬਰ ਹੀ ਵਧਦੀ ਜਾਂਦੀ ਸੀ । ਅੱਜ ਇਹ ਪੀੜ ਪਿਛਲੇ ਦੋਂਹ ਦਿਨਾਂ ਨਾਲੋਂ ਬਹੁਤ ਵਧੀਕ ਸੀ । ਕਿਸੇ ਤਰ੍ਹਾਂ ਦਿਲ ਹੋਰਥੇ ਪਵੇ, ਇਸ ਖ਼ਿਆਲ ਨਾਲ ਉਸ ਨੇ ਬਾਹਰ ਕਿਸੇ ਬਾਗ਼ ਵਿਚ ਫਿਰ ਤੁਰ ਆਉਣ ਦੀ ਸਲਾਹ ਕੀਤੀ ।

ਲਾਗੇ ਹੀ ਉਸ ਦੇ ਟੁੱਟੇ ਹੋਏ ਟੰਕ ਉਤੇ ਇਕ ਪਾਟੀ ਜਹੀ ਜਿਲਦ ਵਾਲੀ ਕਿਤਾਬ ਪਈ ਸੀ—ਇਹ ਇਕ ਅੰਗਰੇਜ਼ੀ ਨਾਵਲ ਦਾ ਹਿੰਦੀ ਅਨੁਵਾਦ ਸੀ । ਉਸ ਨੇ ਪੁਸਤਕ ਚੁੱਕ ਲਈ ਤੇ ਕੋਠੜੀ ਦਾ ਬੂਹਾ ਮਾਰ ਕੇ ਨਿਕਲ ਤੁਰਿਆ ।

ਥੋੜ੍ਹੀ ਦੇਰ ਬਾਅਦ—ਜਦ ਹਨੇਰੇ ਅਕਾਸ਼ ਵਿਚ ਦੂਜੇ ਦੇ ਚੰਦ ਦਾ ਰਤਾ ਕੁ ਜਿੰਨਾ ਟੁੱਕੜਾ ਟਿਮਕ ਰਿਹਾ ਸੀ, ਮੋਹਨ ਇਕ ਬਾਗ਼ ਵਿਚ ਬੈਂਚ ਤੇ ਬੈਠਾ ਨੀਝ ਲਾਈ ਉਸ ਵੱਲ ਪਿਆ ਤੱਕਦਾ ਸੀ ।

ਥੋੜ੍ਹੀ ਦੇਰ ਪਿੱਛੋਂ ਜਦ ਚੰਨ ਦੇ ਟੁਕੜੇ ਨੂੰ ਇਕ ਕਾਲੇ ਬੱਦਲ ਨੇ ਢੱਕ ਲਿਆ, ਤਾਂ ਉਸ ਦੇ ਆਲੇ-ਦੁਆਲੇ ਘੁਪ ਹਨੇਰਾ ਹੋ ਗਿਆ । ਮੋਹਨ ਦੀ ਨਜ਼ਰ ਉਸ ਪਾਸਿਓਂ ਹਟ ਕੇ ਬਾਗ਼ ਦੇ ਦ੍ਰਿਸ਼ ਵੱਲ ਪਰਤੀ । ਬੂਟੇ ਤੇ ਫੁੱਲ ਉਸ ਨੂੰ ਸਾਰੇ ਹੀ ਉਦਾਸੀ ਵਿਚ ਹਉਕੇ ਭਰਦੇ ਦਿਖਾਈ ਦੇਂਦੇ ਸਨ । ਕਿਸੇ ਕਿਸੇ ਵੇਲੇ ਠੰਢੀ ਹਵਾ ਦਾ ਇਕ ਰੁਮਕਾ ਆਉਂਦਾ ਸੀ, ਜਿਸ ਨਾਲ ਮੋਹਨ ਦੇ ਦਿਲ ਦੇ ਅੱਲੇ ਫੱਟਾਂ ਨੂੰ ਹੋਰ ਵੀ ਪੱਛ ਜਿਹਾ ਲੱਗਦਾ ਮਲੂੰਮ ਹੁੰਦਾ ਸੀ ।

ਝੱਟ ਕੁ ਪਿਛੋਂ ਉਹ ਉੱਠ ਖੜੋਤਾ, ਤੇ ਇਕ ਅਜੇਹੇ ਬੈਂਚ ਤੇ ਜਾ ਬੈਠਾ, ਜੋ ਬਿਜਲੀ ਦੇ ਖੰਭੇ ਹੇਠ ਸੀ ।

ਨਾਵਲ ਪੜ੍ਹਨ ਨਾਲ ਹੀ ਮਤਾਂ ਦਿਲ ਟਿਕਾਣੇ ਹੋਵੇ, ਉਸ ਨੇ ਪੁਸਤਕ ਪੜ੍ਹਨੀ ਸ਼ੁਰੂ ਕੀਤੀ । ਕਈ ਵੇਰਾਂ ਸ਼ੁਰੂ ਕੀਤੀ ਤੇ ਕਈ ਵੇਰਾਂ ਬੰਦ,

ਪਰ ਉਸ ਦਾ ਦਿਲ ਇਸ ਵਿਚ ਨਹੀਂ ਸੀ ਲੱਗਦਾ । ਉਸ ਨੇ ਪੁਸਤਕ ਠੱਪ ਛੱਡੀ।

ਥੋੜ੍ਹੀ ਦੇਰ ਬਾਅਦ ਫੇਰ ਉਸ ਨੇ ਵਿਚਕਾਰੋਂ ਜੇਹੇ ਕਰਕੇ ਪੁਸਤਕ ਖੋਲ੍ਹੀ। ਸਹਿਜ ਸੁਭਾ ਹੀ ਇਕ ਸਫ਼ੇ ਤੋਂ ਪੜ੍ਹਨ ਲੱਗ ਪਿਆ । ਨਾਵਲ ਦਾ ਇਹ ਥਾਂ ਉਸ ਨੂੰ ਕੁਝ ਸੁਆਦਲਾ ਜਾਪਿਆ, ਜਿਸ ਦਾ ਮਜ਼ਮੂਨ ਸੀ—

“........ਪਾਸਿਆਂ ਤੋਂ ਹਰਿਆਵਲੇ ਪਹਾੜਾਂ ਨਾਲ ਘਿਰੀ ਹੋਈ ਝੀਲ ਦੇ ਕੰਢੇ ਖੜਾ, ਉਹ ਕਿਸੇ ਦੀ ਉਡੀਕ ਕਰ ਰਿਹਾ ਸੀ । ਦੂਰ ਤੋੜੀ ਰਾਤ ਦਾ ਹਨੇਰਾ ਫੈਲਿਆ ਹੋਇਆ ਸੀ । ਠੰਡਾ ਮੌਸਮ ਹੋਣ ਕਰਕੇ ਗੱਭਰੂ ਆਪਣੀਆਂ ਦੋਵੇਂ ਬਾਹਾਂ ਬਗਲਾਂ ਵਿਚ ਦਬਾਈ ਝੀਲ ਦੇ ਕੰਢੇ ਟਹਿਲ ਰਿਹਾ ਸੀ, ਤੇ ਕਿਸੇ ਦੀ ਉਡੀਕ ਵਿਚ ਕਾਹਲਾ ਪੈ ਰਿਹਾ ਸੀ।”

“ਘੜੀ ਮੁੜੀ ਉਹ ਝੀਲ ਦੀ ਤਹਿ ਉਤੇ, ਜਿਥੋਂ ਤੀਕ ਉਸ ਦੀ ਨਜ਼ਰ ਜਾਂਦੀ, ਤੱਕਦਾ ਤੇ ਫਿਰ ਨਿਰਾਸ ਹੋ ਕੇ ਕੰਢੇ ਤੇ ਟਹਿਲਣ ਲੱਗ ਪੈਂਦਾ।”

“ਟਹਿਲਦਿਆਂ ਟਹਿਲਦਿਆਂ ਉਸ ਦੇ ਮੂੰਹੋਂ ਨਿਕਲਿਆ—ਬੱਸ ਅੱਜ ਐਸਾ ਸਾਂਗ ਰਚਾਂਗਾ—ਐਸੀ ਚਾਲ ਚੱਲਾਂਗਾ ਕਿ ਉਸ ਦਾ ਦਿਲ, ਪਾਰੇ ਵਾਂਗ ਥਰਕਣ ਲੱਗ ਜਾਵੇਗਾ ਤੇ ਉਸ ਦੀਆਂ ਕੋਮਲ ਬਾਹਾਂ ਮੇਰੇ ਲਈ ਪਸਰ ਜਾਣਗੀਆਂ। ਹੌਲੇ ਦਿਲ ਵਾਲੀ ‘ਪਾਲਨ’ ਇਹ ਕਦੇ ਨਹੀਂ ਸਹਾਰ ਸਕੇਗੀ ਕਿ.....। ਭਾਵੇਂ ਉਸ ਦਾ ਪਿਆਰ ਮੇਰੇ ਨਾਲ ਨਹੀਂ, ਪਰ ਐਤਕਾਂ ਦਾ ਵਾਰ ਖ਼ਾਲੀ ਨਹੀਂ ਜਾਵੇਗਾ।”

“ਇਸ ਤੋਂ ਬਾਅਦ ਉਹ ਹੋਰ ਚੋਖਾ ਚਿਰ ਦੁਹਾਂ ਹੱਥਾਂ ਨੂੰ ਪਿੱਠ ਪਿੱਛੇ ਕਰਕੇ ਮੂੰਹ ਨਾਲ ਸੀਟੀ ਵਜਾਂਦਾ ਹੋਇਆ ਟਹਿਲਦਾ ਰਿਹਾ । ਹਨੇਰਾ ਜਿਉਂ ਜਿਉਂ ਵੱਧਦਾ ਜਾਂਦਾ ਸੀ, ਤਿਉਂ ਤਿਉਂ ਉਸ ਦਾ ਤੌਖਲਾ ਵੀ ਦੂਣਾ ਹੁੰਦਾ ਜਾਂਦਾ ਸੀ।”

“ਪਿਛਲੇ ਉੱਚੇ ਪਹਾੜ ਦੀ ਇਕ ਲਾਂਭੋਂ ਚੰਨ ਚੜ੍ਹਨ ਦੀ ਰਤਾ ਰਤਾ ਲੋਅ ਹੋਣ ਲੱਗੀ । ਹਵਾ ਦੇ ਝੋਕਿਆਂ ਵਿਚ ਰਲੀ ਹੋਈ ਕਿਸੇ ਮਹੀਨੇ ਤੇ ਸੁਰੀਲੇ ਗਲੇ ਦੀ ਆਵਾਜ਼ ਵੀ ਉਸ ਨੂੰ ਸੁਣਾਈ ਦਿੱਤੀ।

“ਉਧਰੋਂ ਚੰਨ ਦੀਆਂ ਰਿਸ਼ਮਾਂ, ਪਹਾੜੀ ਨੁੱਕਰ ਨੂੰ ਚੀਰ ਕੇ ਬਾਹਰ ਆਉਂਦੀਆਂ ਦਿਸੀਆਂ, ਏਧਰੋਂ ਝੀਲ ਦੇ ਪਾਰਲੇ ਕੰਢਿਓਂ ਲਹਿਰਾਂ ਨੂੰ ਚੀਰਦੀ ਹੋਈ ਇਕ ਕਿਸ਼ਤੀ ਏਸ ਪਾਸੇ ਨੂੰ ਆਉਣ ਲੱਗੀ, ਜਿਸ ਦਾ ਚੱਪੂ ਚੱਲਣ ਦੀ ਨਿੰਮ੍ਹੀ ਨਿੰਮ੍ਹੀ ਆਵਾਜ਼, ਸੁੰਦਰੀ ਦੇ ਗੀਤ ਨੂੰ ਹੋਰ ਵੀ ਫੱਬਾ ਰਹੀ ਸੀ।

“ਹੋਰ ਥੋੜ੍ਹੇ ਚਿਰ ਨੂੰ ਚੰਦ੍ਰਮਾ, ਆਪਣੀ ਸਜੀਲੀ ਨੁਹਾਰ ਲੈ ਕੇ ਪਹਾੜੀ ’ਚੋਂ ਬਾਹਰ ਨਿਕਲ ਆਇਆ । ਝੀਲ ਦੀਆਂ ਸੁਸਤ ਲਹਿਰਾਂ ਉਸ ਦੀ ਛੱਬ ਵੇਖ ਕੇ ਝਿਲਮਿਲਾ ਉਠੀਆ। ਕਿਸ਼ਤੀ ਕੰਢੇ ਤੇ ਰੁਕੀ, ਜਿਸ ਵਿਚੋਂ ਇਕ ਚੰਦ-ਮੁਖੀ ਸੁੰਦਰੀ ਆਪਣੀ ਭੜਕੀਲੀ ਪੁਸ਼ਾਕ ਨੂੰ ਸਮੇਟਦੀ ਹੋਈ ਬਾਹਰ ਨਿਕਲੀ ਤੇ ਟਹਿਲਦੀ ਹੋਈ ਕੰਢੇ ਦਾ ਦ੍ਰਿਸ਼ ਵੇਖਣ ਲੱਗ ਪਈ ।”

“ਕੰਢੇ ਤੇ ਖੜ੍ਹਾ ਗੱਭਰੂ, ਦੱਬੇ ਪੈਰੀਂ ਅਗਾਂਹ ਵਧਿਆ ਤੇ ਸੁੰਦਰੀ ਦੇ ਸਾਹਮਣੇ ਹੋ ਗਿਆ।”

“ਉਹ ਘਬਰਾਈ, ਤ੍ਰਬਕੀ ਤੇ ਗੁੱਸੇ ਭਰਿਆ ਚਿਹਰਾ ਲੈ ਕੇ ਕਿਸ਼ਤੀ ਵੱਲ ਮੁੜਨ ਹੀ ਲੱਗੀ ਸੀ ਕਿ ਗੱਭਰੂ ਨੇ ਇਕ ਚਮਕਦਾਰ ਛੁਰੀ ਕੱਢੀ ਤੇ ਉਸ ਦਾ ਰਾਹ ਰੋਕ ਕੇ ਖੜ੍ਹਾ ਹੋ ਗਿਆ।”

“ਛੁਰੀ ਦੀ ਤਿੱਖੀ ਨੋਕ ਨੂੰ ਆਪਣੀ ਛਾਤੀ ਨਾਲ ਲਾ ਕੇ ਉਹ ਸੁੰਦਰੀ ਨੂੰ ਆਖਣ ਲੱਗਾ—“ਪਾਲਨ ! ਜੇ ਤੂੰ ਇਤਨੀ ਪੱਥਰ ਦਿਲ ਹੋ ਗਈ ਹੈਂ—ਤੇਰੇ ਦਿਲ ਵਿਚ ਮੇਰੇ ਲਈ ਕੁਝ ਵੀ ਥਾਂ ਨਹੀਂ, ਤਾਂ ਮੈਂ ਇਸੇ ਘੜੀ ਆਪਣੇ ਜੀਵਨ ਦਾ ਅੰਤ ਕਰਦਾ ਹਾਂ” ਤੇ ਉਸਨੇ ਆਪਣਾ ਹੱਥ ਇਕ ਵਾਰੀ ਪਿਛਾਂਹ ਹਟਾ ਕੇ ਇਸ ਜ਼ੋਰ ਨਾਲ ਛਾਤੀ ਵੱਲ ਲਿਆਂਦਾ, ਮਾਨੋ ਦਸਤੇ ਤੱਕ ਉਹ ਛੁਰੀ ਨੂੰ ਆਪਣੀ ਛਾਤੀ ਵਿਚ ਖੋਭ ਲਵੇਗਾ।

“ਕੁੜੀ ਘਬਰਾ ਗਈ । ਦੁਹਾਂ ਨਾਜ਼ਕ ਹੱਥਾਂ ਨਾਲ ਗੱਭਰੂ ਦੇ ਛੁਰੀ ਵਾਲੇ ਹੱਥ ਨੂੰ ਫੜ ਕੇ ਆਪਣੀ ਵੱਲ ਖਿੱਚਦੀ ਹੋਈ ਬੋਲੀ—“ਹਾ ਹਾ ! ਜੌਨ ! ਇਹ ਨਾ ਕਰਨਾ, ਮੈਨੂੰ ਜੋ ਕਹੋਗੇ, ਮੰਨਾਂਗੀ, ਪਰ ਰੱਬ ਦੇ ਵਾਸਤੇ ਇਸ ਨੂੰ ਸੁੱਟ ਦਿਓ ।”

“......ਦੂਜੇ ਪਲ ਹੀ ਸੁੰਦਰੀ ਨੇ ਆਪਣਾ ਸਿਰ ਉਸ ਦੀਆਂ ਬਾਹਾਂ ਵਿਚ ਲੁਕਾ ਲਿਆ......।”

ਪੜ੍ਹਦਾ ਪੜ੍ਹਦਾ ਮੋਹਨ ਜਦ ਇਥੇ ਪੁੱਜਾ ਤਾਂ ਨਾਵਲ ਦੇ ਮਜ਼ਮੂਨ ਵਲੋਂ ਉਸ ਦਾ ਧਿਆਨ ਹੱਟ ਕੇ ਕਿਸੇ ਹੋਰ ਪਾਸੇ ਚਲਾ ਗਿਆ । ਉਹ ਕਿੰਨਾ ਹੀ ਚਿਰ ਸੋਚਾਂ ਵਿਚ ਡੁੱਬਿਆ ਰਿਹਾ । ਅਖ਼ੀਰ ਉਸ ਨੇ ਕਿਤਾਬ ਠੱਪ ਦਿੱਤੀ। ਉਸ ਦੇ ਮਨੋਭਾਵ, ਦਰਿਆ ਦੀਆਂ ਲਹਿਰਾਂ ਵਾਂਗ ਉਥੱਲ ਪੁਥੱਲ ਹੋਣ ਲੱਗੇ।

ਥੋੜ੍ਹਾ ਚਿਰ ਹੋਰ ਉਹ ਇਸੇ ਤਰ੍ਹਾਂ ਗੁੰਮ ਹੋ ਕੇ ਬੈਂਚ ਤੇ ਬੈਠਾ ਰਿਹਾ। ਫਿਰ ਉਠਿਆ, ਤੇ ਇਕ ਪਾਸੇ ਤੁਰ ਪਿਆ । ਤੁਰਦਿਆਂ ਤੁਰਦਿਆਂ ਕਦੇ ਉਸ ਦੀ ਚਾਲ ਤੇਜ਼ ਹੋ ਜਾਂਦੀ ਤੇ ਕਦੇ ਮੱਠੀ ਪੈ ਜਾਂਦੀ ਸੀ ।

੨੮

"ਹੈਂ! ਇਹ ਗੱਲ ਤੈਨੂੰ ਕਿਸ ਤਰ੍ਹਾਂ ਪਤਾ ਲੱਗੀ ਜਗਤ ਸਿਐਂ?" ਹਫ਼ਦਿਆਂ ਹਫ਼ਦਿਆਂ ਸਰਦਾਰ ਤਰਲੋਕ ਸਿੰਘ ਨੇ ਪੁਛਿਆ।

ਰਾਤ ਦੇ ਨੌਂ ਕੁ ਵਜੇ ਦਾ ਵੇਲਾ ਸੀ । ਇਸ ਵੇਲੇ ਸਰਦਾਰ ਰਾਵੀ ਰੋਡ ਵਾਲੀ ਕੋਠੀ ਦੇ ਇਕ ਕਮਰੇ ਵਿਚ ਬੈਠਾ ਸੀ, ਜੁ ਅਚਾਨਕ ਜਗਤ ਸਿੰਘ ਨੇ ਆ ਕੇ ਉਸ ਨੂੰ ਇਕ ਅਜਿਹੀ ਭਿਆਨਕ ਖ਼ਬਰ ਸੁਣਾਈ, ਜਿਸ ਨੂੰ ਸੁਣ ਕੇ ਉਹ ਮਾਰੇ ਗੁੱਸੇ ਦੇ ਤੇਲ ਵਿਚ ਤੱਲੀਂਦੇ ਵਤਾਊਂ ਵਾਂਗ ਹੋ ਗਿਆ । ਉਸ ਦਾ ਜੁੱਸਾ ਕੰਬਣ ਲੱਗ ਪਿਆ, ਤੇ ਅੱਖਾਂ ਵਿਚੋਂ ਚਿਣਗਾਂ ਫੁੱਟਣ ਲੱਗੀਆਂ।

ਸਰਦਾਰ, ਹੋਰ ਕਿਸੇ ਦੇ ਮੂੰਹੋਂ ਜੇ ਇਹ ਗੱਲ ਸੁਣਦਾ ਤਾਂ ਇਤਬਾਰ ਨਾ ਕਰਦਾ, ਪਰ ਜਗਤ ਸਿੰਘ ਦੀ ਕਹੀ ਹੋਈ ਗੱਲ ਵੀ ਕਦੀ ਝੂਠੀ ਹੋ ਸਕਦੀ ਹੈ ? ਇਹ ਉਸ ਦੇ ਭਾਣੇ ਅਸੰਭਵ ਸੀ ।

ਸਰਦਾਰ ਦੇ ਅੰਦਰਲੇ ਭਾਵਾਂ ਨੂੰ ਜਾਚਣ ਲਈ ਜਗਤ ਸਿੰਘ ਨੇ ਇਕ ਵਾਰੀ ਲੁਕਵੀਂ ਨਜ਼ਰ ਨਾਲ ਉਸ ਵੱਲ ਤੱਕਿਆ ਤੇ ਫਿਰ ਆਖਣ ਲੱਗਾ— "ਸਰਦਾਰ ਜੀ, ਗੱਲ ਕੋਈ ਕਰਨ ਜੋਗੀ ਏ ? ਜਿਸ ਵੇਲੇ ਦਾ ਪਤਾ ਲੱਗਾ ਏ, ਮੇਰੇ ਤੇ ਸਿਰ ਨੂੰ ਚੱਕਰ ਆਉਣ ਡਹੇ ਹੋਏ ਨੇ—ਮਸੇ ਮਸੇ ਤੁਹਾਡੇ ਤੀਕ ਪਹੁੰਚਿਆ ਵਾਂ । ਮੈਂ ਆਖਿਆ ਮਤੇ ਉਹ ਨਾ ਹੋਵੇ ਜੁ ਕੋਈ ਕਾਰਾ ਕਰ ਬਹੇ । ਪਰ ਮੇਰਾ ਨਾਂ ਨਾ ਲੈਣਾ ਉਸ ਪਾਸ ।"

ਸਰਦਾਰ ਦਾ ਤੌਖ਼ਲਾ ਹੋਰ ਵਧ ਗਿਆ । ਉਸਨੇ ਫਿਰ ਉਹੀ ਪ੍ਰਸ਼ਨ ਦਹੁਰਾਇਆ "ਪਰ ਤੈਨੂੰ ਪਤਾ ਕੀ ਕੀਕਣ ਲੱਗਾ ਏਸ ਗੱਲ ਦਾ ?"

ਆਪਣੇ ਦਿਲ ਦੀ ਧੜਕਣ ਤੇ ਕੁਝ ਕੁਝ ਘਬਰਾਹਟ ਨੂੰ ਲੁਕਾਂਦਾ ਹੋਇਆ ਜਗਤ ਸਿੰਘ ਬੋਲਿਆ—"ਪਤਾ ਕੀਕਣ ਲੱਗਣਾ ਸੀ ਸਰਦਾਰ ਜੀ, ਉਹ ਗੱਲ

ਹੋਈ ਅਖੇ, 'ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ ।' ਪਤਾ ਲੱਗਾ ਜੇ ਤੁਹਾਡੇ ਨੌਕਰ ਬੁੱਧੂ ਪਾਸੋਂ ।"

"ਬੁੱਧੂ ਪਾਸੋਂ ?" ਸਰਦਾਰ ਨੇ ਇਕ ਵਾਰੀ ਫੇਰ ਸਹਿਮੀ ਨਜ਼ਰ ਨਾਲ ਉਸ ਵੱਲ ਤੱਕ ਕੇ ਕਿਹਾ—"ਪਰ ਕੀਕਣ ?" ਇਹ ਅਨੁਭਾਵ ਕਰਕੇ ਉਸ ਦੇ ਹੱਥ ਕੰਬ ਰਹੇ ਸਨ; ਹੱਥਾਂ ਨੂੰ ਕੋਟ ਦੀ ਜੇਬ ਵਿਚ ਪਾ ਕੇ ਜਗਤ ਸਿੰਘ ਆਖਣ ਲੱਗਾ—"ਅੱਜ ਦੁਪਹਿਰੇ ਕੋਈ ਛੀ ਵਜੇ ਸਬੱਬ ਨਾਲ ਮੈਂ ਆਪਣੇ ਮਕਾਨ ਵੱਲ ਜਾਂਦਾ ਪਿਆ ਸਾਂ । ਮੈਂ ਆਖਿਆ, ਸਰਦਾਰ ਹੋਰੀਂ ਜੇ ਘਰ ਆ ਗਏ ਹੋਣ ਤਾਂ ਮਿਲ ਕੇ ਕਹਿੰਦਾ ਜਾਵਾਂ ਕਿ ਕਿਸੇ ਸਿਆਣੇ ਜਿਹੇ ਡਾਇਰੈਕਟਰ ਨੂੰ ਰੱਖਣ ਦਾ ਬੰਦੋਬਸਤ ਕਰੀਏ—ਇਸ ਭੌਂਦੂ ਨੇ ਤੇ ਇਸ ਲੇਖੇ ਵਰ੍ਹੇ ਵਿਚ ਵੀ ਫ਼ਿਲਮ ਨਹੀਂ ਤਿਆਰ ਕਰਨੀ । ਜਾਂ ਮੈਂ ਉਤੇ ਗਿਆ, ਤਾਂ ਅੰਦਰੋਂ ਬੂਹਾ ਵੱਜਾ ਹੋਇਆ ਸੀ । ਆਵਾਜ਼ ਦੇਣ ਹੀ ਲੱਗਾ ਸਾਂ ਕਿ ਮੇਰੇ ਕੰਨੀਂ ਘੁਰਘੁਰ ਪਈ—"ਕਿਸੇ ਨੂੰ ਦਸੀਂ ਨਾ, ਲੈ ਫੜ ।"

"ਮੈਂ ਤੁਹਾਡਾ ਨਾਂ ਲੈ ਕੇ ਆਵਾਜ਼ ਦਿੱਤੀ । ਬੀਬੀ ਹੋਰੀਂ ਬੂਹਾ ਖੋਲ੍ਹ ਕੇ ਆਖਣ ਲੱਗੇ, "ਉਹ ਤੇ ਕਈ ਦਿਨਾਂ ਤੋਂ ਘਰ ਈ ਨਹੀਂ ਆਏ ।"

"ਮੈਂ ਬੁੱਧੂ ਵੱਲ ਤੱਕਿਆ, ਤਾਂ ਉਸ ਦਾ ਚਿਹਰਾ ਉੱਡਿਆ-ਉੱਡਿਆ ਜਾਪਿਆ । ਮੈਨੂੰ ਸ਼ੱਕ ਜਿਹਾ ਪੈ ਗਿਆ । ਕਿਸੇ ਕੰਮ ਦੇ ਬਹਾਨੇ ਮੈਂ ਬੁੱਧੂ ਨੂੰ ਨਾਲ ਲੈ ਆਇਆ ।"

"ਘਰ ਲਿਆ ਕੇ ਉਸ ਨੂੰ ਪੁੱਛਿਆ ਕਿ ਬੀਬੀ ਤੈਨੂੰ ਕੀ ਪਈ ਕਹਿੰਦੀ ਸੀ—'ਕਿਸੇ ਨੂੰ ਦੱਸੀਂ ਨਾ'

"ਪਹਿਲਾਂ ਤੇ ਉਹ ਸਿਰਿਓਂ ਈ ਮੁਕਰ ਗਿਆ, ਪਰ ਜਦ ਮੈਂ ਅੱਖਾਂ ਵਿਖਾਈਆਂ ਤੇ ਤੁਹਾਡੇ ਪਾਸ ਸ਼ਿਕਾਇਤ ਕਰਨ ਦੀ ਧਮਕੀ ਦਿੱਤੀ, ਤਾਂ ਸਭ ਕੁਝ ਬੱਕ ਪਿਆ ।" ਫਿਰ ਮੈਂ ਪੁੱਛਿਆ, ਭਲਾ ਬੀਬੀ ਨੇ ਤੈਨੂੰ ਇਨਾਮ ਕੀ ਦਿੱਤਾ ਸੀ ? ਉਸ ਨੇ ਕਿਹਾ—'ਦਸ ਰੁਪਈਏ' ਤੇ ਨੋਟ ਦਸਾਂ ਦਾ ਉਸ ਨੇ ਮੈਨੂੰ ਖੀਸੇ 'ਚੋਂ ਕੱਢ ਕੇ ਦਿਖਾਲ ਦਿੱਤਾ ।" ਇਸ ਤੋਂ ਬਾਅਦ ਜਗਤ ਸਿੰਘ ਨੇ ਉਸ ਦੇ ਕੰਨ ਵਿਚ ਕੋਈ ਭੇਦ ਦੀ ਗੱਲ ਆਖੀ ।

ਸੁਣਦਿਆਂ ਸਰਦਾਰ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ । ਕੁਝ ਤਾਂ ਵਿਚਾਰਾ ਬੁੱਢਾ, ਦੂਸਰਾ ਸੁਭਾਅ ਹੀ ਵਹਿਮੀ ਸੀ, ਇਸ ਤੋਂ ਛੁੱਟ ਸਰਲਾ ਬਾਰੇ ਤਾਂ ਪਹਿਲਾਂ ਹੀ ਕਈ ਤਰ੍ਹਾਂ ਦੇ ਸ਼ੱਕ ਉਸ ਦੇ ਦਿਲ ਵਿਚ ਉੱਠਦੇ ਰਹਿੰਦੇ ਸਨ, ਪਰ ਅੱਜ ਸਰਲਾ ਦੀ ਕਿਸੇ ਏਡੀ ਵੱਡੀ ਸਾਜ਼ਸ਼ ਦਾ ਪਤਾ ਪਾ ਕੇ ਤਾਂ ਉਸ ਦੀ ਰਹਿੰਦੀ ਖੂੰਹਦੀ ਹੋਸ਼ ਵੀ ਮਾਰੀ ਗਈ ।

ਜਗਤ ਸਿੰਘ ਉਸ ਦੇ ਦਿਲ ਦੀ ਹਾਲਤ ਚੰਗੀ ਤਰ੍ਹਾਂ ਸਮਝ ਰਿਹਾ ਸੀ ਤੇ ਇਹ ਵੀ ਸਮਝ ਰਿਹਾ ਸੀ ਕਿ ਇਸ ਦੀ ਤਬੀਅਤ ਇਸ ਵੇਲੇ ਡਾਢੀ ਘਬਰਾਈ ਹੋਈ ਹੈ, ਉਸ ਨੇ ਅਜਿਹੇ ਵੇਲੇ ਇਥੋਂ ਹਟ ਜਾਣਾ ਹੀ ਠੀਕ ਸਮਝਿਆ ।

ਸਰਦਾਰ ਵੀ ਇਸ ਵੇਲੇ ਹੋਰ ਕੁਝ ਕਹਿਣਾ ਸੁਨਣਾ ਨਹੀਂ ਸੀ ਚਾਹੁੰਦਾ, ਉਹ ਇਕੱਲਿਆਂ ਬੈਠ ਕੇ ਕਿਸੇ ਸਿੱਟੇ ਤੇ ਪੁੱਜਣਾ ਚਾਹੁੰਦਾ ਸੀ ।

"ਮੈਂ ਰਤਾ ਇਕ ਜ਼ਰੂਰੀ ਕੰਮ ਲਈ ਸ਼ਹਿਰ ਜਾਣਾ ਏਂ—ਫੇਰ ਮਿਲਾਂਗਾ", ਕਹਿੰਦਾ ਹੋਇਆ ਜਗਤ ਸਿੰਘ ਉਠ ਕੇ ਤੁਰ ਪਿਆ । ਪਰ ਸਰਦਾਰ ਨੂੰ ਇਸ ਦਾ ਕੋਈ ਪਤਾ ਨਹੀਂ ਸੀ—ਉਹ ਗੁੰਮ ਦਾ ਗੁੰਮ ਬੈਠਾ ਕਿਹਾ ।

ਜਗਤ ਸਿੰਘ ਦੇ ਚਲੇ ਜਾਣ ਤੋਂ ਬਾਅਦ ਸਰਦਾਰ ਦੇ ਹਵਾਸ ਕੁਝ ਕੁਝ ਟਿਕਾਣੇ ਹੋਏ । ਉਹ ਜਿਉਂ ਜਿਉਂ ਇਸ ਗੱਲ ਦਾ ਖ਼ਿਆਲ ਕਰਦਾ, ਉਸ ਦੇ ਅੱਗੇ-ਅਗ ਵਿਚੋਂ ਅੱਗ ਦੇ ਅਲੰਬੇ ਉੱਠਦੇ ਆਉਂਦੇ ਸਨ । "ਕੀ ਇਹ ਫ਼ਫ਼ੇਕੁਟਣ ਇਥੋਂ ਤੱਕ ਪਹੁੰਚ ਗਈ ? ਬਦਚਲਣੀ ਤੱਕ ਨੌਬਤ ? ਸਗੋਂ ਇਸ ਤੋਂ ਵੀ ਖ਼ਤਰਨਾਕ ਕਦਮ ? ਓਹ ! ਇਸ ਮੱਕਾਰ ਤੀਵੀਂ ਨੂੰ ਅਜੇ ਈ ਮਜ਼ਾ ਚਖਾਵਾਂਗਾ—ਮੇਰੇ ਲਈ ਜਿਹੜਾ ਖੂਹ ਉਹਨੇ ਪੁੱਟਿਆ ਏ, ਉਸੇ ਵਿਚ ਧੱਕਾ ਦਿਆਂਗਾ ਸੂ......"

ਇਹੋ ਜਿਹੇ ਭਾਂਤ-ਭਾਂਤ ਦੇ ਖ਼ਿਆਲਾਂ ਵਿਚ ਉਹ ਘੰਟੇ ਤੋਂ ਵੀ ਵਧੀਕ ਗੁੰਮ ਰਿਹਾ । ਅੰਤ ਦਿਲ ਦੀ ਬੇਚੈਨੀ ਘਟਾਣ ਲਈ ਉਸ ਨੇ ਅਲਮਾਰੀ ਦਾ ਢੱਕਣ ਖੋਲ੍ਹ ਕੇ ਵਿਸਕੀ ਦੀ ਇਕ ਬੋਤਲ ਕੱਢੀ, ਤੇ ਫਿਰ ਮੇਜ਼ ਅੱਗੇ ਆ ਬੈਠਾ.....।

ਬੋਤਲ ਜਦ ਅੱਧੀ ਤੋਂ ਵਧੀਕ ਉਸ ਦੇ ਢਿੱਡ ਵਿਚ ਪੈ ਗਈ, ਤਾਂ ਉਹ ਉੱਠ ਖੜੋਤਾ ।

੨੯

ਅਸੀਂ ਵੇਖ ਚੁੱਕੇ ਹਾਂ ਕਿ ਮੋਹਨ ਜਦ ਸਰਦਾਰ ਤਰਲੋਕ ਸਿੰਘ ਨੂੰ ਫ਼ਿਲਮ ਦੀ ਕਹਾਣੀ ਸੁਣਾ ਰਿਹਾ ਸੀ, ਤਾਂ ਸਰਲਾ ਵਿਚਾਲਿਓਂ ਹੀ ਉਠ ਗਈ ਸੀ।

ਉਹ 'ਆਪਣੇ ਕਮਰੇ ਵਿਚ ਪਹੁੰਚੀ ਹੀ ਸੀ ਕਿ ਬਾਰੀ ਵਿਚੋਂ ਉਸ ਨੇ ਜਾਂਦੇ ਹੋਏ ਮੋਹਨ ਦੀ ਪਿੱਠ ਤੱਕੀ । ਉਹ ਚੰਗੀ ਤਰ੍ਹਾਂ ਸਮਝ ਰਹੀ ਸੀ ਕਿ ਮੋਹਨ ਇਥੋਂ ਕੀ ਲੈ ਕੇ ਜਾ ਰਿਹਾ ਹੈ । ਇਸ ਤੋਂ ਥੋੜ੍ਹਾ ਚਿਰ ਬਾਅਦ ਉਸ ਨੂੰ ਬੂਟਾਂ ਦੀ ਆਵਾਜ਼ ਨੇ ਦੱਸਿਆ ਕਿ ਉਸ ਦਾ ਪਤੀ ਵੀ ਬਾਹਰ ਚਲਾ ਗਿਆ ਹੈ।

ਆਪਣੇ ਲੁੜਛਦੇ ਦਿਲ, ਅੱਧ-ਕੁੱਠੀਆਂ ਸੱਧਰਾਂ ਤੇ ਬੇ-ਜਾਨ ਮੁਰਾਦਾਂ ਨੂੰ ਸੀਨੇ ਦੀ ਕਬਰ ਵਿਚ ਦਫ਼ਨਾਈ, ਸਰਲਾ ਆਪਣੇ ਬਿਸਤਰੇ ਵਿਚ ਜਾ ਲੇਟੀ। ਪਰ ਝਟ ਹੀ ਉਠ ਬੈਠੀ ਤੇ ਕਾਹਲੀ ਨਾਲ ਕੁੰਜੀਆਂ ਦਾ ਗੁੱਛਾ ਸਰ੍ਹਾਣੇ ਹੇਠੋਂ ਕੱਢ ਕੇ ਇਕ ਟਰੰਕ ਖੋਲ੍ਹ ਕੇ ਕੁਝ ਨੋਟਾਂ ਦੀਆਂ ਥਹੀਆਂ ਗਿਣਨ ਲੱਗੀ । ਨਾਲ ਹੀ ਕੁਝ ਸੋਚਦੀ ਹੋਈ ਹੌਲੀ-ਹੌਲੀ ਬੁਲ੍ਹਾਂ ’ਚੋਂ ਕੁਝ ਕਹਿ ਰਹੀ ਸੀ— “ਕੀ ਦੱਸਿਆ ਸੀ ਉਸ ਨੇ—ਰਾਮ ਗਲੀ ਦੁਨੀ ਚੰਦ ਦੀ ਹਵੇਲੀ...

ਜਿਸ ਦੇ ਮਿਲਣ ਦੀ ਆਸ ਨੂੰ ਉਹ ਆਪਣੇ ਸੁਖਾਂ ਵਾਂਗ ਸਦਾ ਲਈ ਤਿਆਗ ਚੁੱਕੀ ਸੀ, ਉਹ ਮਿਲਿਆ, ਪਰ ਜਿਹਿਆ ਮਿਲਿਆ ਕਿ ਸਰਲਾ ਦੇ ਦੁੱਖਾਂ ਵਿਚ ਕਈ ਗੁਣਾਂ ਹੋਰ ਵਾਧਾ ਕਰ ਗਿਆ ।

ਜਿਸ ਦਿਨ ਸਰਲਾ ਨੇ ਅਖ਼ਬਾਰ ਵਿਚ ਮੋਹਨ ਬਾਰੇ ਇਕ ਦੁਖਦਾਈ ਖ਼ਬਰ ਪੜ੍ਹੀ ਸੀ, ਉਸ ਦਿਨ ਤੋਂ ਉਹ ਮੋਹਨ ਬਾਰੇ ਅਤਿ ਦੁੱਖੀ ਸੀ ।

ਖ਼ਬਰ ਨੂੰ ਪੜ੍ਹ ਕੇ ਜਿਥੇ ਉਸ ਦੇ ਦਿਲ ਨੂੰ ਇਕ ਹੋਰ ਨਾ ਸਹਾਰੇ ਜਾਣ ਵਾਲਾ ਧੱਕਾ ਵੱਜਾ ਸੀ, ਉਥੇ ਇਸ ਪਾਸੋਂ ਉਸਨੂੰ ਇਕ ਚੰਗਿਆਈ ਦੀ ਵੀ ਕੁਝ ਕੁਝ ਆਸ ਸੀ । ਅਰਥਾਤ ਕਿ ਇਸ ਦੇ ਅਸਰ ਨਾਲ ਉਹ ਮੋਹਨ ਨੂੰ ਘ੍ਰਿਣਾ ਕਰ ਸਕੇਗੀ । ਪਰ ਉਸ ਦਾ ਇਹ ਖ਼ਿਆਲ ਕੇਵਲ ਖ਼ਿਆਲ ਹੀ ਨਿਕਲਿਆ । ਉਹ ਮੋਹਨ ਨੂੰ ਨਫ਼ਰਤ ਨਾ ਕਰ ਸਕੀ, ਸਗੋਂ ਉਲਟਾ ਜਿੰਨੀ ਵਾਰ ਮੋਹਨ ਬਾਰੇ ਸੋਚਦੀ ਸੀ, ਓਨੇ ਗੁਣਾ ਹੀ ਉਸ ਦੇ ਮਿਲਣ ਦੀ ਤਾਂਘ ਉਸਦੇ ਅੰਦਰ ਵੱਧਦੀ ।

ਸਮੇਂ ਨੇ ਆਪਣਾ ਗੇੜ ਉਸੇ ਤਰ੍ਹਾਂ ਜਾਰੀ ਰੱਖਿਆ, ਜਿਸ ਤਰ੍ਹਾਂ ਸਰਲਾ ਦੇ ਖ਼ਿਆਲਾ ਨੇ ਉਸ ਦੇ ਦੋ ਦਿਨ ਤੇ ਦੋ ਰਾਤ ਏਦਾਂ ਹੀ ਬੀਤ ਗਈਆਂ।

ਅੱਜ ਸ਼ਾਮ ਤੋਂ ਸਰਲਾ ਦੀ ਹਾਲਤ ਪਿਛਲੇ ਦੋਂਹ ਦਿਨਾਂ ਨਾਲੋਂ ਵਧੇਰੇ ਦੁਖੀ ਹੈ । ਮੋਹਨ ਦੀ ਘ੍ਰਿਣਾਪੂਰਤ ਨਜ਼ਰ ਤੇ ਉਸ ਦੀ ਈਰਖਾ ਦੇ ਸੇਕ ਨਾਲ ਤਪ ਰਿਹਾ ਚਿਹਰਾ ਅੱਜ ਘੜੀ-ਮੁੜੀ ਉਸ ਦੇ ਸਾਹਮਣੇ ਆ ਰਿਹਾ ਹੈ । ਉਸ ਦੇ ਦੁਖਦੇ ਫੋੜਿਆਂ ਨੂੰ ਹੋਰ ਚੋਭਾਂ ਲੱਗ ਰਹੀਆਂ ਹਨ । ਉਹ ਮੋਹਨ ਨੂੰ ਇਕ ਵਾਰੀ ਕੇਵਲ ਇਕੋ ਵਾਰੀ ਮਿਲਣ ਲਈ, ਉਸ ਨਾਲ ਦਿਲ ਖੋਲ੍ਹ ਕੇ ਗੱਲਾਂ ਕਰਨ ਲਈ ਅੱਜ ਬਹੁਤ ਹੀ ਬੇਤਾਬ ਹੋ ਉੱਠੀ ਹੈ । ਕੇਵਲ ਇਕੋ ਵਾਰੀ ਉਹ ਮੋਹਨ ਨੂੰ ਮਿਲ ਕੇ ਕੁਝ ਗੱਲਾਂ ਕਹਿਣੀਆਂ ਤੇ ਕੁਝ ਸੁਨਣੀਆਂ ਚਾਹੁੰਦੀ ਸੀ—ਕੁਝ ਖ਼ਿਆਲ ਉਸ ਦੇ ਦਿਲੋਂ ਕੱਢਣੇ ਤੇ ਕੁਝ ਪਾਉਣੇ ਚਾਹੁੰਦੀ ਹੈ । ਪਰੰ ਇਸ ਦੀ ਸ਼ਾਇਦ ਹੁਣ ਉਸ ਨੂੰ ਇਸ ਸਾਰੇ ਜਨਮ ਵਿਚ ਆਸ ਨਹੀਂ ਰਹੀ ।

ਉਸ ਨੇ ਇਸੇ ਤਰ੍ਹਾਂ ਸ਼ਾਮ ਤੋਂ ਰਾਤ ਪਾ ਦਿੱਤੀ ।

ਜਿਸ ਤਰ੍ਹਾਂ ਹੜ੍ਹ ਆਉਣ ਨਾਲ, ਸਾਰੇ ਛੱਪੜ ਟੋਭੇ ਹੜ੍ਹ ਦਾ ਹੀ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਮੋਹਨ ਬਾਰੇ ਛੋਕੜਲਾ ਖ਼ਿਆਲ ਆਉਂਦਿਆਂ ਹੀ ਸਰਲਾ ਦੇ ਬਾਕੀ ਸਾਰੇ ਖ਼ਿਆਲ ਉਸ ਵਿਚ ਗੁੰਮ ਹੋ ਗਏ । ਇਸ ਵੇਲੇ ਉਸ ਦੇ ਸਾਹਮਣੇ ਹੋਰ ਕੁਝ ਨਹੀਂ ਸੀ—ਕੇਵਲ ਮੋਹਨ । ਜਿਸ ਮੋਹਨ ਨੂੰ ਉਹ ਰੋਜ਼ ਹੀ ਦਿਲੋਂ ਭੁਲਾਉਣ ਦੇ ਯਤਨ ਕਰਦੀ ਰਹਿੰਦੀ ਸੀ, ਅੱਜ ਉਸੇ ਨੂੰ ਦਿਲ ਵਿਚ ਵਸਾਉਣ ਦਾ ਯਤਨ ਕਰ ਰਹੀ ਸੀ ।

ਦੁੱਬਲਾ, ਰੋਗੀ ਤੇ ਲੋਕਾਂ ਦਾ ਦੁਰਕਾਰਿਆ ਤ੍ਰਿਸਕਾਰਿਆ ਮੋਹਨ ਅੱਜ ਘੜੀ-ਮੁੜੀ ਉਸ ਦੀਆਂ ਅੱਖਾਂ ਅੱਗੇ ਆਉਂਦਾ । ਸਰਲਾ ਦੇ ਅੰਦਰੋਂ ਹੂਕ ਜਿਹੀ ਨਿਕਲਦੀ—ਮੋਹਨ ਕਿਹਾ ਸੋਹਣਾ ਹੁੰਦਾ ਸੀ, ਮੱਥਾ ਉਸ ਦਾ ਚੰਨ ਵਰਗਾ

ਚਮਕਦਾ ਸੀ । ਉਸ ਦਾ ਫੁੱਲ ਵਰਗਾ ਚਿਹਰਾ ਕਿੱਡਾ ਕੁਮਲਾ ਗਿਆ ਹੈ—ਪਛਾਤਾ ਈ ਨਹੀਂ ਜਾਂਦਾ । ਮੋਹਨ ਹੱਡੀਆਂ ਦੀ ਮੁੱਠ ਰਹਿ ਗਿਆ ਹੈ—ਆਹ ਬਦਨਸੀਬ ਮੋਹਨ !"

ਇਨ੍ਹਾਂ ਹੀ ਖ਼ਿਆਲਾਂ ਵਿਚ ਉਲਝੀ ਹੋਈ ਉਹ ਹੌਲੀ-ਹੌਲੀ ਕਮਰਿਓਂ ਬਾਹਰ ਨਿਕਲੀ । ਇਸ ਵੇਲੇ ਉਸ ਦਾ ਦਿਲ ਬਗੀਚੀ ਵਿਚ ਟਹਿਲਣ ਨੂੰ ਕਰ ਰਿਹਾ ਸੀ । ਰਾਤ ਦੇ ਹਨੇਰੇ ਵਿਚ ਹੀ ਉਹ ਪੌੜੀਆਂ ਉਤਰ ਕੇ ਹੇਠਾਂ ਵਿਹੜੇ ਵਿਚ ਜਾ ਪਹੁੰਚੀ, ਜਿਥੇ ਚਾਰ-ਦੀਵਾਰੀ ਦੇ ਅੰਦਰ ਇਕ ਛੋਟੀ ਜਿਹੀ ਬਗੀਚੀ ਸੀ।

ਵਿਹੜੇ ਵਿਚ ਹਨੇਰਾ ਸੀ, ਪਰ ਬਾਰੀ ਵਿਚੋਂ ਆ ਰਿਹਾ ਨਿੰਮ੍ਹਾ ਚਾਨਣ ਫੁੱਲਾਂ ਦੀਆਂ ਝਾੜੀਆਂ ਤੇ ਪੈ ਰਿਹਾ ਸੀ । ਫੁੱਲਾਂ ਨਾਲ ਲੱਦੇ ਹੋਏ ਬੂਟੇ, ਕਿਸੇ ਬਿਰਹੀ ਦਿਲ ਵਾਂਗ ਹਲੋਰੇ ਲੈ ਰਹੇ ਸਨ ਤੇ ਉਨ੍ਹਾਂ ਦਾ ਮੱਧਮ ਪਰਛਾਵਾਂ ਧਰਤੀ ਉੱਤੇ ਇਸ ਤਰ੍ਹਾਂ ਹਿਲ ਰਿਹਾ ਸੀ, ਮਾਨੋਂ ਬਦਕਿਸਮਤੀ ਕਿਸੇ ਅਭਾਗੇ ਦੀਆਂ ਸਾਂਗਾਂ ਲਾ ਰਹੀ ਹੋਵੇ ।

ਟਹਿਲਦੀ-ਟਹਿਲਦੀ ਸਰਲਾ ਇਕ ਥਾਂ ਘਾਹ ਤੇ ਜਾ ਬੈਠੀ । ਲਾਗੇ ਹੀ ਇਕ ਗੁਲਾਬ ਦੀ ਛੋਟੀ ਜਿਹੀ ਝਾੜੀ ਸੀ । ਉਸ ਨਾਲੋਂ ਫੁੱਲ ਤੋੜ-ਤੋੜ ਕੇ ਉਹ ਬੇਧਿਆਨੇ ਹੀ ਉਹ ਉਨ੍ਹਾਂ ਨੂੰ ਭੋਰ-ਭੋਰ ਕੇ ਪੱਤੀਆਂ ਭੁੰਜੇ ਕੇਰਨ ਲੱਗੀ ।

ਕਿੰਨਾ ਹੀ ਚਿਰ ਉਹ ਇਹੋ ਕੁਝ ਕਰਦੀ ਰਹੀ । ਹੌਲੀ-ਹੌਲੀ ਜਦ ਝਾੜੀ, ਉਸ ਦੇ ਜੀਵਨ ਵਾਂਗ ਉੱਕਾ ਹੀ ਸੱਖਣੀ ਹੋ ਗਈ ਤੇ ਸਾਰੇ ਫੁੱਲ ਆਪਣੇ ਸੁੱਖਾਂ ਵਾਂਗ ਉਸ ਨੇ ਆਪਣੇ ਹੀ ਪੈਰਾਂ ਥੱਲੇ ਰੁਲਦੇ ਡਿੱਠੇ, ਤਾਂ ਉਸ ਦਾ ਧਿਆਨ ਕਿਸੇ ਹੋਰ ਪਾਸੇ ਖਿੱਚਿਆ ਗਿਆ ।

ਫਾਟਕ ਦੀ ਤਾਕੀ ਵਿਚੋਂ ਲੰਘ ਕੇ ਉਸ ਨੂੰ ਕੋਈ ਅੰਦਰ ਆਉਂਦਾ ਦਿੱਸਿਆ। ਪਹਿਲਾਂ ਤਾਂ ਉਸ ਨੂੰ ਪਤੀ ਦਾ ਭੁਲੇਖਾ ਲੱਗਾ, ਪਰ ਇਹ ਕੋਈ ਹੋਰ ਸੀ।

ਚਾਨਣ ਨਾ ਹੁੰਦਾ ਤਾਂ ਸਰਲਾ ਉਸ ਨੂੰ ਚੋਰ ਸਮਝ ਕੇ ਚੀਕ-ਚਿਹਾੜਾ ਪਾ ਦੇਂਦੀ, ਪਰ ਆਉਣ ਵਾਲੇ ਨੂੰ ਉਸ ਨੇ ਝੱਟ ਪਛਾਣ ਲਿਆ । ਉਹ ਉੱਠ ਕੇ ਓਸੇ ਪਾਸੇ ਵਧੀ ।

"ਹੈਂ! ਮੋਹਨ ਜੀ, ਤੁਸੀਂ?" ਸਹਿਮ ਤੇ ਹੈਰਾਨੀ ਭਰੀ ਆਵਾਜ਼ ਵਿਚ ਉਸ ਦੇ ਮੂੰਹੋਂ ਨਿਕਲਿਆ।

"ਹਾਂ ਸਰਲਾ, ਮੈਂ" ਮੋਹਨ ਨੇ ਘਬਰਾਈ ਹੋਈ ਆਵਾਜ਼ ਵਿਚ ਕਿਹਾ—"ਪਰ ਤੂੰ ਇਸ ਵੇਲੇ..."

ਸਰਲਾ ਚੁੱਪ-ਚਾਪ ਮੁੜ ਪਈ । ਮੋਹਨ ਵੀ ਉਸ ਦੇ ਪਿੱਛੇ-ਪਿੱਛੇ ਸੀ।

ਬਿਨਾਂ ਕੁਝ ਹੋਰ ਕਿਹਾਂ ਸੁਣਿਆਂ, ਦੋਵੇਂ ਇਕ ਥਾਂ ਜਾ ਬੈਠੇ ।

ਸਰਲਾ ਫੇਰ ਉੱਠ ਕੇ ਖੜੋ ਗਈ ਤੇ ਆਪਣੇ ਹੋਸ਼ ਹਵਾਸ ਨੂੰ ਸੰਭਾਲਣ ਦਾ ਯਤਨ ਕਰਦੀ ਹੋਈ ਆਖਣ ਲੱਗੀ—"ਮੋਹਨ ਜੀ, ਤੁਸੀਂ ਇਸ ਤਰ੍ਹਾਂ ਰਾਤ ਵੇਲੇ ਇਥੇ ਕਿਉਂ ਆਏ ਓ, ਇਹ ਤੁਸਾਂ ਚੰਗਾ ਨਹੀਂ ਕੀਤਾ ।

ਮੋਹਨ ਕੁਝ ਨਾ ਬੋਲਿਆ—ਕੇਵਲ ਸਰਲਾ ਵੱਲ ਭਰਵੀਂ ਨਜ਼ਰ ਤੱਕ ਕੇ ਰਹਿ ਗਿਆ ।

"ਕੋਈ ਸਾਨੂੰ ਇਥੇ ਤੱਕ ਲਵੇ ਤਾਂ ਕੀ ਕਹੇ" ਸਰਲਾ ਨੇ ਆਪਣੇ ਧੜਕਦੇ ਦਿਲ ਨੂੰ ਦੂਹਾਂ ਹੱਥਾਂ ਨਾਲ ਘੁੱਟ ਕੇ ਕਿਹਾ ।"

"ਸਰਲਾ, ਮੈਂ ਅਖ਼ੀਰੀ ਮੁਲਾਕਾਤ ਕਰਨ ਆਇਆ ਵਾਂ ਤੇਰੇ ਨਾਲ । ਇਸ ਤੋਂ ਬਾਅਦ ਤੂੰ ਮੈਨੂੰ ਕਦੇ ਨਹੀਂ ਵੇਖੇਂਗੀ ।" ਮੋਹਨ ਨੇ ਰੁਕਦੀ ਜਾਂਦੀ ਆਵਾਜ਼ ਨੂੰ ਖੰਘੂਰਿਆਂ ਨਾਲ ਠੀਕ ਕਰ ਕੇ ਕਿਹਾ ।

ਸਰਲਾ ਤੜਫ਼ ਉੱਠੀ, ਮੋਹਨ ਦੇ ਇਹ ਵਾਕ ਨਹੀਂ ਸਨ, ਸਰਲਾ ਦੇ ਕਠੋਰ ਵਰਤਾਓ ਦਾ ਉਸ ਲਈ ਸਭ ਤੋਂ ਕਰੜਾ ਡੰਨ ਸੀ । ਉਹ ਕਾਹਲੀ ਨਾਲ ਮੋਹਨ ਨੂੰ ਜੋ ਕੁਝ ਕਹਿ ਚੁੱਕੀ ਸੀ, ਉਨ੍ਹਾਂ ਵਾਕਾਂ ਨੂੰ ਕਿਸੇ ਤਰ੍ਹਾਂ ਨਿਗਲ ਗਈ।

"ਕੀ ਇਥੋਂ ਤੱਕ ਨੌਬਤ ਪਹੁੰਚ ਗਈ ਹੈ?" ਇਹ ਸੋਚਦੀ-ਸੋਚਦੀ ਉਹ ਗਿੜਗਿੜਾ ਕੇ ਬੋਲੀ—"ਮੋਹਨ ਜੀ ! ਮੈਨੂੰ ਮਾਫ਼ ਕਰੋ, ਮੈਨੂੰ ਨਹੀਂ ਸੀ ਪਤਾ, ਤੁਸੀਂ..."

ਮੋਹਨ ਨੇ ਉਸ ਨੂੰ ਦੋਹਾਂ ਬਾਹਾਂ ਤੋਂ ਫੜ ਕੇ ਉਠਾ ਲਿਆ ਤੇ ਆਪਣੇ ਵੱਲ ਖਿੱਚ ਕੇ—ਉਸ ਦੇ ਗਲ ਵਿਚ ਬਾਂਹ ਪਾ ਕੇ ਬੋਲਿਆ—"ਸਰਲਾ ! ਇਸ ਵਿਚ ਤੇਰਾ ਕੋਈ ਕਸੂਰ ਨਹੀਂ—ਮੇਰੀ ਕਿਸਮਤ ਵਿਚ ਈ ਇਹੋ ਕੁਝ ਲਿਖਿਆ

ਸੀ। ਮੇਰੀ ਜ਼ਿੰਦਗੀ ਏਨੀ ਈ ਬਾਕੀ ਸੀ, ਜਿਸ ਦਾ ਅੱਜ ਅਖ਼ੀਰਲਾ ਦਿਨ ਏਂ। ਪਰ ਮੈਂ ਹੁਣ ਬੜੇ ਸੁੱਖ ਨਾਲ ਮਰ ਸਕਾਂਗਾ । ਜੇ ਤੇਰਾ ਮੇਲ ਨਾ ਹੁੰਦਾ, ਤਾਂ ਖ਼ਬਰੇ ਮਰਨ ਤੋਂ ਪਹਿਲਾਂ ਮੇਰਾ ਕੀ ਹਾਲ ਹੁੰਦਾ।"

"ਹਾਏ ਮੋਹਨ ਜੀ, ਰੱਬ ਦੇ ਵਾਸਤੇ ਇਹੋ ਜਿਹੀਆਂ ਗੱਲਾਂ ਨਾ ਕਰੋ।" ਕਹਿੰਦੀ ਹੋਈ ਸਰਲਾ ਉਸ ਦੇ ਨਾਲ ਚੰਬੜ ਗਈ, ਤੇ ਰੋ-ਰੋ ਕੇ ਉਸ ਦਾ ਮੋਢਾ ਭਿਉਣ ਲੱਗੀ।

ਮੋਹਨ ਨੂੰ ਇਸ ਤੋਂ ਪਹਿਲਾਂ ਉੱਕਾ ਹੀ ਭਰੋਸਾ ਨਹੀਂ ਸੀ ਕਿ ਜਿਸ ਪਹਾੜੀ ਨੂੰ ਉਹ ਖ਼ੁਸ਼ਕ ਤੇ ਪਥਰੀਲੀ ਸਮਝ ਰਿਹਾ ਸੀ, ਉਸ ਦੀ ਤਹਿ ਥੱਲੇ ਇਤਨਾ ਵੱਡਾ ਚਸ਼ਮਾ ਮੌਜੂਦ ਹੋਵੇਗਾ।

ਉਹ ਅਜੇ ਇਹੋ ਸੋਚ ਰਿਹਾ ਸੀ ਕਿ ਪੂਰਾ ਜ਼ੋਰ ਲਾ ਕੇ ਆਪਣੇ ਆਪ ਨੂੰ ਉਸ ਦੀਆਂ ਬਾਹਾਂ 'ਚੋਂ ਛੁੜਾਂਦੀ ਹੋਈ ਸਰਲਾ ਛਲਾਂਗ ਮਾਰ ਕੇ ਦੂਰ ਜਾ ਖੜੀ ਹੋਈ ਤੇ ਦੁਹਾਂ ਹੱਥਾਂ ਨਾਲ ਮੂੰਹ ਢੱਕ ਕੇ ਡੁਸਕਣ ਲੱਗੀ ।

"ਸਰਲਾ, ਮੈਂ ਸਾਰੀ ਉਮਰ ਤੇਰਾ ਦਾਸ ਰਹਾਂਗਾ ।" ਕਹਿੰਦਾ ਹੋਇਆ ਮੋਹਨ ਉੱਠ ਕੇ ਕਾਹਲੀ ਨਾਲ ਉਸ ਵੱਲ ਵਧਿਆ ।

"ਬੱਸ ਮੋਹਨ ਜੀ ਬੱਸ, ਮੈਂ ਕਿਸੇ ਹੋਰ ਦੀ ਅਮਾਨਤ ਹਾਂ, ਇਸ ਸਰੀਰ ਨੂੰ ਛੋਹ ਕੇ ਬਦਦਿਆਨਤੀ ਨਾ ਕਰੋ—ਅਗਾਂਹ ਨਾ ਆਉਣਾ ।" ਕਹਿੰਦੀ ਹੋਈ ਸਰਲਾ ਹੋਰ ਕਈ ਕਦਮ ਪਿੱਛੇ ਹੱਟ ਗਈ ।

ਇਕ ਵਾਰਗੀ ਇਤਨੀ ਕਠੋਰਤਾ? ਇਸ ਦੀ ਮੋਹਨ ਨੂੰ ਸਮਝ ਨਾ ਆਈ । ਉਸ ਨੇ ਝੱਟ ਪਟ ਅਗਾਂਹ ਹੋ ਕੇ ਸਰਲਾ ਦੀ ਬਾਂਹ ਫੜ ਲਈ।

ਗੁੱਸੇ ਨਾਲ ਸਰਲਾ ਦਾ ਚਿਹਰਾ ਲਾਲ ਹੋ ਗਿਆ । ਉਸ ਨੇ ਇਕੋ ਝੱਟਕੇ ਨਾਲ ਮੋਹਨ ਪਾਸੋਂ ਬਾਂਹ ਛੁੜਾ ਲਈ ਤੇ ਇਹ ਕਹਿੰਦੀ ਹੋਈ ਫੇਰ ਪਿਛਾਂਹ ਹੱਟ ਗਈ—"ਮੋਹਨ ਜੀ, ਰੱਬ ਦੇ ਵਾਸਤੇ ਇਸ ਤਰ੍ਹਾਂ ਨਾ ਕਰੋ, ਮੈਂ ਜੋ ਕੁਝ ਤੁਹਾਨੂੰ ਸਮਝਨੀ ਆਂ, ਉਹੀ ਬਣੇ ਰਹੋ । ਕੀ ਤੁਸੀਂ ਹਥੋਂ ਪਾਈ ਲਈ ਆਏ ਓ?"

ਮੋਹਨ ਨੇ ਉਸ ਦੀਆਂ ਗੱਲਾਂ ਵੱਲ ਕੋਈ ਖ਼ਿਆਲ ਨਾ ਕੀਤਾ—ਫੇਰ ਅਗਾਂਹ ਵਧਿਆ । ਸਰਲਾ ਵੀ ਰੋਹ ਭਰੀ ਨਜ਼ਰ ਨਾਲ ਉਸ ਵਲ ਤੱਕ ਕੇ ਬੋਲੀ—"ਮੋਹਨ ਜੀ, ਖ਼ਬਰਦਾਰ ! ਇਕ ਕਦਮ ਵੀ ਅੱਗੇ ਨਾ ਵਧਣਾ । ਇਕ ਅਬਲਾ ਨੂੰ ਇਕੱਲੀ ਵੇਖ ਕੇ ਤੁਹਾਡਾ ਇਤਨਾ ਹੌਂਸਲਾ ? ਜਾਓ ਚਲੇ ਜਾਓ ਇਥੋਂ। ਮੈਂ ਤੁਹਾਨੂੰ ਨਫ਼ਰਤ ਕਰਨੀ ਆਂ ।"

"ਨਫ਼ਰਤ ?" ਮੋਹਨ ਨੇ ਹੈਰਾਨੀ ਨਾਲ ਉਸ ਵੱਲ ਤੱਕ ਕੇ ਕਿਹਾ—"ਸਰਲਾ! ਸਚਮੁੱਚ ਤੂੰ ਮੈਨੂੰ ਨਫਰਤ ਕਰਨੀ ਏਂ—ਤੂੰ ?" ਤੇ ਉਹ ਉਹਨਾਂ ਹੀ ਕਦਮਾਂ ਤੇ ਖੜੋ ਗਿਆ।

"ਹਾਂ, ਮੈਂ ਇਕ ਵਹਿਸ਼ੀ ਨੂੰ ਕਦੇ ਪਿਆਰ ਨਹੀਂ ਕਰ ਸਕਦੀ । ਤੁਹਾਡੀ ਇਤਨੀ ਦਲੇਰੀ । ਜਾਓ ਮੁੜ ਕੇ ਮੇਰੇ ਮੱਥੇ......" ਕਹਿੰਦੀ ਕਹਿੰਦੀ ਸਰਲਾ ਫੁਟ ਕੇ ਰੋਣ ਲੱਗ ਪਈ ।

"ਮੈਂ ਨੀਚ ?" ਮੋਹਨ ਨੇ ਹੋਠ ਚੱਬਦਿਆਂ ਹੋਇਆਂ ਕਿਹਾ—"ਸਰਲਾ! ਉਸ ਬੁੱਢੇ ਚੌਰੇ ਦੀ ਵਹੁਟੀ ਬਣ ਕੇ ਤੂੰ ਇਤਨੀ ਹੰਕਾਰੀ ਗਈ ਏਂ । ਜੇ ਇਸ ਗੱਲ ਦਾ ਮੈਨੂੰ ਪਤਾ ਹੁੰਦਾ ਤਾਂ ਭੁੱਲ ਕੇ ਵੀ ਇਥੇ ਪੈਰ ਨਾ ਪਾਂਦਾ! ਬੇਵਫ਼ਾ! ਮੱਕਾਰ !!"

"ਬਸ ਬਸ", ਸਰਲਾ ਨੇ ਸੱਜੇ ਹੱਥ ਦੀ ਉਂਗਲੀ ਖੜੀ ਕਰ ਕੇ ਕਿਹਾ, "ਮੈਨੂੰ ਜੋ ਤੁਹਾਡਾ ਜੀ ਆਵੇ ਕਹਿ ਲਓ, ਪਰ ਉਨ੍ਹਾਂ ਦੀ ਸ਼ਾਨ ਵਿਚ ਖ਼ਬਰਦਾਰ ਜੇ ਇਕ ਲਫ਼ਜ਼ ਵੀ ਜ਼ਬਾਨ ਤੇ ਲਿਆਂਦਾ । ਮੇਰੇ ਸਾਹਮਣੇ ਤੁਸੀਂ ਮੇਰੇ ਪਤੀ ਦਾ ਅਪਮਾਨ ਨਹੀਂ ਕਰ ਸਕਦੇ।

"ਓਹ ! ਸਰਲਾ, ਦੌਲਤ ਦਾ ਇਤਨਾ ਘੁਮੰਡ ?" ਮੋਹਨ ਨੇ ਤੜਫ਼ ਕੇ ਕਿਹਾ ।

"ਦੌਲਤ ਦਾ ਨਹੀਂ, ਧਰਮ ਦਾ ।" ਸਰਲਾ ਨੇ ਦਲੇਰੀ ਨਾਲ ਕਿਹਾ।

ਮੋਹਨ ਜ਼ਹਿਰ ਦੇ ਵਾਂਗ ਘੁੱਟ ਇਨ੍ਹਾਂ ਵਾਕਾਂ ਨੂੰ ਪੀ ਗਿਆ । ਉਸ ਨੇ ਕੋਈ ਜਵਾਬ ਨਾ ਦਿੱਤਾ।

ਇਸ ਤੋਂ ਬਾਅਦ ਗੁੱਸੇ ਤੇ ਈਰਖਾ ਨਾਲ ਭਰਿਆ ਪੀਤਾ ਉਸ ਬਾਹਰ ਨਿਕਲ ਗਿਆ—ਉਸ ਦੇ ਕਦਮ ਸਿੱਧੇ ਨਹੀਂ ਸਨ ਪੈਂਦੇ।

ਸਰਲਾ ਵੀ ਉਥੇ ਹੋਰ ਨਾ ਠਹਿਰੀ ।

੩੦

ਮੋਹਨ ਨੂੰ ਸਦਾ ਲਈ ਗੁਆ ਕੇ ਸਰਲਾ ਆਪਣੇ ਕਮਰੇ ਵਿਚ ਪਹੁੰਚੀ। ਇਸ ਵੇਲੇ ਉਸ ਆ ਦਿਲ ਭਰਿਆ ਹੋਇਆ ਸੀ, ਤੇ ਉਹ ਕਿਸੇ ਨਵੇਕਲੇ ਥਾਂ ਬੈਠ ਕੇ—ਰੱਜ ਕੇ ਰੋਣਾ ਚਾਹੁੰਦੀ ਸੀ । ਉਹ ਹੀ ਨਹੀਂ, ਉਸ ਦੇ ਸਰੀਰ ਦਾ ਅੰਗ ਅੰਗ ਰੋਣਾ ਚਾਹੁੰਦਾ ਸੀ ।

ਇਸੇ ਖ਼ਿਆਲ ਨਾਲ ਉਹ ਦਬਾਦਬ ਪੌੜੀਆਂ ਚੜ੍ਹੀ ਤੇ ਅੰਦਰ ਪਹੁੰਚ ਕੇ ਪਲੰਘ ਤੇ ਜਾ ਲੇਟੀ ।

ਪਲ ਝੱਟ ਵਿਚ ਜਿਹੜੀ ਘਟਨਾ ਵਾਪਰ ਗਈ ਸੀ, ਇਸ ਨੂੰ ਉਹ ਮੁੜ ਕੇ ਸੋਚਣ ਲੱਗੀ । ਕਦੇ ਉਸ ਨੂੰ ਮੋਹਨ ਦੇ ਰਵੱਈਏ ਤੇ ਗੁੱਸਾ ਆਉਂਦਾ, ਕਦੇ ਆਪਣੇ ਵਰਤਾਉ ਤੇ।

ਉਹ ਸੋਚਦੀ—ਮੈਂ ਮੋਹਨ ਨਾਲ ਇਤਨੀ ਕਠੋਰਤਾ ਕਿਉਂ ਵਰਤੀ ? ਮੰਨਿਆਂ ਉਸ ਨੇ ਮੇਰੇ ਨਾਲ ਵਧੀਕੀ ਹੀ ਕੀਤੀ ਸੀ, ਪਰ ਇਸ ਦੇ ਬਦਲੇ ਵਿਚ ਕੀ ਮੇਰੇ ਵਲੋਂ ਇਹੋ ਕੁਝ ਕਰਨਾ—ਉਸਨੂੰ ਇਤਨੇ ਦੁਖਾਵੇਂ ਸ਼ਬਦ ਕਹਿਣੇ ਯੋਗ ਸਨ ।

ਉਸ ਨੂੰ ਮੋਹਣ ਦੇ ਆਉਣ ਵੇਲੇ ਦੇ ਕਹੇ ਹੋਏ ਵਾਕ ਚੇਤੇ ਆਏ ਜਿਹੜੇ ਕ੍ਰੋਧ ਦੇ ਵਸ ਹੋ ਕੇ ਉਸ ਨੂੰ ਭੁੱਲ ਹੀ ਗਏ ਸਨ ਕਿ “ਸਰਲਾ ! ਮੈਂ ਅਖ਼ੀਰੀ ਮੁਲਾਕਾਤ ਕਰਨ ਆਇਆ ਹਾਂ । ਇਸ ਤੋਂ ਬਾਅਦ ਤੂੰ ਮੈਨੂੰ ਨਹੀਂ ਵੇਖੇਂਗੀ।”

ਓਹ ! ਕਿੰਨਾ ਅਨਿਆਉਂ—ਕਿੰਨੀ ਬੇ-ਵਫ਼ਾਈ, ਤੇ ਉਹ ਵੀ ਮੋਹਨ ਨਾਲ। ਜੇ ਕੋਈ ਕਾਰਾ ਕਰਨ ਵਿਚ ਅੱਗੇ ਉਸ ਨੂੰ ਕੁਝ ਢਿਲ ਸੀ, ਤਾਂ ਉਹ ਮੈਂ ਪੂਰੀ ਕਰ ਦਿੱਤੀ ਹੈ । ਉਸ ਵਿਚਾਰੇ ਗ਼ਰੀਬ ਦਾ ਦਿਲ ਕੀ ਏਡੀਆਂ ਸੱਟਾਂ ਸਹਾਰਨ ਜੋਗਾ ਸੀ ? ਮੈਂ ਉਸ ਨੂੰ ਮਾਰਨ ਤੋਂ ਪਹਿਲਾਂ ਮਾਰ ਦਿੱਤਾ । ਪਰ ਹੁਣ ਕੀ ਕੀਤਾ ਜਾਏ ? ਕਿਸ ਤਰ੍ਹਾਂ ਮੈਂ ਉਸ ਨੂੰ ਬਚਾ ਸਕਦੀ ਹਾਂ ? ਉਸ ਦਾ ਟਿਕਾਣਾ ਤਾਂ ਮੈਨੂੰ ਪਤਾ ਹੀ ਹੈ, ਜਿਸ ਪਤੇ ਤੇ......

ਆਪਣੇ ਖ਼ਿਆਲਾਂ ਨੂੰ ਅਜੇ ਉਹ ਤਰਤੀਬਵਾਰ ਵੀ ਨਹੀਂ ਸੀ ਕਰ ਸਕੀ ਕਿ ਬਾਹਰੋਂ ਉਸ ਨੂੰ ਬੂਟਾਂ ਦੀ ਆਵਾਜ਼ ਸੁਣਾਈ ਦਿੱਤੀ । ਉਹ ਉਠ ਬੈਠੀ ਤੇ ਆਪਣੇ ਚਿਹਰੇ ਤੋਂ ਉਨ੍ਹਾਂ ਭਾਵਾਂ ਨੂੰ ਲੁਕਾਣ ਦਾ ਜਤਨ ਕਰਨ ਲੱਗੀ, ਜਿਨ੍ਹਾਂ ਨੂੰ ਉਹ ਮੋਹਨ ਪਾਸੋਂ ਲੈ ਕੇ ਆਈ ਸੀ । ਪਰ ਫਿਰ ਵੀ ਉਹ ਆਪਣੇ ਤੇਜ਼ ਸਾਹ ਤੇ ਉਚੀ ਧੜਕਣ ਨੂੰ ਘਟਾ ਨਾ ਸਕੀ।

ਉਸ ਦੀ ਨਜ਼ਰ, ਅੰਦਰ ਆਉਂਦੇ ਪਤੀ ਤੇ ਪਈ, ਜਿਸ ਨੂੰ ਤਕਦਿਆਂ ਹੀ ਸਰਲਾ ਦਾ ਸਰੀਰ ਕੰਬ ਉਠਿਆ । ਪਤੀ ਦਾ ਰੰਗ ਢੰਗ ਵੇਖ ਕੇ ਉਸ ਨੂੰ ਇਹੋ ਜਾਪਿਆ, ਮਾਨੋ ਪ੍ਰਤੱਖ ਰੂਪ ਵਿਚ ਕਾਲ ਸਾਹਮਣੇ ਖੜਾ ਹੈ।

ਤਰਲੋਕ ਸਿੰਘ ਅੰਦਰ ਆ ਪਹੁੰਚਾ । ਉਸ ਦੀਆਂ ਲੱਤਾਂ ਡੋਲ ਰਹੀਆਂ ਸਨ—ਸਰੀਰ ਝੋਲ ਖਾ ਰਿਹਾ ਸੀ । ਸ਼ਾਇਦ ਅੱਜ ਉਸ ਨੂੰ ਦੋਂਹ ਸ਼ਰਾਬਾਂ ਦਾ ਨਸ਼ਾ ਚੜ੍ਹਿਆ ਹੋਇਆ ਸੀ ! ਇਕ ਬੋਤਲ ’ਚੋਂ ਨਿਕਲੀ ਹੋਈ ਸ਼ਰਾਬ ਦਾ, ਤੇ ਦੂਸਰਾ ਕਿਸੇ ਕਠੋਰ ਹਿਰਦੇ ’ਚੋਂ ਨਿਕਲੀ ਹੋਈ ਸ਼ਰਾਬ ਦਾ।

ਅੰਦਰ ਆਉਂਦਿਆਂ ਹੀ ਉਸਦਾ ਭਿਆਨਕ ਰੂਪ, ਹੋਰ ਵੀ ਭਿਆਨਕ ਹੋ ਗਿਆ । ਉਸ ਦੀਆਂ ਅੱਖਾਂ ਵਿਚੋਂ ਅੱਗ ਦੀ ਵਰਖਾ ਹੋਣ ਲੱਗੀ । ਸਰਲਾ ਉੱਤੇ ਉਸ ਦੀ ਪਹਿਲੀ ਨਜ਼ਰ ਪਈ, ਤੇ ਇਸ ਪੈਂਦਿਆਂ ਹੀ ਉਹ ਪਾਗ਼ਲ ਜਿਹਾ ਹੋ ਗਿਆ ।

ਸਰਲਾ ਪਤੀ ਵੱਲ ਤੱਕ ਨਾ ਸਕੀ—ਉਸ ਦੀਆਂ ਅੱਖਾਂ ਨੀਵੀਆਂ ਹੋ ਗਈਆਂ ਤੇ ਕੰਨਾਂ ਵਿਚ ਸਾਂ ਸਾਂ ਹੋਣ ਲਗੀ । ਉਸ ਦੇ ਸਿਰ ਵਿਚ ਇਸ ਤਰ੍ਹਾਂ ਦੇ ਚੱਕਰ ਜਿਹੇ ਆਉਣ ਲੱਗ ਪਏ, ਜਿਸ ਤਰ੍ਹਾਂ ਕਿਸੇ ਨੂੰ ਬੇਹੋਸ਼ ਹੋਣ ਤੋਂ ਪਹਿਲਾਂ ਆਇਆ ਕਰਦੇ ਹਨ । ਉਸ ਨੇ ਕੰਬਦਿਆਂ ਕੰਬਦਿਆਂ ਪੁਛਿਆ—
“ਕੀ ਗੱਲ—ਗੱਲ ਏ ਅੱਜ ?”

ਸਰਲਾ ਦੀ ਇਸ ਕੰਬਦੀ ਆਵਾਜ਼ ਨੇ ਤਰਲੋਕ ਸਿੰਘ ਨੂੰ ਹੋਰ ਵੀ ਪਾਗ਼ਲ ਕਰ ਦਿੱਤਾ । ਗੱਲ ਦਾ ਉਤਰ ਦੇਣ ਦੇ ਥਾਂ ਸਗੋਂ ਉਹ ਇਸ ਤਰ੍ਹਾਂ ਬੋਲਿਆ—
“ਬਦਜ਼ਾਤੇ, ਖਸਮ ਨੂੰ ਜ਼ਹਿਰ ਦੇ ਕੇ ਹੁਣ ਤੂੰ ਉਧਲ ਜਾਣਾ ਚਾਹੁੰਨੀ ਏਂ ? ਉਤੋਂ ਭੋਲੀ ਭਾਲੀ, ਤੇ ਵਿਚੋਂ ਜ਼ਹਿਰ ਦੀਏ ਗੰਦਲੇ ! ਦਸ ਕਿਸ ਨਾਲ ਨਿਕਲ

ਜਾਣ ਦੀ ਸਲਾਹ ਕੀਤੀ ਊ? ਲਿਆ ਕਿੱਥੇ ਈ ਚਿੱਠੀ ਤੇ ਜ਼ਹਿਰ ਵਾਲੀ ਸ਼ੀਸ਼ੀ?”

ਸਰਲਾ ਨੂੰ ਇਸ ਗੱਲ ਦੀ ਸਮਝ ਨਾ ਆਈ, ਪਰ ਸਮਝਣ ਲਈ ਉਹ ਪਤੀ ਉਤੇ ਸਵਾਲ ਵੀ ਨਾ ਕਰ ਸਕੀ—ਚੁੱਪ ਦੀ ਚੁੱਪ ਉਠ ਕੇ ਖੜ੍ਹੋ ਗਈ।

ਸਰਲਾ ਦੀ ਚੁੱਪ ਨੇ ਤਰਲੋਕ ਸਿੰਘ ਨੂੰ ਝੱਪਪੱਟ ਅਗਲਾ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ—ਜਿਸ ਨੂੰ ਉਹ ਇੰਨੀ ਛੇਤੀ ਨਹੀਂ ਸੀ ਚੁਕਣਾ ਚਾਹੁੰਦਾ।

ਉਸ ਦੀ ਬਾਂਹ ਫੜਕੇ ਜ਼ੋਰ ਦੇ ਝਟਕੇ ਨਾਲ ਉਸਨੂੰ ਆਪਣੇ ਵੱਲ ਖਿੱਚਦਾ ਹੋਇਆ ਕੜਕ ਕੇ ਬੋਲਿਆ—“ਮੈਂ ਕੀ ਪਿਆ ਪੁੱਛਨਾ ਵਾਂ ਤੇਰੇ ਕੋਲੋ ? ਨਾਲੇ ਦੱਸ, ਉਹ ਕੌਣ ਦੀ ਜਿਸਨੂੰ ਮੈਂ ਹੁਣੇ ਹੁਣੇ ਇਸ ਮਕਾਨ ’ਚੋਂ ਬਾਹਰ ਜਾਂਦਿਆਂ ਡਿੱਠਾ ਏ ?”

ਬਾਂਹ ਖਿੱਚਣ ਦੇ ਨਾਲ ਹੀ ਮਾਨੋ ਸਰਲਾ ਦਾ ਸਾਹ ਸਤ ਤੇ ਹੋਸ਼-ਹਵਾਸ ਸਭ ਕੁਝ ਖਿੱਚਿਆ ਗਿਆ ।

ਉਹ ਇਤਨਾ ਤਾਂ ਸਮਝ ਗਈ ਕਿ ਮੋਹਨ ਨੂੰ ਬਾਹਰ ਨਿਕਲਦਿਆਂ ਪਤੀ ਨੇ ਵੇਖ ਲਿਆ ਹੈ, ਪਰ ‘ਚਿੱਠੀ ਤੇ ਜ਼ਹਿਰ ਦੀ ਸ਼ੀਸ਼ੀ’ ਇਸ ਦਾ ਮਤਲਬ ਉਸ ਦੀ ਸਮਝ ਵਿਚ ਨਾ ਆਇਆ ।

ਤਰਲੋਕ ਸਿੰਘ ਨੇ ਫੇਰ ਕੜਕ ਕੇ ਪੁੱਛਿਆ—“ਕੌਣ ਸੀ, ਜਿਹੜਾ ਹੁਣੇ ਤੇਰੇ ਪਾਸੋਂ ਗਿਆ ਏ? ਸੱਚ ਦੱਸ ।”

ਘਬਰਾ ਕੇ ਸਰਲਾ ਉਸ ਦੇ ਪੈਰਾਂ ਤੇ ਡਿੱਗ ਪਈ, ਤੇ ਸਿਸਕੀਆਂ ਭਰਦੀ ਹੋਈ ਬੋਲੀ—“ਖਿਮਾ ਕਰੋ—ਮੈਥੋਂ ਭੁੱਲ ਹੋ ਗਈ ।”

ਤਰਲੋਕ ਸਿੰਘ ਨੂੰ ਭਰੋਸਾ ਨਹੀਂ ਸੀ ਕਿ ਸਰਲਾ ਇਤਨੀ ਛੇਤੀ ਆਪਣੇ ਜੁਰਮ ਦਾ ਇਕਬਾਲ ਕਰ ਲਵੇਗੀ । ਉਹ ਠੁਡੇ ਨਾਲ ਸਰਲਾ ਦੇ ਸਿਰ ਨੂੰ ਪਰ੍ਹੇ ਪਟਕਦਾ ਹੋਇਆ ਬੋਲਿਆ—“ਤੇਰੇ ਵਰਗੀ ਬਦ-ਚਲਣ ਨੂੰ ਖਿਮਾ ? ਠਹਿਰ ਜਾ ? ਕਰਨਾ ਵਾਂ ਖਿਮਾਂ । ਹਾਂ ਦੱਸ ਪਹਿਲਾਂ, ਉਹ ਕੌਣ ਸੀ ? ਛੇਤੀ ਦੱਸ ।

ਲੱਤ ਦੀ ਠੋਹਕਰ ਖਾ ਕੇ ਉਹ ਮੰਜੇ ਦੇ ਪਾਵੇ ਨਾਲ ਜਾ ਲੱਗੀ । ਉਸੇ ਤਰ੍ਹਾਂ ਪਾਵੇ ਨਾਲ ਪਿੱਠ ਜੋੜ ਕੇ ਬੈਠੀ ਉਹ ਡਰਦੀ ਡਰਦੀ ਬੋਲੀ—

“ਜੀ ਉਹਦਾ ਨਾਂ.......” ਇਸ ਤੋਂ ਅਗਲਾ ਸ਼ਬਦ ਉਹ ਕਹਿੰਦੀ ਕਹਿੰਦੀ ਚੁੱਪ ਹੋ ਗਈ ।

“ਕੀ ਨਾਂ ਸੀ ਉਸ ਦਾ ? ਛੇਤੀ ਬੋਲ । ਚੁੱਪ ਕਿਉਂ ਹੋ ਗਈ ਏਂ ?

ਸਰਲਾ ਨੇ ਕੋਈ ਉੱਤਰ ਨਾ ਦਿੱਤਾ ।

ਤਰਲੋਕ ਸਿੰਘ ਫੇਰ ਪੁੱਛਣ ਲੱਗਾ—“ਉਹ ਤੇਰਾ ਕੀ ਲਗਦਾ ਸੀ ?”

“ਜੀ ਕੁਝ ਨਹੀਂ ।”

“ਤੇ ਇਥੇ ਤੇਰੇ ਕੋਲ ਕੀ ਲੈਣ ਆਇਆ ਸੀ ?”

“ਜੀ ਆਪੇ ਈ ਆ ਗਿਆ ਸੀ ।”

“ਆਪੇ ਈ ? ਤੂੰ ਉਸ ਨੂੰ ਸੱਦਿਆ ਨਹੀਂ ਸੀ ?”

“ਨਹੀਂ ।”

“ਠੀਕ ਏ, ਤੂੰ ਸਦਿਆ ਨਹੀਂ ਸੀ, ਤੇ ਰਾਤ ਵੇਲੇ ਉਹ ਆਪੇ ਈ ਆ ਗਿਆ ਸੀ ! ਸੱਚ ਦੱਸ, ਕੀ ਕਰਨ ਆਇਆ ਸੀ, ਤੇ ਕੌਣ ਸੀ ਉਹ ?”

“ਪਤਾ ਨਹੀਂ ।”

“ਫਿਰ ਆਇਆ ਕਿਉਂ ਸੀ ? ਤੂੰ ਕੀ ਲੱਗਦੀ ਸੈਂ ਉਹਦੀ ?”

“ਕੁਝ ਨਹੀਂ ।”

“ਕੁਝ ਨਹੀਂ ! ਕੁਝ ਨਹੀਂ ਤੇ ਫੇਰ ਮਿਲਣ ਕਿਉਂ ਆਇਆ ਤੈਨੂੰ ? ਅੱਜ ਦੁਪਹਿਰੇ ਇਸੇ ਨੇ ਤੈਨੂੰ ਚਿੱਠੀ ਤੇ ਇਕ ਜ਼ਹਿਰ ਦੀ ਸ਼ੀਸ਼ੀ ਨਹੀਂ ਸੀ ਭੇਜੀ ?”

“ਜੀ ਨਹੀਂ ।”

“ਹੋਰ ਕਿਸ ਨੇ ਭੇਜੀ ?”

“ਕਿਸੇ ਵੀ ਨਹੀਂ ?”

"ਕਿਸੇ ਵੀ ਨਹੀਂ? ਠਹਿਰ ਜਾ ।" ਇਹ ਕਹਿ ਕੇ ਤਰਲੋਕ ਸਿੰਘ ਕਮਰੇ ਦੀ ਇਕ ਨੁਕਰ ਵੱਲ ਗਿਆ, ਜਿਥੇ ਚਮੜੇ ਦਾ ਇਕ ਸੂਟਕੇਸ ਪਿਆ ਸੀ । ਉਸ ਨੇ ਝੱਟ ਪੱਟ ਸੂਟਕੇਸ ਚੁੱਕ ਕੇ ਪਰ੍ਹੇ ਕੀਤਾ, ਤਾਂ ਉਸ ਦੇ ਹੇਠ ਇਕ ਲਫ਼ਾਫ਼ਾ ਤੇ ਇਕ ਨੀਲੇ ਰੰਗ ਦੀ ਇਕ ਔਂਸ ਦੀ ਸ਼ੀਸ਼ੀ ਪਈ ਵੇਖੀ।

ਦੋਵੇਂ ਚੀਜ਼ਾਂ ਚੁੱਕ ਕੇ ਉਹ ਸਰਲਾ ਪਾਸ ਆਇਆ ਤੇ ਲਫ਼ਾਫ਼ਾ ਉਸਦੇ ਸਾਹਮਣੇ ਸੁਟ ਕੇ ਬੋਲਿਆ—"ਲੈ ਪੜ੍ਹ ਇਸ ਨੂੰ।"

ਕੰਬਦੇ ਹੱਥਾਂ ਨਾਲ ਲਫਾਫੇ 'ਚੋਂ ਚਿੱਠੀ ਕੱਢ ਕੇ ਸਰਲਾ ਨੇ ਪੜ੍ਹਨੀ ਸ਼ੁਰੂ ਕੀਤੀ । ਇਸ ਦਾ ਮਜ਼ਮੂਨ ਸੀ—

"ਪ੍ਰਾਨ. ਪਿਆਰੀ ਸਰਲਾ !

ਮੈਂ ਤੈਨੂੰ ਬੁੱਧੂ ਹੱਥ ਇਸ ਚਿੱਠੀ ਨਾਲ ਹੀ ਇਕ ਸ਼ੀਸ਼ੀ ਭੇਜ ਰਿਹਾ ਹਾਂ । ਰਾਤ ਨੂੰ ਕਿਸੇ ਚੀਜ਼ ਵਿਚ ਪਾ ਕੇ ਬੁੱਢੇ ਨੂੰ ਦੇ ਦੇਣੀ । ਸਾਰੇ ਬਖੇੜੇ ਦੂਰ ਹੋ ਜਾਣਗੇ, ਤੇ ਸਵੇਰ ਦਾ ਸੂਰਜ ਸਾਡੇ ਦੁਹਾਂ ਲਈ ਨਵੀਆਂ ਖੁਸ਼ੀਆਂ ਦਾ ਸੁਨੇਹਾ ਲੈ ਕੇ ਚੜ੍ਹੇਗਾ । ਬੱਸ ਅਸੀਂ ਹੋਵਾਂਗੇ ਤੇ ਬੁੱਢੇ ਦੀ ਜਾਇਦਾਦ। ਅੱਜ ਹੀ ਰਾਤ ਜਿਸ ਤਰ੍ਹਾਂ ਹੋ ਸਕੇ, ਇਹ ਕੰਮ ਕਰ ਛੱਡਣਾ । ਡਰਨਾ ਨਹੀਂ, ਮੈਂ ਸਾਰਾ ਬੰਦੋਬਸਤ ਕਰ ਲਿਆ ਹੈ । ਸਵੇਰ ਤੱਕ ਬੁੱਢੇ ਦੀ ਲੋਥ ਦਾ ਖੁਰਾ ਖੋਜ ਵੀ ਨਹੀਂ ਲੱਭੇਗਾ—

ਤੇਰਾ ਪ੍ਰੇਮ-ਪਾਤਰ......"

ਚਿੱਠੀ ਪਿੱਛੋਂ ਮੁਕੀ, ਤੇ ਸਰਲਾ ਦਾ ਸਾਹ ਸਤ ਪਹਿਲਾਂ ਮੁਕ ਗਿਆ, ਪਰ ਇਸ ਦੇ ਨਾਲ ਹੀ ਇਕ ਮਹੀਨ ਜਿਹਾ ਫੁਰਨਾ ਉਸ ਦੇ ਦਿਲ ਵਿਚ ਫੁਰਿਆ ਤੇ ਅੱਖ ਦੇ ਫੋਰ ਵਿਚ ਇਹ ਫੁਰਨਾ ਇਸ ਲਈ ਪਹਾੜ ਜਿੱਡੀ ਸ਼ਕਲ ਧਾਰਨ ਕਰ ਗਿਆ—

"ਕੀ ਇਹ ਵੀ ਮੋਹਨ ਦੀ ਕਰਤੂਤ ਹੈ ? ਮੋਹਨ ਦੀ ? ਕੀ ਉਸ ਨੇ ਮੈਨੂੰ ਇਹ ਦੋਵੇਂ ਚੀਜ਼ਾਂ ਘੱਲੀਆਂ ਸਨ, ਜੋ ਮੇਰੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਤਰ੍ਹਾਂ ਫੜੀਆਂ ਗਈਆਂ ? ਕੀ ਇਸੇ ਸੰਬੰਧ ਵਿਚ ਉਹ ਹੁਣੇ ਹੁਣੇ ਆਇਆ ਸੀ? ਕੋਈ ਗੋਂਦ ਗੁੰਦਣ ਲਈ ਹੀ? ਓਹ ਇਤਨਾ ਨੀਚ ਪਣਾ?"

ਇਸ ਤੋਂ ਬਾਅਦ ਤਰਲੋਕ ਸਿੰਘ ਨੇ ਉਸ ਉਤੇ ਦਬਾਦਬ ਸਵਾਲ ਕਰਨੇ ਸ਼ੁਰੂ ਕੀਤੇ ਪਰ ਸਰਲਾ ਨੇ ਕਿਸੇ ਗੱਲ ਦਾ ਵੀ ਉੱਤਰ ਨਾ ਦਿੱਤਾ—ਇਕ ਅੱਖਰ ਵੀ ਨਾ ਬੋਲੀ, ਸ਼ਾਇਦ ਬੋਲਣ ਦੀ ਸ਼ਕਤੀ ਜਾਂ ਹੋਸ਼ ਵੀ ਉਸ ਵਿਚ ਨਹੀਂ ਸੀ।

ਫੇਰ ਕੀ ਸੀ, ਤਰਲੋਕ ਦੀ ਜ਼ਬਾਨ ਸੀ ਤੇ ਹੱਥ ਵਾਲੀ ਸੋਟੀ । ਜਾਂ ਫਿਰ ਸਰਲਾ ਦਾ ਸਰੀਰ।

ਉਹ ਪਲੰਘ ਦੇ ਪਾਵੇ ਨਾਲ ਪਿੱਠ ਜੋੜੀ—ਅੱਖਾਂ ਟੱਡੀ ਬੈਠੀ ਰਹੀ ਤੇ ਸੋਟੀਆਂ, ਤੇ ਗਾਲ੍ਹਾਂ ਦੀ ਦੂਹਰੀ ਵਰਖਾ ਉਸ ਉਤੇ ਹੁੰਦੀ ਰਹੀ । ਇਸ ਵੇਲੇ ਉਹ ਨਾ ਤਾਂ ਹੋਸ਼ ਵਿਚ ਸੀ ਤੇ ਨਾ ਹੀ ਪੂਰੀ ਤਰ੍ਹਾਂ ਬੇਹੋਸ਼ । ਉਸ ਨੂੰ ਪਤੀ ਦੀ ਛੱਤ ਪਾੜਨ ਵਾਲੀ ਆਵਾਜ਼ ਸੁਣਾਈ ਦੇ ਰਹੀ ਸੀ । ਪਰ ਕੀ ਕਹਿ ਰਿਹਾ ਹੈ? ਇਸ ਦੀ ਸਮਝ ਉਸ ਨੂੰ ਨਹੀਂ ਸੀ ਪੈਂਦੀ । ਸਰੀਰ ਉਤੇ ਕਿਥੇ ਲਾਸਾਂ ਪੈ ਰਹੀਆਂ ਹਨ ? ਇਸ ਦਾ ਪਤਾ ਵੀ ਉਸ ਨੂੰ ਚੰਗੀ ਤਰ੍ਹਾਂ ਨਹੀਂ ਸੀ ਲੱਗਦਾ ।

ਹੌਲੀ ਹੌਲੀ ਉਸ ਦੀਆਂ ਅੱਖਾਂ ਅੱਗੇ ਫੇਰ ਉਸੇ ਤਰ੍ਹਾਂ ਹਨੇਰਾ ਆਉਣਾ ਸ਼ੁਰੂ ਹੋਇਆ ਹੋਇਆ, ਜਿਹੋ ਜਿਹਾ ਪਤੀ ਦੀ ਪਹਿਲੀ ਗੱਲ ਸੁਣ ਕੇ ਆਇਆ ਸੀ । ਅੱਖਾਂ ਉਸ ਦੀਆਂ ਅਜੇ ਵੀ ਬੰਦ ਨਹੀਂ ਸਨ, ਪਰ ਇਨ੍ਹਾਂ ਦੇ ਸਾਹਮਣਿਓਂ ਪਤੀ ਦੀ ਸ਼ਕਲ, ਕਮਰੇ ਦੀਆਂ ਕੰਧਾਂ, ਪੈਰਾਂ ਥਲਵਾਂ ਫਰਸ਼ ਤੇ ਹੋਰ ਸਭ ਕੁਝ ਹੌਲੀ ਹੌਲੀ ਅਲੋਪ ਹੁੰਦਾ ਜਾਂਦਾ ਸੀ । ਅਖ਼ੀਰ ਉਸ ਨੂੰ ਆਪਣਾ ਆਪ ਵੀ ਦਿਖਾਈ ਦੇਣੋਂ ਰਹਿ ਗਿਆ ।

ਅਚਾਨਕ ਹੀ ਉਸ ਨੂੰ ਆਪਣੇ ਸਿਰ ਤੋਂ ਉਤਾਂਹ ਕਰਕੇ ਪਲੰਘ ਦੇ ਪਾਵੇ ਨਾਲ ਆ ਕੇ ਕੋਈ ਭਾਈ ਚੀਜ਼ ਵਜ ਕੇ ਟੁੱਟਣ ਦਾ ਖੜਾਕ ਸੁਣਾਈ ਦਿੱਤਾ ਤੇ ਉਹ ਉਥੇ ਹੀ ਬੇਹੋਸ਼ ਹੋ ਕੇ ਚੁਫਾਲ ਡਿੱਗ ਪਈ।

ਇਹ ਖੜਾਕ ਕਾਹਦੇ ਟੁੱਟਣ ਦਾ ਹੋਇਆ ਸੀ।

ਜਦ ਤਰਲੋਕ ਸਿੰਘ ਨੇ ਵੇਖਿਆ, ਕਿ ਚਿੱਠੀ ਪੜ੍ਹਨ ਤੋਂ ਬਾਅਦ ਸਰਲਾ ਉਸ ਦੇ ਕਿਸੇ ਵੀ ਪ੍ਰਸ਼ਨ ਦਾ ਠੀਕ ਉੱਤਰ ਨਹੀਂ ਦੇਂਦੀ, ਤਾਂ ਸ਼ਰਾਬ ਵਿਚ ਅੰਨ੍ਹੇ ਹੋਏ ਬੁੱਢੇ ਦੀਆਂ ਬਾਹਾਂ ਵਿਚ ਜੁਆਨਾਂ ਵਰਗਾ ਬਲ ਆ ਗਿਆ । ਉਸ ਦੀਆਂ ਗੁੱਸੇ ਨਾਲ ਤਪਦੀਆਂ ਅੱਖਾਂ ਇਕ ਭਾਰੀ ਕੁਰਸੀ ਉਤੇ ਪਈਆਂ।

ਦੂਹਾਂ ਹੱਥਾਂ ਨਾਲ ਉਸ ਨੇ ਕੁਰਸੀ ਚੁਕੀ। ਜਿੰਨੇ ਜ਼ੋਰ ਦੀ ਉਸ ਤੋਂ ਹੋ ਸਕਿਆ ਸਰਲਾ ਦੇ ਸਿਰ ਦਾ ਨਿਸ਼ਾਨਾ ਸੇਧ ਕੇ ਉਸ ਵੱਲ ਵਗਾਹ ਮਾਰੀ। ਕੁਰਸੀ ਦੇ ਕਈ ਟੋਟੇ ਹੋ ਗਏ 'ਤੇ ਇਸ ਦੇ ਨਾਲ ਹੀ ਸਰਲਾ ਵੀ ਚੁਫਾਲ ਡਿੱਗ ਪਈ ।

ਖੋਖਲੀਆਂ ਜੜ੍ਹਾਂ ਵਾਲਾ ਦਰੱਖਤ ਥੋੜ੍ਹਾ ਜਿਹਾ ਝੱਖੜ ਆਉਣ ਨਾਲ ਹੀ ਡੋਲ੍ਹਣ ਲੱਗ ਪੈਂਦਾ ਹੈ, ਫਿਰ ਤਰਲੋਕ ਸਿੰਘ ਲਈ ਤਾਂ ਇਹ ਘਟਨਾ ਤੇ ਉੱਤੇ ਇਕ ਹੋਰ ਦੁਰਘਟਨਾ, ਇਕ ਸਮੇਂ ਅਜਿਹੀਆਂ ਵਾਪਰੀਆਂ ਕਿ ਅਜਿਹੇ ਵੇਲੇ ਜੇ ਉਸ ਦੇ ਦਿਲ ਦੀ ਧੜਕਣ ਬੰਦ ਹੋ ਜਾਂਦੀ, ਤਾਂ ਵੀ ਕੋਈ ਅਸਚਰਜ ਨਹੀਂ ਸੀ।

ਕੁਰਸੀ ਨੂੰ ਟੁੱਟਦਿਆਂ ਤੇ ਸਰਲਾ ਨੂੰ ਡਿਗਦਿਆਂ ਉਸ ਨੇ ਇਕੱਠਿਆਂ ਹੀ ਡਿੱਠਾ, ਤੇ ਡਰ ਨਾਲ ਉਹ ਥਰ ਥਰ ਕੰਬਣ ਲੱਗ ਪਿਆ।

ਓਹ! ਮੈਂ ਖ਼ੂਨ ਕਰ ਦਿੱਤਾ । ਇਹ ਖ਼ਿਆਲ ਕਰ ਕੇ ਤਾਂ ਉਸ ਦਾ ਸਰੀਰ ਹੀ ਸੁੰਨ ਹੋ ਗਿਆ । ਕੀ ਮੈਂ ਸੱਚਮੁੱਚ ਸਰਲਾ ਦਾ ਖ਼ੂਨ ਕਰ ਦਿੱਤਾ?

ਉਹ ਘਾਬਰ ਕੇ ਕਮਰੇ ਵਿਚ ਇਧਰ ਉਧਰ ਫਿਰਨ ਲੱਗ ਪਿਆ । ਇਸ ਨਵੀਂ ਬਿਪਤਾ ਤੋਂ ਛੁਟਕਾਰਾ ਕੀਕਣ ਮਿਲੇਗਾ, ਇਸ ਸੰਬੰਧੀ ਸੋਚਦਿਆਂ ਸੋਚਦਿਆਂ ਉਸ ਨੂੰ ਆਪਣੇ ਸਹਾਇਕ ਜਗਤ ਸਿੰਘ ਦਾ ਖ਼ਿਆਲ ਆਇਆ, ਤੇ ਉਹ ਪਿਛਲੇ ਪੈਰੀਂ ਉਹਦੇ ਘਰ ਵੱਲ ਉਠ ਨੱਸਿਆ ।

M.R
S.P

੩੧

ਰੁੱਤ ਭਾਵੇਂ ਗਰਮੀ ਦੀ ਹੈ, ਪਰ ਮੀਂਹ ਕਣੀ ਦਾ ਰੰਗ ਹੋਣ ਕਰਕੇ ਜਗਤ ਸਿੰਘ ਅੱਜ ਬੂਹੇ ਬਾਰੀਆਂ ਖੋਲ੍ਹ ਕੇ ਹੇਠਲੇ ਕਮਰੇ ਵਿਚ ਹੀ ਟਹਿਲ ਰਿਹਾ ਹੈ।

ਮੇਰਾ ਨਵਾਂ ਛੱਡਿਆ ਹੋਇਆ ਤੀਰ ਕਿਸ ਨਿਸ਼ਾਨੇ ਬੈਠਦਾ ਹੈ ਤੇ ਕਿਹੋ ਜਿਹੀ ਮਾਰ ਕਰਦਾ ਹੈ, ਉਹ ਇਸੇ ਬਾਰੇ ਸੋਚ ਰਿਹਾ ਸੀ । ਉਸਨੂੰ ਮੁੜ ਮੁੜ ਇਸ ਗੱਲ ਦਾ ਸਹਿੰਸਾ ਜਿਹਾ ਹੋਣ ਲੱਗਦਾ ਸੀ ਕਿ ਬੁੱਢਾ ਕਿਤੇ ਆਪਣੇ ਗੁੱਸੇ ਨੂੰ ਲੋੜ ਤੋਂ ਵਧੀਕ ਨਾ ਵਰਤ ਬੈਠੇ।

ਉਹ ਸੋਚਣ ਲੱਗਾ—"ਇਸ ਸੋਹਲ ਬੁਲਬੁਲ ਨੂੰ ਫਸਾਣ ਲਈ ਜਿਹੜੀ ਮੈਂ ਭਿਆਨਕ ਕੁੜਿਕੀ ਲਾਈ ਹੈ, ਇਹ ਤਾਂ ਕਿਸੇ ਖੂੰਖਾਰ ਰਿੰਛਣੀ ਨੂੰ ਫੜਨ ਲਈ ਵਰਤਣ ਵਾਲੀ ਸੀ । ਮੈਂ ਬਹੁਤ ਬੇ-ਸਮਝੀ ਤੋਂ ਕੰਮ ਲਿਆ ਹੈ। ਭਲਾ ਜੇ ਇਸ ਦਾ ਫਲ..." ਇਸ ਤੋਂ ਅੱਗੇ ਉਸ ਦੇ ਖ਼ਿਆਲ ਵਿਚ ਜੋ ਕੁਝ ਆਇਆ—ਉਸ ਦੀਆਂ ਅੱਖਾਂ ਅੱਗੋਂ ਜਿਹੜਾ ਕਲਪਤ ਦ੍ਰਿਸ਼ ਲੰਘਿਆ, ਉਸਨੇ ਜਗਤ ਸਿੰਘ ਦੇ ਦਿਮਾਗ਼ ਵਿਚ ਭੁਚਾਲ ਜਿਹਾ ਲੈ ਆਂਦਾ । ਉਸ ਨੂੰ ਛੱਤ ਆਪਣੇ ਸਿਰ ਤੇ ਡਿੱਗਦੀ ਮਲੂੰਮ ਹੋਣ ਲੱਗੀ ।

ਹੁਣ ਕੀ ਕੀਤਾ ਜਾਵੇ? ਕੀ ਮੈਨੂੰ ਸਰਦਾਰ ਦੇ ਮਕਾਨ ਤੇ ਇਸੇ ਵੇਲੇ ਜਾਣਾ ਚਾਹੀਦਾ ਹੈ? ਜ਼ਰੂਰ ਜਾਣਾ ਹੀ ਚਾਹੀਦਾ ਹੈ ਅਜਿਹਾ ਨਾ ਹੋਵੇ ਜੁ ਕੋਈ ਅਨਰਥ ਹੀ...।

ਇਸ ਵੇਲੇ ਉਸ ਨੂੰ ਸਰਦਾਰ ਤਰਲੋਕ ਸਿੰਘ ਅੰਦਰ ਆਉਂਦਾ ਦਿੱਸਿਆ, ਜਿਸਦਾ ਰੰਗ ਪੱਤ-ਝੱੜ ਰੁੱਤ ਦੇ ਪੱਤਰਾਂ ਵਰਗਾ ਪੀਲਾ ਸੀ । ਉਸ ਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ।

ਜਗਤ ਸਿੰਘ, ਉਸ ਨੂੰ ਵੇਖਦਿਆਂ ਹੀ ਸਮਝ ਗਿਆ ਕਿ ਬੱਸ ! ਭਾਣਾ ਵਰਤ ਗਿਆ !

ਝੱਟਪੱਟ ਦੁਹਾਂ ਦੇ ਮੂੰਹੋਂ ਕੁਝ ਨਾ ਨਿਕਲ ਸਕਿਆ । ਦੋਵੇਂ ਬੌਂਦਲਿਆਂ ਵਾਂਗ ਇਕ ਦੂਜੇ ਦੇ ਮੂੰਹ ਵੱਲ ਤੱਕਦੇ ਰਹੇ । ਫਿਰ ਥਿੜਕਦਿਆਂ ਥਿੜਕਦਿਆਂ ਸਰਦਾਰ ਬੋਲਿਆ—"ਮੈਨੂੰ ਬਚਾਅ ਲੈ ! ਜਗਤ ਸਿਆਂ ! ਮੈਥੋਂ ਖ਼ੂਨ ਹੋ ਗਿਆ ਸਰਲਾ ਦਾ ।"

"ਹੈਂ ? ਸਰਲਾ ਦਾ ਖ਼ੂਨ ?" ਕਹਿ ਕੇ ਜਗਤ ਸਿੰਘ ਨੇ ਉਸ ਉੱਤੇ ਇਕ ਵਾਰਗੀ ਸਵਾਲ ਕਰਨੇ ਸ਼ੁਰੂ ਕਰ ਦਿੱਤੇ—"ਕਿਸ ਤਰ੍ਹਾਂ ? ਕਾਹਦੇ ਨਾਲ ? ਕਦੋਂ..."

ਪਰ ਸਰਦਾਰ ਇਸ ਤੋਂ ਵੱਧ ਕੁਝ ਵੀ ਨਾ ਦੱਸ ਸਕਿਆ ਤੇ ਡਿਗੇ ਹੋਏ ਥੰਮ੍ਹ ਵਾਂਗ ਮੰਜੇ ਤੇ ਆ ਪਿਆ ।

ਜਗਤ ਸਿੰਘ ਨੂੰ ਸਹੇ ਦੀ ਛੱਡ ਕੇ ਪਹੇ ਦੀ ਪੈ ਗਈ । ਉਸ ਦਾ ਸਿਰ ਚਕਰਾਣ ਲੱਗ ਪਿਆ ।

ਆਪਣੇ ਮਾਲਕ ਨੂੰ ਹਲੂਣਦਿਆਂ ਹੋਇਆਂ ਉਸ ਨੇ ਕਈ ਪ੍ਰਸ਼ਨ ਕੀਤੇ, ਜਿਨ੍ਹਾਂ ਵਿਚੋਂ ਕਿਸੇ ਕਿਸੇ ਦਾ ਜਵਾਬ ਉਸ ਨੂੰ ਮਿਲਿਆ, ਪਰ ਉਹ ਵੀ ਟੁੱਟਾ-ਫੁੱਟਾ। ਤਰਲੋਕ ਸਿੰਘ ਇਸ ਵੇਲੇ ਆਪਣੇ ਆਪ ਨੂੰ ਵੇਖ ਰਿਹਾ ਸੀ, ਕਦੇ ਪੁਲਿਸ ਦੀ ਹਿਰਾਸਤ ਵਿਚ, ਕਦੇ ਅਦਾਲਤ ਦੇ ਕਟਹਿਰੇ ਵਿਚ, ਤੇ ਕਦੇ ਫਾਂਸੀ ਦੇ ਤਖ਼ਤੇ ਤੇ।

ਇਹੋ ਜਿਹੇ ਵੇਲੇ ਹੌਂਸਲਾ ਛੱਡਣ ਨਾਲ ਕਿਨ੍ਹਾ ਕਿਨ੍ਹਾਂ ਮੁਸੀਬਤਾਂ ਦੇ ਆਉਣ ਦੀ ਸੰਭਾਵਨਾ ਹੈ ? ਇਨ੍ਹਾਂ ਸਾਰੀਆਂ ਗੱਲਾਂ ਨੂੰ ਸੋਚ ਕੇ ਜਗਤ ਸਿੰਘ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਨਾਲ ਹੀ ਤਰਲੋਕ ਸਿੰਘ ਨੂੰ ਸਮਝਾ ਬੁਝਾ ਕੇ ਉਸ ਨੇ ਕੁਝ ਧੀਰਜ ਬੰਨ੍ਹਾਣਾ ਸ਼ੁਰੂ ਕੀਤਾ।

ਜਗਤ ਸਿੰਘ ਦੇ ਉਹ ਸਾਰੇ ਖ਼ਿਆਲ ਸੱਚੇ ਨਿਕਲੇ, ਜਿਹੜੇ ਤਰਲੋਕ ਸਿੰਘ ਦੇ ਆਉਣ ਤੋਂ ਪਹਿਲਾਂ ਉਸ ਦੇ ਦਿਮਾਗ਼ ਵਿਚ ਉੱਠ ਰਹੇ ਸਨ। ਉਸ ਨੇ ਵੇਖਿਆ ਕਿ ਨਾ ਕੇਵਲ ਉਸ ਦੀ ਸਾਰੀ ਕੀਤੀ ਕਤਰੀ ਹੀ ਚੌੜ ਹੋ ਗਈ ਹੈ, ਸਗੋਂ ਉਸ ਦੀ ਕਿਰਪਾ ਨਾਲ ਇਕ ਵਿਚਾਰੀ ਬੇਦੋਸ਼ੀ ਜਿੰਦ ਅਜਾਂਈ ਚਲੀ ਗਈ—ਜਿਸ ਨੂੰ ਪ੍ਰਾਪਤ ਕਰਨ ਲਈ ਉਸ ਨੇ ਅਜ ਤੀਕ ਸਭ ਕੁਝ ਕੀਤਾ ਸੀ ।

ਪਲ ਵਿਚ ਹੀ ਇਹੋ ਜਿਹੇ ਬੇ-ਓੜਕ ਖ਼ਿਆਲ ਉਸ ਦੇ ਦਿਮਾਗ਼ ਵਿਚੋਂ ਲੰਘ ਗਏ ।

ਇਸ ਤੋਂ ਬਾਅਦ ਘੰਟਾ ਕੁ ਦੁਹਾਂ ਵਿਚ ਕਈ ਤਰ੍ਹਾਂ ਦੀਆਂ ਵਿਚਾਰਾਂ ਹੁੰਦੀਆਂ ਰਹੀਆਂ ਤੇ ਅੰਤ ਉਹ ਕਿਸੇ ਖਾਸ ਸਿੱਟੇ ਤੇ ਪੁਜੇ।

ਜਗਤ ਸਿੰਘ ਦੀਆਂ ਦੱਸੀਆਂ ਵਿਉਂਤਾਂ ਨੇ ਸਰਦਾਰ ਦੇ ਜਾ ਰਹੇ ਧੀਰਜ ਨੂੰ ਕੁਝ ਮੋੜਾ ਪਾਇਆ । ਪਰ ਜਗਤ ਸਿੰਘ ਇਹ ਨਹੀਂ ਸੀ ਚਾਹੁੰਦਾ ਕਿ ਅਜਿਹੇ ਵੇਲੇ ਸਰਦਾਰ ਉਸ ਦੇ ਮਕਾਨ ਤੇ ਰਹੇ । ਕਿਸੇ ਤਰ੍ਹਾਂ ਇਸ ਨੂੰ ਇਥੋਂ ਟਾਲਣਾ ਹੀ ਠੀਕ ਹੋਵੇਗਾ, ਇਹ ਸੋਚ ਕੇ ਉਸ ਨੇ ਸਰਦਾਰ ਨੂੰ ਕਹਿ ਸੁਣ ਕੇ ਘਰ ਭੇਜਣ ਲਈ ਤਿਆਰ ਕਰ ਲਿਆ । ਪਰ ਸਰਦਾਰ ਹੋਰਾਂ ਦੀਆਂ ਲੱਤਾਂ ਅਜੇ ਤੀਕ ਬਰਾਬਰ ਕੰਬ ਰਹੀਆਂ ਸਨ, ਤੁਰਨਾ ਮੁਸ਼ਕਲ ਸੀ । ਸੋ ਇਸ ਨਿਰਬਲਤਾ ਨੂੰ ਦੂਰ ਕਰਨ ਲਈ ਜਗਤ ਸਿੰਘ ਨੇ ਜੀਵਨ-ਘੁਟੀ (ਸ਼ਰਾਬ) ਦੀ ਮਦਦ ਲੈਣੀ ਠੀਕ ਸਮਝੀ।

ਰੱਜਵੀਂ ਸ਼ਰਾਬ ਪਿਆਲ ਕੇ ਤੇ ਆਪ ਹੁਣੇ ਉਸ ਦੇ ਮਕਾਨ ਤੇ ਪਹੁੰਚਣ ਦਾ ਇਕਰਾਰ ਕਰ ਕੇ ਜਗਤ ਸਿੰਘ ਨੇ ਸਰਦਾਰ ਨੂੰ ਵਿਦਾ ਕੀਤਾ। ਭਾਵੇਂ ਉਸ ਨੇ ਜਗਤ ਸਿੰਘ ਨੂੰ ਨਾਲ ਲੈ ਚਲਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਜਗਤ ਸਿੰਘ ਅਜਿਹਾ ਨਾਦਾਨ ਨਹੀਂ ਸੀ, ਜੋ ਜਾਣ ਬੁਝ ਕੇ ਆਪਣੇ ਆਪ ਨੂੰ ਕਿਸੇ ਮੁਸੀਬਤ ਵਿਚ ਪਾਂਦਾ।

ਨਸ਼ੇ ਨੇ ਕੁਝ ਚਿਰ ਲਈ ਉਸਦੀ ਚਿੰਤਾ ਘਟਾ ਦਿੱਤੀ, ਪਰ ਜਿਉਂ ਹੀ ਉਹ ਝੂੰਮਦਾ ਝਾਮਦਾ ਜਗਤ ਸਿੰਘ ਦੇ ਘਰੋਂ ਬਾਹਰ ਨਿਕਲਿਆ, ਫੇਰ ਉਹੀ ਨਜ਼ਾਰੇ ਅੱਖਾਂ ਸਾਹਮਣੇ—ਖ਼ੂਨ...ਪੁਲਿਸ...ਅਦਾਲਤ...ਫਾਂਸੀ ।

ਉਹ ਡਿਗਦਾ ਢਹਿੰਦਾ ਇਸ ਹਨੇਰੀ ਰਾਤ ਵਿਚ ਤੁਰਿਆ ਜਾ ਰਿਹਾ ਸੀ ਤੇ ਸੜਕ ਦੇ ਕੰਢਿਆਂ ਤੇ ਟਿਮਟਿਮਾ ਰਹੀਆਂ ਲਾਲਟੈਨਾਂ ਤੋਂ ਉਸ ਨੂੰ

ਇਹੋ ਜਾਪਦਾ ਸੀ ਕਿ ਪੁਲਸੀਏ, ਟਾਰਚ ਨਾਲ ਚਾਨਣ ਸੁੱਟ ਸੁੱਟ ਉਸਨੂੰ ਢੂੰਡ ਰਹੇ ਹਨ।

ਇਕ ਮੋੜ ਤੋਂ ਜਦ ਉਹ ਮੁੜਨ ਲਗਾ, ਤਾਂ ਪਿਛਲੇ ਪਾਸਿਉਂ ਆਵਾਜ਼ ਆਈ—"ਖ਼ਬਰਦਾਰ" ।

ਉਸ ਦਾ ਲਹੂ ਜੰਮ ਗਿਆ ਤੇ ਪੈਰ ਜ਼ਿਮੀ ਤੇ ਗੱਡੇ ਗਏ—ਉਹ ਸਹਿਮ ਕੇ ਉੱਥੇ ਹੀ ਖੜੋ ਗਿਆ । ਉਸ ਨੇ ਸਮਝ ਲਿਆ ਕਿ ਕਿਸੇ ਤਰ੍ਹਾਂ ਖ਼ਬਰ ਹੋ ਜਾਣ ਤੇ ਪੁਲਿਸ ਉਸ ਦੇ ਮਗਰ ਨੱਠੀ ਆ ਰਹੀ ਹੈ—ਬੱਸ ਹੁਣੇ ਹੱਥਕੜੀ ਵੱਜੀ ਕਿ ਵੱਜੀ ।

ਤਾਂ ਹੀ ਇਕ ਟਾਂਗਾ ਉਸ ਦੇ ਅਗੋਂ ਲੰਘਿਆ ਤੇ ਉਸ ਦਾ ਕੋਚਵਾਨ ਸਿਰ ਅਗਾਂਹ ਕਰ ਕੇ ਕਹਿ ਰਿਹਾ ਸੀ—"ਸਰਦਾਰ ਜੀ, ਰਤਾ ਸੜਕ ਛੱਡ ਕੇ ਤੁਰਿਆ ਕਰੋ ।"

ਉਸ ਦੀ ਜਾਨ ਵਿਚ ਜਾਨ ਆਈ । ਅਖ਼ੀਰ ਕਿਸੇ ਤਰ੍ਹਾਂ ਉਹ ਘਰ ਤਕ ਅਪੜ੍ਹ ਹੀ ਗਿਆ ।

ਕੰਧਾਂ ਨੂੰ ਫੜਦਾ ਫੜਦਾ ਉਹ ਹੌਲੀ ਹੌਲੀ ਉਪਰ ਪੁਜਾ । ਜਿਉਂ ਜਿਉਂ ਉਹ ਕਮਰੇ ਵਲ ਜਾਂਦਾ ਸੀ, ਉਸ ਦੀਆਂ ਲੱਤਾਂ ਬਾਹਾਂ ਪੱਥਰ ਦੀਆਂ ਹੁੰਦੀਆਂ ਜਾਂਦੀਆਂ ਸਨ। ਅੰਦਰ ਲੰਘ ਕੇ ਉਸ ਚਿਟਕਣੀ ਲਾ ਦਿਤੀ।

ਸਰਲਾ ਨੂੰ ਉਹ ਜਿਸ ਥਾਂ ਮੰਜੇ ਦੇ ਪਾਵੇ ਕੋਲ ਸੁੱਟ ਕੇ ਗਿਆ ਸੀ, ਉਸੇ ਥਾਂ ਔਹਿਲ ਪਈ ਸੀ । ਕੋਲ ਹੀ ਕੁਰਸੀ ਦੀਆਂ ਲੱਤਾਂ ਬਾਹਾਂ ਖਿਲਰੀਆਂ ਪਈਆਂ ਸਨ ਸਰਲਾ ਲਹੂ ਲੁਹਾਨ ਸੀ । ਸਰਦਾਰ ਨੇ ਸੋਚਿਆ ਕਿ ਉਸ ਨੂੰ ਹਿਲਾ ਜੁਲਾ ਕੇ ਵੇਖੇ ਤਾਂ ਸਹੀ । ਹੱਥ ਅਗਾਂਹ ਵਧਾਇਆ ਵੀ, ਪਰ ਫੇਰ ਡਰ ਕੇ ਪਿਛਾਂਹ ਖਿਚ ਲਿਆ ।

ਕਹਿੰਦੇ ਹਨ, ਸ਼ਰਾਬ ਦਾ ਲੋਰ ਬੜਾ ਚੰਦਰਾ ਹੁੰਦਾ ਹੈ, ਜਿਸ ਵਹਿਣ ਵਿਚ ਸ਼ਰਾਬੀ ਪੈ ਜਾਵੇ, ਉਸੇ ਵਿਚ ਰੁੜ੍ਹ ਜਾਂਦਾ ਹੈ । ਤਰਲੋਕ ਸਿੰਘ ਦੀਆਂ ਅੱਖਾਂ ਅੱਗੇ ਫੇਰ ਓਹੀ ਕੁਝ ਫਿਰਨ ਲੱਗਾ—ਪੁਲਿਸ—ਅਦਾਲਤ—ਫਾਂਸੀ ।

ਉਸ ਦਾ ਗਲਾ ਖੁਸ਼ਕ ਹੋਣ ਲਗਾ, ਜੀਭ ਲੱਕੜ ਵਰਗੀ ਹੋ ਗਈ, ਤੇ ਹੱਥਾਂ ਪੈਰਾਂ ਵਿਚ ਕੁੜੱਲ ਪੈਣ ਲਗੇ ।

ਓਵੇਂ ਹੀ ਉਹ ਆਪਣੇ ਮੰਜੇ ਤੇ ਜਾ ਡਿਗਾ । ਉਤਲਾ ਧੜ ਉਸ ਦਾ ਮੰਜੇ ਤੇ ਸੀ ਤੇ ਲੱਤਾਂ ਹੇਠਾਂ ਫਰਸ਼ ਤੇ ਮੰਜੇ ਤੇ ਪਿਆ ਪਿਆ ਕਦੇ ਉਹ ਅੱਖਾਂ ਮੀਟਣ ਤੇ ਸਿਰ ਨੂੰ ਚੱਕਰ ਆਉਣ ਲੱਗ ਪੈਂਦੇ ਸਨ । ਪਤਾ ਨਹੀਂ ਬਹੁਤੀ ਸ਼ਰਾਬ ਪੀ ਜਾਣ ਨਾਲ ਜਾਂ ਕਿਸੇ ਹੋਰ ਵਜ੍ਹਾ ਕਰਕੇ । ਜਦ ਖੋਲ੍ਹਦਾ, ਤਾਂ ਉਹੀ ਸਰਲਾ ਦੀ ਲੋਥ, ਓਹੀ ਪੁਲਿਸ, ਅਦਾਲਤ, ਜੇਲ੍ਹ, ਫਾਂਸੀ।

ਉਸ ਦੀਆਂ ਅੱਖਾਂ ਬਰਾਬਰ ਖੁੱਲ੍ਹੀਆਂ ਸਨ, ਪਰ ਦਿਸਦਾ ਕੁਝ ਨਹੀਂ ਸੀ, ਤੇ ਜਾਂ ਜੋ ਕੁਝ ਦਿਸਦਾ ਸੀ, ਉਸ ਵਿਚੋਂ ਕੋਈ ਚੀਜ਼ ਵੀ ਇਸ ਕਮਰੇ ਵਿਚ ਨਹੀਂ ਸੀ ।

ਉਸ ਦੀ ਏਸ ਹਾਲਤ ਨੂੰ ਨਾਂ ਤਾਂ ਨਿਸ਼ਚਿਤ ਤੌਰ ਤੇ ਬੇਹੋਸ਼ੀ ਕਿਹਾ ਜਾ ਸਕਦਾ ਹੈ ਤੇ ਨਾ ਹੀ ਹੋਸ਼—ਨਾ ਜਾਗ੍ਰਤ ਤੇ ਨਾ ਸੁਪਨਾ । ਸ਼ਾਇਦ ਇਹ ਚਾਰੇ ਹਾਲਤਾਂ ਆਪੋ ਵਿਚ ਰੱਲ ਮਿਲ ਕੇ ਉਸ ਦੀ ਅਵਸਥਾ ਕੁਝ ਵਿਲੱਖਣ ਜਿਹੀ ਬਣ ਗਈ ਸੀ।

ਹੁਣ ਉਸ ਦੀ ਨਜ਼ਰ ਕਮਰੇ ਵਿਚ ਚੌਂਹੀ ਪਾਸੀਂ ਭੌਂ ਰਹੀ ਸੀ, ਪਰ ਉਸ ਨੂੰ ਪਤਾ ਨਹੀਂ ਸੀ ਲੱਗਦਾ ਕਿ ਉਹ ਕਿਥੇ ਹੈ । ਕੰਨਾਂ ਵਿਚ ਕੁਝ ਸੁਣਾਈ ਦਿੰਦਾ ਸੀ, ਪਰ ਪਤਾ ਨਹੀਂ ਕੀ । ਕੁਝ 'ਠੱਕ ਠੱਕ' ਜਿਹੀ ਅਵਾਜ਼ ਆਉਂਦੀ ਸੀ ।

ਸ਼ਾਇਦ ਕੋਈ ਬੂਹਾ ਠੋਕ ਰਿਹਾ ਹੈ ! ਓਹ ! ਪੁਲਿਸ ਆ ਗਈ? ਫੇਰ 'ਠੱਕ ਠੱਕ ਠੱਕ' ਕੀ ਸੱਚਮੁੱਚ ਪੁਲਿਸ ਆ ਗਈ ? ਹਾਂ ਆ ਗਈ ਬੱਸ ! ਤਾਂ ਹੁਣ ਮੈਨੂੰ ਬੂਹਾ ਖੋਲ੍ਹ ਦੇਣਾ ਚਾਹੀਦਾ ਹੈ—ਇਸ ਤਰ੍ਹਾਂ ਲੁਕਿਆਂ ਕਦ ਤੀਕ ਮੌਤ ਤੋਂ ਬਚਾਂਗਾ ।

ਫੇਰ 'ਠੱਕ, ਠੱਕ, ਠੱਕ'

ਉਹ ਕੁਝ ਥੋੜ੍ਹਾ ਜਿਹਾ ਚਿੰਤਨ ਹੋਇਆ । ਸਲਾਹ ਹੋਈ ਕਿ ਉਠ ਕੇ ਬੂਹਾ ਖੋਲ੍ਹ ਦੇਵੇ । ਸਰੀਰ ਨੂੰ ਹਿਲਾਣ ਜੁਲਾਣ ਦੀ ਕੋਸ਼ਿਸ਼ ਕੀਤੀ,

ਪਰ ਸਰੀਰ ਜਿਵੇਂ ਲੱਕੜ ਦਾ ਬਣਿਆ ਪਿਆ ਸੀ—ਉਠਣ ਦੀ ਜ਼ਰਾ ਵੀ ਹਿੰਮਤ ਨਹੀਂ ਸੀ ।

ਫੇਰ ਠੱਕ, ਠੱਕ ਠੱਕ । ਕੌਣ ਬੂਹਾ ਖੜਕਾ ਰਿਹੈ ? ਉਸ ਨੇ ਆਵਾਜ਼ ਮਾਰੀ, ਪਰ ਇਹ ਆਵਾਜ਼ ਉਸਦੇ ਸੀਨੇ ਅੰਦਰ ਹੀ ਗੂੰਜੀ—ਬੁੱਲ੍ਹਾਂ ਤੋਂ ਬਾਹਰ ਨਾ ਨਿਕਲੀ।

ਉਸ ਦੀ ਨਜ਼ਰ ਫਿਰਦੀ ਫਿਰਦੀ ਸਾਹਮਣੀ ਕੰਧ ਤੇ ਜਾ ਰੁਕੀ । ਇਥੇ ਇਕ ਕਲਾਕ, ਟਿਕ ਟਿਕ ਕਰ ਰਿਹਾ ਸੀ।

'ਉਹੋ ! ਇਹ ਤਾਂ ਇਸੇ ਦੀ ਟਿਕ ਟਿਕ ਆਵਾਜ਼ ਸੀ । ਕੀ ਮੈਂ ਪਾਗ਼ਲ ਹੋ ਗਿਆ ਹਾਂ ।"

ਕਲਾਕ ਉਤੇ ਟਿਕੀ ਹੋਈ ਉਸ ਦੀ ਨਜ਼ਰ ਨੇ ਹੀ ਕੁਝ ਹੋਰ ਦਾ ਹੋਰ ਵੇਖਣਾ ਸ਼ੁਰੂ ਕਰ ਦਿੱਤਾ । ਇਸ ਦੇ ਸ਼ੀਸ਼ੇ ਵਿਚੋਂ ਉਸ ਨੂੰ ਪਹਿਲਾਂ ਸਰਲਾ ਦੀ ਲੋਥ ਦਿਸੀ, ਇਸ ਤੋਂ ਬਾਅਦ ਉਸ ਨੇ ਆਪਣੇ ਆਪ ਨੂੰ ਉਸ ਦੇ ਪਾਸ ਖੜੋਤਿਆਂ ਡਿੱਠਾ—ਹੱਥ ਵਿਚ ਬੈਂਤ ਫੜੀ । ਫਿਰ ਉਸ ਨੇ ਡਿੱਠਾ ਕੁਰਸੀ ਦੇ ਉਨ੍ਹਾਂ ਟੁਕੜਿਆਂ ਨੂੰ, ਜੋ ਲਾਗੇ ਖਿਲਰੇ ਪਏ ਸਨ । ਹੈਂ ! ਮੈਂ ਸਚਮੁੱਚ ਸਰਲਾ ਨੂੰ ਮਾਰ ਦਿੱਤਾ ? ਵੇਖਾਂ ਤੇ ਸਹੀ । ਉਸ ਦੇ ਮੱਥੇ ਨੂੰ ਹੱਥ ਲਾਇਆ—ਠੰਢਾ ਕੱਕਰ । ਨਬਜ਼ ਫੜੀ—ਬੰਦ । ਦਿਲ ਦੀ ਧੜਕਣ ਲਈ ਉਸ ਦੇ ਸੀਨੇ ਤੇ ਕੰਨ ਰਖਿਆ, ਬਰਾਬਰ ਧੱਕ, ਧੱਕ ਦੀ ਆਵਾਜ਼ ਆ ਰਹੀ ਸੀ । ਤਾਂ ਕੀ ਸਰਲਾ ਜਿਊਂਦੀ ਹੈ? ਸ਼ੁਕਰ ਹੈ!

ਤਰਲੋਕ ਸਿੰਘ ਨੇ ਅੱਖ ਝਮਕੀ, ਤਾਂ ਮੁੜ ਉਸ ਨੂੰ ਸਮਝ ਆਈ ਕਿ ਇਹ ਧਕ ਧਕ ਆਵਾਜ਼ ਸਰਲਾ ਦੇ ਸੀਨੇ ਵਿਚੋਂ ਨਹੀਂ ਸੀ ਆ ਰਹੀ, ਸਗੋਂ ਉਸੇ ਕਲਾਕ ਦੀ ਟਿਕ ਟਿਕ ਸੀ।

ਫੇਰ ਉਸੇ ਕਲਾਕ ਦੇ ਸ਼ੀਸ਼ੇ ਵਿਚੋਂ ਉਸ ਨੂੰ ਸਰਲਾ ਦੀ ਲੋਥ ਦਿਸੀ, ਪਰ ਐਤਕੀਂ ਉਸ ਨੂੰ ਇਉਂ ਜਾਪਿਆ, ਜੀਕਣ ਇਹ ਲੋਥ ਖੱਫਣ ਵਿਚ ਲਪੇਟੀ ਹੋਈ ਹੈ । ਖੱਫਣ ਸਮੇਤ ਹੀ ਲੋਥ ਉਠ ਕੇ ਖੜੀ ਹੋ ਗਈ ਤੇ ਹੌਲੀ ਹੌਲੀ ਉਸ ਵੱਲ ਵਧਣ ਲੱਗੀ । ਕੱਪੜੇ ਦੀ ਖੜ ਖੜ ਆਵਾਜ਼ ਵੀ ਉਸ ਨੂੰ ਸੁਣਾਈ ਦੇ ਰਹੀ ਸੀ।

ਲੋਥ ਹੌਲੀ ਹੌਲੀ ਉਸ ਦੇ ਪਾਸ ਆ ਗਈ ਤੇ ਬੁੱਤ ਵਾਂਗ ਸਾਹਮਣੇ ਖੜੋ ਕੇ ਆਪਣੇ ਦੋਵੇਂ ਹੱਥ ਖੱਫਣ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਨ ਲੱਗੀ । ਕੱਪੜੇ ਦੇ ਖੜ ਖੜ ਕਰਨ ਦੀ ਆਵਾਜ਼ ਉਸ ਨੂੰ ਬਰਾਬਰ ਸੁਣਾਈ ਦੇ ਰਹੀ ਸੀ । ਉਹ ਡਰ ਨਾਲ ਬਰੜਾ ਉੱਠਿਆ । ਅੱਖ ਦੀ ਪੁਤਲੀ ਹਿਲੀ ਤੇ ਫਿਰ ਉਸ ਨੇ ਕਲਾਕ ਦੇ ਸ਼ੀਸ਼ੇ 'ਚੋਂ ਡਿੱਠਾ, ਲੋਥ ਉਥੇ ਦੀ ਉਥੇ ਹੀ ਪਈ ਸੀ । ਇਹ ਜਿਹੜਾ ਖੱਫਣ ਦਾ ਕੱਪੜਾ ਖੜਖੜ ਕਰਦਾ ਸੀ, ਇਹ ਅਸਲ ਵਿਚ ਉਸੇ ਕਲਾਕ ਦੀ ਟਿਕ ਟਿਕ ਦੀ ਆਵਾਜ਼ ਸੀ।

"ਕੀ ਮੈਂ ਹਵਾਲਾਤ ਵਿਚ ਡੱਕਿਆ ਹੋਇਆ ਹਾਂ ? ਓਹ ! ਇਹ ਥਾਂ ਕਿਤਨੀ ਡਰਾਉਣੀ ਹੈ"—ਕਿਤਨੀ ਵੈਰਾਨ ! ਤੇ ਸਰਲਾ ਦੀ ਲੋਥ ਵੀ ਇਸੇ ਕੋਠੜੀ ਵਿਚ? ਓ ! ਹੁਣ ਪਤਾ ਲਗਾ । ਪੁਲਸ ਨੇ ਮੈਨੂੰ ਮੁਰਦੇ-ਘਰ ਵਿਚ ਲਿਆ ਡੱਕਿਆ ਹੈ । ਕੀ ਮੈਨੂੰ ਫਾਂਸੀ ਦੇ ਦਿੱਤੀ ਜਾਵਾਗੀ ? ਮੇਰੇ ਯਾਰਾਂ ਦੋਸਤਾਂ—ਨੌਕਰਾਂ ਚਾਕਰਾਂ ਦੇ ਸਾਹਮਣੇ ਹੀ ? ਲੋਕੀਂ ਕਹਿਣਗੇ ਮੈਂ ਖ਼ੂਨੀ ਹਾਂ? ਵੇਖ ਵੇਖ ਕੇ ਟਿਚਕਰਾਂ ਕਰਨਗੇ ?

"ਹੈਂ ਚਲਾਨ ਹੋ ਗਿਆ ? ਤੇ ਫਾਂਸੀ ਦਾ ਹੁਕਮ ਵੀ ਅਦਾਲਤ ਨੇ...?"

ਮੰਜੇ ਤੇ ਡਿਗੇ ਹੋਏ ਤਰਲੋਕ ਸਿੰਘ ਦਾ ਕੋਈ ਸੂਖਮ ਸਰੀਰ ਇਹ ਸਾਰੀਆਂ ਹਾਲਤਾਂ ਵਿਚੋਂ ਲੰਘਦਾ ਹੋਇਆ ਉਥੇ ਪਹੁੰਚਾ, ਜਿਥੇ ਪਹੁੰਚਣ ਦਾ ਖ਼ਿਆਲ ਹੀ ਉਸ ਲਈ ਮੌਤ ਤੋਂ ਘੱਟ ਨਹੀਂ ਸੀ । ਅਰਥਾਤ ਫਾਂਸੀ ਦੇ ਤਖ਼ਤੇ ਪਾਸ।

ਉਹ ਖੜਾ ਸੀ ਕਿਸੇ ਅਜਿਹੇ ਥਾਂ, ਜਿਸ ਦੀ ਬਾਬਤ ਉਸ ਨੇ ਕਦੇ ਕਿਸੇ ਪਾਸੋਂ ਸੁਣਿਆ ਹੋਇਆ ਸੀ ਕਿ ਐਸ ਐਸ ਤਰੀਕੇ ਨਾਲ ਫਾਂਸੀ ਦੇ ਸਜ਼ਾਵਾਰ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ ।

ਚੁਗਾਠ ਨਾਲ ਮੋਟਾ ਮੁਲੈਮ ਰੱਸਾ ਲਮਕ ਰਿਹਾ ਸੀ, ਤੇ ਉਹ ਖੜਾ ਸੀ ਜੇਲ੍ਹ ਕਰਮਚਾਰੀਆਂ ਦੀ ਛਾਂ ਹੇਠ ।

ਜੇਲ੍ਹ ਅਫਸਰ ਵਲੋਂ ਅੰਤਮ ਇਸ਼ਾਰਾ ਹੁੰਦਿਆਂ ਹੀ ਟਨ ਟਨ ਕਰ ਕੇ ਘੜਿਆਲ ਵੱਜਿਆ, ਤੇ ਇਕ ਭਿਆਨਕ ਰੂਪ ਵਾਲੇ ਮਨੁੱਖ ਨੇ ਉਸ ਦੇ ਗਲੇ ਵਿਚ ਰੱਸੇ ਦੀ ਫ਼ਾਹੀ ਪਾ ਦਿੱਤੀ।

ਉਹ ਕੁਰਲਾ ਉੱਠਿਆ । ਆਪਣੇ ਜੀਵਨ ਦਾ ਇਹ ਅੰਤਮ ਦ੍ਰਿਸ਼ ਚੰਗੀ ਤਰ੍ਹਾਂ ਵੇਖਣ ਲਈ ਉਸ ਨੇ ਅੱਖਾਂ ਦੇ ਛੱਪਰਾਂ ਨੂੰ ਹਿਲਾ ਜੁਲਾ ਕੇ ਉਨ੍ਹਾਂ ਅਗੋਂ ਧੁੰਦ ਦੂਰ ਹਟਾਉਣ ਦਾ ਜਤਨ ਕੀਤਾ, ਤੇ ਕੀ ਵੇਖਿਆ ? ਓਹੀ ਕਲਾਕ ਸਾਮ੍ਹਣੇ ਟਿਕ ਟਿਕ ਕਰ ਰਿਹਾ ਹੈ ਜਿਸ ਦਾ ਅਲਾਰਮ ਤਿੰਨ ਵਜਾ ਰਿਹਾ ਹੈ।

ਤਾਂ ਕੀ ਇਹ ਟਨ ਟਨ, ਮੇਰੇ ਫਾਂਸੀ ਦੇਣ ਦਾ ਅਲਾਰਮ ਨਹੀਂ ਸੀ—ਕਲਾਕ ਨੇ ਤਿੰਨ ਵਜਾਏ ਨੇ?

ਐਤਕੀਂ ਤਰਲੋਕ ਸਿੰਘ ਨੇ ਆਪਣੇ ਆਪ ਨੂੰ ਸੁਰਜੀਤ ਰੱਖਣ ਦੀ ਵਧੇਰੇ ਕੋਸ਼ਿਸ਼ ਕੀਤੀ—ਸਰੀਰ ਨੂੰ ਫੇਰ ਹਿਲਾਇਆ ਜੁਲਾਇਆ । ਭੁੰਜੇ ਪਈਆਂ ਲੱਤਾਂ ਨੂੰ ਮੰਜੇ ਤੇ ਕੀਤਾ । ਉਸ ਨੂੰ ਇਹ ਵੀ ਪਤਾ ਲੱਗਣ ਲੱਗਾ ਕਿ ਗਰਮੀ ਨਾਲ ਉਸ ਦੇ ਸਰੀਰ ਨੂੰ ਮੁੜ੍ਹਕਾ ਆ ਰਿਹਾ ਹੈ ।

ਜਿਉਂ ਜਿਉਂ ਉਸ ਦੀ ਹੋਸ਼ ਫਿਰਦੀ ਜਾਂਦੀ, ਸਹਿਮ ਤੇ ਡਰ ਨਾਲ ਸਗੋਂ ਉਹ ਪਹਿਲਾਂ ਨਾਲੋਂ ਵੀ ਵਧੇਰੇ ਬੇਸੁਧ ਹੁੰਦਾ ਜਾਂਦਾ ਸੀ।

ਕੀ ਦਿਨ ਚੜ੍ਹਦਿਆਂ ਹੀ ਲੋਕੀਂ ਮੇਰੇ ਹੱਥਾਂ ਵਿਚ ਹੱਥਕੜੀ ਤੇ ਪੈਰੀਂ ਬੇੜੀ ਵੇਖਣਗੇ ? ਪੁਲਸ ਵਿਚ ਤੇ ਫਿਰ ਅਦਾਲਤ ਵਿਚ ? ਤੇ ਇਸ ਤੋਂ ਬਾਅਦ...? ਓਹੀ ਫਾਂਸੀ ਦਾ ਤਖ਼ਤਾ ?”

ਸੋਚਦਿਆਂ ਸੋਚਦਿਆਂ ਅਚਾਨਕ ਹੀ ਉਸ ਨੂੰ ਚੇਤਾ ਆਇਆ, ਸ਼ੀਸ਼ੀ ਤੇ ਚਿੱਠੀ ਦਾ......ਕੋਟ ਦੀ ਜੇਬ ਵਿਚ......

“ਤਾਂ ਬਸ ਇਹੋ ਕੰਮ ਠੀਕ ਹੋਵੇਗਾ—ਉਸ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਹੋਵੇਗੀ । ਜੇ ਮਰਨਾ ਹੀ ਹੈ ਤਾਂ ਫਿਰ ਲੋਕਾਂ ਦੀਆਂ ਨਜ਼ਰਾਂ ਵਿਚ ਜ਼ਲੀਲ ਹੋ ਕੇ ਕਿਉਂ ਮਰਾਂ......।”

ਉਸ ਨੇ ਆਪਣਾ ਕੰਬਦਾ ਕੰਬਦਾ ਹੱਥ ਜੇਬ ਵਿਚ ਪਾਇਆ, ਸ਼ੀਸ਼ੀ ਕੱਢੀ, ਕਾਕ ਖੋਲ੍ਹਿਆ, ਤੇ ਝਟਪਟ ਮੂੰਹ ਵਿਚ ਉਲੱਟ ਦਿੱਤੀ । ਅੰਦਰ ਲੰਘਾਣ ਲਗਿਆਂ ਉਸ ਨੂੰ ਉੱਬੂ ਆਇਆ, ਹਿਚਕੀ ਵੀ ਆਈ, ਮੂੰਹ ਦਾ ਸੁਆਦ ਵੀ ਖ਼ਰਾਬ ਹੋ ਗਿਆ । ਪਰ ਉਸ ਨੇ ਸ਼ੀਸ਼ੀ ਵਾਲੀ ਚੀਜ਼ ਨੂੰ

ਬਾਹਰ ਨਾ ਆਉਣ ਦਿੱਤਾ । ਇਹ ਉਹੀ ‘ਪ੍ਰਾਸਿਕ ਐਸਿਡ’ ਸੀ, ਉਹਦੀ ਵੇਖੀ ਭਾਲੀ ਹੋਈ ਚੀਜ਼ ।

ਹੁਣ ਖ਼ਾਲੀ ਸ਼ੀਸ਼ੀ ਉਸ ਦੇ ਹੱਥ ਵਿਚ ਸੀ, ਤੇ ਜ਼ਹਿਰ ਪੈਰੋ ਪੈਰ ਉਸ ਤੇ ਅਸਰ ਕਰਦੀ ਜਾਂਦੀ ਸੀ।

“ਓਹ ! ਮੈਂ ਕੀ ਕਰ ਬੈਠਾ ? ਜ਼ਹਿਰ ਪੀ ਲਿਆ ? ਜ਼ਹਿਰ ?”

ਉਸ ਦੇ ਕਲੇਜੇ ਨੂੰ ਚੀਰਦੀ ਹੋਈ ਜ਼ਹਿਰ ਉਸ ਦੇ ਅੰਗਾਂ ਨੂੰ ਸਿਥਲ ਕਰਦੀ ਤੁਰੀ ਜਾਂਦੀ ਸੀ, ਤੇ ਉਹ ਆਪਣੀ ਇਸ ਗ਼ਲਤੀ ਉਤੇ ਪਛਤਾ ਰਿਹਾ ਸੀ । ਇਥੋਂ ਤਕ ਕਿ ਜੀਵਨ-ਹਿਰਸ ਨੇ ਇਕ ਵਾਰੀ ਫੇਰ ਉਸ ਨੂੰ ਘੇਰ ਲਿਆ ਤੇ ਉਹ ਉਠ ਬੈਠਾ । ਝਟਲਾਂਦਾ ਹੋਇਆ ਉਹ ਸੋਚਣ ਲਗਾ—ਮੈਂ ਹੁਣ ਕੀ ਕਰਾਂ ? ਡਾਕਟਰ...

ਉਹ ਅਜੇ ਇਹੋ ਸੋਚ ਰਿਹਾ ਸੀ ਕਿ ਉਹਦੀ ਨਜ਼ਰ ਫੇਰ ਸਰਲਾ ਦੀ ਲੋਥ ਵਲ ਜਾ ਪਈ, ਤੇ ਉਸ ਨੇ ਡਿਠਾ, ਲੋਥ ਸਚਮੁਚ ਹਿਲ ਰਹੀ ਹੈ।

ਸਰਲਾ ਨੇ ਇਕ ਵਾਰੀ ਸੱਜੀ ਬਾਂਹ ਹਿਲਾਈ ਫੇਰ ਖੱਬੀ । ਫੇਰ ਇਕ ਦੋ ਉਬਾਸੀਆਂ ਲਈਆਂ ਤੇ ਇਸ ਤੋਂ ਬਾਅਦ ਉਹ ਦੋਵੇਂ ਹੱਥ ਭੁੰਜੇ ਟੇਕ ਕੇ—ਬਾਹਾਂ ਦੇ ਜ਼ੋਰ ਦੇ ਕੇ ਉਠ ਬੈਠੀ ।

ਤਰਲੋਕ ਸਿੰਘ ਅੱਖਾਂ ਪਾੜ ਪਾੜ ਕੇ ਆ ਰਹੀ ਬੇਹੋਸ਼ੀ ਤੋਂ ਆਪਣੇ ਆਪ ਨੂੰ ਬਚਾ ਕੇ ਸਰਲਾ ਵੱਲ ਤਕਦਾ ਹੋਇਆ ਬੋਲਿਆ—‘ਸ—ਸਰਲਾ ।”

ਸਰਲਾ ਦਾ ਧਿਆਨ ਪਤੀ ਵਲ ਗਿਆ । ਪਤੀ ਦੇ ਚੇਹਰੇ ਉਤੇ ਬੇਵਸੀ ਤੇ ਘਬਰਾਹਟ ਵੇਖ ਕੇ ਉਹ ਹੈਰਾਨ ਰਹਿ ਗਈ । ਸਰੀਰ ਦਾ ਸਾਰਾ ਜ਼ੋਰ ਲਾ ਕੇ ਉਹ ਪਤੀ ਦੇ ਮੰਜੇ ਪਾਸ ਪਹੁੰਚੀ । ਤਰਲੋਕ ਸਿੰਘ ਦਾ ਸਾਹ ਇਸ ਵੇਲੇ ਹਿਚਕੀਆਂ ਲੈ ਕੇ ਆ ਰਿਹਾ ਸੀ।

ਪਤੀ ਦੇ ਦੋਵੇਂ ਮੋਢੇ ਫੜ ਤੇ ਉਸ ਉਤੇ ਡਿੱਗਦੀ ਹੋਈ ਸਰਲਾ ਘਬਰਾ ਕੇ ਬੋਲੀ—“ਹੈਂ ! ਤੁਹਾਨੂੰ ਕੀ ਹੋ ਗਿਆ ਏ ? ਇਸ ਤਰ੍ਹਾਂ ਕਿਉਂ......”

"ਸਰਲਾ! ਮੈਂ ਜ਼ਹਿਰ ਪੀ ਲਿਆ।"

ਇਕ ਜ਼ੋਰ ਦੀ ਸਾਹ ਖਿਚ ਕੇ ਸਰਲਾ ਨੇ ਕਿਹਾ—"ਹੈਂ ਜ਼ਹਿਰ?"

ਇਸ ਦੇ ਨਾਲ ਹੀ ਸਰਲਾ ਨੂੰ ਰਾਤ ਵਾਲੀ ਸਾਰੀ ਘਟਨਾ ਦਾ ਚੇਤਾ ਗਿਆ। ਨਾਲ ਹੀ ਧਿਆਨ ਆਇਆ ਕਿ ਰਾਤ ਨੂੰ ਮੋਹਨ ਵੀ ਉਸ ਨੂੰ ਮਿਲਿਆ ਸੀ। ਤਾਂ ਜ਼ਹਿਰ ਤੇ ਚਿੱਠੀ ਵੀ ਸ਼ਾਇਦ ਉਸੇ....

"ਸਰਲਾ ਛੇਤੀ ਡਾਕਟਰ ਬੁਲਾ—ਮੈਂ ਮਰ ਰਿਹਾ ਹਾਂ" ਤਰਲੋਕ ਸਿੰਘ ਨੇ ਡਾਢੀ ਔਖੀ ਆਵਾਜ਼ ਵਿਚ ਕਿਹਾ।

ਉਹ ਵਿਚਾਰੀ ਇਕ ਤਾਂ ਰਾਤ ਤੋਂ ਹੀ ਮਾਰ ਨਾਲ ਭੰਨੀ ਪਈ ਸੀ, ਉਤੋਂ ਇਹ ਬਿਪਤਾ, ਲੱਤਾ ਘਸੀਟਦੀ ਤੇ ਹੱਫਦੀ ਘਰਕਦੀ ਬਾਹਰ ਨਿਕਲੀ। ਬੁੱਧੂ ਨੂੰ ਆਵਾਜ਼ਾਂ ਦਿੱਤੀਆਂ। ਉਹ ਆ ਗਿਆ।

ਬੁੱਧੂ ਨੂੰ ਲੈਕੇ ਅੰਦਰ ਆਈ। ਤਰਲੋਕ ਸਿੰਘ ਦੀ ਨਜ਼ਰ ਜਿਉਂ ਹੀ ਬੁੱਧੂ ਤੇ ਪਈ, ਉਸ ਨੂੰ ਕੋਈ ਹੋਰ ਗਲ ਚੇਤੇ ਆ ਗਈ, ਤੇ ਉਸ ਨੂੰ ਪਾਸ ਸੱਦ ਕੇ ਪੁੱਛਣ ਲੱਗਾ—"ਬੁੱਧੂ !.......ਸੱਚ ਦੱਸ.....ਇਹ (ਹੱਥ ਵਾਲੀ ਖ਼ਾਲੀ ਸ਼ੀਸ਼ੀ ਵਿਖਾ ਕੇ) ਸ਼ੀਸ਼ੀ...ਤੈਨੂੰ ਕਲ੍ਹ ਕਿਸ ਨੇ ਦਿੱਤੀ ਸੀ—ਨਾਲੇ ਉਹ ਚਿੱਠੀ?"

ਆਪਣੇ ਮਾਲਕ ਨੂੰ ਇਸ ਹਾਲਤ ਵਿਚ ਵੇਖ ਕੇ ਬੁੱਧੂ ਡਰ ਨਾਲ ਕੰਬਣ ਲੱਗ ਪਿਆ। ਅਲ੍ਹੜ ਮੁੰਡੇ ਪਾਸੋਂ ਇਸ ਵੇਲੇ ਭੇਤ ਲੁਕਾਇਆ ਨਾ ਜਾ ਸਕਿਆ। ਸਭ ਕੁਝ ਸੱਚੋ ਸੱਚ ਦੱਸ ਦਿੱਤਾ। ਕਹਿਣ ਲੱਗਾ—"ਜੀ ਇਹ ਦੋਵੇਂ ਚੀਜ਼ਾਂ ਮੈਨੂੰ ਸਰਦਾਰ ਜਗਤ ਸਿੰਘ ਹੋਰਾਂ ਦਿੱਤੀਆਂ ਸਨ ਤੇ ਕਿਹਾ ਸੀ, ਬੀਬੀ ਹੋਰਾਂ ਦੇ ਕਮਰੇ ਵਿਚ ਸੂਟਕੇਸ ਦੇ ਥੱਲੇ ਰੱਖ ਦਈਂ। ਸਰਦਾਰ ਹੋਰੀਂ ਪੁੱਛਣ ਤਾਂ ਆਖ ਦਈਂ, ਇਕ ਓਪਰਾ ਆਦਮੀ ਬੀਬੀ ਹੋਰਾਂ ਨੂੰ ਪੁਚਾਉਣ ਲਈ ਮੈਨੂੰ ਦੇ ਗਿਆ ਸੀ।"

"ਹੈਂ ! ਇਹ ਗੱਲ ?" ਕਹਿ ਕੇ ਤਰਲੋਕ ਸਿੰਘ ਸਰਲਾ ਦੇ ਚਿਹਰੇ ਤੇ ਨਜ਼ਰ ਜਮਾ ਕੇ ਤੱਕਣ ਲੱਗ ਪਿਆ।

ਸਰਲਾ ਨੂੰ ਫੇਰ ਬੇਹੋਸ਼ੀ ਜਿਹੀ ਆ ਰਹੀ ਸੀ ਤੇ ਕੋਈ ਗੱਲ ਵੀ ਉਸ ਦੀ ਸਮਝ ਵਿਚ ਨਹੀਂ ਸੀ ਪੈਂਦੀ—ਨਾ ਹੀ ਉਸ ਨੂੰ ਪਤਾ ਲੱਗਦਾ ਸੀ ਕਿ ਇਸ ਵੇਲੇ ਉਹ ਕੀ ਕਰੇ ?

ਤਰਲੋਕ ਸਿੰਘ ਨੇ ਸ਼ੀਸ਼ੀ ਨੂੰ ਇਕ ਵਾਰੀ ਫੇਰ ਧਿਆਨ ਨਾਲ ਡਿੱਠਾ। ਉਸ ਨੂੰ ਇਕ ਪੁਰਾਣੀ ਗੱਲ ਵੀ ਚੇਤੇ ਆ ਗਈ "ਓਸ ਸ਼ੀਸ਼ੀ ਦਾ ਵੀ ਰੰਗ ਇਹੋ ਸੀ, ਦਵਾਈ ਦੀ ਮੁਸ਼ਕ ਵੀ ਏਦਾ ਦੀ ਸੀ। ਤਾਂ ਕੀ ਜਗ...।"

ਉਹ ਲੜਖੜਾਂਦਾ ਹੋਇਆ ਉਠਿਆ, ਤੇ ਧੈਂਹ ਕਰਦਾ ਸਰਲਾ ਦੇ ਪੈਰਾਂ ਤੇ ਡਿੱਗ ਪਿਆ। ਸਰਲਾ ਬੁੱਧੂ ਨੂੰ ਕਹਿ ਰਹੀ ਸੀ—"ਝੱਟ ਪੱਟ ਜਾ ਕੇ ਡਾਕਟਰ ਨੂੰ ਸੱਦ ਲਿਆ।"

ਬੁੱਧੂ ਦੌੜ ਗਿਆ।

ਸਰਲਾ ਦੇ ਪੈਰਾਂ ਤੇ ਮੱਥਾ ਰਗੜਦਾ ਹੋਇਆ ਤਰਲੋਕ ਸਿੰਘ ਟੁਟਵੇਂ ਸ਼ਬਦਾਂ ਵਿਚ ਕਹਿ ਰਿਹਾ ਸੀ—"ਸਰਲਾ ! ਮੈਨੂੰ ਮਾਫ..." ਕਹਿੰਦਿਆਂ-ਕਹਿੰਦਿਆਂ ਕਿਸੇ ਹੋਰ ਅਭਾਗਣੀ ਦਾ ਅੰਤ ਵੇਲੇ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਆ ਗਿਆ। ਕੰਨਾਂ ਵਿਚ ਓਹੀ ਆਵਾਜ਼ "ਹੁਣ ਤੁਸੀਂ ਆਇਆ ਕਰੋਗੇ ? ਮੈਂ ਦਵਾਈ ਤੋਂ ਬਿਨਾਂ ਈ ਰਾਜ਼ੀ ਹੋ ਜਾਵਾਂਗੀ।" ਗੂੰਜਣ ਲੱਗੀ।

ਸਰਲਾ ਨੂੰ ਕੁਝ ਨਹੀਂ ਸੀ ਪਤਾ ਲੱਗਦਾ ਕਿ ਇਹ ਕੀ ਹੋ ਰਿਹਾ ਹੈ। ਉਹ ਪਤੀ ਦੇ ਸਿਰ ਨੂੰ ਆਪਣੇ ਪੈਰਾਂ ਤੋਂ ਚੁੱਕਣ ਦਾ ਜਤਨ ਕਰ ਰਹੀ ਸੀ, ਪਰ ਤਰਲੋਕ ਸਿੰਘ ਸਾਰਾ ਜ਼ੋਰ ਲਾ ਕੇ ਸਿਰ ਨੂੰ ਉਤਾਂਹ ਉਠਣ ਤੋਂ ਰੋਕ ਰਿਹਾ ਸੀ ਤੇ ਬਰਾਬਰ ਕੁਰਲਾਈ ਜਾਂਦਾ ਸੀ। ਉਹ ਅਥਰੂ ਵਗਾਣੇ ਚਾਹੁੰਦਾ ਸੀ, ਪਰ ਅੱਖਾਂ ਉਸ ਦੀਆਂ ਖੁਸ਼ਕ ਹੋ ਚੁੱਕੀਆਂ ਸਨ—ਪਥਰਾਂਦੀਆਂ ਜਾਂਦੀਆਂ ਸਨ।

ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਉਸ ਨੂੰ ਮੌਤ ਦਾ ਸੁਨੇਹਾ ਆ ਪੁੱਜਾ। ਡਾਕਟਰ ਨੇ ਨਾ ਆਉਣਾ ਸੀ ਨਾ ਆਇਆ। ਕਾਰਨ ? ਬੁੱਧੂ ਤਾਂ ਡਰ ਕੇ ਜਿਉਂ ਨੱਸਿਆ, ਮੁੜ ਕੇ ਬਹੁੜਿਆ ਈ ਨਾ।

ਸਰਲਾ, ਇਹ ਸਭ ਕੁਝ ਇਕ ਅਨਜਾਣ ਬਾਲਕ ਵਾਂਗ ਹੀ ਵੇਖ ਰਹੀ ਸੀ । ਕਲ੍ਹ ਸ਼ਾਮ ਤੋਂ ਲੈ ਕੇ ਇਸ ਵੇਲੇ ਤੱਕ ਜੋ ਕੁਝ ਉਸ ਨਾਲ ਵਾਪਰ ਰਿਹਾ ਸੀ, ਇਸ ਨੇ ਉਸ ਦਾ ਦਿਮਾਗ਼ ਹਿਲਾ ਦਿੱਤਾ ।

ਪਤੀ ਦੀ ਲੋਥ ਪਾਸ ਬੈਠੀ ਉਹ ਨਾ ਰੋਂਦੀ ਸੀ, ਨਾ ਬੋਲਦੀ ਸੀ ਤੇ ਨਾ ਹੀ ਹਿਲਦੀ ਜੁਲਦੀ ਸੀ—ਕੇਵਲ ਅੱਖਾਂ ਪਾੜ ਪਾੜ ਕੇ ਤੱਕੀ ਜਾਂਦੀ ਸੀ। ਘੜੀ ਮੁੜੀ ਉਸ ਦੇ ਮੂੰਹੋਂ ਨਿਕਲਦਾ—“ਇਹ ਕੀ ਹੋ ਗਿਆ।”

ਦਿਨ ਚੜ੍ਹ ਗਿਆ, ਪਰ ਸਰਲਾ ਉਸੇ ਤਰ੍ਹਾਂ ਬੇਸੁਧ ਜਿਹੀ ਬੈਠੀ ਸੀ। ਮਹਿਰੀ ਭਾਂਡੇ ਮਾਂਜਣ ਆਉਂਦੀ ਹੁੰਦੀ ਸੀ—ਅੱਜ ਵੀ ਆਈ । ਅੰਦਰ ਝਾਤੀ ਮਾਰਦਿਆਂ ਹੀ ਉਹ ਪਿਛਲੀ ਪੈਰੀਂ ਉਠ ਨੱਸੀ ਤੇ ਹੇਠਾਂ ਜਾ ਸਾਹ ਲਿਆ। ਸਾਰੇ ਗਲੀ ਮਹੱਲੇ ਖ਼ਬਰ ਹੋ ਗਈ ।

ਗੁਆਂਢੀਆਂ ਤੇ ਗੁਆਂਢਣਾਂ ਨੇ ਆ ਕੇ ਸਭ ਕੁਝ ਵੇਖਿਆ ਤੇ ਡਰ ਕੇ—ਸਹਿਮ ਕੇ ਸਾਰੇ ਹੀ ਪਿਛਾਂਹ ਮੁੜ ਗਏ ।

ਪੁਲਿਸ ਨੂੰ ਖ਼ਬਰ ਕੀਤੀ ਗਈ । ਥੋੜ੍ਹੀ ਦੇਰ ਬਾਅਦ ਸਾਰਾ ਘਰ ਆਦਮੀਆਂ ਨਾਲ ਭਰਿਆ ਗਿਆ।

੩੨

ਅੱਧੀ ਰਾਤ ਵੇਲੇ ਸਰਲਾ ਪਾਸੋਂ ਫਟਕਾਰਾਂ ਖਾ ਕੇ ਜਦ ਮੋਹਨ ਆਪਣੇ ਮਕਾਨ ਤੇ ਪੁੱਜਾ, ਤਾਂ ਉਸ ਦਾ ਜੀ ਕਰਦਾ ਸੀ ਕਿਸੇ ਤਰ੍ਹਾਂ ਉਹ ਧਰਤੀ ਵਿਚ ਸਮਾ ਜਾਵੇ। ਇਤਨਾ ਅਹਿਮਕ ਪੁਣਾ? ਇਤਨੀ ਨੀਚਤਾ?

ਉਸ ਨੂੰ ਸਰਲਾ ਦੇ ਕਠੋਰ ਵਰਤਾਉ ਉੱਤੇ ਵੀ ਕੁਝ ਘੱਟ ਰੰਜ ਨਹੀਂ ਸੀ, ਪਰ ਇਸ ਵਿਚ ਉਹ ਬਹੁਤਾ ਕਸੂਰ ਆਪਣਾ ਹੀ ਸਮਝ ਰਿਹਾ ਸੀ ਤੇ ਫਿਰ ਇਹ ਖ਼ਿਆਲ ਕਰਦਾ ਸੀ—ਜਦ ਮੈਂ ਇਕ ਵਾਰੀ ਨਿਸਚਾ ਕਰ ਚੁੱਕਾ ਸਾਂ ਕਿ ਸਰਲਾ ਨਾਲ ਮੇਰਾ ਕੋਈ ਦਾਈਆ ਨਹੀਂ, ਉਸ ਦੇ ਦਿਲ ਵਿਚ ਮੇਰਾ ਰਤੀ ਜਿੰਨਾ ਵੀ ਪਿਆਰ ਨਹੀਂ, ਤਾਂ ਮੈਂ ਕਿਉਂ ਉਸ ਦੇ ਮਕਾਨ ਤੇ ਗਿਆ—ਕੀ ਲੈਣ ਗਿਆ?

ਇਸ ਭੁੱਲ ਦਾ ਕਾਰਨ ਲੱਭਦਿਆਂ ਲੱਭਦਿਆਂ ਉਸ ਨੂੰ ਖ਼ਿਆਲ ਆਇਆ ਕਿ ਇਹ ਸਾਰੀ ਕਿਰਪਾ ਉਸੇ ਨਾਵਲ ਦੀ ਸੀ, ਜਿਸ ਵਿਚ ਇਕ ਧੋਖੇਬਾਜ਼ ਤੇ ਪੰਖਡੀ ਨਾਇਕ ਦੀ ਅਯੋਗ ਕਰਨੀ ਪੜ੍ਹ ਕੇ ਉਸ ਦੇ ਦਿਲ ਵਿਚ ਵੀ ਉਸੇ ਤਰ੍ਹਾਂ ਦਾ ਪਖੰਡ ਰਚਨ ਦਾ ਖ਼ਿਆਲ ਪੈਦਾ ਹੋਇਆ ਸੀ।

ਉਹ ਮੰਜੇ ਤੋਂ ਉੱਠਿਆ, ਤੇ ਟਰੰਕ ਉਤੋਂ ਓਹੀ ਨਾਵਲ ਫੜ ਲਿਆਇਆ। ਗੁੱਸੇ ਨਾਲ ਉਸ ਨੇ ਪਹਿਲਾਂ ਜਿਲਦ ਉਖੇੜੀ, ਫੇਰ ਉਸਦਾ ਵਰਕਾ-ਵਰਕਾ ਕਰ ਕੇ ਤੇ ਇਕ ਥਾਂ ਢੇਰੀ ਕਰ ਕੇ ਤੀਲੀ ਲਾ ਦਿੱਤੀ।

ਇਹ ਕੁਝ ਕਰ ਕੇ ਉਹ ਫੇਰ ਮੰਜੇ ਤੇ ਜਾ ਲੇਟਿਆ, ਪਰ ਨੀਂਦਰ ਕਿਸ ਨੂੰ ਆਉਣੀ ਸੀ । ਮੁੜ-ਮੁੜ ਓਹੀ ਦਿਲ-ਵਿੰਨ੍ਹਵੇਂ ਸ਼ਬਦ “ਮੈਂ ਤੈਨੂੰ ਨਫ਼ਰਤ ਕਰਦੀ ਹਾਂ” ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ।

ਉਹ ਕ੍ਰੋਧ ਨਾਲ ਹੋਠ ਚੱਬਦਾ ਹੋਇਆ ਇਸ ਤਰ੍ਹਾਂ ਬੜਬੜਾਉਣ ਲੱਗਾ—“ਸਰਲਾ ! ਜੇ ਤੂੰ ਨਫ਼ਰਤ ਕਰਦੀ ਹੈਂ, ਤਾਂ ਮੈਂ ਤੈਨੂੰ ਨਫ਼ਰਤ ਕਰਦਾ ਹਾਂ। ਜਦ ਤੱਕ ਜੀਵਾਂਗਾ ਤੈਨੂੰ ਨਫ਼ਰਤ ਕਰਾਂਗਾ ।”

ਉਸਨੇ ਸਾਰੀ ਰਾਤ ਤੜਫਦਿਆਂ ਬਿਤਾ ਦਿੱਤੀ । ਕਿਤੇ ਸਵੇਰ ਸਾਰ ਜਾ ਕੇ ਉਸ ਦੀ ਅੱਖ ਲੱਗੀ।

ਅਚਾਨਕ ਹੀ ਕਿਸੇ ਦੀ ਆਵਾਜ਼ ਸੁਣ ਕੇ ਉਸ ਦੀ ਜਾਗ ਖੁਲ੍ਹ ਗਈ। ਇਸ ਵੇਲੇ ਧੁੱਪਾਂ ਚੜ੍ਹ ਚੁੱਕੀਆਂ ਸਨ ।

ਜਿਉਂ ਹੀ ਉਸਨੇ ਸਾਹਮਣੇ ਸਰਦਾਰ ਉਤਮ ਸਿੰਘ ਨੂੰ ਤੱਕਿਆ, ਉਸ ਦਾ ਕਲੇਜਾ ਧਕ-ਧਕ ਕਰਨ ਲੱਗ ਪਿਆ । ਜਿਸ ਪਾਸੋਂ ਉਹ ਕਈਆਂ ਚਿਰਾਂ ਤੋਂ ਲੁਕਿਆ ਫਿਰਦਾ ਰਿਹਾ ਸੀ, ਜਿਸ ਦੇ ਡਰ ਕਰ ਕੇ ਉਹ ਪਰਭਾਤ ਵੇਲੇ ਹੀ ਘਰੋਂ ਨਿਕਲ ਜਾਂਦਾ ਤੇ ਅੱਧੀ ਰਾਤ ਨੂੰ ਮੁੜਦਾ ਸੀ, ਅਖ਼ੀਰ ਅੱਜ ਉਸ ਨੇ ਮੋਹਨ ਨੂੰ ਆ ਹੀ ਫੜਿਆ ।

"ਆਓ ਸਰਦਾਰ ਜੀ ।" ਡਰਦਿਆਂ-ਡਰਦਿਆਂ ਮੋਹਨ ਨੇ ਖੜੇ ਹੋ ਕੇ ਕਿਹਾ । ਤੇ ਨਾਲ ਹੀ ਇਸ ਗੱਲ ਦੀ ਉਡੀਕ ਕਰਨ ਲੱਗਾ ਕਿ ਸਰਦਾਰ ਹੋਰਾਂ ਦੀ ਜ਼ਬਾਨ ਰੂਪੀ ਤੋਪ 'ਚੋਂ ਸਭ ਤੋਂ ਪਹਿਲਾਂ ਗੋਲਾ ਕਿਹੜਾ ਫੱਟਦਾ ਹੈ ।

"ਕਿਉਂ ਓਏ ਸ਼ੈਤਾਨ ਤੂੰ ਏਸੇ ਤਰ੍ਹਾਂ ਕਰਨੀ ਸੀ ? ਮਹੀਨੇ ਤੋਂ ਵੱਧ ਹੋ ਗਿਆ ਏ ਤੇਰੇ ਮਗਰ ਫਿਰਦਿਆਂ ! ਉਸ ਦਿਨ ਕੀ ਕਰਾਰ ਕਰਕੇ ਗਿਆ ਸੈਂ ਮੇਰੇ ਨਾਲ ?"

ਮੋਹਨ ਨੇ ਕੋਈ ਜਵਾਬ ਨਾ ਦਿੱਤਾ—ਉਸੇ ਤਰ੍ਹਾਂ ਸਿਰ ਸੁੱਟ ਕੇ ਖਲੋਤਾ ਰਿਹਾ।

ਉਤਮ ਸਿੰਘ ਬੋਲੀ ਗਿਆ—"ਲਿਆ ਜਲਦੀ ਫੈਸਲਾ ਕਰ ਮੇਰੀ ਰਕਮ ਦਾ ਨਹੀਂ ਤੇ ਅੱਜ ਸ਼ਾਮ ਤੋਂ ਪਹਿਲਾਂ ਪਹਿਲਾਂ ਮਾਮਲਾ ਅਦਾਲਤ ਵਿਚ ਚਲਾ ਜਾਏਗਾ। ਬੋਲਦਾ ਕਿਉਂ ਨਹੀਂ—ਦੰਦਣ ਪੈ ਗਈ ਊ ? ਬਿਗਾਨੀਆਂ ਰਕਮਾਂ ਮਾਰ ਕੇ ਐਸ਼ਾਂ ਲੈਣ ਦਾ ਮਜ਼ਾ ਤੈਨੂੰ ਵੇਖ ਤੇ ਸਹੀ ਕਿਹੋ ਜਿਹਾ ਚਖਾਨਾਂ ਵਾਂ !"

ਮੋਹਨ ਨੇ ਕੰਬਦਿਆਂ-ਕੰਬਦਿਆਂ ਕਿਹਾ—"ਸਰਦਾਰ ਜੀ ! ਜਿਥੇ ਅੱਗੇ ਚਿਰ......"

ਵਿਚੋਂ ਹੀ ਉਹ ਬੋਲਿਆ—"ਕੀ ਕਿਹਾ ਈ, ਅਜੇ ਹੋਰ ਠਹਿਰਾਂ ? ਬੱਸ ਇਕ ਦਿਨ ਦੀ ਮੋਹਲਤ ਵੀ ਮੈਂ ਤੈਨੂੰ ਨਹੀਂ ਦੇ ਸਕਦਾ । ਜਿਹੀ ਤੂੰ ਮੇਰੇ ਨਾਲ ਕੀਤੀ ਏ, ਹੋਰ ਕੋਈ ਕਰਦਾ ਤਾਂ ਮੈਂ ਨਾਨੀ ਚੇਤੇ ਕਰਾ ਦੇਂਦਾ ਉਸ ਨੂੰ ।"

"ਸਰਦਾਰ ਜੀ ! ਤੁਸੀਂ ਮੇਰੀ ਹਾਲਤ ਤੇ ਵੇਖ ਈ ਰਹੇ ਓ, ਕਿੰਨੇ ਚਿਰ ਤੋਂ ਬੀਮਾਰ ਪਿਆ ਹਾਂ ।"

"ਬੀਮਾਰ ਏਂ ਤੇ ਢੱਠੇ ਖੂਹ ਵਿਚ ਪਓ । ਬਸ ਮੈਂ ਤੈਨੂੰ ਕਹਿ ਦਿੱਤਾ ਈ, ਅੱਜ ਜਿਸ ਤਰ੍ਹਾਂ ਵੀ ਹੋ ਸਕਦਾ ਈ ਮੇਰੇ ਨਾਲ ਫੈਸਲਾ ਕਰ, ਨਹੀਂ ਤੇ ਮੇਰੇ ਵਰਗਾ ਬੁਰਾ ਕੋਈ ਨਹੀਓਂ ।"

"ਸਰਦਾਰ ਜੀ, ਇਸ ਵੇਲੇ ਤੇ ਮੇਰੇ ਕੋਲ ਰੋਟੀ ਖਾਣ ਨੂੰ ਵੀ ਪੈਸੇ ਨਹੀਂ।"

"ਰੋਟੀ ਖਾਣ ਨੂੰ ਪੈਸੇ ਨਹੀਂ ਤਾਂ ਟਕਾ ਮੇਰੇ ਕੋਲੋਂ ਲੈ ਕੇ ਸੰਖੀਆ ਖਾ ਲੈ ਜਾ ਕੇ । ਨੌਕਰੀ ਕਿਹੜੀ ਸ਼ੇਖੀ ਵਿਚ ਆ ਕੇ ਛੱਡ ਬੈਠਾ ਸੈਂ ? ਜਾ ਕੇ ਆਖ ਉਨ੍ਹਾਂ ਭਰਾਵਾਂ ਨੂੰ ਪਕਾ ਕੇ ਖੁਆਣ ਤੈਨੂੰ ਪਰੌਂਠੇ । ਓਦੋਂ ਤਾਂ ਭੁਇੰ ਤੇ ਪੈਰ ਨਹੀਂ ਸੈਂ ਲਾਂਦਾ । ਬੈਠਿਆਂ ਬਿਠਾਂਦਿਆਂ ਠੰਢੇ ਦੁੱਧ ਨੂੰ ਫੂਕਾਂ ਮਾਰਦਾ ਸੈਂ। ਹੁਣ ਲਿਆ ਈ ਨਾ ਸੁਆਦ ! ਹੋਰ ਜਾ ਕੇ ਜੱਫੀਆਂ ਪਾ ਉਨ੍ਹਾਂ ਨੂੰ।"

ਮੋਹਨ ਨੇ ਕੋਈ ਜਵਾਬ ਨਾ ਦਿੱਤਾ ।

ਜ਼ਰਾ ਕੁ ਠਹਿਰ ਕੇ ਫੇਰ ਉਤਮ ਸਿੰਘ ਬੋਲਿਆ—"ਮੈਨੂੰ ਫੇਰ ਵੀ ਤਰਸ ਆਉਂਦਾ ਏ ਤੇਰੀ ਹਾਲਤ ਤੇ, ਨਹੀਂ ਤੇ ਕੋਈ ਹੁੰਦਾ ਤਾਂ ਮੁੜ ਕੇ ਮੱਥੇ ਨਾ ਲਾਂਦਾ ਤੈਨੂੰ । ਜੇ ਤੂੰ ਅਜੇ ਵੀ ਆਪਣੀ ਪਿਛਲੀ ਗ਼ਲਤੀ ਦੀ ਮੁਆਫੀ ਮੰਗ ਲਵੇਂ ਤਾਂ ਮੈਂ ਤੇਰੀ ਨੌਕਰੀ ਮੁੜ ਕੇ ਲਾ ਦਿਆਂਗਾ, ਪਰ ਘੱਟੋ ਘੱਟ ਤਿੰਨਾਂ ਸਾਲਾਂ ਦਾ ਗਿਰਮਟ (ਐਗਰੀਮੈਂਟ) ਕਰਨਾ ਪਏਗਾ ਈ । ਦਸ ਮਨਜ਼ੂਰ ਈ ?"

ਹੱਥ ਜੋੜ ਕੇ ਮੋਹਨ ਬੋਲਿਆ—"ਮਨਜ਼ੂਰ ਏ ਸਰਦਾਰ ਜੀ, ਪਰ ਜੇ ਇਕ ਸ਼ਰਤ ਮੇਰੇ ਤੋਂ ਹਟਾ ਦਿਓ ।"

"ਉਹ ਕੀ ?"

"ਕਿਸੇ ਕੌਮ ਜਾਂ ਫਿਰਕੇ ਦੇ ਬਰਖਿਲਾਫ ਲਿਖਣ ਲਈ ਮੈਨੂੰ ਮਜਬੂਰ ਨਾ ਕੀਤਾ ਜਾਵੇ । ਫੇਰ ਮੈਂ ਬੜੀ ਖ਼ੁਸ਼ੀ ਨਾਲ ਆਪ ਦੀ ਸੇਵਾ ਕਰਨ ਨੂੰ ਤਿਆਰ ਹਾਂ।"

"ਬਰਖ਼ਲਾਫ਼ ? ਤੇ ਅੱਗੇ ਕਦੋਂ ਤੈਨੂੰ ਕਿਸੇ ਦੇ ਬਰਖ਼ਲਾਫ਼ ਲਿਖਣ ਲਈ ਕਿਹਾ ਸੀ । ਪਰ ਜੇ ਤੂੰ ਕਹੇਂ ਕਿ ਕੌਮੀ ਦੁਸ਼ਮਣਾਂ ਦੇ ਦੰਦ ਖੱਟੇ ਕਰਨ ਲਈ ਮੈਂ ਤੈਨੂੰ ਨਾ ਆਖਾਂ, ਤਾਂ ਇਹ ਕਦੇ ਹੋ ਈ ਨਹੀਂ ਸਕਦਾ । ਜਿਹੜੇ ਲੋਕੀਂ ਸਾਡੀ ਕੌਮ ਦੇ ਦੁਸ਼ਮਣ ਨੇ, ਉਨ੍ਹਾਂ ਪਾਸੋਂ ਬਦਲਾ ਲੈਣਾ ਤਾਂ ਸਾਡਾ ਪਹਿਲਾ ਫ਼ਰਜ਼ ਹੋਇਆ । ਕੀ ਤੂੰ ਸਿੱਖਾਂ ਵਰਗੀ ਬਹਾਦਰ ਤੇ ਸੂਰਬੀਰ ਕੌਮ ਨੂੰ ਮੁਰਦਾ ਬਣਾਣੀ ਚਾਹੁੰਨਾ ਏਂ ?"

"ਮੈਂ ਕਿਸੇ ਵੀ ਕੌਮ ਨੂੰ ਮੁਰਦਾ ਨਹੀਂ ਬਣਾਣਾ ਚਾਹੁੰਦਾ । ਪਰ ਮੈਂ ਸਿੱਖਾਂ ਵਰਗੀ ਬਹਾਦਰ ਕੌਮ ਪਾਸੋਂ ਕਾਇਰਾਂ ਵਾਲੇ ਕੰਮ ਨਹੀਂ ਕਰਵਾਣੇ ਚਾਹੁੰਦਾ। ਸਿੱਖ ਕੌਮ ਸਰਬੱਤ ਦਾ ਭਲਾ ਚਾਹੁਣ ਵਾਲੀ ਏ । ਇਹ ਕਿਸੇ ਦਾ ਵੀ ਬੁਰਾ ਨਹੀਂ ਮੰਗ ਸਕਦੀ—ਨਾ ਈਂ ਇਸ ਕੌਮ ਦੀ ਕਿਸੇ ਨਾਲ ਦੁਸ਼ਮਣੀ ਏਂ।"

"ਤਾਂ ਫਿਰ ਸਿੱਧਾ ਕਿਉਂ ਨਹੀਂ ਕਹਿੰਦਾ, ਮੈਂ ਭੇਖੀ ਸਿੱਖ ਆਂ—ਮੈਂ ਸਿੱਖੀ ਤੋਂ ਪਤਤ ਹੋ ਚੁੱਕਾ ਵਾਂ ?"

ਮੋਹਨ ਚੁੱਪ ਰਿਹਾ ।

"ਚੰਗਾ, ਜੋ ਤੇਰਾ ਜੀ ਆਵੇ ਕਰ । ਮੈਂ ਤੇਰੇ ਵਰਗੇ ਪਤਤ ਨੂੰ ਰੱਖ ਕੇ ਆਪਣੇ ਅਖ਼ਬਾਰ ਦੀ ਸ਼ਾਨ ਨੂੰ ਵੱਟਾ ਨਹੀਂ ਲਾਣਾ ਚਾਹੁੰਦਾ । ਬੱਸ ਰੁਪਿਆ ਪੈਦਾ ਕਰ ਜਿਥੋਂ ਤੇਰਾ ਜੀ ਕਰੇ । ਅੱਜ ਮੈਂ ਰੁਪਏ ਲਏ ਬਿਨਾਂ ਇਥੋਂ ਹਿਲੱਣ ਨਹੀਂਓ ਦੇਣਾ ।"

ਮੋਹਨ ਨੂੰ ਇਸ ਮੁਸੀਬਤ ਤੋਂ ਛੁਟਕਾਰਾ ਪਾਣ ਲਈ ਕੋਈ ਵੀ ਰਾਹ ਨਹੀਂ ਸੀ ਲੱਭਦਾ । ਉਸ ਨੇ ਸਹਿਮੀ ਹੋਈ ਨਜ਼ਰ ਨਾਲ ਆਪਣੇ ਚੌਂਹੀ ਪਾਸੀਂ ਤੱਕਿਆ।

ਇਸ ਵੇਲੇ ਬਾਹਰੋਂ ਕਿਸੇ ਨੇ ਮੋਹਨ ਦਾ ਨਾਂ ਲੈ ਕੇ ਆਵਾਜ਼ ਦਿੱਤੀ। ਇਹ ਚਿੱਠੀ ਰਸਾਇਨ ਸੀ, ਜਿਸ ਦੇ ਹੱਥ ਵਿਚ ਇਕ ਲਫ਼ਾਫ਼ਾ ਸੀ।

ਲਫ਼ਾਫ਼ਾ ਮੋਹਨ ਵੱਲ ਸੁੱਟ ਕੇ ਡਾਕੀਆ ਚਲਾ ਗਿਆ ਤੇ ਮੋਹਨ ਨੇ ਉਸ ਨੂੰ ਖੋਲ੍ਹਿਆ ।

ਲਫ਼ਾਫ਼ੇ ਵਿਚੋਂ ਜੋ ਕੁਝ ਨਿਕਲਿਆ, ਇਸ ਨੂੰ ਵੇਖ ਕੇ ਮੋਹਨ ਦੀਆਂ ਅੱਖਾਂ ਖ਼ੁਸ਼ੀ ਭਰੀ ਹੈਰਾਨੀ ਨਾਲ ਚਮਕਣ ਲਗ ਪਈਆਂ । ਇਸ ਵਿਚ ਸੌ ਦੇ ਪੰਜ ਨੋਟ ਸਨ ਤੇ ਇਕ ਕਾਗਜ਼ ਦਾ ਪੁਰਜ਼ਾ ਸੀ, ਜਿਸ ਉਤੇ ਕੇਵਲ ਏਨਾ ਹੀ ਲਿਖਿਆ ਸੀ :

"ਸ੍ਰੀ ਮਾਨ ਜੀ !

ਇਹ ਤੁੱਛ ਰਕਮ ਸਵੀਕਾਰ ਕਰਕੇ ਧੰਨਵਾਦੀ ਬਣਾਣਾ । ਆਸ਼ਾ ਹੈ ਕਿ ਭੇਜਣ ਵਾਲੇ ਦਾ ਪਤਾ ਮਲੂਮ ਕਰਨ ਲਈ ਤੌਖ਼ਲਾ ਨਹੀਂ ਕਰੋਗੇ ।

ਤੁਹਾਡਾ ਇਕ ਸ਼ੁਭ ਚਿੰਤਕ ।"

ਆਪ ਮੁਹਾਰੇ ਮੋਹਨ ਦੇ ਮੂੰਹੋਂ ਨਿਕਲਿਆ—"ਇਕ ਅਨ ਰਜਿਸਟਰਡ ਲਫ਼ਾਫ਼ੇ ਵਿਚ ਏਨੀ ਵੱਡੀ ਰਕਮ—ਤੇ ਭੇਜਣ ਵਾਲੇ ਨੇ ਆਪਣਾ ਨਾਂ ਤਕ ਨਹੀਂ ਲਿਖਿਆ ।

ਕੋਲ ਖਲੋਤਾ ਉਤਮ ਸਿੰਘ ਇਸ ਨਜ਼ਾਰੇ ਨੂੰ ਵੇਖ ਰਿਹਾ ਸੀ ।

ਇਸ ਤੋਂ ਬਾਅਦ ਉਸ ਨੇ ਉਤਮ ਸਿੰਘ ਨੂੰ ਕਿਹਾ—"ਸਰਦਾਰ ਜੀ, ਕਢੋ ਮੇਰਾ ਅਸ਼ਟਾਮ।"

ਉਤਮ ਸਿੰਘ ਦੇ ਕਿਆਸ ਵਿਚ ਈ ਨਹੀਂ ਸੀ ਕਿ ਮੋਹਨ ਪਾਸੋਂ ਉਸ ਦੀ ਰਕਮ ਇਤਨੀ ਛੇਤੀ ਤਰ ਪਵੇਗੀ, ਇਸ ਕਰਕੇ ਉਸ ਨੇ ਅਸ਼ਟਾਮ ਨਾਲ ਨਹੀਂ ਸੀ ਲਿਆਂਦਾ । ਉਹ ਛੇਤੀ ਨਾਲ ਟਾਂਗਾ ਕਿਰਾਏ ਕਰ ਕੇ ਘਰ ਪੁੱਜਾ ਤੇ ਝੱਟ ਪੱਟ ਜਾ ਕੇ ਅਸ਼ਟਾਮ ਲੈ ਆਇਆ । ਰਕਮ ਦੀ ਵਸੂਲੀ ਕਰ ਕੇ ਮੋਹਰ ਪਾੜ ਕੇ, ਅਸ਼ਟਾਮ ਉਸ ਨੇ ਮੋਹਨ ਨੂੰ ਦੇ ਦਿੱਤਾ ਤੇ ਦੋ ਸੌ ਰੁਪਏ ਖੀਸੇ ਵਿਚ ਪਾ ਕੇ ਤੁਰਦਾ ਹੋਇਆ।

ਮੋਹਨ ਨੇ ਸੁਖ ਦਾ ਸਾਹ ਲਿਆ । ਉਹਦੀਆਂ ਬਹੁਤ ਸਾਰੀਆਂ ਗਈਆਂ ਹੋਈਆਂ ਉਮੈਦਾਂ ਮੁੜ ਆਈਆਂ । ਨਾਲ ਹੀ ਜੀਣ ਦੀ ਹਿਰਸ ਵੀ । ਉਹ ਬਰਾਬਰ ਇਸ ਗੱਲ ਨੂੰ ਵੀ ਸੋਚ ਰਿਹਾ ਸੀ ਕਿ ਇਹੋ ਜਿਹਾ ਸ਼ੁਭ ਚਿੰਤਕ ਕਿਹੜਾ ਹੋ ਸਕਦਾ ਹੈ ?

ਉਸ ਦੀ ਪਹਾੜ ਜਾਣ ਦੀ ਸਲਾਹ, ਜੋ ਪਹਿਲਾਂ ਕਵੇਲ ਕਲਪਨਾ ਮਾਤਰ ਸੀ, ਨਵੇਂ ਸਿਰੇ ਜਾਗ ਉੱਠੀ । ਉਹ ਇਸ ਵੇਲੇ ਤੋਂ ਕਸ਼ਮੀਰ ਜਾਣ ਦੀ ਤਿਆਰੀ ਵਿਚ ਜੁਟ ਪਿਆ—ਉਸ ਨੂੰ ਹੋਰ ਸਭ ਕੁਝ ਭੁੱਲ ਗਿਆ।

ਦੂਜੇ ਦਿਨ ਜਦ ਉਹ ਕਸ਼ਮੀਰ ਦੇ ਸਫ਼ਰ ਲਈ ਗਰਮ ਕਪੜੇ ਆਦਿ ਜ਼ਰੂਰੀ ਚੀਜ਼ਾਂ ਖ਼ਰੀਦ ਚੁੱਕਾ, ਤਾਂ ਇਕ ਵਾਰੀ ਫੇਰ ਉਸ ਨੂੰ ਉਹੀ ਆਪਣੀ ਫ਼ਿਲਮ-ਕਹਾਣੀ ਚੇਤੇ ਆਈ । ਓਹੀ ਕਹਾਣੀ, ਜਿਸ ਨੂੰ ਉਹ ਬੇ-ਜਾਨ ਤੇ ਨਿਕੰਮੀ ਸਮਝ ਕੇ ਕਾਪੀ ਇਕ ਨੁੱਕਰੇ ਮਿੱਟੀ ਘੱਟੇ ਵਿਚ ਸੁੱਟ ਚੁੱਕਾ ਸੀ, ਉਸ ਨੇ ਫੇਰ ਪੜ੍ਹੀ । ਇਸ ਵਿਚ ਉਸ ਨੂੰ ਬਹੁਤ ਕੁਝ ਦਿਸਿਆ । ਉਹ ਸੋਚਣ ਲੱਗਾ, ਜੇ ਕਿਸੇ ਕਦਰਦਾਨ ਦੀ ਨਜ਼ਰੀਂ ਪੈ ਜਾਂਦੀ, ਤਾਂ ਸ਼ਾਇਦ ਮੇਰੀ ਮਿਹਨਤ ਦਾ ਕੁਝ ਨਾ ਕੁਝ.....

ਝੱਟ ਹੀ ਉਸ ਦੀ ਨਜ਼ਰ ਟਾਈਟਲ ਤੇ ਪਈ "ਵਫ਼ਾ ਦੀ ਪੁਤਲੀ"

ਗੁੱਸੇ ਨਾਲ ਉਸ ਦੇ ਚੇਹਰੇ ਉਤੇ ਗੁੱਸੇ ਦੀ ਲਾਲੀ ਆ ਗਈ । ਕਲਮ ਲੈਕੇ ਉਸ ਨੇ ਝੱਟ ਇਸ ਉਤੇ ਲੀਕ ਫੇਰ ਕੇ ਲਿਖ ਦਿੱਤਾ—"ਬੇਵਫ਼ਾਈ ਦੀ ਪੁਤਲੀ"

"ਕੀ ਇਸ ਨੂੰ ਨਵੇਂ ਸਿਰੇ ਲਿਖਣਾ ਪਵੇਗਾ ? ਪਰ ਇਹ ਕੰਮ ਹੁਣ ਕਸ਼ਮੀਰ ਜਾ ਕੇ ਹੀ ਕਰਾਂਗਾ ।" ਇਹ ਸੋਚ ਕੇ ਉਸ ਨੇ ਕਾਪੀ ਤੋਂ ਘੱਟਾ ਪੂੰਝਿਆ ਤੇ ਟਰੰਕ ਵਿਚ ਸਾਂਭ ਕੇ ਰੱਖ ਲਈ । ਉਸ ਨੇ ਇਹ ਝੱਟ ਪੱਟ ਹੀ ਫ਼ੈਸਲਾ ਕਰ ਲਿਆ ਕਿ ਇਸ ਵਿਚ ਇਥੋਂ ਕੀ ਕੀ ਅਦਲਾ ਬਦਲੀ ਕਰਨੀ ਹੋਵੇਗੀ ।

ਉਸ ਪਾਸ ਸਿਨੇਮਾ ਸੰਬੰਧੀ ਦੋ ਤਿੰਨ ਰਸਾਲੇ ਪਏ ਸਨ । ਉਨ੍ਹਾਂ ਵਿਚੋਂ ਕੁਝ ਫ਼ਿਲਮ ਕੰਪਨੀਆਂ ਦੇ ਪਤੇ ਨੋਟ ਕਰ ਕੇ ਉਸ ਨੇ ਇਰਾਦਾ ਕੀਤਾ ਕਿ ਅੱਜ ਹੀ ਕਹਾਣੀ ਦਾ ਸਾਰਅੰਸ਼ ਕੰਪਨੀ ਨੂੰ ਭੇਜਿਆ ਜਾਵੇ।

ਇਸ ਤੋਂ ਬਾਅਦ ਇਹ ਸਾਰੀ ਦਿਹਾੜੀ ਉਸ ਨੇ ਇਸੇ ਲਿਖਾ ਪੜ੍ਹੀ ਵਿਚ ਬਿਤਾਈ, ਤੇ ਸ਼ਾਮ ਨੂੰ ਦੋ ਮੋਟੇ ਮੋਟੇ ਲਫ਼ਾਫ਼ੇ ਜਾ ਕੇ ਡਾਕਖਾਨੇ ਦੇ ਲੈਟਰਬਕਸ ਵਿਚ ਪਾ ਆਇਆ।

੩੩

ਜਿਸ ਵੇਲੇ ਤਰਲੋਕ ਸਿੰਘ ਜਗਤ ਸਿੰਘ ਦੇ ਘਰੋਂ ਚਲਾ ਗਿਆ ਸੀ, ਉਸ ਵੇਲੇ ਤੋਂ ਲੈ ਕੇ ਪਰਭਾਤ ਵੇਲੇ ਤਕ ਜਗਤ ਸਿੰਘ ਨੂੰ ਨੀਂਦਰ ਨਾ ਆਈ। ਉਸ ਦੀ ਲਾਈ ਹੋਈ ਅੱਗ ਦਾ ਇਤਨਾ ਭਿਆਨਕ ਸਿੱਟਾ ਨਿਕਲੇਗਾ ? ਇਸ ਦੀ ਉਸ ਨੂੰ ਉੱਕਾ ਉਮੈਦ ਨਹੀਂ ਸੀ । ਵੱਧ ਤੋਂ ਵੱਧ ਉਸ ਦਾ ਖ਼ਿਆਲ ਸੀ ਕਿ ਉਸ ਦੇ ਇਸ ਤਰ੍ਹਾਂ ਕਰਨ ਨਾਲ ਤਰਲੋਕ ਸਿੰਘ ਸਰਲਾ ਤੋਂ ਹੋਰ ਜ਼ਿਆਦਾ ਉਪਰਾਮ ਹੋ ਜਾਏਗਾ ਤੇ ਸਰਲਾ ਦੇ ਦਿਲ ਉੱਤੇ ਅਧਿਕਾਰ ਜਮਾਣਾ ਉਸ ਲਈ ਫਿਰ ਔਖਾ ਨਹੀਂ ਰਹੇਗਾ । ਪਰ ਜ਼ਾਲਮ ਨੇ ਵਿਚਾਰੀ ਨੂੰ ਜਾਨੋਂ ਈ ਮੁਕਾ ਦਿੱਤਾ ? ਇਹ ਖ਼ਿਆਲ ਕਰ ਕੇ ਤਾਂ ਉਸ ਦਾ ਕਲੇਜਾ ਪਾਟਣ ਲੱਗ ਜਾਂਦਾ ਸੀ ।

"ਆਹ ! ਵਿਚਾਰੀ ਬੇਦੋਸ਼ੀ ਅਬਾਲ ਮੇਰੇ ਅਹਿਮਕਪਣੇ ਕਰਕੇ ਤੇ ਮੇਰੀ ਨੀਚਤਾ ਦਾ ਸ਼ਿਕਾਰ ਹੋ ਕੇ ਅਜਾਈਂ ਮਾਰੀ ਗਈ । ਉਸ ਨੇ ਮੇਰਾ ਕੀ ਵਿਗਾੜਿਆ ਸੀ ? ਕੁਝ ਵੀ ਨਹੀਂ, ਸਗੋਂ ਮੈਨੂੰ ਗੁਰੂਆਂ ਵਾਂਗ ਪੂਜਦੀ ਸੀ—ਮੇਰਾ ਨਾਂ ਲੈ ਕੇ ਜੀਊਂਦੀ ਸੀ। ਵਿਚਾਰੀ ਨਾਲ ਇਤਨਾ ਅਤਿਆਚਾਰ ?"

ਲੰਮੇ ਪਏ ਜਗਤ ਸਿੰਘ ਨੂੰ ਜਿਉਂ ਜਿਉਂ ਇਹੋ ਜਿਹੇ ਖ਼ਿਆਲ ਤੇ ਸਰਲਾ ਦੀ ਯਾਦ ਆਉਂਦੀ, ਉਸ ਦੀ ਛਾਤੀ ਉਤੇ ਮਾਨੋ ਕੋਈ ਪਹਾੜ ਉਸਰਦਾ ਜਾਂਦਾ ਸੀ, ਜਿਸ ਦੇ ਭਾਰ ਤੇ ਪੀੜ ਨਾਲ ਉਹ ਲੁਛ ਰਿਹਾ ਸੀ।

ਦਿਨ ਚੜ੍ਹ ਆਇਆ, ਪਰ ਜਗਤ ਸਿੰਘ ਦੇ ਖ਼ਿਆਲਾਂ ਦਾ ਵੇਗ ਅਜੇ ਵੀ ਚੜ੍ਹਾਉ ਤੇ ਸੀ । ਉਸ ਦੀ ਵਿਆਕੁਲਤਾ ਉਸ ਨੂੰ ਰੋੜ੍ਹੀ ਲਈ ਜਾਂਦੀ ਸੀ।

ਉਹ ਸੋਚਦਾ, ਹੁਣ ਕੀ ਬਣੇਗਾ ? ਸਰਦਾਰ ਤਾਂ ਪੈਸੇ ਅਤੇ ਰਸੂਖ਼ ਦੇ ਜ਼ੋਰਾ ਨਾਲ ਖ਼ਬਰੇ ਬਚ ਈ ਜਾਏ, ਪਰ ਗਰੀਬਣੀ ਸਰਲਾ ਤਾਂ ਹੁਣ ਮੁੜਕੇ ਨਹੀਂ ਆਵੇਗੀ। ਕਦੇ ਨਹੀਂ ਆਵੇਗੀ । ਓਹ! ਕਿਤਨੀ ਸੁੰਦਰ ਸੀ ! ਕਿੱਡਾ ਸੰਗੀਤ ਸੀ ਉਸ ਦੇ ਮੂੰਹੋਂ ਨਿਕਲੇ ਹੋਏ ਹਰ ਵਾਕ ਵਿਚ। ਕਾਸ਼! ਜੇ ਮੈਨੂੰ ਇਕ ਦਿਨ ਵੀ ਹੋ ਮਿਲ ਜਾਂਦਾ, ਕੇਵਲ ਇਕ ਵਾਰੀ ਉਹ ਮੇਰੇ ਸਾਹਮਣੇ ਆ ਜਾਂਦੀ, ਤਾਂ ਮੈਂ ਉ

ਦੇ ਪੈਰਾਂ ਤੇ ਡਿਗ ਕੇ, ਅਰਜ਼ੋਈਆਂ ਕਰ ਕੇ ਖਿਮਾਂ ਮੰਗ ਕੇ—ਆਪਣੇ ਪਾਪੀ ਹਿਰਦੇ ਦਾ ਭਾਰ ਹੌਲਾ ਕਰ ਲੈਂਦਾ, ਦਿਲ ਦਾ ਅਸਲੀ ਫੋਟੋ ਉਸ ਦੇ ਸਾਹਮਣੇ ਰੱਖ ਕੇ ਆਪਣੀਆਂ ਸਾਰੀਆਂ ਭੁੱਲਾਂ ਬਖ਼ਸ਼ਾ ਲੈਂਦਾ। ਕੀ ਇਹ ਕਰਨ ਨਾਲ ਉਹ ਮੈਨੂੰ ਨਾ ਬਖ਼ਸ਼ਦੀ ? ਜ਼ਰੂਰ ਬਖ਼ਸ਼ ਦੇਂਦੀ। ਇਸ ਤੋਂ ਬਾਅਦ ਮੈਂ ਸਰਦਾਰ ਅੱਗੇ ਵੀ ਆਪਣੇ ਪਾਪ ਦੀ ਕਹਾਣੀ ਖੋਲ੍ਹ ਦੇਂਦਾ, ਪਰ—ਭਾਵੇਂ ਬੇਸ਼ਕ ਉਹ ਮੈਨੂੰ ਨੌਕਰੀ ਤੋਂ ਜਵਾਬ ਦੇ ਦੇਂਦਾ, ਪਰ ਇਕ ਵਾਰੀ ਸਰਲਾ ਵਲੋਂ ਤਾਂ ਸੁਰਖ਼ਰੂ ਹੋ ਜਾਂਦਾ । ਸਰਲਾ ਸਚਮੁੱਚ ਮਰ ਗਈ ? ਕਿਤਨੀ ਪਿਆਰੀ ਸੀ, ਕਿਤਨੀ ਸਰਲ ਤੇ ਮਿੱਠੀ !

ਪੱਥਰਾਂ ਦਾ ਪੰਘਰ ਕੇ ਵਗ ਤੁਰਨਾ ਵੀ ਕੀ ਸੰਭਵ ਹੈ ? ਸ਼ਾਇਦ ਸੰਭਵ ਹੀ ਹੈ, ਜਦ ਕਿ ਜਗਤ ਸਿੰਘ ਵਰਗੇ ਕਠੋਰ ਹਿਰਦੇ ਵੀ ਕਿਸੇ ਅਬਲਾ ਦੀ ਕਰੁਣਾ-ਮੂਰਤ ਦਾ ਧਿਆਨ ਕਰ ਕੇ ਦਹਿਲ ਸਕਦੇ ਹਨ।

ਜਗਤ ਸਿੰਘ ਨੂੰ ਚੇਤਾ ਨਹੀਂ ਸੀ ਕਿ ਆਪਣੇ ਜੀਵਨ ਵਿਚ ਉਹ ਵੱਡੀ ਤੋਂ ਵੱਡੀ ਘਟਨਾ ਹੋਣ ਤੇ ਵੀ ਕਦੇ ਰੋਇਆ ਹੋਵੇ—ਉਸ ਦੀਆਂ ਅੱਖਾਂ ਕਦੇ ਗਿੱਲੀਆਂ ਹੋਈਆਂ ਹੋਣ । ਮਾਂ ਪਿਓ ਉਸ ਦੇ ਨਿੱਕੇ ਹੁੰਦਿਆਂ ਈ ਮਰ ਗਏ ਸਨ । ਵਿਆਹ ਉਸ ਦਾ ਹੋਇਆ ਹੀ ਨਹੀਂ । ਇਸ ਕਰਕੇ ਉਸ ਦਾ ਦਿਲ ਸਖ਼ਤ ਸੀ, ਪਰ ਅੱਜ ਉਹ ਰੋ ਉੱਠਿਆ ਤੇ ਸ਼ਾਇਦ ਬਚਪਨ ਨੂੰ ਛੱਡ ਕੇ ਬਾਕੀ ਦੇ ਸਾਰੇ ਜੀਵਨ ਵਿਚ ਅੱਜ ਪਹਿਲੀ ਵੇਰਾਂ।

ਕਹਿੰਦੇ ਹਨ, ਜਿਹੜਾ ਆਦਮੀ ਕਦੇ ਬੀਮਾਰ ਨਾ ਹੋਇਆ ਹੋਵੇ, ਉਸ ਦਾ ਬੀਮਾਰ ਹੋ ਜਾਣਾ ਸਾਧਾਰਨ ਨਹੀਂ ਹੁੰਦਾ । ਜਗਤ ਸਿੰਘ ਦੇ ਅੱਥਰੂ ਵੀ ਕੁਝ ਇਸ ਤਰ੍ਹਾਂ ਦੇ ਸਨ । ਇਨ੍ਹਾਂ ਅੱਥਰੂਆਂ ਨੇ ਉਸ ਦੀ ਆਤਮਾ ਨੂੰ ਹੰਗਾਲ ਸੁੱਟਿਆ ਤੇ ਚਿਰ—ਸੰਸਕਾਰਾਂ ਦੇ ਜ਼ੰਗਾਲ ਨੂੰ ਖੋਰ ਦਿੱਤਾ ।

ਦਿਨ ਚੜ੍ਹਨ ਤੋਂ ਬਾਅਦ ਸੂਰਜ ਦੀਆਂ ਕਿਰਨਾਂ ਤੇਜ਼ ਹੋਣ ਲਗੀਆਂ, ਪਰ ਜਗਤ ਸਿੰਘ ਅਜੇ ਤਕ ਮੰਜੇ ਤੋਂ ਨਹੀਂ ਉੱਠਿਆ, ਹਾਲਾਂਕਿ ਉਸ ਦਾ ਉੱਠਣਾ ਤੇ ਉੱਠ ਕੇ ਕਿਤੇ ਜਾਣਾ ਬੜਾ ਹੀ ਜ਼ਰੂਰੀ ਸੀ ।

ਅਚਾਨਕ ਹੀ ਉਹ ਉੱਠ ਕੇ ਬੈਠ ਗਿਆ, ਜਦ ਬਾਜ਼ਾਰ ਵਿਚ ਉਸ ਨੇ ਰੌਲੇ ਦੀ ਆਵਾਜ਼ ਸੁਣੀ ।

ਵੇਖਾਂ ਕੀ ਗੱਲ ਹੈ, ਉਹ ਬਾਹਰ ਨਿਕਲਿਆ । ਉਸ ਨੇ ਭੀੜ ਭੜੱਕਾ ਵੇਖਿਆ ਤੇ ਵਿਚਕਾਰ ਵੇਖਿਆ ਪੁਲਸੀਆਂ ਨੂੰ ।

ਉਹ ਛੇਤੀ ਛੇਤੀ ਅਗਾਂਹ ਵਧਿਆ, ਇਹ ਸੋਚਦਾ ਹੋਇਆ ਕਿ ਸ਼ਾਇਦ ਕਿਸੇ ਕਾਂਗਰਸੀ ਦੀ ਅੱਜ ਫੇਰ ਗ੍ਰਿਫਤਾਰੀ ਹੋਈ ਹੋਵੇ, ਉਸ ਨੂੰ ਇਹ ਵੀ ਸੋਚ ਆਈ, ਮਤਾ ਸਰਦਾਰ ਹੋਰਾਂ ਨੂੰ......ਇਸ ਤੋਂ ਅੱਗੇ ਕੋਈ ਗੱਲ ਸੋਚਣ ਦਾ ਉਸ ਨੂੰ ਮੌਕਾ ਹੀ ਨਾ ਮਿਲਿਆ ਜਦ ਅਚਾਨਕ ਉਸ ਦੀ ਨਜ਼ਰ ਕਿਸੇ ਤੇ ਪਈ । ਡਰ ਤੇ ਸਹਿਮ ਨਾਲ ਪੀਲੀ ਭੂਕ ਹੋਈ ਹੋਈ ਇਕ ਦੁੱਖੀਆ ਉਤੇ, ਜਿਸ ਨੂੰ ਪੁਲਸ ਘੇਰੀ ਲਈ ਜਾ ਰਹੀ ਸੀ । ਲੋਕਾਂ ਵਲੋਂ ਬਰਾਬਰ ਆਵਾਜ਼ਾਂ ਆ ਰਹੀਆਂ ਸਨ—"ਬਦਕਾਰ ! ਖਸਮ ਦੀ ਕਾਤਲ ! ਇਹੋ ਜਿਹੀ ਬਦ-ਚਲਣ ਦੀ ਬੋਟੀ ਬੋਟੀ ਤੁੜਵਾ ਕੇ ਕੁੱਤਿਆਂ ਅਗੇ ਪਾਣੀ ਚਾਹੀਦੀ ਏ..."

ਜਗਤ ਸਿੰਘ ਨੇ ਉਸ ਪਛਾਤੇ ਹੋਏ ਚਿਹਰੇ ਨੂੰ ਹੋਰ ਪਛਾਤਾ—ਹੋਰ ਧਿਆਨ ਨਾਲ ਡਿਠਾ । ਉਹ ਸਰਲਾ ਸੀ।

ਸਰਲਾ ਨੂੰ ਵੇਖਦਿਆਂ ਹੀ ਜਗਤ ਸਿੰਘ ਦੇ ਦਿਲ ਵਿਚ ਇਕ ਖ਼ੁਸ਼ੀ ਦੀ ਲਹਿਰ ਜਿਹੀ ਦੌੜੀ—ਸ਼ੁਕਰੇ ਜੀਊਂਦੀ ਤੇ ਹੈ ! ਪਰ ਕੇਵਲ ਅੱਖ ਫਰਕਣ ਦੀ ਢਿਲ ਜਿੰਨੀ ਹੀ, ਇਸ ਤੋਂ ਬਾਅਦ ਉਹ ਪਹਿਲਾਂ ਨਾਲੋਂ ਵੀ ਵਧ ਦੁਖੀ ਹੋ ਗਿਆ। ਉਸੇ ਤਰ੍ਹਾਂ ਜੀਕਣ ਸਭ ਕੁਝ ਹਾਰ ਚੁਕੇ ਜੁਆਰੀਏ ਦਾ ਦਾਅ ਭਰ ਆਵੇ, ਪਰ ਝਟ ਹੀ ਕੋਈ ਝਪੱਟਾ ਮਾਰ ਕੇ ਉਸ ਦੀ ਸਾਰੀ ਜਿਤੀ ਹੋਈ ਦੌਲਤ ਚੁੱਕ ਕੇ ਲੈ ਗਿਆ ਹੋਵੇ ।

ਓ ਮੇਰਿਆ ਰੱਬਾ ! ਮੈਂ ਕੀ ਵੇਖ ਰਿਹਾ ਹਾਂ, ਸੁਪਨਾ ? ਉਹ ਤਾਂ ਸਰਦਾਰ ਦੇ ਹੱਥੋਂ ਮਾਰੀ ਜਾ ਚੁਕੀ ਸੀ...ਉਹ ਉਠ ਕੇ ਬਾਹਰ ਦੌੜਿਆ ।

ਇੰਨੇ ਨੂੰ ਜਗਤ ਸਿੰਘ ਦਾ ਇਕ ਜਾਣੂ ਪਛਾਣੂ ਉਸ ਨੂੰ ਵੇਖ ਕੇ ਭੀੜ ਵਿਚੋਂ ਨਿਕਲ ਆਇਆ ਤੇ ਪੈਂਦੀ ਸੱਟੇ ਉਸ ਨੇ ਸਵਾਲ ਕੀਤਾ—"ਸਰਦਾਰ ਜਗਤ ਸਿੰਘ ਜੀ ! ਬੜਾ ਅਫਸੋਸ ਏ ਤੁਹਾਡੇ ਸਰਦਾਰ ਹੋਰਾਂ ਦੀ ਖੌਫ਼ਨਾਕ ਮੌਤ ਦਾ ! ਪਰ ਇਹ ਬੜੀ ਭੋਲੀ ਭਾਲੀ ਜਾਪਦੀ ਏ । ਇਹੋ ਜਿਹੀਆਂ ਤ੍ਰੀਮਤਾਂ ਵੀ ਖ਼ੂਨ ਕਰ ਸਕਦੀਆਂ ਨੇ ? ਹੇ ਪਰਮਾਤਮਾ ! ਬਚਾਈਂ ਇਹਨਾਂ ਚਲਿੱਤਰ ਹਾਰੀਆਂ ਦੇ ਜਾਲ ਤੋਂ......ਨਾਲੇ ਸੁਣਿਆ ਏਂ ਪੁਲਸ ਨੂੰ ਇਕ ਚਿੱਠੀ ਵੀ ਮਿਲੀ ਏ, ਜਿਸ ਦੀ ਬਿਨਾ ਤੇ......।"

ਆਉਣ ਵਾਲਾ ਕਿੰਨਾ ਕੁਝ ਹੀ ਕਹੀ ਗਿਆ, ਪਰ ਜਗਤ ਸਿੰਘ ਨੇ ਕਿਸੇ ਗੱਲ ਦਾ ਉੱਤਰ ਨਾ ਦਿਤਾ—ਨਾ ਹੀ ਉਸਨੂੰ ਏਸ ਬਾਰੇ ਕਿਸੇ ਗੱਲ ਦਾ ਪਤਾ ਸੀ। ਉਹ ਤਾਂ ਸਗੋਂ ਆਪ ਹੀ ਇਸ ਬੁਝਾਰਤ ਨੂੰ ਕਿਸੇ ਪਾਸੋਂ ਸਮਝਣਾ ਚਾਹੁੰਦਾ ਸੀ। ਪਹਿਲਾਂ ਜਗਤ ਸਿੰਘ ਦਾ ਜੀ ਕੀਤਾ ਕਿ ਇਸੇ ਪਾਸੋਂ ਜਿੰਨਾ ਕੁ ਇਸ ਨੂੰ ਪਤਾ ਹੈ—ਪੁਛੇ, ਪਰ ਫਿਰ ਖ਼ਿਆਲ ਕੀਤਾ, ਇਹ ਕੀ ਕਹੇਗਾ 'ਮੁਦਈ ਸੁਸਤ ਤੇ ਗਵਾਹ ਚੁਸਤ' ਘਰ ਦਾ ਹੀ ਆਦਮੀ ਇਸ ਮਾਮਲੇ ਤੋਂ ਬੇਖ਼ਬਰ ਹੈ ? ਇਹ ਸੋਚ ਕੇ

ਉਸ ਨੇ ਉਸ ਨੂੰ ਟਾਲਣ ਲਈ ਕੇਵਲ ਏਨਾ ਹੀ ਕਿਹਾ—"ਕੀ ਦੱਸੀਏ ਬਾਊ ਜੀ, ਕੁਝ ਸਮਝ ਨਹੀਂ ਆਉਂਦੀ" ਤੇ ਉਹ ਛੇਤੀ ਛੇਤੀ ਭੀੜ ਵਲ ਵੱਧਿਆ।

ਉਥੇ ਪਹੁੰਚਣ ਦੀ ਢਿਲ ਸੀ ਕਿ ਲਗਪਗ ਅੱਧੀ ਭੀੜ ਜਗਤ ਸਿੰਘ ਦੇ ਦੁਆਲੇ ਹੋ ਗਈ। ਲੋਕੀਂ ਲੱਗੇ ਪਰਚਾਉਣੀਆਂ ਕਰਨ ਤੇ ਨਾਲੇ ਉਸ ਉੱਤੇ ਭਾਂਤ ਭਾਂਤ ਦੇ ਪ੍ਰਸ਼ਨ ਕਰਨ।

ਜਗਤ ਸਿੰਘ ਨੂੰ ਕੁਝ ਸੁਣਨ, ਸਮਝਣ ਜਾਂ ਕਹਿਣ ਦੀ ਇਸ ਵੇਲੇ ਹੋਸ਼ ਹੀ ਨਹੀਂ ਸੀ। ਉਹ ਵਾਹੋਦਾਹੀ ਸਰਲਾ ਪਾਸ ਜਾ ਪੁੱਜਾ।

ਸਰਲਾ, ਹੋਰ ਲੋਕਾਂ ਨੂੰ ਜਿਵੇਂ ਤੱਕਦੀ ਜਾਂਦੀ ਸੀ, ਜਗਤ ਸਿੰਘ ਵੱਲ ਵੀ ਤੱਕੀ, ਪਰ ਇਸ ਤਰ੍ਹਾਂ ਜੀਕਣ ਉਹ ਉਸ ਨੂੰ ਪਛਾਣਦੀ ਹੀ ਨਾ ਹੋਵੇ।

ਜਗਤ ਸਿੰਘ ਉੱਥੇ ਹੀ ਖਲੋ ਗਿਆ, ਤੇ ਖਲੋਤਾ ਖਲੋਤਾ ਕਿਸੇ ਡੂੰਘੇ ਖ਼ਿਆਲ ਵਿਚ ਗੁੰਮ ਹੋ ਗਿਆ।

ਭੀੜ ਅਗਾਂਹ ਲੰਘ ਗਈ, ਪਰ ਜਗਤ ਸਿੰਘ ਉਥੋਂ ਨਾ ਹਿਲਿਆ! ਥੋੜ੍ਹੇ ਚਿਰ ਪਿਛੋਂ ਜਦ ਉਸ ਨੇ ਆਪਣੇ ਆਪ ਨੂੰ ਇਕੱਲਾ ਵੇਖਿਆ, ਤਾਂ ਉਹ ਫੇਰ ਪਿਛਾਂਹ ਮੁੜ ਪਿਆ ਤੇ ਆਪਣੇ ਮਕਾਨ ਤੇ ਆ ਪੁੱਜਾ।

ਘਰ ਪਹੁੰਚ ਕੇ ਉਹ ਮੁੜ ਇਸੇ ਮਾਮਲੇ ਨੂੰ ਸੋਚਣ ਲਗਾ।

ਸੋਚਦਿਆਂ ਸੋਚਦਿਆਂ ਉਸ ਨੂੰ ਸਾਰੀ ਗੱਲ ਦੀ ਸਮਝ ਆ ਗਈ। ਉਸਨੂੰ ਨਿਸਚਾ ਹੋ ਗਿਆ ਕਿ ਫਾਂਸੀ ਤੇ ਬਦਨਾਮੀ ਦੇ ਡਰ ਕਰ ਕੇ ਸਰਦਾਰ ਨੇ ਉਹ ਜ਼ਹਿਰ ਵਾਲੀ ਸ਼ੀਸ਼ੀ ਆਪ ਹੀ ਪੀ ਲਈ ਹੋਵੇਗੀ, ਤੇ ਸਰਲਾ ਉਸ ਦੀ ਮਾਰ ਨਾਲ ਮਰੀ ਨਹੀਂ ਹੋਣੀ, ਸਗੋਂ ਬੇਹੋਸ਼ ਹੋ ਗਈ ਹੋਵੇਗੀ। ਪਰ ਸਰਦਾਰ ਨੇ ਉਸ ਨੂੰ—ਜਿਹਾ ਕਿ ਮੇਰੇ ਪਾਸ ਆ ਕੇ ਉਸ ਨੇ ਦੱਸਿਆ ਸੀ, ਮੋਈ ਸਮਝ ਲਿਆ ਹੋਣਾ ਹੈ।

ਸਰਲਾ ਬੇਕਸੂਰ ਸੀ ਇਸ ਲਈ ਚੰਗਾ ਹੋਇਆ ਉਹ ਬਚ ਗਈ, ਪਰ ਇਸਦਾ ਕੀ ਲਾਭ, ਜਦ ਕਿ ਦੂਜੇ ਪਾਸੇ ਇਸ ਤੋਂ ਭਿਆਨਕ ਰੂਪ ਧਾਰ ਕੇ ਮੌਤ ਉਸ ਦੇ ਸਾਹਮਣੇ ਆ ਰਹੀ ਹੈ—ਨਾਲ ਸਾਰੇ ਜਹਾਨ ਦੀਆਂ ਝੂਠੀਆਂ ਤੋਹਮਤਾਂ ਨੂੰ ਲੈ ਕੇ।

ਕੀ ਸਰਲਾ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੀ ?

ਬਚ ਕਿਸ ਤਰ੍ਹਾਂ ਸਕਦੀ ਹੈ, ਜਦ ਕਿ ਉਹ ਚਿੱਠੀ ਵੀ ਪੁਲਿਸ ਦੇ ਕਾਬੂ ਆ ਚੁੱਕੀ ਹੈ।

ਖ਼ਿਆਲਾਂ ਦੇ ਇਨ੍ਹਾਂ ਲੰਮੇ ਚੌੜੇ ਵਾ-ਵਰੋਲਿਆਂ ਵਿਚ ਜਗਤ ਸਿੰਘ ਕਿੰਨਾ ਹੀ ਚਿਰ ਉੱਡਦਾ ਫਿਰਿਆ। ਸਰਲਾ ਦੀ ਸ਼ਕਲ—ਜਿਹੜੀ ਉਸਨੇ ਹੁਣ ਵੇਖੀ ਸੀ—ਬਰਾਬਰ ਉਸ ਦੀਆਂ ਅੱਖਾਂ ਅੱਗੇ ਸੀ। ਇਹ ਸ਼ਕਲ ਉਸ ਲਈ ਕਿਤਨੀ ਤੜਫਾਉਣੀ ਸੀ। ਲਹੂ ਨਾਲ ਲਥਪਥ।

ਫਿਰ ਸੋਚਣ ਲਗਾ—ਇਸ ਮਾਮਲੇ ਵਿਚ ਮੇਰੀ ਵੀ ਤਾਂ ਪੁੱਛ ਪੜਤਾਲ ਹੋਣੀ ਹੈ—ਹੋ ਸਕਦਾ ਹੈ ਹੁਣੇ ਹੀ ਪੁਲਿਸ ਆ ਆਵਾਜ਼ ਮਾਰੇ ਜਾਂ ਖ਼ਬਰੇ ਸਰਲਾ ਨੇ ਹੀ ਮੇਰੀ ਬਾਬਤ ਕੁਝ ਕਹਿ ਦਿੱਤਾ ਹੋਵੇ—ਉਸ ਨੇ ਜ਼ਰੂਰ ਕਹਿ ਦਿੱਤਾ ਹੋਵੇਗਾ, ਜਦ ਕਿ ਉਸਨੂੰ ਸਭ ਕੁਝ ਮਹੀਓਂ ਦੱਸਿਆ ਸੀ।

ਬੱਸ ਮੈਨੂੰ ਹੁਣ ਤੋਂ ਹੀ ਸੋਚ ਛੱਡਣਾ ਚਾਹੀਦਾ ਹੈ ਕਿ ਕੀ ਬਿਆਨ ਦੇਣੇ ਹਨ—ਅਜਿਹੇ ਸੁਚੱਜੇ ਢੰਗ ਨਾਲ ਕਿ ਜਿਸ ਕਰਕੇ ਮੇਰੇ ਉੱਤੇ ਕੋਈ ਹਰਫ਼ ਨਾ ਆ ਸਕੇ।

ਸਰਲਾ ਦਾ ਬਚਾਉ ? ਮੈਂ ਸਰਲਾ ਦਾ ਕੀ ਬਚਾਉ ਕਰ ਸਕਦਾ ਹਾਂ। ਉਸ ਦੇ ਬਚਾਉ ਦਾ ਅਰਥ ਤਾਂ ਸਾਫ਼ ਹੀ ਮੇਰੀ ਮੌਤ ਹੈ। ਕੀ ਮੈਂ ਅਜਿਹਾ ਮੂਰਖ ਹਾਂ ਜੁ ਦੂਸਰੇ ਨੂੰ ਬਚਾਂਦਾ ਬਚਾਂਦਾ ਆਪ ਫਸ ਜਾਵਾਂ? ਨਹੀਂ ਇਹ ਕਦੇ ਨਹੀਂ ਹੋ ਸਕਦਾ।

ਓਹ! ਫਿਰ ਲੱਤਾਂ ਨੂੰ ਕਾਂਬਾ ਕਿਹਾ? ਦਿਲ ਦੀ ਧੜਕਣ ਕਿਉਂ ਨਹੀਂ ਖਲੋਂਦੀ? ਕੀ ਮੈਂ ਵੀ ਨਾਲ ਹੀ...।

ਬੱਸ, ਸਾਫ ਕਹਿ ਦਿਆਂਗਾ ਕਿ ਮੈਨੂੰ ਇਸ ਮਾਮਲੇ ਦਾ ਉੱਕਾ ਪਤਾ ਨਹੀਂ, ਗੱਲ ਮੁਕੀ ਤੇ ਝਗੜਾ ਚੁੱਕਾ।

ਕਹਾਂਗਾ—ਮੈਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ। ਪਰ ਸਰਲਾ ਦੇ ਸਾਹਮਣੇ ?....ਹੱਛਾ ਇਸ ਗੱਲ ਨੂੰ ਇਕ ਦੋ ਦਿਨ ਹੋਰ ਸੋਚਣਾ ਚਾਹੀਦਾ ਹੈ ਤੇ ਕਿਤੇ ਲਾਂਭੇ ਹੋ ਕੇ। ਹਾਲ ਦੀ ਘੜੀ ਇਥੋਂ ਭੱਜ ਜਾਣਾ ਹੀ ਠੀਕ ਹੋਵੇਗਾ। ਇਸੇ ਵਿਚ ਮੇਰਾ ਬਚਾਉ ਹੈ। ਨਹੀਂ ਤਾਂ ਉਹ ਨਾ ਹੋਵੇ, ਜੁ ਕਣਕ ਨਾਲ ਘੁਣ ਵਾਂਗ ਮੈਂ ਵੀ ਪੀਠਾ ਜਾਵਾਂ।

੩੪

ਦੋ ਮਹੀਨੇ ਬਾਅਦ—

ਅਭਾਗਣੀ ਸਰਲਾ—ਜਿਸ ਨੂੰ ਜੰਮਦੇ ਹੀ ਕਿਸਮਤ ਨੇ ਪਹਿਲਾਂ ਮਾਂ-ਮਹਿਟਰ ਬਣਾ ਕੇ ਮਤਰੇਈ ਦੇ ਵੱਸ ਪਾਇਆ, ਫਿਰ ਬੁੱਢੇ ਦੀ ਸਾਥਣ ਬਣਾਇਆ, ਇਸ ਤੋਂ ਬਾਅਦ ਵਿਧਵਾ ਬਣਾਇਆ, ਤੇ ਅਖ਼ੀਰ ਵਿਚ ਪਤੀ ਦੇ ਖ਼ੂਨ ਦੀ ਅਪ੍ਰਾਧਣ । ਤੇ ਅੱਜ ? ਅੱਜ ਉਹ ਜੇਲ੍ਹ ਦੀ ਇਕ ਗੰਦੀ, ਹਨੇਰੀ ਤੇ ਡਰਾਉਣੀ ਕੋਠੜੀ ਵਿਚ ਬੰਦ ਹੈ—ਮੌਤ ਦੀ ਉਡੀਕ ਵਿਚ।

ਛੋਟੀ ਜਿਹੀ ਬੜ੍ਹੀ ਉਤੇ ਕੰਬਲ ਵਿਛਾ ਕੇ ਉਸ ਉਤੇ ਲੱਤਾਂ ਲਮਕਾਈ ਸਰਲਾ ਬੈਠੀ ਹੈ । ਉਸ ਦੇ ਸੱਜੇ ਪਾਸੇ ਇਕ ਪਾਣੀ ਦੀ ਝੱਜਰ ਪਈ ਹੈ, ਜਿਸ ਉਤੇ ਇਕ ਲੋਹੇ ਦੀ ਬਾਟੀ ਮੂਧੀ ਮਾਰੀ ਹੋਈ ਹੈ । ਬੱਸ ਇਸ ਤੋਂ ਛੁੱਟ ਇਸ ਕੋਠੜੀ ਵਿਚ ਹੋਰ ਕੋਈ ਸਮਾਨ ਨਹੀਂ।

ਸਰਲਾ ਨੂੰ ਇਸ ਕੋਠੜੀ ਵਿਚ ਪ੍ਰਵੇਸ਼ ਕੀਤਿਆਂ ਦੋ ਮਹੀਨੇ ਦੇ ਲਗਪਗ ਸਮਾਂ ਹੋ ਚੁੱਕਾ ਹੈ। ਉਸ ਦੇ ਕਪੜੇ ਡਾਢੇ ਮੈਲੇ ਤੇ ਮੁੜ੍ਹਕਾ ਆ ਆ ਕੇ ਗਲੇ ਪਏ ਹਨ। ਵਾਲਾਂ ਦੀਆਂ ਲਿਟਾਂ ਨੇ ਭਾਵੇਂ ਉਸ ਦਾ ਹੁਲੀਆ ਬਹੁਤ ਕੁਝ ਵਿਗਾੜ ਦਿੱਤਾ ਹੈ, ਪਰ ਉਸ ਦੀ ਸੁੰਦਰਤਾ ਅਜੇ ਵੀ ਕਾਇਮ ਹੈ। ਦੁਬਲੀ ਹੋ ਜਾਣ ਕਰ ਕੇ ਤੇ ਚਿਹਰਾ ਪਤਲਾ ਪੈ ਜਾਣ ਕਰ ਉਸ ਦੀਆਂ ਅੱਖਾਂ ਪਹਿਲਾਂ ਨਾਲੋਂ ਵੀ ਮੋਟੀਆਂ ਤੇ ਪ੍ਰਭਾਵ-ਸ਼ਾਲੀ ਜਾਪਦੀਆਂ ਹਨ।

ਇਸ ਵੇਲੇ ਉਹ ਦੋਵੇਂ ਹੱਥ ਬੜ੍ਹੀ ਉਤੇ ਟਿਕਾ ਕੇ ਛੱਤ ਵੱਲ ਨੀਝ ਲਾਈ ਬੈਠੀ ਕਈ ਤਰ੍ਹਾਂ ਦੀਆਂ ਸੋਚਾਂ ਸੋਚ ਰਹੀ ਹੈ।

ਪਹਿਲਾਂ ਪਹਿਲ ਜਦ ਉਸ ਨੇ ਇਸ ਕੋਠੜੀ ਵਿਚ ਪ੍ਰਵੇਸ਼ ਕੀਤਾ ਹੋਵੇਗਾ, ਕਿਤਨਾ ਘਬਰਾਈ ਹੋਵੇਗੀ—ਕਿਤਨੀ ਡਰੀ ਹੋਵੇਗੀ—ਪਰ ਇਸ ਵੇਲੇ ਉਸ ਦੇ ਚਿਹਰੇ ਤੇ ਘਬਰਾਹਟ ਜਾਂ ਡਰ ਦਾ ਕੋਈ ਨਿਸ਼ਾਨ ਨਹੀਂ, ਹੋਸ਼ ਵੀ ਕੁਝ ਠੀਕ ਜਾਪਦੀ ਹੈ।

ਸੱਚਮੁੱਚ ਸਮਾਂ ਇਕ ਅਜਿਹੀ ਮਲ੍ਹਮ ਹੈ ਜੋ ਸਾਰੇ ਜ਼ਖਮ ਮੇਲ ਦੇਂਦਾ ਹੈ।

ਸਰਲਾ ਦੇ ਮੁੱਕਦਮੇ ਦੀ ਕਾਰਵਾਈ ਖ਼ਤਮ ਹੋ ਚੁੱਕੀ ਹੈ ਤੇ ਇਸ ਵੇਲੇ ਉਸ ਦਾ ਕੇਸ ਸੈਸ਼ਨ ਸਪੁਰਦ ਹੈ । ਅੱਜ ਉਸ ਨੂੰ ਸੈਸ਼ਨ ਵੱਲੋਂ ਹੁਕਮ ਸੁਣਾਇਆ ਜਾਣਾ ਹੈ।

ਕੀ ਹੁਕਮ ਸੁਣਾਇਆ ਜਾਣਾ ਹੈ ? ਇਸ ਦਾ ਉਸ ਨੂੰ ਹੁਣ ਤੋਂ ਹੀ ਪਤਾ ਹੈ, ਅਰਥਾਤ ਮੌਤ ਦੀ ਸਜ਼ਾ । ਕਿਉਂਕਿ ਮਿਸਲ ਦੀ ਸਾਰੀ ਕਾਰਵਾਰੀ ਉਸ ਦੇ ਵਿਰੁੱਧ ਹੈ ।

ਸਰਲਾ ਦੇ ਮਾਂ ਪਿਉ ਵੀ ਆਏ ਹੋਏ ਹਨ ਤੇ ਯਥਾ-ਸ਼ਕਤ ਮੁਕੱਦਮੇ ਦੀ ਪੈਰਵੀ ਕਰਦੇ ਰਹੇ ਹਨ, ਪਰ ਇਸਦਾ ਕੁਝ ਵੀ ਲਾਭ ਨਹੀਂ ਹੋਇਆ।

ਸਰਲਾ ਦੇ ਬਿਆਨ ਬੜੇ ਸੰਖੇਪ ਸਨ, ਉਸ ਨੇ ਕੇਵਲ ਏਨਾ ਹੀ ਬਿਆਨ ਦਿੱਤਾ ਕਿ ਮੈਂ ਖ਼ੂਨ ਨਹੀਂ ਕੀਤਾ । ਇਸ ਤੋਂ ਛੁੱਟ ਅਦਾਲਤ ਦੇ ਬਾਕੀ ਕੁਲ ਸਵਾਲਾਂ ਦਾ ਉਸ ਵਲੋਂ ਲੱਗਪੱਗ ਇਕੋ ਹੀ ਉੱਤਰ ਰਿਹਾ—"ਮੈਨੂੰ ਪਤਾ ਨਹੀਂ।"

ਤਾਂ ਇਸ ਸਾਰੇ ਸਮੇਂ ਵਿਚ ਜੇ ਉਸ ਨੂੰ ਕਿਸੇ ਗੱਲ ਨੇ ਵਧੇਰੇ ਪਰੇਸ਼ਾਨ ਕੀਤਾ ਹੈ, ਤਾਂ ਜਗਤ ਸਿੰਘ ਸੰਬੰਧੀ ਕਈ ਤਰ੍ਹਾਂ ਦੇ ਖ਼ਿਆਲਾਂ ਨੇ ।

ਜਦ ਅਦਾਲਤ ਨੇ ਸਰਲਾ ਪਾਸੋਂ ਸਫਾਈ ਦੇ ਗਵਾਹ ਮੰਗੇ ਤਾਂ ਉਸ ਨੇ ਕਵੇਲ ਜਗਤ ਸਿੰਘ ਦਾ ਨਾਂ ਹੀ ਲਿਖਾਇਆ ਸੀ, ਪਰ ਜਗਤ ਸਿੰਘ ਨਾ ਤਾਂ ਗਵਾਹੀ ਦੇਣ ਆਇਆ ਤੇ ਨਾ ਹੀ ਉਸ ਨੇ ਅੱਜ ਤਕ ਸਰਲਾ ਨਾਲ ਮੁਲਾਕਾਤ ਹੀ ਕੀਤੀ। ਉਹ ਕਿਥੇ ਹੈ? ਕੋਈ ਨਹੀਂ ਜਾਣਦਾ।

ਜਗਤ ਸਿੰਘ ਬਾਬਤ ਉਹ ਜੋ ਕੁਝ ਬੁੱਧੂ ਦੀ ਜ਼ਬਾਨੀ ਸੁਣ ਚੁੱਕੀ ਸੀ, ਕਈ ਵਾਰੀ ਉਸ ਦਾ ਖ਼ਿਆਲ ਹੋਇਆ ਕਿ ਅਦਾਲਤ ਨੂੰ ਉਹ ਸਭ ਕੁਝ ਦੱਸ ਦੇਵੇ, ਪਰ ਇਸ ਬਾਰੇ ਅਜੇ ਤੀਕ ਉਸ ਦੀ ਜ਼ਬਾਨ ਨਹੀਂ ਖੁਲ੍ਹੀ। ਉਸ ਦੇ ਹਿਰਦੇ ਵਿਚ ਜਗਤ ਸਿੰਘ ਸੰਬੰਧੀ ਜਿਹੜੇ ਉੱਚੇ ਖ਼ਿਆਲ ਉਕਰੇ ਹੋਏ ਸਨ, ਉਹ ਸਾਰੇ ਕੇਵਲ ਇਕ ਪਹਾੜੀ ਮੁੰਡੇ ਦੀਆਂ ਚਹੁੰ ਗੱਲਾਂ ਦੇ ਅਸਰ ਨਾਲ ਮਿਟ ਨਹੀਂ ਸਨ ਗਏ—ਭਾਵੇਂ ਕੁਝ ਧੁੰਦਲੇ ਜ਼ਰੂਰ ਹੋ ਗਏ ਸਨ।

ਜਗਤ ਸਿੰਘ ਨੇ ਉਸ ਲਈ ਸਫਾਈ ਦੀ ਸ਼ਹਾਦਤ ਕਿਉਂ ਨਹੀਂ ਦਿੱਤੀ, ਅਥਵਾ ਮੁਲਾਕਾਤ ਕਰਨ ਲਈ ਕਿਉਂ ਨਹੀਂ ਆਇਆ ? ਇਹ ਸ਼ੰਕਾ ਉਸ ਦੀ ਆਪਣੇ ਆਪ ਹੀ ਨਵਿਰਤ ਹੋ ਜਾਂਦੀ ਸੀ, ਜਦ ਉਹ ਸੋਚਦੀ ਕਿ ਹੋ ਸਕਦਾ ਹੈ ਜਗਤ ਸਿੰਘ ਵੀ ਮੈਨੂੰ ਅਪ੍ਰਾਪਣ ਸਮਝ ਕੇ ਮੈਥੋਂ ਘ੍ਰਿਣਾ ਕਰਨ ਲੱਗ ਪਿਆ ਹੋਵੇ।

ਇਨ੍ਹਾਂ ਹੀ ਖ਼ਿਆਲਾਂ ਕਰਕੇ ਸਰਲਾ ਨੂੰ ਅਜੇ ਤੱਕ ਵੀ ਜਗਤ ਸਿੰਘ ਦੀ ਨੀਤ ਉਤੇ ਪੂਰੀ ਤਰ੍ਹਾਂ ਸ਼ੱਕ ਨਹੀਂ ਸੀ ਹੋਇਆ। ਉਸ ਦਾ ਬਰਾਬਰ ਇਹੋ ਖਿਆਲ ਬਣਿਆ ਹੋਇਆ ਸੀ ਕਿ ਇਹੋ ਜਿਹਾ ਸਤਸੰਗੀ ਤੇ ਗੁਰਮੁਖ ਆਦਮੀ ਕਦੇ ਵੀ ਇਸ ਤਰ੍ਹਾਂ ਦੀ ਮਿੱਤਰ-ਧਰੋਹੀ ਨਹੀਂ ਕਰ ਸਕਦਾ।

ਅਖ਼ੀਰ ਜਦ ਉਸਨੇ ਵੇਖਿਆ ਕਿ ਮੌਤ ਤੇ ਬਦਨਾਮੀ ਉਸ ਨੂੰ ਚੌਂਹਾ ਪਾਸਿਆਂ ਤੋਂ ਘੇਰੀ ਖੜੀ ਹੈ, ਤਾਂ ਉਸਨੇ ਇਸ ਫਿਕੇ ਤੇ ਨਿਕੰਮੇ ਜੀਵਨ ਦੀ ਨਾ ਕੇਵਲ ਆਸ ਹੀ ਛੱਡ ਦਿੱਤੀ—ਸਗੋਂ ਇਸ ਨੂੰ ਵਾਧੂ ਸਮਝ ਕੇ ਉਹ ਮੌਤ ਹੀ ਸਾਰੇ ਦੁੱਖਾਂ ਦਾ ਦਾਰੂ ਸਮਝਦੀ ਹੋਈ ਉਸ ਦੀ ਉਡੀਕ ਕਰਨ ਲੱਗੀ। ਇਹੋ ਕਾਰਨ ਹੈ ਕਿ ਇਸ ਵੇਲੇ ਉਹ ਦੁੱਖੀ ਨਹੀਂ ਸੀ ਨਾ ਹੀ ਮੌਤ ਦਾ ਡਰ ਉਸਨੂੰ ਸਤਾਂਦਾ ਸੀ। ਇਸ ਵੇਲੇ ਉਹ ਛੱਤ ਵੱਲ ਨੀਝ ਲਾਈ ਥੜ੍ਹੀ ਤੇ ਬੈਠੀ ਕੁਝ ਸੋਚ ਹੀ ਰਹੀ ਸੀ—ਕਿਸੇ ਦੀ ਯਾਦ ਨਾਲ ਆਪਣੀ ਕਸ਼ਟਾਂ ਭਰੀ ਆਤਮਾ ਨੂੰ ਠੰਢਿਆਂ ਕਰਨ ਦਾ ਯਤਨ ਕਰ ਰਹੀ ਸੀ।

"ਕਿਥੇ ਹੋਵੇਗਾ ? ਕੀ ਕਰਦਾ ਹੋਵੇਗਾ ! ਮੇਰੀ ਬਾਬਤ ਕੀ ਸੋਚਦਾ ਤੇ ਮੈਨੂੰ ਕਿਨ੍ਹਾਂ ਕਿਨ੍ਹਾਂ ਦੁਰਬਚਨਾਂ ਨਾਲ ਕਦੇ ਕਦੇ ਯਾਦ ਕਰਦਾ ਹੋਵੇਗਾ ? ਉਸ ਦਿਨ ਮੈਂ ਵਿਚਾਰੇ ਨੂੰ ਕਿਤਨਾ ਦੁਰਕਾਰਿਆ, ਗ਼ਰੀਬ ਨੇ ਅੱਗੋਂ ਹੁਤ ਨਹੀਂ ਸੀ ਕੀਤੀ। ਫਿਰ ਮੈਂ ਨਿਕਰਮਣ, ਉਸਨੂੰ ਚਿੱਠੀ ਤੇ ਜ਼ਹਿਰ ਭੇਜਣ ਦੇ ਝੂਠੇ ਸ਼ੱਕ ਵਿਚ ਵੀ ਅੰਦਰ-ਅੰਦਰ ਨਿੰਦਦੀ ਰਹੀ । ਉਹ ! ਅਭਾਗਾ ਮੋਹਨ ! ਕਾਸ਼ ! ਮੈਂ ਇਕ ਵਾਰੀ ਆਪਣੇ ਦਿਲ ਦਾ ਸ਼ੀਸ਼ਾ ਉਸਨੂੰ ਚੰਗੀ ਤਰ੍ਹਾਂ ਵਿਖਾਲ ਸਕਦੀ—ਉਸਨੂੰ ਦੱਸ ਸਕਦੀ ਕਿ ਤੈਨੂੰ ਭੁਲਾਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ, ਘ੍ਰਿਣਾ ਵੀ ਕੀਤੀ, ਪਰ ਤੂੰ ਨਹੀਂ ਨਿਕਲ ਸਕਿਆ ਮੇਰੇ ਦਿਲ 'ਚੋਂ। ਸ਼ਾਇਦ ਉਸ ਵੇਲੇ ਵੀ ਤੇਰੀ ਮੂਰਤ ਮੇਰੇ ਦਿਲ ਦੇ ਸ਼ੀਸ਼ੇ ਤੇ ਹੋਵੇਗੀ, ਜਦੋਂ ਫ਼ਾਸੀ ਦਾ ਝੂਟਾ ਆਉਣ ਤੇ ਮੇਰਾ ਛੇਕੜਲਾ ਸੁਆਸ ਨਿਕਲ ਰਿਹਾ ਹੋਵੇਗਾ। ਰੱਬ ਕਰੇ ਮੋਹਨ ! ਇਸ ਘੜੀ ਤੋਂ ਲੈਕੇ ਜੀਵਨ ਦੀ ਛੇਕੜਲੀ ਘੜੀ ਤੱਕ ਮੈਂ ਤੇਰੀ ਹੀ ਪੂਜਾ ਕਰਦੀ ਰਹਾਂ—ਤੈਥੋਂ ਬਿਨਾਂ ਹੋਰ ਕੁਝ ਨਾ ਵੇਖਾਂ...।"

ਇਸ ਵੇਲੇ ਜੰਦਰਾ ਖੁਲ੍ਹਣ ਦੀ ਖੜ ਖੜ ਆਵਾਜ਼ ਆਈ, ਕੋਠੜੀ ਦਾ ਬੂਹਾ ਖੁਲ੍ਹਿਆ ਤੇ ਉਸ ਨੂੰ ਇਕ ਦਰੋਗਾ ਜ਼ਨਾਨੀ ਤੇ ਦੋਂਹ ਮਰਦ ਸਿਪਾਹੀਆਂ ਨੇ ਵਿਖਾਲੀ ਦਿੱਤੀ । ਉਹ ਸਮਝ ਗਈ ਕਿ ਕਚਹਿਰੀ ਦਾ ਵਕਤ ਹੋ ਗਿਆ ਹੈ ।

ਉਸੇ ਤਰ੍ਹਾਂ ਆਪਣੇ ਖ਼ਿਆਲਾਂ ਵਿਚ ਡੁੱਬੀ ਹੋਈ ਸਰਲਾ ਉਠੀ ਤੇ ਕੋਠੜੀਓਂ ਬਾਹਰ ਹੋ ਕੇ ਉਨ੍ਹਾਂ ਦੇ ਅੱਗੇ ਲੱਗ ਤੁਰੀ।

23-10-05

੩੫

ਅੱਜ ਸੈਸ਼ਨ ਅਦਾਲਤ ਵਿਚ ਪੈਰ ਧਰਨ ਨੂੰ ਥਾਂ ਨਹੀਂ ਲੱਭਦੀ । ਅੰਦਰ ਬਾਹਰ ਆਦਮੀਆਂ ਨਾਲ ਭਰਿਆ ਪਿਆ ਹੈ । ਸ਼ਹਿਰ ਦੇ ਅਨੇਕਾਂ ਪਤਵੰਤੇ—ਜਿਨ੍ਹਾਂ ਨੇ ਆਪਣੇ ਮਹਾਂਦਾਨੀ ਸਰਦਾਰ ਦੀ ਮੌਤ ਉਤੇ ਮਾਤਮੀ ਜਲਸੇ ਕੀਤੇ, ਮਾਤਮੀ ਪਰਚੇ ਕੱਢੇ ਤੇ ਅਖੰਡ ਪਾਠ ਰਖਾਏ ਸਨ—ਅੱਜ ਉਸ 'ਸਵਰਗਵਾਸੀ' ਦੀ ਖ਼ੂਨਣ ਲਈ ਅਦਾਲਤ ਦੇ ਕਮਰੇ ਵਿਚ ਬੈਠੇ ਵੀ ਇਹੋ ਪ੍ਰਾਰਥਨਾ ਕਰ ਰਹੇ ਹਨ ਕਿ ਰੱਬ ਕਰੇ ਇਸ ਅਪ੍ਰਾਧਣ ਨੂੰ ਘੱਟੋ ਘੱਟ ਮੌਤ ਦੀ ਸਜ਼ਾ ਜ਼ਰੂਰ ਮਿਲੇ।

ਇਸ ਤੋਂ ਛੁੱਟ ਬਹੁਤ ਸਾਰੀ ਗਿਣਤੀ ਵਿਚ ਉਹ ਲੋਕ ਵੀ ਆਏ ਖੜੇ ਹਨ, ਜਿਨ੍ਹਾਂ ਨੂੰ ਕਿਸੇ ਮੌਤ ਦੇ ਸਜ਼ਾਵਾਰ ਦਾ ਦਰਸ਼ਨ ਕਰਕੇ ਬੇ-ਓੜਕ ਖ਼ੁਸ਼ੀ ਹੁੰਦੀ ਹੈ । ਇਨ੍ਹਾਂ ਵਿਚੋਂ ਜੇ ਕਿਸੇ ਨਸੀਬਾਂ ਵਾਲੇ ਨੂੰ ਫ਼ਾਂਸੀ ਦਾ ਦ੍ਰਿਸ਼ ਵੇਖਣ ਦਾ ਸੁਭਾਗ ਪ੍ਰਾਪਤ ਹੋ ਜਾਵੇ ਤਾਂ ਫਿਰ ਕਹਿਣਾ ਹੀ ਕੀ ਹੈ । ਜਰਮਨ-ਜੰਗ ਵਿਚੋਂ ਆਇਆ ਕੋਈ ਸੂਰਬੀਰ ਫ਼ੌਜੀ ਵੀ ਇਤਨੇ ਫ਼ਖਰ ਨਾਲ ਆਪਣੇ ਕਾਰਨਾਮੇ ਨਹੀਂ ਸੁਣਾ ਸਕਦਾ ਹੋਣਾ, ਜਿੰਨੇ ਇਹ ਭਾਗਵਾਨ।

ਅੰਦਰਲੀਆਂ ਸਭ ਬੈਂਚਾਂ ਤੇ ਗੈਲਰੀਆਂ ਪਤਵੰਤਿਆਂ ਨਾਲ ਭਰੀਆਂ ਪਈਆਂ ਹਨ, ਪਰ ਬੇ-ਪਤਿਆਂ ਦੀਆਂ ਢਾਣੀਆਂ ਬਾਹਰ ਖੜ੍ਹੀਆਂ ਹੀ ਮਕਤੂਲ ਦੀ ਆਤਮਾ ਲਈ ਸ਼ੁੱਭ ਕਾਮਨਾਵਾਂ ਕਰ ਰਹੀਆਂ ਹਨ ।

ਬਾਹਰਲੇ ਦਰਸ਼ਕਾਂ ਵਿਚੋਂ ਕੋਈ ਕੋਈ ਅਗਾਂਹ ਹੋ ਕੇ ਸ਼ੀਸ਼ੇਦਾਰ ਤਾਕਾਂ ਅੱਗੇ ਤਣੀਆਂ ਹੋਈਆਂ ਚਿਕਾਂ ਵਿਚ ਅੱਖਾਂ ਦੇ ਡੇਲੇ ਘੁਸੇੜ ਘੁਸੇੜ ਕੇ ਅੰਦਰਲਾ ਦ੍ਰਿਸ਼ ਵੇਖਣ ਦਾ ਜਤਨ ਕਰ ਰਹੇ ਹਨ । ਅੰਦਰੋਂ ਉਨ੍ਹਾਂ ਨੂੰ ਮਨੁੱਖੀ ਬੁੱਤਾਂ ਦਾ ਝੌਲਾਂ ਪੈਣ ਤੋਂ ਛੁੱਟ ਹੋਰ ਕੁਝ ਨਹੀਂ ਦਿੱਸਦਾ, ਪਰ ਬਾਹਰੋਂ ਅਚਾਨਕ ਹੀ ਜਦ ਲਾਲ ਪੱਗੜੀ ਵਾਲਿਆਂ ਦਾ ਵਧਰੀਦਾਰ ਡੰਡਾ ਪਿੱਠ ਵਿਚ ਵੱਜਦਾ ਹੈ, ਤਾਂ ਮਲਕੜੇ ਹੀ ਹੱਟ ਕੇ ਬਰਾਂਡਿਓਂ ਬਾਹਰ ਹੋ ਜਾਂਦੇ ਹਨ।

ਅਪੀਲਾਂ ਦੀਆਂ ਇਕ ਦੋ ਸਾਧਾਰਨ ਪੇਸ਼ੀਆਂ ਹੋਣ ਤੋਂ ਬਾਅਦ ਇਸ ਮੁਕੱਦਮੇ ਦਾ ਨੰਬਰ ਆਇਆ । ਸਾਰੀ ਭੀੜ ਉਸ ਪਾਸੇ ਵੱਲ ਉੱਲਰ ਪਈ, ਜਿੱਧਰੋਂ ਪੁਲਸੀਆਂ ਦੇ ਵਿਚਾਲੇ ਇਕ ਤੀਵੀਂ ਤੁਰੀ ਆ ਰਹੀ ਸੀ।

ਲੋਕੀਂ ਉਸ ਦੇ ਦੁਆਲੇ ਜੁੜਦੇ ਜਾਂਦੇ ਸਨ ਤੇ ਸਿਪਾਹੀ, ਡੰਡਿਆਂ ਦੀ ਸਹਾਇਤਾ ਨਾਲ ਲੋਕਾਂ ਨੂੰ ਹਟਾ ਕੇ ਲੰਘਣ ਲਈ ਰਸਤਾ ਬਣਾਈ ਜਾ ਰਹੇ ਸਨ।

ਜਿਸ ਨੇ ਕਦੇ ਇਸ ਤੋਂ ਪਹਿਲਾਂ ਸਰਲਾ ਨੂੰ ਡਿੱਠਾ ਹੋਵੇਗਾ, ਉਸ ਲਈ ਇਸ ਵੇਲੇ ਉਸ ਨੂੰ ਪਛਾਨਣਾ ਔਖਾ ਸੀ । ਉਸ ਦੇ ਸਿਰ ਦੇ ਵਾਲ ਉਲਝੇ ਹੋਏ ਸਨ, ਜਿਨ੍ਹਾਂ ਦੀਆਂ ਲਿਟਾਂ ਖਿੰਡ ਖਿੰਡ ਕੇ ਉਸ ਦੇ ਮੂੰਹ ਤੇ ਫੈਲ ਰਹੀਆਂ ਸਨ । ਚਿਹਰਾ ਉਤਰਿਆ ਹੋਇਆ, ਤੇ ਅੱਖਾਂ ਦੇ ਦੁਆਲੇ ਕਾਲੇ ਡੂੰਘੇ ਟੋਏ ਪੈ ਗਏ ਸਨ। ਬੁਲ੍ਹਾਂ ਉਤੇ ਸਿਕਰੀ ਜੰਮੀ ਹੋਈ ਸੀ । ਕਿਸੇ ਹੋਰ ਪਾਸੇ ਉਸ ਦਾ ਖ਼ਿਆਲ ਨਹੀਂ। ਨਜ਼ਰ ਉਸ ਦੀ ਧਰਤੀ ਉੱਤੇ ਸੀ ।

ਕਮਰੇ ਦਾ ਬੂਹਾ ਖੁਲ੍ਹਿਆ ਤਾਂ ਸਰਲਾ ਨੂੰ ਲੈ ਜਾ ਮੁਲਜ਼ਮਾਂ ਦੇ ਕਠਘਰੇ ਵਿਚ ਖੜੀ ਕਰ ਦਿੱਤਾ ਗਿਆ।

ਹਾਕਮ ਨੇ ਅਸੈਸਰਾਂ ਵੱਲ ਤੱਕ ਕੇ ਉਨ੍ਹਾਂ ਨੂੰ ਪੁੱਛਿਆ—"ਕਿਉਂ ਅਸੈਸਰ ਸਾਹਿਬਾਨ! ਤੁਹਾਡੀ ਇਸ ਬਾਰੇ ਕੀ ਰਾਇ ਹੈ?"

ਸਾਰੇ ਅਸੈਸਰ ਮੁੱਢ ਤੋਂ ਹੀ ਹਾਕਮ ਦਾ ਰਵੱਈਆ ਵੇਖ ਰਹੇ ਸਨ। ਚੌਹਾਂ ਨੇ ਇਕ-ਜ਼ਬਾਨ ਹੋ ਕੇ ਕਿਹਾ—"ਮੁਲਜ਼ਮਾ ਕਸੂਰਵਾਰ ਹੈ। ਇਸ ਨੇ ਆਪਣੇ ਖਾਵੰਦ ਦਾ ਖ਼ੂਨ ਕੀਤਾ ਹੈ, ਇਸ ਵਿਚ ਸਾਨੂੰ ਜ਼ਰਾ ਸ਼ੱਕ ਨਹੀਂ।"

ਫਿਰ ਹਾਕਮ ਨੇ ਸਰਲਾ ਵੱਲ ਤੱਕ ਕੇ ਉਸ ਤੋਂ ਪੁੱਛਿਆ—"ਕਿਉਂ ਬਈ, ਤੂੰ ਕੁਝ ਕਹਿਣਾ ਚਾਹੁੰਨੀ ਏਂ ਇਸ ਬਾਰੇ?"

ਅਦਾਲਤ ਦੀ ਕਿਸੇ ਕਾਰਵਾਈ ਵੱਲ ਸਰਲਾ ਦਾ ਖ਼ਿਆਲ ਹੀ ਨਹੀਂ ਸੀ । ਕਠਘਰੇ ਦੇ ਮੁੰਨੇ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਉਸ ਉਤੇ ਠੋਡੀ ਰੱਖੀ ਉਹ ਭੁੰਜੇ ਨਜ਼ਰ ਟਿਕਾਈ ਖੜ੍ਹੀ ਸੀ । ਉਸ ਨੇ ਹਾਕਮ ਦੀ ਗੱਲ ਨੂੰ ਸ਼ਾਇਦ ਸੁਣਿਆ ਹੀ ਨਹੀਂ ।

ਉਸ ਦਾ ਨਾ ਲੈ ਕੇ ਹਾਕਮ ਨੇ ਆਪਣੀ ਗੱਲ ਨੂੰ ਫਿਰ ਦੁਹਰਾਇਆ। ਇਸ ਵੇਰਾਂ ਸਰਲਾ ਉਸ ਦੇ ਮੂੰਹ ਵੱਲ ਤੱਕੀ ਤੇ ਤੱਕ ਕੇ ਬੋਲੀ—"ਜੀ ਮੈਨੂੰ ਕੁਝ ਕਿਹਾ ਜੇ?"

"ਹਾਂ ਤੈਨੂੰ ਕਿਹਾ ਏ, ਤੂੰ ਕੁਝ ਕਹਿਣਾ ਚਾਹੁੰਨੀ ਏਂ ?"

"ਜੀ ਨਹੀਂ" ਸਰਲਾ ਨੇ ਪਾਗਲਾਂ ਵਰਗੀ ਬੇ-ਪਰਵਾਹੀ ਨਾਲ ਕਿਹਾ, ਤੇ ਫੇਰ ਉਸ ਤਰ੍ਹਾਂ ਭੁੰਜੇ ਤੱਕਦੀ ਹੋਈ ਸੱਜੇ ਪੈਰ ਦੇ ਪੱਬ ਨੂੰ ਚੁੱਕ ਚੁੱਕ ਕੇ ਹੇਠਾਂ ਉਤਾਂਹ ਹਲਾਣ ਲੱਗ ਪਈ।

ਹੁਕਮ ਲਿਖਣ ਵਿਚ ਹਾਕਮ ਨੇ ਅੱਧਾ ਕੁ ਘੰਟਾ ਲਾਇਆ । ਇਹ ਅੱਧਾ ਘੰਟਾ ਬਿਤਾਣਾ ਦਰਸ਼ਕਾਂ ਲਈ ਚਹੁੰ ਘੰਟਿਆਂ ਜਿੰਨਾਂ ਹੋ ਗਿਆ । ਹਰ ਇਕ ਦੀ ਨਜ਼ਰ ਲਿਖੀਂਦੇ ਜਾ ਰਹੇ ਕਾਗਜ਼ਾਂ ਵੱਲ ਸੀ, ਤੇ ਕੰਨ ਕੁਝ ਸੁਨਣ ਲਈ ਉਤਾਵਲੇ ਹੋ ਰਹੇ ਸਨ।

ਅੰਤ ਹਾਕਮ ਨੇ ਕਲਮ ਹੱਥੋਂ ਰੱਖ ਦਿੱਤੀ ਤੇ ਲਿਖੇ ਹੋਏ ਕਾਗ਼ਜ਼ਾਂ ਨੂੰ ਸੱਜੇ ਹੱਥ ਨਾਲ ਚੁੱਕਿਆ।

ਲੋਕੀਂ ਸਿਰ ਅਗਾਂਹ ਕਰਕੇ ਸੁਣਨ ਦੀ ਉਡੀਕ ਕਰਨ ਲੱਗੇ। ਇਥੋਂ ਤੱਕ ਕਿ ਕਈਆਂ ਨੇ ਸਾਹ ਵੀ ਇਸੇ ਕਰ ਕੇ ਰੋਕ ਲਿਆ ਜੁ ਮਤਾਂ ਆਵਾਜ਼ ਸੁਣਨ ਵਿਚ ਵਿਘਨਕਾਰੀ ਹੋਵੇ।

ਖ਼ਾਸ ਕਰ ਕੇ ਦੋਂਹ ਆਦਮੀਆਂ ਦੀ ਥਾਂ ਰੋਕੀ ਬੈਠਾ ਇਕ ਭਗਵੇਂ-ਪੋਸ਼ ਮਹਾਤਮਾ ਤਾਂ ਉਠ ਕੇ ਖੜੋ ਹੀ ਗਿਆ। ਦਰਸ਼ਕਾਂ ਵਿਚ ਮਾਨਯੋਗ ਸਰਦਾਰ ਉਤਮ ਸਿੰਘ ਜੀ ਐਡੀਟਰ 'ਨਿਧੜਕ' ਵੀ ਮੌਜੂਦ ਸਨ ਤੇ ਉਨ੍ਹਾਂ ਦੇ ਸੱਜੇ ਪਾਸੇ ਸਰਦਾਰ ਮਾਹਣਾ ਸਿੰਘ ਵੀ।

ਹਾਕਮ ਨੇ ਆਪਣਾ ਹੁਕਮ ਸੁਣਾਣਾ ਸ਼ੁਰੂ ਕੀਤਾ । ਇਸ ਭਾਵ ਦਾ ਇਹ ਸੀ—

"ਮੁਸੰਮਾਤ ਸਰਲਾ ਦੇਵੀ ਜ਼ੌਜ਼ਾ ਸਰਦਾਰ ਤਰਲੋਕ ਸਿੰਘ ਮਕਤੂਲ, ਜਿਸ ਦਾ ਮੁਕੱਦਮਾ ਦਫ਼ਾ ੩੦੨ ਹੇਠ ਇਸ ਸੈਸ਼ਨ ਅਦਾਲਤ ਦੇ ਸੁਪਰਦ ਹੋਇਆ ਹੈ । ਉਸ ਬਾਰੇ ਪੁਲਿਸ ਦੀ ਰੀਪੋਟਰ ਤੇ ਮਾਤਹਿਤ ਅਦਾਲਤ ਦੀ ਕੁਲ ਕਾਰਵਾਈ ਸਣੇ ਮਿਸਲ ਦੇ ਬੜੇ ਧਿਆਨ ਨਾਲ ਵੇਖੀ ਤੇ ਵਿਚਾਰੀ ਗਈ ।

ਪੁਲੀਸ ਦਾ ਬਿਆਨ—ਕਿ ਸਰਲਾ ਨੇ ਆਪਣੇ ਖ਼ਾਵੰਦ ਸਰਦਾਰ ਤਰਲੋਕ ਸਿੰਘ ਦਾ ਖ਼ੂਨ ਕੀਤਾ ਹੈ—ਮਾਤਹਿਤ ਅਦਾਲਤ ਵਿਚ ਸਾਬਤ ਹੋ ਚੁੱਕਾ ਹੈ। ਇਸ ਬਾਰੇ ਮੁਕੱਦਮੇ ਦੇ ਦੌਰਾਨ ਵਿਚ ਭਾਵੇਂ ਸਰਲਾ, ਸਹੀ ਬਿਆਨ ਦੇਣ ਤੋਂ ਇਨਕਾਰੀ ਰਹੀ ਹੈ ਤੇ ਆਪਣੇ ਕੀਤੇ ਜੁਰਮ ਤੋਂ ਮੁੱਕਰੀ ਜਾ ਰਹੀ ਹੈ, ਪਰ ਇਸਤਗ਼ਾਸਾ ਅਤੇ ਮਾਤਹਿਤ ਅਦਾਲਤ ਦੀ ਕਾਰਵਾਈ ਸਾਬਤ ਕਰਦੀ ਹੈ ਕਿ ਖ਼ੂਨ ਸਰਲਾ ਨੇ ਹੀ ਕੀਤਾ ਹੈ । ਭਾਵੇਂ ਇਸ ਦੀ ਪੁਸ਼ਟੀ ਲਈ ਇਸਤਗ਼ਾਸੇ ਦੀਆਂ ਗਵਾਹੀਆਂ ਹੀ ਕਾਫ਼ੀ ਸਮਝੀਆਂ ਜਾਂਦੀਆਂ ਹਨ, ਪਰ ਸਰਲਾ ਦੇ ਕਿਸੇ ਪ੍ਰੇਮੀ ਵਲੋਂ ਆਈ ਹੋਈ ਇਕ ਚਿੱਠੀ ਤੇ ਜ਼ਹਿਰ ਦੀ ਇਕ ਸ਼ੀਸ਼ੀ—ਜੋ ਮਕਤੂਲ ਦੇ ਕਮਰੇ 'ਚੋਂ ਬਰਾਮਦ ਹੋਈਆਂ—ਇਤਨੀਆਂ ਜ਼ਬਰਦਸਤ ਨਜ਼ੀਰਾਂ ਹਨ ਕਿ ਜਿਨ੍ਹਾਂ ਨੇ ਸਾਨੂੰ ਇਸ ਦੇ ਖ਼ੂਨੀ ਹੋਣ ਵਿਚ ਰਤਾ ਜਿੰਨਾਂ ਸ਼ੱਕ ਬਾਕੀ ਨਹੀਂ ਰਹਿਣ ਦਿੱਤਾ।

"ਇਸ ਤੋਂ ਵੱਡੀ ਗੱਲ ਇਹ ਕਿ ਸਰਲਾ ਦੇਵੀ ਦੇ ਹੱਕ ਵਿਚ ਕਿਸੇ ਵੀ ਸਫ਼ਾਈ ਦੇਣੀ ਮੁਨਾਸਬ ਨਹੀਂ ਸਮਝੀ, ਹਾਲਾਂਕਿ ਮਾਤਹਿਤ ਅਦਾਲਤ ਵਲੋਂ ਇਸ ਲਈ ਪੂਰਾ ਮੌਕਾ ਦਿੱਤਾ ਗਿਆ ।

"ਇਸ ਸਾਰੀ ਵਿਚਾਰ ਤੋਂ ਬਾਅਦ ਮੈਂ ਆਪਣੇ ਮਾਨਯੋਗ ਅਸੈਸਰਾਂ ਦੀ ਮੁਤਫ਼ਿੱਕਾ ਰਾਇ ਸਮੇਤ ਇਸ ਨਤੀਜੇ ਤੇ ਪੁੱਜਾ ਹਾਂ ਕਿ ਸਰਲਾ, ਬਿਨਾਂ ਸ਼ੱਕ ਆਪਣੇ ਖਾਵੰਦ ਦੀ ਕਾਤਲ ਹੈ ਜਿਸ ਲਈ ਤਾਜ਼ੀਰਾਤ ਹਿੰਦ ਦੀ ਦਫ਼ਾ ੩੦੨ ਦੇ ਅਨੁਸਾਰ ਮੁਸੰਮਾਤ ਸਰਲਾ ਦੇਵੀ ਮੁਜਰਮ ਕਰਾਰ ਦੇ ਕੇ ਉਸ ਨੂੰ....."

"ਠਹਿਰ ਜਾਓ, ਇਕ ਮਿੰਟ ਲਈ ਠਹਿਰੋ!"

ਅਚਾਨਕ ਹੀ ਬੂਹੇ ਨੂੰ ਧੁਸ ਦੇ ਕੇ ਅੰਦਰ ਆਉਂਦਿਆਂ ਹੋਇਆਂ ਕਿਸੇ ਨੇ ਬੱਦਲ ਵਾਂਗ ਗੱਜ ਕੇ ਉਪਰੋਕਤ ਵਾਕ ਕਿਹਾ । ਸਿਪਾਹੀ ਬਾਹਾਂ ਚੁੱਕਦੇ ਹੀ ਰਹਿ ਗਏ, ਪਰ ਆਉਣ ਵਾਲਾ ਦਗੜ ਦਗੜ ਕਰਦਾ ਅਦਾਲਤ ਦੀ ਉੱਚੀ ਮੇਜ਼ ਕੋਲ ਜਾ ਪਹੁੰਚਾ।

ਹਾਕਮ ਦਾ ਛੇਕੜਲਾ ਸ਼ਬਦ ਉਸ ਦੇ ਮੂੰਹ ਵਿਚ ਹੀ ਰਹਿ ਗਿਆ ਤੇ ਉਹ ਹੈਰਾਨੀ ਤੇ ਗੁੱਸੇ ਨਾਲ ਆਉਣ ਵਾਲੇ ਵੱਲ ਘੂਰਨ ਲੱਗਾ । ਇੰਨੇ ਨੂੰ ਸਿਪਾਹੀ ਨੇ ਇਸ ਪਾਗ਼ਲ ਨੂੰ ਅਦਾਲਤ ਦੇ ਕੰਮ ਵਿਚ ਵਿਘਨ ਪਾਂਦਾ ਵੇਖ ਕੇ ਬਾਹੋਂ ਆ ਫੜਿਆ ।

ਸਿਪਾਹੀ ਉਸ ਨੂੰ ਖਿੱਚ ਰਿਹਾ ਸੀ, ਪਰ ਉਸ ਨੇ ਬਦੋਬਦੀ ਅਦਾਲਤ ਵੱਲ ਲਪਕਦਿਆਂ ਹੋਇਆਂ ਹਾਕਮ ਨੂੰ ਕਿਹਾ—

"ਹਜ਼ੂਰ ! ਮੈਂ ਪਾਗ਼ਲ ਨਹੀਂ ਹਾਂ, ਇਸ ਮੁਕੱਦਮੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਮੇਰੇ ਪਾਸ ਇਕ ਬੜਾ ਭਾਰੀ ਰਾਜ਼ ਹੈ ਇਸ ਦੇ ਮੁਤਅੱਲਕ। ਮੈਨੂੰ ਸਿਰਫ਼ ਇਕ ਦੋ ਮਿੰਟਾਂ ਲਈ ਬੋਲਣ ਦੀ ਇਜਾਜ਼ਤ ਦਿੱਤੀ ਜਾਵੇ। ਨਾਲੇ ਮੈਨੂੰ ਇਸ ਦਾ ਹੱਕ ਵੀ ਹਾਸਲ ਹੈ, ਕਿਉਂਕਿ ਮੈਂ ਇਸ ਮੁਕੱਦਮੇ ਵਿਚ ਸਫ਼ਾਈ

ਲਈ ਤਲਬ ਕੀਤਾ ਗਿਆ ਸਾਂ, ਭਾਵੇਂ ਕਿ ਮੈਂ ਵਕਤ ਸਿਰ ਹਾਜ਼ਰ ਨਹੀਂ ਸਾਂ ਹੋ ਸਕਿਆ।"

ਇਸ ਮਨੁੱਖ ਦੀਆਂ ਲੱਤਾਂ ਦਾ ਕੰਬਣਾ, ਰੁਕ ਰੁਕ ਕੇ ਗੱਲਾਂ ਕਰਨਾ ਤੇ ਉੱਚੀ-ਉੱਚੀ ਸਾਹ ਲੈਣੇ ਪਾਗ਼ਲਪਣੇ ਦੀਆਂ ਪ੍ਰਤੱਖ ਨਿਸ਼ਾਨੀਆਂ ਸਨ, ਪਰ ਉਸ ਦੇ ਚੇਹਰੇ ਉਤੇ ਦ੍ਰਿੜ੍ਹਤਾ ਦੇ ਭਾਵ ਵੇਖ ਕੇ, ਤੇ ਉਸ ਦੇ ਹੱਥ ਵਿਚ ਕੁਝ ਵੇਖ ਕੇ ਸਰਕਾਰੀ ਵਕੀਲ ਨੇ ਹਾਕਮ ਨੂੰ ਕਹਿ ਕੇ ਉਸ ਨੂੰ ਸਿਪਾਹੀ ਤੋਂ ਛੁੜਾ ਹੀ ਦਿੱਤਾ।

ਉਸ ਨੂੰ ਬੋਲਣ ਦੀ ਆਗਿਆ ਮਿਲ ਗਈ। ਸਰਲਾ, ਜਿਹੜੀ ਹੁਣ ਤੱਕ ਬੇ-ਪਰਵਾਹੀ ਨਾਲ ਖੜੀ ਸੀ, ਏਧਰ ਤੱਕੀ। ਜਗਤ ਸਿੰਘ ਨੂੰ ਅੱਜ ਦੋਂਹ ਮਹੀਨਿਆਂ ਪਿੱਛੋਂ ਅਚਾਨਕ ਹੀ ਇਥੇ ਵੇਖ ਕੇ ਉਸ ਨੇ ਸਾਰਾ ਧਿਆਨ ਉਸੇ ਵੱਲ ਮੋੜ ਲਿਆ।

ਦਰਸ਼ਕਾਂ ਨੇ ਵੀ ਜਗਤ ਸਿੰਘ ਨੂੰ ਸਦਾ ਤੋਂ ਉਲਟ, ਬਿਲਕੁਲ ਵਿਲੱਖਣ ਹਾਲਤ ਵਿਚ ਡਿੱਠਾ। ਹੁਣ ਤੱਕ ਸਾਰਿਆਂ ਦਾ ਇਹੋ ਖ਼ਿਆਲ ਸੀ ਕਿ ਜਗਤ ਸਿੰਘ ਆਪਣੇ ਮਾਲਕ ਦੀ ਮੌਤ ਤੋਂ ਬਾਅਦ ਇਸ ਸਦਮੇ ਨੂੰ ਨਾ ਸਹਾਰ ਕੇ ਕਿਤੇ ਚਲਾ ਗਿਆ ਸੀ। ਪਰ ਅੱਜ ਅਚਾਨਕ ਤੇ ਉਹ ਵੀ ਇਸ ਅਜੀਬ ਹਾਲਤ ਵਿਚ ਉਸ ਨੂੰ ਵੇਖ ਕੇ ਸਭਨਾਂ ਦੀ ਤਵੱਜੋ ਸਰਲਾ ਦੇ ਫ਼ੈਸਲੇ ਵਲੋਂ ਹੱਟ ਕੇ ਇਸ ਵੱਲ ਖਿੱਚੀ ਗਈ।

ਜਗਤ ਸਿੰਘ ਨੇ ਕਹਿਣਾ ਸ਼ੁਰੂ ਕੀਤਾ—

"ਬੀਬੀ ਸਰਲਾ ਦੇਵੀ ਦਾ ਇਸ ਖ਼ੂਨ ਵਿਚ ਜ਼ਰਾ ਵੀ ਹੱਥ ਨਹੀਂ, ਸਰਦਾਰ ਤਰਲੋਕ ਸਿੰਘ ਦਾ ਕਾਤਲ ਮੈਂ ਹਾਂ ਤੇ ਜਾਂ ਉਹ ਖ਼ੁਦ ਸੀ....."

ਹੱਕੇ ਬੱਕੇ ਹੋ ਕੇ ਸਾਰੇ ਦਰਸ਼ਕ, ਵਕੀਲ, ਅਸੈਸਰ ਤੇ ਖ਼ੁਦ ਜੱਜ ਸਾਹਿਬ ਵੀ ਜਗਤ ਸਿੰਘ ਦੇ ਮੂੰਹ ਵੱਲ ਤੱਕਣ ਲੱਗ ਪਏ।

ਇਸ ਤੋਂ ਬਾਅਦ ਜਗਤ ਸਿੰਘ ਨੇ ਆਦਿ ਤੋਂ ਅੰਤ ਤੱਕ ਕੁੱਲ ਬ੍ਰਿਤਾਂਤ ਸੁਣਾਇਆ ਕਿ ਸਰਲਾ ਨੂੰ ਆਪਣੇ ਪ੍ਰੇਮ-ਜਾਲ ਵਿਚ ਫਾਹੁਣ ਲਈ ਉਸ ਨੇ ਕੀ ਕੀ ਜਤਨ ਕੀਤੇ। ਅਖ਼ੀਰ ਕਿਸ ਤਰ੍ਹਾਂ ਬਣਾਉਟੀ ਚਿੱਠੀ ਤਿਆਰ ਕਰ ਕੇ ਜ਼ਹਿਰ ਦੀ ਸ਼ੀਸ਼ੀ ਲਿਆ ਕੇ ਉਨ੍ਹਾਂ ਦੇ ਨੌਕਰ ਬੁੱਧੂ ਨੂੰ ਸਿਖਾ ਪੜ੍ਹਾ ਕੇ ਉਸ ਤੋਂ ਦੋਵੇਂ ਚੀਜ਼ਾਂ ਸਰਲਾ ਦੇ ਕਮਰੇ ਵਿਚ ਰਖਾਈਆਂ। ਓਧਰੋਂ ਤਰਲੋਕ ਸਿੰਘ ਨੂੰ ਜਾ ਭਖਾਇਆ ਕਿ ਸਰਲਾ ਉਸ ਨੂੰ ਜ਼ਹਿਰ ਦੇ ਕੇ ਕਿਸੇ ਨਾਲ ਨਿਕਲ ਜਾਣਾ ਚਾਹੁੰਦੀ ਹੈ।

ਫਿਰ ਉਸ ਨੇ ਸਰਦਾਰ ਦੀ ਮੌਤ ਦਾ ਹਾਲ ਦਸਦਿਆਂ ਹੋਇਆਂ ਕਿਹਾ ਕਿ ਓਸੇ ਰਾਤ ਸਰਦਾਰ ਉਸ ਦੇ ਮਕਾਨ ਤੇ ਆਇਆ ਤੇ ਕਿਹਾ ਕਿ ਉਸ ਨੇ ਸਰਲਾ ਦਾ ਖ਼ੂਨ ਕਰ ਦਿੱਤਾ ਹੈ। ਪਰ ਅਸਲ ਵਿਚ ਸਰਲਾ ਦੇਵੀ ਮੋਈ ਨਹੀਂ ਸੀ। ਗੱਲ ਇਹ ਸੀ ਕਿ ਸਰਦਾਰ ਨੇ ਸਰਲਾ ਨੂੰ ਮਾਰਦਿਆਂ ਮਾਰਦਿਆਂ ਅਖ਼ੀਰ ਗੁੱਸੇ ਨਾਲ ਕੁਰਸੀ ਚੁੱਕ ਕੇ ਉਸ ਨੂੰ ਮਾਰੀ ਸੀ, ਜੋ ਪਾਵੇ ਨਾਲ ਵੱਜ ਕੇ ਟੁੱਟ ਗਈ ਸੀ, ਪਰ ਨਸ਼ੇ ਵਿਚ ਸਰਦਾਰ ਨੂੰ ਇਹੋ ਪਤਾ ਲੱਗਾ ਕਿ ਉਹ ਸਰਲਾ ਦੇ ਸਿਰ ਵਿਚ ਵੱਜੀ ਹੈ। ਅਲਬੱਤਾ ਸਰਲਾ ਨੂੰ ਥੋੜ੍ਹੇ ਬਹੁਤ ਜ਼ਖ਼ਮ ਜ਼ਰੂਰ ਆਏ ਸਨ। ਇਸ ਤੋਂ ਘਾਬਰ ਕੇ ਉਹ ਮੇਰੇ ਵੱਲ ਨੱਸਿਆ ਸੀ ਤੇ ਮੈਂ ਸਮਝਾ ਬੁਝਾ ਕੇ ਉਸ ਨੂੰ ਫੇਰ ਘਰ ਭੇਜਿਆ। ਸਰਲਾ ਦੇਵੀ ਉਸ ਦੀ ਮਾਰ ਨਾਲ ਬੇਹੋਸ਼ ਪਈ ਰਹੀ, ਪਰ ਸਰਦਾਰ ਨੂੰ ਪੂਰਾ ਯਕੀਨ ਸੀ ਕਿ ਇਹ ਮਰ ਚੁੱਕੀ ਹੈ, ਜਿਸ ਕਰ ਕੇ ਨਮੋਸ਼ੀ ਤੇ ਫ਼ਾਂਸੀ ਦੇ ਡਰ ਤੋਂ ਉਸਨੇ ਉਹ ਸ਼ੀਸ਼ੀ ਵਾਲਾ ਜ਼ਹਿਰ ਆਪ ਪੀ ਲਿਆ ਤੇ ਇਸ ਤਰ੍ਹਾਂ ਉਸ ਦੀ ਮੌਤ ਹੋਈ।

ਇਸ ਤੋਂ ਬਾਅਦ ਜਗਤ ਸਿੰਘ ਨੇ ਸਰਦਾਰ ਤਰਲੋਕ ਸਿੰਘ ਦੀਂ ਪਹਿਲੀ ਵਹੁਟੀ ਕਰਤਾਰ ਕੌਰ ਦੀ ਮੌਤ ਦਾ ਜ਼ਿਕਰ ਵੀ ਕੀਤਾ ਤੇ ਦੱਸਿਆ ਕਿ ਉਸ ਖ਼ਾਤਰ ਵੀ ਉਸ ਨੇ ਸਰਦਾਰ ਨੂੰ ਜ਼ਹਿਰ ਲਿਆ ਕੇ ਦਿੱਤੀ ਸੀ।

ਉਸ ਨੇ ਇਹ ਦੱਸਿਆ ਕਿ ਆਪਣੇ ਸਰਦਾਰ ਦੇ ਹੁਕਮ ਅਨੁਸਾਰ ਉਸ ਕਈ ਵਾਰੀ ਜ਼ਹਿਰ ਖ਼ਰੀਦ ਚੁੱਕਾ ਹੈ, ਜਿਸ ਦਾ ਫਲ ਰੂਪ ਕਈ ਖ਼ੂਨ ਉਸ ਦੇ ਹੱਥੋਂ ਹੋ ਚੁੱਕੇ ਹਨ। ਇਹ ਜ਼ਹਿਰ ਕਿੱਥੋਂ ਖ਼ਰੀਦੀ ਜਾਂਦੀ ਸੀ? ਇਸ ਦੇ ਸਬੂਤ ਲਈ ਉਸ ਨੇ ਕੁਝ ਕਾਗ਼ਜ਼ ਪੇਸ਼ ਕੀਤੇ, ਜੋ ਡਾਕਟਰ ਮਾਹਣਾ ਸਿੰਘ ਦੇ ਹੱਥਾਂ ਦੇ ਲਿਖੇ ਹੋਏ ਸਨ।

ਇਸ ਤੋਂ ਬਾਅਦ ਉਸਨੇ ਸਾਫ਼ ਦੱਸਿਆ ਕਿ ਉਸਦੇ ਇਨ੍ਹਾਂ ਪਾਪ ਕਰਮਾਂ ਵਿਚ ਦੋ ਆਦਮੀ ਸਦਾ ਤੋਂ ਕਿਸੇ ਨਾ ਕਿਸੇ ਸ਼ਕਲ ਵਿਚ ਭਾਈਵਾਲ ਰਹੇ ਸਨ—ਇਕ ਡਾਕਟਰ ਮਾਹਣਾ ਸਿੰਘ, ਤੇ ਦੂਸਰਾ ਅੰਮ੍ਰਿਤਸਰ ਦਾ ਮਾਹਤਮਾ।

ਇਹ ਦੋਵੇਂ ਮਹਾਂ ਪੁਰਸ਼, ਦਰਸ਼ਕਾਂ ਵਿਚ ਇਸ ਵੇਲੇ ਮੌਜੂਦ ਸਨ। ਆਪਣੀ ਬਾਬਤ ਜਗਤ ਸਿੰਘ ਦਾ ਇਹ ਬਿਆਨ ਸੁਣਦਿਆਂ ਤੇ ਆਪਣੇ ਵੱਲ ਉਸ ਦਾ ਇਸ਼ਾਰਾ ਹੁੰਦਿਆਂ ਹੀ ਕੰਬਣ ਲੱਗ ਪਏ।

ਫਿਰ ਜਗਤ ਸਿੰਘ ਨੇ ਉਹ ਸਾਰੀਆਂ ਚਿੱਠੀਆਂ ਕੱਢ ਕੇ ਅਦਾਲਤ ਅੱਗੇ ਰੱਖੀਆਂ, ਜੋ ਅੰਮ੍ਰਿਤਸਰੀ ਮਹਾਤਮਾ ਵਲੋਂ ਉਸ ਨੂੰ ਆਉਂਦੀਆਂ ਰਹੀਆਂ ਸਨ। ਇਹ ਚਿੱਠੀਆਂ ਨਾ ਕੇਵਲ ਸਰਲਾ ਬਾਰੇ ਹੀ ਸਨ, ਸਗੋਂ ਹੋਰ ਵੀ ਬਹੁਤ

ਸਾਰੀਆਂ ਸਨ, ਜਿਨ੍ਹਾਂ ਤੋਂ ਦੁਹਾਂ ਤੇ ਨਾਲ ਹੀ ਡਾਕਟਰ ਮਾਹਣਾ ਸਿੰਘ ਦੇ ਵੀ ਬੜੇ ਬੜੇ ਸੰਗੀਨ ਜੁਰਮਾਂ ਤੇ ਚਾਨਣਾ ਪੈਂਦਾ ਸੀ । ਕਈ ਤਰ੍ਹਾਂ ਦੀਆਂ ਜ਼ਹਿਰਾਂ, ਹਮਲ ਗਿਰਾਣ ਦੀਆਂ, ਤੇ ਬੇ-ਹੋਸ਼ੀ ਆਦਿ ਦੀਆਂ ਦਵਾਈਆਂ ਦਾ ਇਨ੍ਹਾਂ ਵਿਚ ਜ਼ਿਕਰ ਸੀ, ਜੋ ਲਗਪਗ ਸਾਰੀਆਂ ਹੀ ਡਾਕਟਰ ਮਾਹਣਾ ਸਿੰਘ ਨਾਲ ਸੰਬੰਧ ਰੱਖਦੀਆਂ ਸਨ।

ਹੁਣ ਤੱਕ ਉਹ ਕਿਥੇ ਰਿਹਾ ? ਇਸ ਬਾਰੇ ਉਸ ਨੇ ਇਤਨ਼ਾ ਹੀ ਦੱਸਿਆ ਕਿ ਮੈਂ ਆਪਣੀ ਜਾਨ ਬਚਾਣ ਲਈ ਹੀ ਅੱਜ ਤੱਕ ਲੁਕਿਆ ਫਿਰਿਆ, ਪਰ ਇਸ ਦੇਵੀ ਨਾਲ ਕੀਤੀ ਗ਼ਦਾਰੀ ਨੇ ਮੈਨੂੰ ਕਿਤੇ ਵੀ ਟਿਕਣ ਨਾ ਦਿੱਤਾ, ਆਪਣੀ ਕਿਸੇ ਗੁੱਝੀ ਤਾਕਤ ਨਾਲ ਇਸ ਨੇ ਮੈਨੂੰ ਬਦੋ ਬਦੀ ਖਿੱਚ ਲਿਆਂਦਾ—ਮੇਰੀ ਮਰਜ਼ੀ ਤੋਂ ਬਿਨਾਂ ਹੀ।

ਇਸ ਤੋਂ ਪਿਛੋਂ ਜਗਤ ਸਿੰਘ ਨੇ ਇਕ ਸ਼ੀਸ਼ੀ ਕੱਢੀ, ਜਿਸ ਉਤੇ ਡਾਕਟਰ ਮਾਹਣਾ ਸਿੰਘ ਦੀ ਦੁਕਾਨ ਦਾ ਲੇਬਲ ਸੀ।

ਉਸ ਨੇ ਦਸਿਆ ਕਿ ਇਹ ਅੱਜ ਵੱਡੇ ਵੇਲੇ ਹੀ ਮੈਂ (ਡਾਕਟਰ ਵੱਲ ਉਂਗਲ ਕਰ ਕੇ) ਇਨ੍ਹਾਂ ਪਾਸੋਂ ਪ੍ਰਾਪਤ ਕੀਤੀ ਹੈ । ਸੋ ਮੈਂ ਚਾਹੁੰਦਾ ਹਾਂ ਡਾਕਟਰ ਤੇ ਮਹਾਤਮਾ ਇਹ ਦੋਵੇਂ ਮਹਾਂਪੁਰਸ਼ ਜਦ ਕਿ ਚਿਰਾਂ ਤੋਂ ਹਰ ਕੰਮ ਵਿਚ ਮੇਰੇ ਸਾਥੀ ਰਹੇ ਹਨ, ਹੁਣ ਵੀ ਪਿਛੇ ਨਾ ਰਹਿਣ—ਨਾ ਹੀ ਹੋਰ ਕਿਸੇ ਬੇ ਦੋਸ਼ੇ ਦੇ ਲਹੂ ਨਾਲ ਹੱਥ ਰੰਗਣ, ਇਸ ਲਈ ਮੈਂ ਦੁਹਾਂ ਦੇ ਜੁਰਮਾਂ ਬਾਰੇ ਕੁਝ ਸਬੂਤ ਅਦਾਲਤ ਅਗੇ ਪੇਸ਼ ਕੀਤੇ ਹਨ, ਇਨ੍ਹਾਂ ਨਾਲ ਮੇਰਾ ਕਿਸੇ ਕਿਸਮ ਦਾ ਵੈਰ ਵਿਰੋਧ ਕੋਈ ਨਹੀਂ ਸੀ।

ਇਹ ਸ਼ੀਸ਼ੀ ਮੈਂ ਕਿਸ ਲਈ ਖ਼ਰੀਦੀ ਹੈ ? ਇਸ ਦਾ ਅਦਾਲਤ ਨੂੰ ਹੁਣੇ ਪਤਾ ਲੱਗ ਜਾਵੇਗਾ...." ਕਹਿੰਦਿਆਂ ਕਹਿੰਦਿਆਂ ਉਸ ਨੇ ਝੱਟ ਪੱਟ ਕਾਕ ਖੋਲ੍ਹ ਕੇ—ਇਸ ਤੋਂ ਪਹਿਲਾਂ ਹੀ ਕਿ ਕੋਈ ਉਸ ਨੂੰ ਫੜਦਾ—ਸ਼ੀਸ਼ੀ ਮੂੰਹ ਨੂੰ ਲਾਈ ਤੇ ਸਾਰਿਆਂ ਦੇ ਵੇਖਦਿਆਂ ਵੇਖਦਿਆਂ ਗਟ ਗਟ ਕਰ ਕੇ ਸਾਰੀ ਪੀ ਗਿਆ ।

ਅਦਾਲਤ ਵਿਚ ਹਫੜਾ ਦਫੜੀ ਮਚ ਗਈ । ਫੜੋ, ਰੋਕੋ, ਜਲਦੀ ਕਰੋ, ਡਾਕਟਰ ਬੁਲਾਓ, ਹਸਪਤਾਲ ਲੈ ਜਾਓ, ਅਵਾਜ਼ਾਂ ਨੇ ਛੱਤ ਸਿਰ ਤੇ ਚੁੱਕ ਲਈ। ਅਸੈਸਰਾਂ ਤੇ ਵਕੀਲਾਂ ਸਣੇ ਹਾਕਮ ਉਠ ਕੇ ਖੜੋ ਗਿਆ। ਜਗਤ ਸਿੰਘ ਦੇ ਦੁਆਲੇ ਭੀੜ ਲੱਗ ਗਈ।

ਹਾਕਮ ਨੇ ਇਕ ਸਿਪਾਹੀ ਨੂੰ ਟਾਂਗਾ ਲਿਆਉਣ ਲਈ ਕਿਹਾ, ਤਾਂ ਜੁ ਇਸ ਨੂੰ ਹਸਪਤਾਲ ਪਹੁੰਚਾਇਆ ਜਾਵੇ । ਸਿਪਾਹੀ ਝੱਟ ਪੱਟ ਦੌੜ ਗਿਆ।

ਇਸ ਰੌਲੇ ਗੌਲੇ ਤੋਂ ਲਾਭ ਉਠਾ ਕੇ ਡਾਕਟਰ ਤੇ ਮਹਾਤਮਾ ਨੇ ਨਿਕਲ ਭਜਣ ਲਈ ਦਰਵਾਜ਼ੇ ਵੱਲ ਸਰਕਣਾ ਸ਼ੁਰੂ ਕੀਤਾ, ਪਰ ਹਾਕਮ ਦੀ ਨਿਗਾਹ ਬਰਾਬਰ ਉਨ੍ਹਾਂ ਉੱਤੇ ਸੀ । ਜਦ ਉਸ ਨੇ ਇਨ੍ਹਾਂ ਨੂੰ ਤਿਲਕਦਿਆਂ ਡਿੱਠਾ, ਤਾਂ ਝੱਟ ਸਿਪਾਹੀਆਂ ਨੂੰ ਅੱਖ ਦਾ ਇਸ਼ਾਰਾ ਕੀਤਾ।

ਦੂਜੇ ਪਲ ਹੀ ਇਹ ਦੋਵੇਂ ਭੱਦਰ਼ ਪੁਰਸ਼ ਹੱਥਕੜੀਆਂ ਸਣੇ ਇਕ ਪਾਸੇ ਖੜੇ ਕੰਬਦੇ ਦਿਖਾਈ ਦੇ ਰਹੇ ਸਨ।

"ਹਾਂ ਜਲਦੀ ਕਰੋ—ਝੱਟ ਪੱਟ ਹਸਪਤਾਲ ਪਹੁੰਚਾਓ" ਇਹ ਵਾਕ ਹਾਕਮ ਦੇ ਮੂੰਹ ਵਿਚ ਹੀ ਸੀ ਕਿ ਜਗਤ ਸਿੰਘ ਦੇ ਪੈਰ ਲੜਖੜਾਣ ਲੱਗ ਪਏ ਤੇ ਇਹੋ ਜਾਪਦਾ ਸੀ ਕਿ ਉਹ ਹੁਣੇ ਡਿਗਾ ਕਿ ਡਿਗਾ।

ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ ਕਿ ਜ਼ਹਿਰ ਇਤਨਾ ਖ਼ਤਰਨਾਕ ਹੈ।

ਜਗਤ ਸਿੰਘ ਨੇ ਹੱਥ ਵਾਲਾ ਕਾਗ਼ਜ਼ ਹਾਕਮ ਦੇ ਹੱਥ ਵਿਚ ਦੇ ਦਿੱਤਾ ਤੇ ਸਹਿਕਦਿਆਂ ਸਹਿਕਦਿਆਂ ਉਸ ਨੂੰ ਕਿਹਾ—"ਇਕ ਵਾਰੀ (ਸਰਲਾ ਵੱਲ ਇਸ਼ਾਰਾ ਕਰ ਕੇ) ਇਸ ਦੇਵੀ ਨੂੰ ਮੇਰੇ ਪਾਸ ਸੱਦੋ।"

ਇਹ ਕਾਗ਼ਜ਼ ਸੀ, ਜਗਤ ਸਿੰਘ ਦਾ ਵਸੀਅਤ ਨਾਮਾ, ਜਿਸ ਵਿਚ ਉਸ ਨੇ ਆਪਣੀ ਸਾਰੀ ਜਾਇਦਾਦ ਤੇ ਨਕਦੀ (ਜੋ ਪੰਦਰਾਂ ਕੁ ਹਜ਼ਾਰ ਦੀ ਸੀ) ਸਰਲਾ ਦੇ ਨਾਂ ਕੀਤੀ ਹੋਈ ਸੀ।

ਸਰਲਾ, ਹੁਣ ਤਕ ਇਹ ਸਭ ਵੇਖ ਸੁਣ ਰਹੀ ਸੀ। ਜਗਤ ਸਿੰਘ ਦਾ ਇਹ ਅੰਤ ਵੇਖ ਕੇ ਉਹ ਬਿਨਾਂ ਕਿਸੇ ਹੁਕਮ ਦੀ ਉਡੀਕ ਕੀਤਿਆਂ ਹੀ ਭੱਜ ਕੇ ਉਸ ਦੇ ਪਾਸ ਆ ਪਹੁੰਚੀ । ਜਗਤ ਸਿੰਘ ਬੁਰਜ ਵਾਂਗ ਉਸ ਦੇ ਪੈਰਾਂ ਤੇ ਡਿਗ ਪਿਆ । ਜ਼ਹਿਰ ਦਾ ਅਸਰ ਪਲ ਪਲ ਵੱਧ ਰਿਹਾ ਸੀ। ਉਸ ਦਾ ਰੰਗ ਨੀਲਾ ਹੁੰਦਾ ਜਾਂਦਾ ਸੀ ਤੇ ਹੋਸ਼ ਉੱਡਦੀ ਜਾ ਰਹੀ ਸੀ।

ਸਾਰਾ ਜ਼ੋਰ ਇੱਕਠਾ ਕਰ ਕੇ ਉਸ ਨੇ ਸਰਲਾ ਦੇ ਦੋਵੇਂ ਪੈਰ ਫੜ ਲਏ ਤੇ ਉਨ੍ਹਾਂ ਉੱਤੇ ਮੱਥੇ ਨੂੰ ਰਗੜਦਾ ਤੇ ਹਿਚਕੀਆਂ ਲੈਂਦਾ ਹੋਇਆ ਰੁਕਵੀਂ ਆਵਾਜ਼

ਵਿਚ ਕਹਿਣ ਲੱਗਾ—"ਦੇਵੀ ਖਿਮਾ...ਇਕ ਵਾ......ਇਕ ਵਾਰੀ ਕ...ਕਹੁ ਮੁਆ......ਆਫ ।

ਸਰਲਾ ਉਸ ਦੇ ਪਾਸ ਬੈਠ ਗਈ । ਉਸ ਦਾ ਸਿਰ ਆਪਣੇ ਪੈਰਾਂ ਤੋਂ ਚੁੱਕਦੀ ਹੋਈ ਬੋਲੀ—"ਵੀਰ ਜੀ, ਇਹ ਕੀ ਕੀਤਾ ਤੁਸਾਂ ?"

ਉਹ ਕਾਹਲੀ ਕਾਹਲੀ ਸਾਹ ਲੈਂਦਾ ਹੋਇਆ ਇਤਨਾ ਹੀ ਬੋਲ ਸਕਿਆ—

"ਮੇਰੀ ਭੈ...ਣ !....ਇ.....ਇਕ ਵਾ...ਕਹੋ....." ਹੋਰ ਕੁਝ ਕਹਿਣ ਲਈ ਉਸ ਨੇ ਬਰਾਬਰ ਮੂੰਹ ਹਿਲਾਇਆ—ਕੁਝ ਬੋਲਣ ਲਈ ਟਿਲ ਲਾਇਆ—ਆਪਣੀ ਵਲੋਂ ਕੁਝ ਕਿਹਾ ਵੀ, ਪਰ ਆਵਾਜ਼ ਨਾ ਨਿਕਲ ਸਕੀ।

"ਖਿਮਾ ਕੀਤਾ, ਵੀਰ । ਗੁਰੂ ਤੈਨੂੰ ਖ਼ਿਮਾ ਕਰੇ" ਸਰਲਾ ਨੇ ਉਸ ਨੂੰ ਕਿਹਾ।

ਟਾਂਗਾ ਬਾਹਰ ਖਲਵਾ ਕੇ ਸਿਪਾਹੀ ਅੰਦਰ ਆਇਆ । ਆਦਮੀਆਂ ਨੂੰ ਅਗੋਂ ਹਟਾ ਜਿਉਂ ਹੀ ਜਗਤ ਸਿੰਘ ਨੂੰ ਉਠਾਣ ਲੱਗਾ—ਇਕ ਦਮ ਪਿਛੇ ਹਟ ਗਿਆ। ਜਗਤ ਸਿੰਘ ਦਾ ਸਰੀਰ, ਤਖ਼ਤੇ ਵਾਂਗ ਆਕੜਿਆ ਪਿਆ ਸੀ।

ਸਰਲਾ ਦੀ ਗੱਲ ਸ਼ਾਇਦ ਜਗਤ ਸਿੰਘ ਨੇ ਨਹੀਂ—ਜਗਤ ਸਿੰਘ ਦੀ ਰੂਹ ਨੇ ਸੁਣੀ। ਉਸ ਦੇ ਚੇਹਰੇ ਤੇ ਇਕ ਰੁਕਮਾ ਜਿਹਾ ਆਇਆ, ਬੁਲ੍ਹ ਜ਼ਰਾ ਕੁ ਫਰਕੇ ਤੇ ਅੱਖਾਂ ਵਿਚ ਚਮਕ ਜਿਹੀ ਪੈਦਾ ਹੋਈ....ਹੁਣ ਉਸ ਦਾ ਪਿੰਜਰ ਰੂਹ ਤੋਂ ਖ਼ਾਲੀ ਸੀ।

ਸਰਲਾ ਨੇ ਫੇਰ ਧਿਆਨ ਨਾਲ ਉਸ ਵੱਲ ਤੱਕਿਆ ਤੇ ਉਸ ਦੇ ਮੂੰਹੋਂ ਇਕ ਆਵਾਜ਼ ਨਿਕਲੀ—

"ਹਾਏ ਵਿਚਾਰਾ !"

੩੬

ਸਬਜ਼ੇ ਨਾਲ ਲੱਦੀਆਂ ਪਹਾੜੀਆਂ ਵਿਚ ਘਿਰੀ ਹੋਈ ਇਹ ਛੋਟੀ ਜਿਹੀ ਘਾਟੀ ਕਿਤਨੀ ਦਿਲ ਲੁਭਾਉਣੀ ਹੈ । ਕਸ਼ਮੀਰੀ ਧਰਤੀ ਦੇ ਇਸ ਸੁਬਕ ਜਿਹੇ ਟੁਕੜੇ ਨੂੰ ਕੁਦਰਤ ਨੇ ਇੰਨਾ ਸੁਹੱਪਣ, ਇੰਨਾ ਨਖ਼ਰਾ ਦਿੱਤਾ ਹੈ, ਜੁ ਇਸ ਉਪਮਾ ਕਰਨ ਲੱਗੇ ਕਵੀਆਂ ਦੀ ਕਾਵਿ-ਸ਼ਕਤੀ ਦੀਵਾਨੀ ਹੋ ਕੇ ਨੱਚ ਉੱਠਦੀ ਹੈ, ਮਸਤੀ ਵਿਚ ਆ ਕੇ ਉਨ੍ਹਾਂ ਦੀ ਕਲਮ ਬਦੋ ਬਦੀ ਬੁੜ੍ਹਕਦੀ ਜਾਂਦੀ ਹੈ ਤੇ ਕਾਗ਼ਜ਼ਾਂ ਦੇ ਨਿਰਜੀਵ ਪੁਰਜ਼ੇ ਸਜੀਵ ਹੋ—ਉੱਠ ਉੱਠ ਕੇ—ਹੰਬਲੇ ਮਾਰ ਮਾਰ ਕੇ ਲਪਟਾਂ ਭਰੀ ਹਵਾ ਦੇ ਮਗਰ ਨੱਸ ਤੁਰਦੇ ਹਨ।

ਸ੍ਰੀ ਨਗਰ (ਕਸ਼ਮੀਰ) ਨੂੰ ਜੇ ਅਸੀਂ ਕੁਦਰਤ ਦਾ ਸੀਨਾ ਕਹੀਏ, ਤਾਂ 'ਪਹਿਲਗਾਮ' ਦੇ ਇਸ ਸੋਹਲ ਟੁਕੜੇ ਨੂੰ ਅਵੱਸ਼ ਹੀ ਕੁਦਰਤ ਦਾ ਦਿਲ ਕਹਿਣਾ ਬਣਦਾ ਹੈ ।

ਬਨਾਸਪਤੀ ਦੇ ਹਰੇ ਲਿਬਾਸ ਵਿਚ ਸੱਜ ਰਹੀਆਂ ਆਸ ਪਾਸ ਦੀਆਂ ਪਹਾੜੀਆਂ ਉਤੇ ਕਾਲੇ ਕਾਲੇ ਬੱਦਲ ਬ੍ਰਿਹੋਂ-ਕੁਠੇ ਪ੍ਰੇਮੀਆਂ ਵਾਂਗ ਮੰਡਲਾ ਰਹੇ ਹਨ । ਭਿੰਨੀ ਹਵਾ ਦੇ ਝੋਕੇ ਕਲੀਆਂ ਨੂੰ ਟਹਿਕਾਂਦੇ ਤੇ ਖਿੜੇ ਹੋਏ ਫੁੱਲਾਂ ਦੀਆਂ ਪੰਖੀਆਂ ਨੂੰ ਖਲੇਰਦੇ ਹੋਏ ਅਠਖੇਲੀਆਂ ਕਰਦੇ ਲੰਘ ਜਾਂਦੇ ਹਨ, ਪਰ ਵਿਯੋਗੀ ਦਿਲਾਂ ਦੇ ਭਰੇ ਹੋਏ ਨਾਸੂਰਾਂ ਲਈ ਇਹ ਝੋਕੇ, ਚੋਭਾਂ ਦਾ ਕੰਮ ਕਰਦੇ ਹਨ ।

ਪਿਛਲੀ ਪਹਾੜੀ ਦੀ ਇਕ ਉੱਚੀ ਟੀਸੀ ਉਤੇ ਜੰਮੀ ਹੋਈ ਬਰਫ਼, ਇਸ ਤਰ੍ਹਾਂ ਚਮਕ ਰਹੀ ਹੈ, ਮਾਨੋ ਕੁਦਰਤ ਰਾਣੀ ਦੇ ਸਿਰ ਤੇ ਹੀਰਿਆ ਦਾ ਤਾਜ ਝਿਲਮਿਲ ਝਿਲਮਿਲ ਕਰ ਰਿਹਾ ਹੈ।

ਹੇਠਲੀ ਵਾਦੀ ਵਿਚੋਂ ਖਹਿ ਕੇ ਲੰਘਦਾ ਹੋਇਆ ਲੁਧਰ ਦਾ ਬਰਫ਼ਾਨੀ ਨਾਲਾ ਵੱਡੇ ਵੱਡੇ ਪੱਥਰਾਂ ਨਾਲ ਟਕਰਾਂਦਾ ਤੇ ਉਥੱਲ ਪੁਥੱਲ ਹੁੰਦਾ ਹੋਇਆ

ਉੱਚੀ ਉੱਚੀ ਸ਼ੋਰ ਕਰਦਾ ਨੱਠਾ ਜਾ ਰਿਹਾ ਹੈ । ਸ਼ਾਇਦ ਇਸ ਲਈ ਕਿ ਉਚੇ ਮੰਡਲਾਂ ਵਿਚ ਰਾਜ ਕਰ ਰਹੀ ਉਸ ਦੀ ਨਾਇਕਾ (ਬਰਫ਼) ਨੇ ਉਸ ਨੂੰ ਆਪਣੇ ਤੋਂ ਨਖੇੜ ਕੇ ਹੇਠਾਂ ਸੁੱਟ ਦਿੱਤਾ ਹੈ ।

ਨਾਲੇ ਦੇ ਕੰਢੇ ਦੂਰ ਤੱਕ ਵਿਛਿਆ ਹੋਇਆ ਮਖ਼ਮਲ ਵਰਗੇ ਘਾਹ ਦਾ ਫ਼ਰਸ਼ ਇਸ ਧਰਤੀ ਦੇ ਸੁਹੱਪਣ ਨੂੰ ਹੋਰ ਵੀ ਫਬਾ ਰਿਹਾ ਹੈ । ਪੰਜਾਬ ਅਤੇ ਸੂਬਾ ਸਰਹੱਦ ਦੇ ਛੈਲ ਗਭਰੂਆਂ ਤੇ ਜੋਬਨ-ਮੁਗਧ ਮੁਟਿਆਰਾਂ ਦੇ ਪੈਰ, ਬੇਦਰਦੀ ਨਾਲ ਇਸ ਨੂੰ ਲਿਤਾੜਦੇ ਫਿਰਦੇ ਹਨ । ਪਰ ਕੁਦਰਤ ਦੇ ਕੋਮਲ ਨੈਣਾਂ ਦੀ ਰਮਜ਼ ਸਮਝਣ ਵਾਲਾ ਕਵੀ, ਇਸ ਆਪਣੇ ਦਿਲ ਨਾਲੋਂ ਵੀ ਕੂਲੇ ਘਾਹ ਨੂੰ ਲਿਤੜੀਂਦਾ ਵੇਖ ਕੇ ਕਿਵੇਂ ਜਰ ਸਕਦਾ ਹੈ । ਜੇ ਉਸ ਦਾ ਵੱਸ ਚਲੇ, ਤਾਂ ਉਹ ਸਾਰੇ ਲੋਕਾਂ ਨੂੰ ਹੁਕਮ ਦੇ ਦੇਵੇ, ਕਿ ਇਸ ਉੱਤੇ ਪੈਰਾਂ ਪਰਨੇ ਨਹੀਂ—ਦਿਲ ਪਰਨੇ ਹੋ ਕੇ ਤੁਰੋ।

ਨਾਲੇ ਤੋਂ ਖੱਬੇ ਪਾਸੇ ਵੱਲ ਇਕ ਜੰਗਲੀ ਫੁੱਲਾਂ ਨਾਲ ਲੱਦੀ ਹੋਈ ਉੱਚੀ ਢਲਵਾਨ ਹੈ। ਜਿਸ ਤੋਂ ਹੋਰ ਉਤਾਂਹ ਕਰਕੇ ਬੇਓੜਕ ਚੀਲ੍ਹਾਂ ਦੇ ਦਰੱਖ਼ਤ ਝੂਮ ਰਹੇ ਹਨ।

ਫੁੱਲਾਂ ਨਾਲ ਭਰੀਆਂ ਝਾੜੀਆਂ ਵਿਚੋਂ ਦੀ ਸਾੜ੍ਹੀਆਂ ਸਮੇਟ ਕੇ ਲੰਘਦੀਆਂ ਹੋਈਆਂ ਜਦ ਕੋਈ ਸੁਹੱਪਣ-ਪਾਰਖੂ ਮੁਟਿਆਰਾਂ ਇਸ ਚੜ੍ਹਾਈ ਉੱਤੇ ਚੜ੍ਹਦੀਆਂ ਹਨ ਤਾਂ ਉਪਰਲੀ ਸੁੰਦਰਤਾ ਬਦੋ-ਬਦੀ ਦਿਲਾਂ ਨੂੰ ਧੂਹ ਪਾ ਕੇ ਉਨ੍ਹਾਂ ਨੂੰ ਉਧਰ ਖਿਚ ਲੈ ਜਾਂਦੀ ਹੈ । ਲੱਤਾਂ ਥੱਕ ਜਾਂਦੀਆ ਹਨ, ਸਾਹ ਚੜ੍ਹ ਜਾਂਦਾ ਹੈ, ਚੇਹਰੇ ਲਾਲ ਹੋ ਜਾਂਦੇ ਹਨ ਤੇ ਚੀਲ੍ਹਾਂ ਵਿਚੋਂ ਛਣ ਕੇ ਆਈ ਹੋਈ ਸੂਰਜ ਦੀ ਇਕਾ ਦੁਕਾ ਕਿਰਨ, ਕਦੇ ਕਦੇ ਮਥੇ ਤੇ ਮੁੜ੍ਹਕੇ ਦੇ ਤੁਪਕੇ ਵੀ ਲੈ ਆਉਂਦੀ ਹੈ, ਪਰ ਕੀ ਕੁਦਰਤ ਦੇ ਇਸ ਜੋਬਨ-ਨਿਖਾਰ ਨੂੰ ਵੇਖਣ ਦਾ ਅਨੰਦ ਅਧੂਰਾ ਛੱਡ ਕੇ ਕਿਸੇ ਤੋਂ ਪਿਛਾਂਹ ਮੁੜਿਆ ਜਾ ਸਕਦਾ ਹੈ ?

ਜਿਉਂ ਜਿਉਂ ਉਤਾਂਹ ਚੜ੍ਹਦੇ ਜਾਓ, ਚੀਲ੍ਹਾਂ ਦਾ ਝੁਰਮੁਟ ਹੋਰ ਸੰਘਣਾ ਹੁੰਦਾ ਜਾਂਦਾ ਹੈ। ਅਖ਼ੀਰ ਇਹ ਚੜ੍ਹਾਈ ਮੁੱਕ ਜਾਂਦੀ ਹੈ ਤੇ ਇਸ ਤੋਂ ਅੱਗੇ ਇਕ ਬਹੁਤ ਮੋਕਲਾ ਮੈਦਾਨ ਨਜ਼ਰੀ ਆਉਂਦਾ ਹੈ । ਇਹ ਚੀਲ੍ਹਾਂ ਨਾਲ ਢੱਕਿਆ ਹੋਇਆ ਹੈ ਤੇ ਦਰੱਖ਼ਤਾਂ ਦੇ ਤਿਣਕੇ ਡਿਗ ਕੇ ਹੇਠਾਂ ਬੜੀ ਮੋਟੀ ਤਹਿ ਬੱਝ ਗਈ ਹੈ, ਜਿਸ ਕਰਕੇ ਥਾਂ ਡਾਢੀ ਪੋਲੀ ਤੇ ਗੁਦਗੁਦੀ ਬਣ ਗਈ ਹੈ—ਮਾਨੋ ਸਪ੍ਰਿੰਗਦਾਰ ਗੱਦੇ ਵਿਛੇ ਹੋਏ ਹਨ। ਇਸ ਥਾਵੇਂ ਬੂਟ ਜੁੱਤੀ ਪਾ ਕੇ ਤੁਰਨਾ ਰਤਾ ਔਖਾ ਕੰਮ ਹੈ—ਕੂਲੇ ਘਾਹ ਦੇ ਕਾਰਨ ਪੈਰ ਤਿਲਕ ਤਿਲਕ ਪੈਂਦੇ ਹਨ।

ਸਚ ਮੁੱਚ ਜੇ ਕਦੇ ਮਹਾਰਾਜ ਰਾਮ ਚੰਦਰ, ਆਪਣੇ ਬਨਵਾਸ ਦੇ ਦਿਨ, ਚਿਤ੍ਰਕੂਟ ਦੇ ਥਾਂ ਇਥੇ ਆ ਕੇ ਬਿਤਾਂਦੇ ਤਾਂ ਉਨ੍ਹਾਂ ਦਾ ਸਮਾਂ ਰਣਵਾਸ ਨਾਲੋਂ ਵੀ ਸੌਖਾ ਬੀਤਦਾ।

ਓਹਨੀਂ ਦਿਨੀਂ ਇਸ ਥਾਂ ਤੇ ਇਕ ਅਜਿਹੇ ਬਨਵਾਸੀ ਦਾ ਨਿਵਾਸ ਸੀ, ਜਿਹੜਾ ਪੰਜਾਬ ਦੇ ਕੇਂਦਰ ਵਿਚੋਂ ਇਥੇ ਆ ਕੇ ਆਪਣੇ ਦੁਖਾਂ ਤੇ ਮੁਸੀਬਤਾਂ ਮਾਰੇ ਜੀਵਨ ਨੂੰ ਬਚਾਣ ਦਾ ਵਿਅਰਥ ਜਤਨ ਕਰ ਰਿਹਾ ਸੀ।

ਇਸ ਪੱਧਰ ਤੇ ਪਹੁੰਚ ਕੇ ਦੂਰੋਂ ਹੀ ਇਕ ਮੈਲੇ ਜਿਹੇ ਤੰਬੂ ਦਾ ਝਾਉਲਾ ਪੈਂਦਾ ਹੈ । ਇਹ ਤੰਬੂ ਜੇ ਕਿਸੇ ਅਮੀਰ ਸੈਲਾਨੀ ਦਾ ਹੁੰਦਾ, ਤਾਂ ਵਸਤੀ ਦੇ ਲਾਗੇ ਹੋਣਾ ਚਾਹੀਦਾ ਸੀ । ਤਾਂ ਤੇ ਇਸ ਗ਼ਰੀਬ ਰੋਗੀ ਦਾ ਵੀ ਨਿਵਾਸ-ਸਥਾਨ ਸਮਝਣਾ ਚਾਹੀਦਾ ਹੈ।

ਕੁਝ ਤਾਂ ਸ਼ਾਮਾਂ ਪੈ ਚੁੱਕੀਆਂ ਹਨ ਤੇ ਕੁਝ ਸੰਘਣੇ ਦਰੱਖ਼ਤਾਂ ਦਾ ਝੁਰਮੱਟ, ਇਕ ਤਰ੍ਹਾਂ ਨਾਲ ਰਾਤ ਹੀ ਪੈ ਗਈ ਜਾਪਦੀ ਹੈ।

ਸਭ ਤੋਂ ਪਹਿਲਾਂ ਸਾਡੀ ਨਜ਼ਰ ਇਸ ਤੰਬੂ ਦੇ ਮੂੰਹ ਅੱਗੇ ਖੜੇ ਇਕ ਬਹੁਤ ਮੋਟੇ ਚੀਲ੍ਹ ਦੇ ਮੁੱਢ ਤੇ ਪੈਂਦੀ ਹੈ ਜਿਸ ਉਤੇ ਚਾਕੂ ਜਾਂ ਕਿਸੇ ਹੋਰ ਚੀਜ਼ ਨਾਲ ਖਰੋਚ ਕੇ ਮੋਟੇ ਮੋਟੇ ਅੱਖਰ ਉਕਰੇ ਹੋਏ ਹਨ—

"ਇਕਾਂਤ ਕੁਟੀਆ"

"ਮੋਹਨ"

ਅਗਲੇ ਪਾਸਿਉਂ ਤੰਬੂ ਬੰਦ ਹੋਣ ਕਰ ਕੇ ਇਕ ਪਾਸਿਉਂ ਇਹ ਖੁਲ੍ਹਦਾ ਹੈ । ਜਿਥੇ ਛੌਲਦਾਰੀ ਦਾ ਇਕ ਕਿੱਲਾ ਢਿੱਲਾ ਹੋਣ ਕਰ ਕੇ ਬੰਨ੍ਹੇ ਹੋਏ ਪਰਦੇ ਵਿਚ ਝੋਲ ਪੈ ਗਿਆ ਹੈ ਤੇ ਉਸ ਵਿਚੋਂ ਅੰਦਰਲਾ ਦ੍ਰਿਸ਼ ਚੰਗੀ ਤਰ੍ਹਾਂ ਦਿਸ ਪੈਂਦਾ ਹੈ ।

ਛੋਟੇ ਜਿਹੇ ਵਿਰਲੇ ਜਿਹੇ ਮੰਜੇ ਉਤੇ ਇਕ ਕੋਈ ਗੱਭਰੂ, ਰਜ਼ਾਈ ਦਾ ਤਕੀਆ ਬਣਾਈ ਬੈਠਾ ਕੁਝ ਲਿਖ ਰਿਹਾ ਹੈ । ਵੇਖਣ ਤੋਂ ਇਹੋ ਜਾਪਦਾ ਹੈ ਕਿ ਰੋਗੀ,

ਆਪਣੇ ਜੀਵਨ-ਪੰਧ ਦੀ ਛੇਕੜਲੀ ਪੌੜੀ ਤੇ ਹੈ । ਉਸ ਦੀਆਂ ਅੱਖਾਂ ਤੇ ਚਿਹਰਾ ਵੇਖ ਕੇ ਡਰ ਆਉਂਦਾ ਹੈ । ਜਬਾੜਿਆਂ ਦੀਆਂ ਹੱਡੀਆਂ ਉਭਰੀਆਂ ਹੋਈਆਂ, ਗੱਲ੍ਹਾਂ ਉੱਕਾ ਮਾਸ ਵਿਹਲਿਆਂ ਹੋਇਆਂ ਤੇ ਪੁੜਪੁੜੀਆਂ 'ਚੋਂ ਟੋਏ ਪੈ ਗਏ ਹਨ। ਮੋਢਿਆਂ ਦੀ ਉਚਿਆਈ, ਚੌੜ੍ਹ ਦੀ ਹੱਡੀ ਦਾ ਵਿੰਗ ਤੇ ਸੀਨੇ ਦਾ ਪਿੰਜਰ, ਕਮੀਜ਼ ਵਿਚੋਂ ਹੀ ਦਿਸਿਆ ਦਿਸਦਾ ਹੈ । ਜਦ ਉਹ ਦੁਆਤ ਵਿਚੋਂ ਡੋਬਾ ਲੈਣ ਲਗਦਾ ਹੈ, ਤਾਂ ਉਸ ਦੀ ਮਾਸ ਤੋਂ ਸੱਖਣੀ ਵੀਣੀ ਕੰਬਦੀ ਨਜ਼ਰ ਆਉਂਦੀ ਹੈ ।

ਲਿਖਦਾ ਲਿਖਦਾ ਉਹ ਕਦੇ ਤਾਂ ਅੱਖਾਂ ਨੂੰ ਮਲਣ ਲੱਗ ਪੈਂਦਾ ਹੈ, ਕਦੇ ਕਦੇ ਕਲਮ ਰਖਕੇ ਹੱਥ ਦੇ ਕੁੜੱਲ ਕੱਢਦਾ, ਤੇ ਕਦੇ ਥਕਾਨ ਦੂਰ ਕਰਨ ਲਈ ਉਬਾਸੀਆਂ ਲੈਂਦਾ ਹੈ।

ਤੰਬੂ ਵਿਚ ਸਮਾਨ ਸੰਖੇਪ ਜਿਹਾ ਸੀ । ਇਕ ਇਹੋ ਰੋਗੀ ਦਾ ਮੰਜਾ, ਇਕ ਕੁਰਸੀ, ਜਿਸ ਉੱਤੇ ਲਾਲਟੈਨ ਬਲ ਰਹੀ ਹੈ, ਨਾਲ ਹੀ ਨੁਕਰੇ ਦਵਾਈ ਵਾਲੀ ਸ਼ੀਸ਼ੀ ਰੱਖੀ ਹੈ । ਇਕ ਪਾਸੇ ਇਕ ਵਿੰਗੇ ਢੱਕਣ ਵਾਲਾ ਟਰੰਕ ਪਿਆ। ਮੰਜੇ ਦੇ ਹੇਠ ਕੁਝ ਅਣਮਾਂਜੇ ਭਾਂਡੇ ਖਿਲਰੇ ਪਏ ਹਨ, ਤੇ ਸਰ੍ਹਾਂਦੀ ਵਾਲੇ ਪਾਸੇ ਇਕ ਛੋਟੀ ਜਿਹੀ ਬਾਲਟੀ ਹੈ । ਬਸ ਏਨਾ ਹੀ ।

ਦਿਮਾਗ਼ ਵਿਚ ਆ ਰਹੇ ਚੱਕਰਾਂ ਦਾ ਟਾਕਰਾ ਕਰਦਾ ਹੋਇਆ ਉਹ ਹੋ ਕੁਝ ਚਿਰ ਲਈ ਲਿਖੀ ਜਾਣਾ ਚਾਹੁੰਦਾ ਹੈ, ਪਰ ਹੁਣ ਉਸ ਦੀ ਕੋਈ ਪੇਸ਼ ਨਹੀਂ ਜਾਂਦੀ । ਉਸ ਦੇ ਅੰਗ ਸਿੱਥਲ ਹੁੰਦੇ ਜਾਂਦੇ ਹਨ । ਉਸ ਦੇ ਸੱਜੇ ਹੱਥ ਦੀਆਂ ਉਂਗਲਾਂ ਘੜੀ ਮੁੜੀ ਸੌਂ ਜਾਂਦੀਆਂ ਹਨ, ਜਿਸ ਕਰ ਕੇ ਕਲਮ ਨੂੰ ਸੰਭਾਲਣੋਂ ਅਸਮਰਥ ਹਨ।

ਇਸ ਹਾਲਤ ਦੇ ਹੁੰਦਿਆਂ ਹੋਇਆਂ ਵੀ ਉਹ ਚਾਹੁੰਦਾ ਹੈ ਕਿ ਅਜੇ ਹੋਰ ਕੁਝ ਚਿਰ ਤਕ ਕਲਮ ਧੂਹੀ ਜਾਵੇ, ਪਰ ਉਧਰੋਂ ਲਾਲਟੈਨ ਦਾ ਚਾਨਣ ਨਿੰਮ੍ਹਾ ਪੈਣ ਲਗਾ।

ਉਸ ਨੇ ਬੱਤੀ ਉੱਚੀ ਕੀਤੀ । ਲਿਖਣ ਲਈ ਕਲਮ ਦੀ ਚੁੰਝ ਕਾਗ਼ਜ਼ ਤੇ ਰੱਖੀ ਹੀ ਸੀ ਕਿ ਫੇਰ ਹਨੇਰਾ ਹੋਣ ਲਗਾ । ਸ਼ਾਇਦ ਉਸ ਦੀ ਜੀਵਨ-ਜੋਤ ਵਾਂਗ ਲਾਲਟੈਣ ਵੀ ਤੇਲ ਤੋਂ ਸੱਖਣੀ ਹੋ ਕੇ ਛੇਕੜਲੇ ਦਮਾਂ ਤੇ ਸੀ।

ਉਸ ਨੇ ਕਾਪੀ ਮੰਜੇ ਤੇ ਰੱਖ ਦਿੱਤੀ । ਤੇਲ ਵਾਲੀ ਬੋਤਲ ਢੂੰਡਣ ਲਈ ਜਦ ਉਸ ਨੇ ਲੱਤਾਂ ਕੰਬਲ ਵਿਚੋਂ ਕੱਢੀਆਂ, ਤਾਂ ਇਨ੍ਹਾਂ ਨੂੰ ਵੇਖ ਕੇ ਉਹ ਆਪ ਹੀ ਡਰ ਗਿਆ—ਇਨ੍ਹਾਂ ਉਤੇ ਮਾਸ ਦਾ ਨਾਂ ਨਿਸ਼ਾਨ ਨਹੀਂ ਸੀ ਦਿਸਦਾ।

ਬੋਤਲ ਲੱਭਣ ਤੋਂ ਪਹਿਲਾਂ ਉਸ ਦੀ ਨਜ਼ਰ ਦਵਾਈ ਵਾਲੀ ਸ਼ੀਸ਼ੀ ਤੇ ਪਈ, ਜਿਸ ਵਿਚ ਕੇਵਲ ਇਕੋ ਖੁਰਾਕ ਬਾਕੀ ਸੀ । ਉਸ ਨੇ ਇਹ ਖ਼ਿਆਲ ਕਰ ਕੇ ਸ਼ੀਸ਼ੀ ਚੁਕ ਕੇ ਦਵਾ ਪੀ ਲਈ ਕਿ ਸ਼ਾਇਦ ਇਸ ਦੇ ਅਸਰ ਨਾਲ ਉਹ ਕੁਝ ਚਿਰ ਹੋਰ ਬੈਠ ਸਕੇਗਾ ਤੇ ਆਪਣੀ ਕਹਾਣੀ ਦਾ ਛੇਕੜਲਾ ਹਿੱਸਾ ਲਿਖਣ ਦੇ ਯੋਗ ਹੋ ਪਵੇਗਾ, ਪਰ ਦਵਾਈ ਨੇ ਉਸ ਦੀਆਂ ਆਹੀਂ ਜਿੰਨਾ ਹੀ ਅਸਰ ਕੀਤਾ—ਇਸ ਤੋਂ ਵਧ ਨਹੀਂ ।

ਫਿਰ ਵੀ ਉਹ ਮੰਜੇ ਨੂੰ ਫੜ ਕੇ ਕਿਸੇ ਤਰ੍ਹਾਂ ਉੱਠਿਆ, ਪਰ ਇਸ ਤੋਂ ਪਹਿਲਾਂ ਹੀ ਕਿ ਉਹ ਬੋਤਲ ਤਕ ਪਹੁੰਚਦਾ—ਲਾਲਟੈਨ ਬੁੱਝ ਗਈ।

ਹੁਣ ਬੋਤਲ ਲੱਭਣ ਤੋਂ ਪਹਿਲਾਂ ਤੀਲਾਂ ਵਾਲੀ ਡੱਬੀ ਦੀ ਲੋੜ ਸੀ, ਪਰ ਉਸ ਨੂੰ ਚੇਤਾ ਨਹੀਂ ਸੀ ਕਿ ਲਾਲਟੈਨ ਜਗਾ ਕੇ ਉਸ ਨੇ ਡੱਬੀ ਕਿਥੇ ਰੱਖ ਦਿੱਤੀ ਸੀ ।

ਤੰਬੂ ਵਿਚ ਹਨੇਰਾ ਘੁੱਪ ਹੋ ਗਿਆ ਤੇ ਉਹ ਨਿਰਾਸ ਹੋ ਕੇ ਮੰਜੇ ਤੇ ਗਿਆ......।

ਮੋਹਨ ਨੂੰ ਕਸ਼ੀਮਰ ਆਇਆਂ ਦੂੰਹ ਮਹੀਨਿਆਂ ਤੋਂ ਵਧ ਸਮਾਂ ਹੋ ਚੁੱਕਾ ! ਉਸ ਦਾ ਖ਼ਿਆਲ ਗ਼ਲਤ ਨਿਕਲਿਆ ਕਿ ਕਸ਼ਮੀਰ ਜਾ ਕੇ ਉਸ ਦੀ ਸਿਹਤ ਠੀਕ ਹੋ ਜਾਵੇਗੀ । ਠੀਕ ਹੋਣ ਦੇ ਥਾਂ ਸਗੋਂ ਦਿਨੋਂ ਦਿਨ ਖ਼ਰਾਬ ਹੁੰਦੀ ਗਈ।

ਉਸਨੇ ਲਾਹੌਰੋਂ ਤੁਰਨ ਲਗਿਆਂ ਜਿਹੜੀਆਂ ਦੋ ਕੁ ਚਿੱਠੀਆਂ ਤੇ ਨਾਲ ਹੀ ਆਪਣੀ ਕਹਾਣੀ ਦਾ ਸਾਰ ਅੰਸ਼, ਫ਼ਿਲਮ ਕੰਪਨੀਆਂ ਨੂੰ ਭੇਜਿਆ ਸੀ—ਜਿਨ੍ਹਾਂ ਉੱਤੇ ਆਪਣਾ ਪਤਾ ਸ੍ਰੀ ਨਗਰ ਦੇ ਗੁਰਦੁਆਰੇ ਦਾ ਦਿਤਾ ਸੀ, ਉਸ ਨੂੰ ਪੰਜ ਸੌ ਰੁਪਏ ਦੇ ਕੇ ਕਹਾਣੀ ਖ਼ਰੀਦਣ ਦਾ ਭਰੋਸਾ ਦਿਵਾਇਆ ਗਿਆ ਸੀ, ਤੇ ਇਸ ਦੀ ਬੜੀ ਸ਼ਲਾਘਾ ਕੀਤੀ ਸੀ । ਨਾਲ ਹੀ ਤਾਕੀਦ ਕੀਤੀ ਹੋਈ ਸੀ ਕਿ ਕਹਾਣੀ ਛੇਤੀ ਤੋਂ ਛੇਤੀ ਭੇਜੀ ਜਾਵੇ।

ਮੋਹਨ ਦੀ ਕਹਾਣੀ ਪਹਿਲਾਂ ਤੋਂ ਹੀ ਮੁਕੰਮਲ ਸੀ, ਪਰ ਉਸ ਨੂੰ ਨਵੇਂ ਸਿਰਿਉਂ ਲਿਖਣ ਦੀ ਲੋੜ ਭਾਸੀ । ਕਾਰਨ ? ਉਸ ਨੇ ਕਹਾਣੀ ਪਹਿਲਾਂ ਨਾਂ "ਵਫ਼ਾ ਦੀ ਪੁਤਲੀ" ਬਦਲ ਕੇ ਹੁਣ "ਬੇਵਫਾਈ ਦੀ ਪੁਤਲੀ" ਰੱਖ ਦਿੱਤਾ ਹੋਇਆ ਸੀ । ਤੇ ਇਸ ਦੇ ਅਨੁਸਾਰ ਉਸ ਦੇ ਪਲਾਟ ਵਿਚ ਵੀ ਅਦਲਾ ਬਦਲੀ ਕਰਨੀ ਉਸ ਲਈ ਜ਼ਰੂਰੀ ਸੀ।

ਇਹੋ ਕਾਰਨ ਹੈ ਕਿ ਕਹਾਣੀ ਨੂੰ ਉਸ ਨੇ ਨਵੇਂ ਸਿਰੇ ਲਿਖਣਾ ਸ਼ੁਰੂ ਕਰ ਦਿੱਤਾ ਹੋਇਆ ਸੀ।

ਇਕਾਂਤ ਕੁਟੀਆ ਦੇ ਨਿਵਾਸ ਨੇ ਉਸਦੀ ਰੂਹ ਨੂੰ ਕਿਸੇ ਹੱਦ ਤਕ ਤਾਜ਼ਗੀ ਦਿਤੀ । ਕੁਦਰਤ ਦੀ ਇਸ ਅਨੂਠੀ ਸੁੰਦਰਤਾ ਨੇ ਉਸ ਦੇ ਹਿਰਦੇ ਵਿਚ ਚੁਟਕੀਆਂ ਭਰਨੀਆ ਸ਼ੁਰੂ ਕੀਤੀਆਂ । ਕਹਾਣੀ ਵੀ ਉਹ ਸਫਲਤਾ ਨਾਲ ਲਿਖੀ ਜਾਂਦਾ ਰਿਹਾ, ਪਰ ਇਸ ਦੇ ਨਾਲ ਨਾਲ ਹੀ ਉਸ ਦੇ ਅੰਦਰ ਵੀ ਕੋਈ ਅਣਬੁਝੀ ਅੱਗ ਮੁੜ ਨਵੇਂ ਸਿਰੇ ਭੜਕਦੀ ਜਾਂਦੀ ਸੀ । ਬੱਸ ਇਹੋ ਅੱਗ ਉਸ ਦੀ ਅਰੋਗਤਾ ਨੂੰ ਦਿਨ ਰਾਤ ਸਾੜਦੀ ਜਾ ਰਹੀ ਸੀ । ਇਹ ਸੀ ਕਿਸੇ ਦੀ ਯਾਦ। ਨਿਰਾਸਤਾ, ਘ੍ਰਿਣਾ ਤੇ ਈਰਖਾ ਭਰੀ । ਇਸ ਯਾਦ ਨੇ, ਬੀਮਾਰੀ ਨਾਲੋਂ ਵੀ ਵੱਡੇ ਵੱਡੇ ਘੁਟ ਉਸ ਦੇ ਲਹੂ ਦੇ ਭਰਨੇ ਸ਼ੁਰੂ ਕਰ ਦਿੱਤੇ ਸਨ ।

ਜਿਥੇ ਕਿਸੇ ਦਾ ਕੋਈ ਯਾਰ ਮਦਦਗਾਰ ਨਾ ਹੋਵੇ, ਜਿਥੇ ਕੇਵਲ ਇਹੋ ਜਿਹੀ ਯਾਦ ਹੀ ਕਿਸੇ ਰੋਗੀ ਦੀ ਸਾਥਣ ਹੋਵੇ, ਉਥੇ ਭਾਵੇਂ ਲੁਕਮਾਨ ਦੀਆਂ ਪੁੜੀਆਂ ਹੀ ਕਿਉਂ ਨਾ ਪ੍ਰਾਪਤ ਹੋ ਜਾਣ, ਕੀ ਕੋਈ ਰੋਗੀ ਬਹੁਤੇ ਦਿਨ ਜੀਂਦਾ ਰਹਿ ਸਕਦਾ ਹੈ?

ਇਸ ਤੋਂ ਛੁੱਟ ਇਕ ਮੁਸੀਬਤ ਉਸ ਲਈ ਹੋਰ ਸੀ ਅਰਥਾਤ ਜਿਥੇ ਅਰੋਗਤਾ ਮੋਹਨ ਦਾ ਸਾਥ ਛੱਡਦੀ ਜਾਂਦੀ ਸੀ, ਉਥੇ ਗ਼ਰੀਬੀ ਨੇ ਦੋਹਾਂ ਪਾਸਿਆਂ ਤੋਂ ਉਸ ਉਤੇ ਧਾਵਾ ਬੋਲ ਦਿੱਤਾ ਹੋਇਆ ਸੀ ਤੇ ਸੁਆਦਾਂ ਦੀ ਪੂੰਜੀ ਵਾਂਗ ਹੀ ਉਸ ਦੇ ਬਟੂਏ ਦੀ ਪੂੰਜੀ ਵੀ ਮੁਕਣ ਤੇ ਆ ਗਈ ਸੀ । ਇਨ੍ਹਾਂ ਦੁਹਾਂ ਪੂੰਜੀਆਂ ਦਾ ਸ਼ਾਇਦ ਇਸ ਵੇਲੇ ਉਸ ਪਾਸ ਕੁਝ ਛੇਕੜਲਾ ਹਿੱਸਾ ਹੀ ਬਾਕੀ ਸੀ।

ਇਤਨਾ ਹੋਣ ਤੇ ਵੀ ਉਸ ਨੂੰ ਕਹਾਣੀ ਪੂਰੀ ਕਰਨ ਦੀ ਲਗਨ ਡਾਢੀ ਸਤਾ ਰਹੀ ਸੀ । ਕਹਾਣੀ ਵਿਚ ਇਕ ਤਾਂ ਉਸ ਦੇ ਨਿਰਾਸ ਜੀਵਨ ਦਾ ਪਰਛਾਵਾਂ ਸੀ, ਦੂਜਾ ਇਸ ਬਦਲੇ ਉਸ ਨੂੰ ਜੋ ਕੁਝ ਮਿਲਣ ਦੀ ਆਸ ਸੀ, ਉਹ ਖ਼ਿਆਲ ਕਰਦਾ ਕਿ ਇਸ ਨਾਲ ਉਸ ਦੀ ਦੁੱਖੀ ਮਾਂ ਤੇ ਭੈਣ ਦੇ ਚਾਰ ਦਿਨ ਸੌਖੇ ਲੰਘ ਸਕਣਗੇ ।

ਇਹੋ ਕਾਰਨ ਹੈ ਕਿ ਉਹ ਹੁਣ ਤੀਕ ਕਿਸੇ ਤਰ੍ਹਾਂ ਇਸ ਨੂੰ ਲਿਖਦਾ ਹੀ ਰਿਹਾ ਸੀ । ਅੱਜ ਸਵੇਰ ਤੋਂ ਤਾਂ ਉਸ ਨੂੰ ਕੁਝ ਇੰਜ ਮਲੂਮ ਹੋਣ ਲੱਗ ਪਿਆ ਸੀ, ਜਿਵੇਂ ਉਹ ਹੁਣ ਥੋੜ੍ਹੇ ਚਿਰ ਦਾ ਪ੍ਰਾਹੁਣਾ ਹੈ । ਇਸੇ ਕਰ ਕੇ ਸਵੇਰ ਤੋਂ ਉਹ ਇਸ ਦੇ ਲਿਖਣ ਵਿਚ ਜੁਟਿਆ ਹੋਇਆ ਹੈ । ਉਹ ਕਿਸੇ ਤਰ੍ਹਾਂ ਇਸ ਨੂੰ ਅੱਜ ਹੀ ਮੁਕੰਮਲ ਕਰ ਲੈਣਾ ਚਾਹੁੰਦਾ ਸੀ । ਇਸ ਵੇਲੇ ਜੇ ਕੋਈ ਉਸ ਦੀ ਚਾਹ ਸੀ, ਤਾਂ ਇਹੋ ਕਿ ਕਹਾਣੀ ਮੁਕੰਮਲ ਹੋ ਕੇ ਕਿਸੇ ਤਰ੍ਹਾਂ ਇਕ ਵਾਰੀ ਡਾਕਖਾਨੇ ਦੇ ਲੈਟਰ-ਬਕਸ ਤਕ ਪਹੁੰਚ ਜਾਵੇ ।

ਇਕ ਕਸ਼ਮੀਰੀ ਮੁੰਡਾ ਛੇ ਆਨੇ ਰੋਜ਼ ਲੈਕੇ ਉਸ ਦਾ ਕੰਮ ਧੰਦਾ ਕਰ ਜਾਂਦਾ ਸੀ । ਇਕ ਬਾਲਟੀ ਪਾਣੀ ਦੀ, ਕੁਝ ਖਾਣ ਪੀਣ ਲਈ ਬਣਾ ਦੇਣਾ ਤੇ ਇਕ ਵੇਲੇ ਹਸਪਤਾਲੋਂ ਜਾ ਕੇ ਦਵਾਈ ਲਿਆ ਦੇਣੀ, ਬੱਸ ਏਨਾ ਹੀ ਉਸ ਦਾ ਕੰਮ ਸੀ । ਪਰ ਕਲ੍ਹ ਦਾ ਜਦ ਤੋਂ ਉਸਨੂੰ ਡਿੱਠਾ ਸੀ ਕਿ ਉਸ ਦਾ ਉਚਾਵਾਂ ਮਾਲਕ ਬਟੂਏ ਦਾ ਕਲਿਪ ਖੋਲ੍ਹਣ ਲੱਗਾ ਕਿੰਨਾ ਚਿਰ ਸੋਚਾਂ ਵਿਚ ਪਿਆ ਰਹਿੰਦਾ ਹੈ, ਨਾਲੇ ਬਟੂਏ ਵਿਚ ਪੂੰਜੀ ਵੀ ਉਸਨੇ ਚੋਰ-ਅੱਖ ਨਾਲ ਵੇਖ ਲਈ ਸੀ ਤਾਂ ਅੱਜ ਸਵੇਰ ਤੋਂ ਉਸ ਨੇ ਸ਼ਕਲ ਨਹੀਂ ਵਿਖਾਈ ।

ਮੋਹਨ ਨੇ ਅੱਜ ਸਵੇਰ ਤੋਂ ਕੁਝ ਵੀ ਨਹੀਂ ਖਾਧਾ, ਨਾ ਹੀ ਉਸ ਨੂੰ ਇਸ ਦੀ ਲੋੜ ਭਾਸੀ।

ਲਾਲਟੈਣ ਬੁਝ ਜਾਣ ਤੋਂ ਬਾਅਦ ਜਦ ਉਹ ਲੰਮਾ ਪੈ ਗਿਆ, ਤਾਂ ਕਈ ਤਰ੍ਹਾਂ ਦੇ ਖ਼ਿਆਲਾਂ ਨੇ ਉਸ ਨੂੰ ਆ ਘੇਰਿਆ ।

ਉਹ ਸੋਚ ਰਿਹਾ ਸੀ—"ਕੀ ਇਹ ਕਹਾਣੀ ਅਧੂਰੀ ਹੀ ਰਹਿ ਜਾਵੇਗੀ ?...ਚਲੋ ਫੇਰ ਕੀ ਹੈ, ਦਿਨ ਚੜ੍ਹੇ ਲਿਖ ਲਵਾਂਗਾ...ਪਰ ਦਿਨ ਚੜ੍ਹਦੇ ਤਕ ਕੌਣ ਕਹਿ ਸਕਦਾ ਹੈ ਕਿ ਇਨ੍ਹਾਂ ਹੱਥਾਂ ਵਿਚ ਕਲਮ ਫੜਣ ਜੋਗੀ ਹਿੰਮਤ ਰਹੇਗੀ । ਕੀ ਪਤਾ ਦਿਮਾਗ਼ ਵਿਚ ਝੁਲ ਰਿਹਾ ਇਹ ਖ਼ਿਆਲਾਂ ਦਾ ਝੱਖੜ ਦਿਨ ਚੜ੍ਹਦੇ ਤੋਂ ਪਹਿਲਾਂ ਹੀ ਥੰਮ੍ਹ ਜਾਵੇ, ਰੂਹ ਦੇ ਉਡਾਰੀ ਮਾਰਦਿਆਂ ਹੀ ਇਹ ਸਾਰੀਆਂ ਸੋਚਾਂ—ਸਾਰੇ ਭਾਵ, ਤੰਬੂ ਦੇ ਹਨੇਰੇ ਵਿਚ ਹੀ ਗੁੰਮ ਹੋ ਜਾਣ...ਹੁਣ ਮੈਂ ਕੀ ਕਰਨਾ ਹੈ ਇਸ ਨੂੰ ਲਿਖ ਕੇ......ਕਿਸ ਕੰਮ ਆਉਣੀ ਹੈ.....ਇਕ ਗੁੰਮਨਾਮ ਪਰਦੇਸੀ ਦੀ ਇਸ ਰਚਨਾ ਨੂੰ ਲਾਵਾਰਸ ਤੇ ਨਿਕੰਮੀ ਚੀਜ਼ ਸਮਝਕੇ ਖ਼ਬਰੇ ਕਿਥੇ ਸੁੱਟਿਆ ਜਾਵੇਗਾ.....ਜਿਸ ਦਾ ਜੀ ਕਰੇਗਾ ਇਨ੍ਹਾਂ ਰੱਦੀ ਕਾਗ਼ਜ਼ਾਂ ਨੂੰ ਚੁੱਕ ਕੇ ਲੈ ਜਾਵੇਗਾ.....ਭਾਵੇਂ ਫਰਨੀਚਰ ਸਪਲਾਇਰ ਦੇ ਆਦਮੀ ਜਦ ਆਪਣਾ ਸਾਮਾਨ ਚੁੱਕਣ ਆਉਣਗੇ ਤਾਂ ਇਸ ਥੱਬੇ ਨੂੰ ਬੇਪਰਵਾਹੀ ਨਾਲ ਕਿਸੇ ਪਾਸੇ ਸੁੱਟ ਜਾਣਗੇ.....ਜਿਥੇ ਇਨ੍ਹਾਂ ਕਾਗ਼ਜ਼ਾਂ ਨੂੰ ਲੁਕ ਲੁਕ ਕੇ ਵੇਖਣਗੀਆਂ ਸੂਰਜ

ਦੀਆਂ ਕਿਰਨਾਂ.....ਕੁਝ ਵਰਕੇ ਝਾੜੀਆਂ ਵਿਚ ਉਲਝ ਕੇ ਫੜਫੜਾਉਣਗੇ । ਕੁਝ ਹੇਠਾਂ ਜਾ ਰਲਣਗੇ, ਵਗ ਰਹੇ ਨਾਲੇ ਦੀਆਂ ਲਹਿਰਾਂ ਵਿਚ....ਬੱਸ ਮੇਰੇ ਜੀਵਨ ਵਾਂਗ ਹੀ ਮੇਰੀ ਇਸ ਰਚਨਾ ਦਾ ਅੰਤ ਹੋ ਜਾਵੇਗਾ.....।"

ਜਿਉਂ ਜਿਉਂ ਰਾਤ ਦਾ ਹਨੇਰਾ ਤੇ ਠੰਢ ਵਧਦੀ ਜਾਂਦੀ, ਮੋਹਨ ਦੀ ਨਿਰਬਲਤਾ ਵੀ ਵੱਧ ਰਹੀ ਸੀ, ਤੇ ਇਸ ਦੇ ਨਾਲ ਹੀ ਉਹਦੇ ਖ਼ਿਆਲਾਂ ਦੀ ਦੌੜ ਵੀ।

ਇਸ ਘੁੱਪ ਹਨੇਰੀ ਸਹਿਮਾਂ ਭਰੀ ਰਾਤ ਵਿਚ ਉਸ ਨੂੰ ਹਰ ਪਾਸੇ ਮੌਤ ਦੀਆਂ ਡਰਾਉਣੀਆਂ ਸ਼ਕਲਾਂ ਦਿਖਾਈ ਦੇਂਦੀਆਂ, ਕਈ ਭਿਆਨਕ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ । ਠੰਢੀ ਹਵਾ ਤੇਜ਼ੀ ਨਾਲ ਵਗ ਰਹੀ ਸੀ । ਕਿਸੇ ਕਿਸੇ ਵੇਲੇ ਬਿਜਲੀ ਦੀ ਕੜਕੜ ਵੀ ਹੋ ਰਹੀ ਸੀ । ਦੂਰ ਦੀਆਂ ਝਾੜੀਆਂ ਵਿਚ ਟਿੱਡੀਆਂ ਤੇ ਬੀਂਡੇ ਬੋਲ ਰਹੇ ਸਨ । ਹਵਾ ਦੀ ਸ਼ਾਂ ਸ਼ਾਂ ਤੇ ਤੰਬੂ ਦੀ ਫੜਫੜ ਦੇ ਨਾਲ ਰਲ ਕੇ ਇਹ ਆਵਾਜ਼ਾਂ ਹੋਰ ਵੀ ਭਿਆਨਕ—ਦਿਲ ਕੰਬਾਉਣੀਆਂ ਬਣ ਜਾਂਦੀਆਂ ਸਨ।

ਹਵਾ ਹੋਰ ਤੇਜ਼ ਵਗਣ ਲੱਗੀ, ਵਿਚ ਕਣੀਆਂ ਦਾ ਇਕ ਅੱਧ ਫਾਂਡਾ ਵੀ ਆਉਣ ਲੱਗਾ । ਉਚੇ ਲੰਮੇ ਚੀਲ੍ਹਾਂ ਦੇ ਦਰੱਖਤ ਆਪੋ ਵਿਚ ਟਕਰਾਣ ਲੱਗੇ । ਉੱਲੂਆਂ ਦੀ ਊਂ ਊਂ ਤੇ ਟਟੀਰਿਆਂ ਦੀ ਟਿਟੀਂ ਟਿਟੀਂ ਆਵਾਜ਼ ਕਿਸੇ ਕਿਸੇ ਵੇਲੇ ਇਸ ਡਰਾਉਣੇ ਜੰਗਲ ਨੂੰ ਹੋਰ ਵੀ ਖ਼ੌਫ਼ਨਾਕ ਬਣਾ ਦੇਂਦੀ ਸੀ। ਹੇਠਾਂ ਵਗ ਰਹੇ ਨਾਲੇ ਦਾ ਸ਼ੋਰ ਬਰਾਬਰ ਜਾਰੀ ਸੀ।

ਮੋਹਨ ਮੂਹਦੇ ਮੂੰਹ ਪਿਆ ਇਨ੍ਹਾਂ ਆਵਾਜ਼ਾਂ ਨੂੰ ਸੁਣ ਰਿਹਾ ਸੀ । ਇਨ੍ਹਾਂ ਤੋਂ ਛੁੱਟ ਉਸ ਦੇ ਕੰਨਾਂ ਵਿਚ ਕੁਝ ਹੋਰ ਤਰ੍ਹਾਂ ਦੀਆਂ ਆਵਾਜ਼ਾਂ ਵੀ ਗੂੰਜ ਰਹੀਆ ਸਨ । ਉਹ ਸੈਂਕੜੇ ਮੀਲਾਂ ਦਾ ਪੈਂਡਾ ਚੀਰ ਕੇ ਕਿਸੇ ਹੋਰ ਥਾਵੇਂ ਪਹੁੰਚਿਆ ਹੋਇਆ ਸੀ । ਜਿਥੇ ਇਕ ਛੋਟੀ ਜਿਹੀ ਬਗੀਚੀ ਵਿਚ ਮੋਹਨ ਦੇ ਸਾਹਮਣੇ ਖੜੀ ਇਕ ਸੁੰਦਰੀ ਆਪਣੀਆਂ ਕੰਬਦੀਆਂ ਕਲਾਈਆਂ ਉਸ ਦੇ ਗਲੇ ਦੁਆਲੇ ਲਪੇਟ ਕੇ ਥਰਕਦੀ ਆਵਾਜ਼ ਵਿਚ ਕਹਿ ਰਹੀ ਸੀ—"ਹਾਏ ਮੋਹਨ ਜੀ, ਰੱਬ ਦੇ ਵਾਸਤੇ ਇਹ ਗੱਲਾਂ ਨਾ ਕਰੋ" ਤੇ ਇਸ ਤੋਂ ਬਾਅਦ ਕਿਸੇ ਸ਼ੇਰਨੀ ਦੇ ਗੁਰਾਉਣ ਵਰਗੀ ਆਵਾਜ਼—"ਜਾਓ, ਮੈਂ ਤੁਹਾਨੂੰ ਨਫ਼ਰਤ....."

ਛੌਲਦਾਰੀ ਦੇ ਪਿਛਲੇ ਪਾਸੇ ਦਾ ਕਿੱਲਾ ਪੁਟਿਆ ਗਿਆ । ਹਵਾ ਦੇ ਜ਼ੋਰ ਨਾਲ ਉਹ ਖੜੱਕ ਖੜੱਕ ਕਰ ਕੇ ਏਧਰ ਓਧਰ ਵਜਣ ਲੱਗਾ, ਤੇ ਇਸ ਦੇ ਨਾਲ ਹੀ ਵਾਛੜ ਪੈਣ ਦੀ ਆਵਾਜ਼ ਵੀ ਉਸ ਨੂੰ ਸੁਣਾਈ ਦੇਣ ਲੱਗੀ।

"ਓਹ ! ਮੈਂ ਫਿਰ ਉਸ ਨੀਚਣੀ ਦੇ ਖ਼ਿਆਲਾਂ ਵਿਚ ਗੁਆਚ ਰਿਹਾ ਹਾਂ ! ਕੀ ਇਹ ਕਮਬਖ਼ਤ ਮਰਨ ਵੇਲੇ ਵੀ ਮੇਰਾ ਪਿੱਛਾ ਨਹੀਂ ਛਡੇਗੀ ? ਮੈਨੂੰ ਆਰਾਮ ਨਾਲ ਇਸ ਦੁਨੀਆਂ ਤੋਂ ਜਾਣ ਵੀ ਨਹੀਂ ਦੇਵੇਗੀ ? ਹੇ ਰੱਬਾ ! ਉਸ ਬੇਵਫ਼ਾ, ਵਿਸ਼ਵਾਸ ਘਾਤਣੀ ਦੀ ਸ਼ਕਲ ਕਿਉਂ ਘੜੀ ਮੁੜੀ ਮੇਰੇ ਸਾਹਮਣੇ ਆਉਂਦੀ ਹੈ, ਨਫ਼ਰਤ ! ਨਫ਼ਰਤ !......ਬਸ ਮੈਂ ਹੁਣ ਤੋਂ ਭੁੱਲ ਕੇ ਵੀ ਉਸ ਦਾ ਖ਼ਿਆਲ ਦਿਲ ਵਿਚ ਨਹੀਂ ਲਿਆਵਾਂਗਾ ।"

ਉਸ ਨੇ ਭੈਣ ਦਾ ਪਿਆਰਾ ਮੁੱਖੜਾ ਵੇਖਿਆ, ਮਾਂ ਦੀ ਸਨੇਹ-ਮੂਰਤ ਦਾ ਧਿਆਨ ਕੀਤਾ । ਫਿਰ ਵੇਖੇ ਦੋਹਾਂ ਦੀਆਂ ਅੱਖਾਂ 'ਚੋਂ ਨਿਰਾਸਤਾ ਤੇ ਅਰਮਾਨਾਂ ਭਰੇ ਹੰਝੂ ਵਗਦੇ ਤੇ ਬੁਲ੍ਹ ਫਰਕਦੇ । ਉਸ ਨੇ ਆਪਣੇ ਆਪ ਨੂੰ ਘਰ ਦੀ ਉੱਤਲੀ ਬੈਠਕ ਵਿਚ ਵੇਖਿਆ ਤੇ ਨਾਲ ਹੀ ਸ਼ਾਂਤੀ ਦੇ ਉਣੇ ਹੋਏ ਉਛਾੜ ਨੂੰ ਤੇ ਚੱਦਰ ਉਤਲੇ ਫੁੱਲਾਂ ਬੂਟਿਆਂ ਨੂੰ । ਇਸ ਤੋਂ ਬਾਅਦ ?....ਮੇਜ਼ ਪੋਸ਼...ਤੇ ਫੇਰ ? ਉਸ ਨੇ ਉਣਨ ਵਾਲੀ ਨੂੰ...।

ਕਿਹੜੇ ਵੇਲੇ ਆ ਗਈ ? ਕਿਸ ਰਾਹੋਂ ਆ ਗਈ ? ਕਦੋਂ ਸਰਲਾ ਨੇ ਉਸ ਦੇ ਹਰ ਇਕ ਫੁਰਨੇ ਉੱਤੇ—ਹਰ ਇਕ ਖ਼ਿਆਲ ਉੱਤੇ ਅਛੋਪਲੇ ਹੀ ਕਬਜ਼ਾ ਕਰ ਲਿਆ ? ਇਸ ਦਾ ਮੋਹਨ ਨੂੰ ਉੱਕਾ ਕੋਈ ਪਤਾ ਨਾ ਲੱਗਾ। ਇਥੋਂ ਤੱਕ ਕਿ ਐਤਕੀਂ ਉਸ ਦੀ ਤਰਕ ਸ਼ਕਤੀ—ਸਰਲਾ ਨੂੰ ਦਿਲੋਂ ਕੱਢ ਦੇਣ ਵਾਲੀ ਤਰਕ ਵੀ ਸਗੋਂ ਕਿਤੇ ਗੁਆਚ ਗਈ।

ਕਿੰਨਾ ਕੁ ਚਿਰ ਉਹ ਸਰਲਾ ਨਾਲ ਗੱਲਾਂ ਕਰਦਾ ਰਿਹਾ ? ਪਿਆਰ ਭਰੀਆਂ ਕ੍ਰੋਧ ਤੇ ਉਲਾਂਭੇ ਭਰੀਆਂ ਗੱਲਾਂ ਵਿਚ ਉਸ ਦਾ ਕਿੰਨਾ ਸਮਾਂ ਬੀਤ ਗਿਆ ?

ਵਾਛੜ ਪੈ ਪੈ ਕੇ ਉਸਦੀ ਰਜ਼ਾਈ ਗੜੁੱਚ ਹੋ ਚੁੱਕੀ ਸੀ । ਛੌਲਦਾਰੀ ਦਾ ਇਕ ਹੋਰ ਕਿੱਲਾ ਉਖੜਨ ਵਾਲਾ ਹੋ ਗਿਆ ਸੀ।

ਜੀਉਂਦਿਆਂ ਹੀ ਆਪਣੇ ਆਪ ਨੂੰ ਇਸ ਗਿੱਲੀ ਕਬਰ ਵਿਚ ਦਬਿਆ ਹੋਇਆ ਮਹਿਸੂਸ ਕਰ ਕੇ ਉਹ ਕੰਬ ਰਿਹਾ ਸੀ ।

ਉਸ ਨੇ ਆਪਣੇ ਆਪ ਨੂੰ ਰਜ਼ਾਈ ਵਿਚੋਂ ਬਾਹਰ ਕਢਿਆ । ਰਜ਼ਾਈ ਗਿੱਲੀ ਸੀ । ਉਸ ਦਾ ਦੰਦੋੜਿਕਾ ਵਜਣ ਲੱਗਾ । ਠੰਢੀ ਹਵਾ ਦੇ ਫਾਂਡੇ ਬਰਾਬਰ ਆ ਰਹੇ ਸਨ, ਪਰ ਕਣੀਆਂ ਕੁਝ ਥੰਮ੍ਹ ਗਈਆਂ ਸਨ।

ਆਪਣੇ ਮੂੰਹੋਂ ਨਿਕਲੇ ਹੋਏ ਕੁਝ ਵਾਕਾਂ ਦਾ ਖ਼ਿਆਲ ਕਰਕੇ ਉਹ ਲੱਗਾ—"ਮੈਂ ਕੀ ਬਕ ਰਿਹਾ ਹਾਂ—ਫੇਰ ਸਰਲਾ ਸਰਲਾ ਦਾ ਬਕੜਵ

ਫਿਰ ਸੋਚਣ ਲੱਗਾ—"ਆਵਾਜ਼ ਕਿਥੋਂ ਆਈ ?...ਮੈਂ ਸਚਮੁੱਚ...ਸ਼ਾਇਦ ਅਖ਼ੀਰ ਵੇਲੇ ਦੀਆਂ ਨਿਸ਼ਾਨੀਆਂ ਹੁੰਦੀਆਂ ਨੇ ।"

ਸਾਰਾ ਜ਼ੋਰ ਲਾ ਕੇ ਕਿਸੇ ਤਰ੍ਹਾਂ ਉਹ ਮੰਜੇ ਤੋਂ ਉੱਠਿਆ । ਕੰਬਦਿਆਂ ਕੰਬਦਿਆਂ ਡਿਗਦਾ ਢਹਿੰਦਾ ਬਾਹਰ ਨਿਕਲਿਆ ਤੇ ਛੌਲਦਾਰੀ ਦੀ ਕੰਨੀ ਇੱ ਕੇ ਕਿੱਲੇ ਨੂੰ ਥਾਂ ਸਿਰ ਲਿਆਉਣ ਦੀ ਕੋਸ਼ਸ਼ ਕਰਨ ਲੱਗਾ।

ਦਸਾਂ ਪੰਦਰਾਂ ਮਿੰਟਾਂ ਦੀ ਮਿਹਨਤ ਤੋਂ ਬਾਅਦ ਉਹ ਮਸੇ ਕਰ ਸਕਿਆ ਕਿ ਢਿਲਮ ਢਿਲੀ ਛੌਲਦਾਰੀ, ਥੋੜ੍ਹਾ ਚਿਰ ਖੜੀ ਰ ਵੇਲੇ ਹੋ ਗਈ । ਇਕ ਬੁਖ਼ਾਰ ਤੇ ਕਮਜ਼ੋਰੀ, ਦੂਜੀ ਠੰਢ, ਉਸ ਦਾ ਜੁੱਸਾ ਜਾਂਦਾ ਸੀ।

ਇਸ ਤੋਂ ਬਾਅਦ ਉਹ ਫਿਰ ਟੋਂਹਦਾ—ਡਿਗਦਾ ਢਹਿੰਦਾ ਮੰਜੇ ਤੱਕ ਗਿੱਲੀ ਰਜ਼ਾਈ ਉਸ ਹੇਠਾਂ ਸੁਟ ਦਿੱਤੀ, ਸਰ੍ਹਾਂਦੀਉਂ ਕੰਬਲ ਕਢਿਆ ।

ਇਸ ਵੇਲੇ ਉਹ ਬੇਸੁਧ ਜਿਹਾ ਹੋ ਰਿਹਾ ਸੀ । ਕੰਬਲ ਉਸ ਕਢਿ ਪਰ ਤਹਿਆਂ ਖੋਲ੍ਹਣ ਦੀ ਹਿੰਮਤ ਉਸ ਵਿਚ ਨਹੀਂ ਸੀ । ਕਿਸੇ ਨਾ ਕਿਸੇ ਤਰ੍ਹਾਂ ਉਸ ਨੇ ਸਰੀਰ ਦਾ ਕੁਝ ਹਿੱਸਾ ਉਸ ਵਿਚ ਲਪੇਟ ਹੀ ਲਿਆ, ਪਰ ਇਸ ਨਾਲ ਉਸ ਨੂੰ ਜ਼ਰਾ ਵੀ ਨਿੱਘ ਨਾ ਆ ਸਕਿਆ । ਉਹ ਬਰਾਬਰ ਕੰਬ ਰਿਹਾ ਸੀ।

ਥੋੜ੍ਹੀ ਦੇਰ ਬਾਅਦ ਠੰਢ ਨੂੰ ਅਨੁਭਵ ਕਰਨ ਦੀ ਸੂਝ ਉਸ ਨੂੰ ਘਟਣ ਲੱਗੀ । ਅੱਖਾਂ ਦੇ ਛੱਪਰ ਹਿਲਣੇ ਵੀ ਉਸ ਨੂੰ ਔਖੇ ਜਾਪਦੇ ਸਨ ਤੇ ਦਿਮਾਗ਼ ਵਿਚੋਂ ਖ਼ਿਆਲਾਂ ਦਾ ਤੂਫਾਨ ਥੰਮਦਾ ਜਾਂਦਾ ਸੀ ।

"ਕੀ ਮੈਂ ਮਰ ਰਿਹਾ ਹਾਂ ? ਇਹ ਖ਼ਿਆਲ ਕਰ ਕੇ ਉਸ ਨੇ ਖੱਬੇ ਹੱਥ ਨਾਲ ਆਪਣੇ ਸੱਜੇ ਹੱਥ ਦੀ ਨਬਜ਼ ਟਟੋਲਣੀ ਸ਼ੁਰੂ ਕੀਤੀ, ਪਰ ਨਬਜ਼ ਚਲ ਰਹੀ ਹੈ ਜਾਂ ਨਹੀਂ ਇਸ ਨੂੰ ਉਹ ਸਮਝ ਨਾ ਸਕਿਆ ।

ਹੈਂ ! ਫੇਰ ਓਹੀ ਆਵਾਜ਼—"ਮੋਹਨ ਜੀ ?" "ਮੋਹਨ ਜੀ ?" ਉਹ ਫੇਰ ਇਕ ਵਾਰੀ ਸਾਰਾ ਜ਼ੋਰ ਲਾ ਕੇ ਉਠਿਆ ।

ਮੰਜੇ ਦੀਆਂ ਹੀਆਂ ਉੱਤੇ ਨਿਰਬਲ ਬਾਹਾਂ ਦਾ ਭਾਰ ਦੇ ਕੇ ਕੁਝ ਕੁਰਸੀ ਦਾ ਸਹਾਰਾ ਲੈ ਕੇ ਉਹ ਕੁੱਬਾ ਜਿਹਾ ਹੋ ਕੇ ਮੰਜੇ ਤੋਂ ਉਤਰਿਆ । ਟਟੋਲਦਿਆਂ

ਟਟੋਲਦਿਆਂ ਉਸ ਨੂੰ ਸਰ੍ਹਾਂਦੀ ਵਲ ਰੱਖੀ ਸੋਟੀ ਵੀ ਲੱਭ ਪਈ । ਉਸ ਦੇ ਆਸਰੇ ਉਹ ਸਹਿਜੇ ਸਹਿਜੇ ਫੇਰ ਤੰਬੂਓਂ ਬਾਹਰ ਨਿਕਲਣ ਦਾ ਜਤਨ ਕਰਨ ਲੱਗਾ।

ਕਿਸੇ ਤਰ੍ਹਾਂ ਉਸ ਨੇ ਧੱਕੇ ਨਾਲ ਆਪਣੇ ਆਪ ਨੂੰ ਬਾਹਰ ਤੀਕ ਲਿਆਂਦਾ। ਬੜੀ ਕਾਹਲੀ ਬੇਸਬਰੀ ਨਾਲ ਉਸ ਨੇ ਚੋਹੀਂ ਪਾਸੀਂ ਆਪਣੀ ਕਮਜ਼ੋਰ ਨਜ਼ਰ ਦੁੜਾਈ, ਪਰ ਹਨੇਰੇ ਵਿਚ ਉਸ ਨੂੰ ਕੁਝ ਵੀ ਦਿਸ ਨਾ ਸਕਿਆ । ਕੇਵਲ ਕੁਝ ਦੁਰਾਡੇ, ਮਾੜੇ ਜਿਹੇ ਚਾਨਣ ਦਾ ਟਿਮਕਣਾ ਜਿਹਾ ਉਸ ਨੂੰ ਦਿਸਿਆ। ਪਤਾ ਨਹੀਂ ਇਹ ਕਿਸੇ ਦੂਰ ਦੇ ਤੰਬੂ ’ਚੋਂ ਲਾਲਟੈਣ ਦੀ ਲੋਅ ਆ ਰਹੀ ਜਾਂ ਕਿਸੇ ਟਟਹਿਣੇ ਦੀ ਚਮਕ ਸੀ । ਵੇਖਦਿਆਂ ਇਹ ਚਾਨਣ ਵੀ ਕੁਝ ਬੁਝ ਗਿਆ, ਤੇ ਫਿਰ ਚੌਂਹੀ ਪਾਸੀਂ ਹਨੇਰਾ ਹੀ ਹਨੇਰਾ ਸੀ । ਨਾਲੇ ਦੇ ਵਗਣ ਦਾ ਸ਼ੋਰ ਜਾਂ ਹਵਾ ਦੀ ਸਾਂ ਸਾਂ।

ਝੱਟ ਕੁ ਪਿਛੋਂ ਉਹ ਫੇਰ ਕੰਨਾਂ ਤੇ ਜ਼ੋਰ ਦੇ ਕੇ ਕੁਝ ਸੁਣਨ ਦੀ ਕੋਸ਼ਿਸ਼ ਕਰਨ ਲੱਗਾ ਪਰ ਹਵਾ ਦੇ ਫਰਾੱਟਿਆਂ ਤੇ ਨਾਲੇ ਦੀ ਆਵਾਜ਼ ਤੋਂ ਬਿਨਾਂ ਉਸ ਨੂੰ ਕੁਝ ਵੀ ਸੁਣਾਈ ਨਾ ਦਿੱਤਾ।

ਇਹ ਸਾਰੀ ਵੇਖਾ ਵੇਖੀ ਉਸ ਨੇ ਇਕ ਅੱਧ ਮਿੰਟ ਵਿਚ ਹੀ ਕਰ ਲਈ, ਪਰ ਉਸ ਦੇ ਵੇਖਣ ਜਾਂ ਸੁਣਨ ਲਈ ਉਥੇ ਐਸਾ ਕੁਝ ਵੀ ਨਹੀ ਜਿਸ ਦੇ ਕੁਝ ਵੇਖਣ ਜਾਂ ਸੁਣਨ ਦੇ ਵਹਿਮ ਨੇ ਉਸ ਨੂੰ ਅੰਦਰੋਂ ਬਾਹਰ ਤੀਕ ਲਿਆਂਦਾ ਸੀ।

ਠੰਢੀ ਹਵਾ ਦੇ ਫਰਾਟੇ ਫੇਰ ਵਗਣ ਲਗੇ, ਇਤਨੇ ਜ਼ੋਰ ਦੇ ਕਿ ਮੋਹਨ ਸੰਭਲ ਨਾ ਸਕਿਆ । ਅੰਦਰ ਜਾਣ ਲਈ ਉਹ ਛੌਲਦਾਰੀ ਦਾ ਪੱਲਾ ਚੁੱਕਣ ਹੀ ਲੱਗਾ ਸੀ ਕਿ ਉਸ ਪਲੇ ਨੇ ਹਵਾ ਦੇ ਜ਼ੋਰ ਨਾਲ ਐਸਾ ਪਲਸੇਟਾ ਮਾਰਿਆ ਕਿ ਮੋਹਨ ਖੜਾ ਨ ਰਹਿ ਸਕਿਆ । ਉਸ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਮੰਜੇ ਤੱਕ ਪਹੁੰਚ ਜਾਵੇ, ਪਰ ਕਾਨਿਆ ਦੇ ਥੱਬੇ ਵਾਂਗ ਉਹ ਉਥੇ ਹੀ ਖੱੜਖੱੜ ਕਰ ਕੇ ਡਿੱਗ ਪਿਆ—ਤੰਬੂ ਦੇ ਬੂਹੇ ਅੱਗੇ ਹੀ ।

ਡਿਗਦਿਆਂ ਡਿਗਦਿਆਂ ਇਕ ਵਾਰੀ ਫੇਰ ਉਸ ਦੇ ਕੰਨਾਂ ਨੂੰ ਕੁਝ ਬਿੜਕ ਜੇਹੀ ਸੁਣਾਈ ਦਿੱਤੀ । ਉਸ ਨੇ ਬੋਲਣ ਦੀ ਕੋਸ਼ਿਸ਼ ਵੀ ਕੀਤੀ—ਆਪਣੇ ਵਲੋਂ ਕਾਫ਼ੀ ਜ਼ੋਰ ਦੀ, ਪਰ ਇਹ ਆਵਾਜ਼ ਉਸਦੇ ਆਪਣੇ ਕੰਨਾਂ ਤੱਕ ਵੀ ਪਹੁੰਚੀ ਕਿ ਨਹੀਂ ? ਇਸ ਵਿਚ ਸ਼ੱਕ ਸੀ।

ਇਸ ਤੋਂ ਅਗੇ ਸਾਰੀਆਂ ਤਾਕਤਾਂ ਨੇ ਉਸ ਦਾ ਸਾਥ ਛੱਡ ਦਿੱਤਾ— ਉਹ ਬੇਹੋਸ਼ ਸੀ ।

੩੭

ਦਿਲ ਦੀ ਬੰਦ ਹੁੰਦੀ ਜਾ ਰਹੀ ਧੜਕਣ ਫੇਰ ਰਤਾ ਕੁ ਸੁਲਕੀ । ਲਹੂ ਦਾ ਰੁਕਦਾ ਜਾਂਦਾ ਗੇੜ, ਬੇਮਲੂਮਾ ਜਿਹਾ ਫੇਰ ਸਰਕਿਆ । ਪਥਰੀਂਦੀਆਂ ਜਾ ਰਹੀਆਂ ਅੱਖਾਂ ਦੀਆਂ ਪਤਲੀਆਂ ਵਿਚ ਫੇਰ ਮਾੜਾ ਜਿਹਾ ਥਰਕੱਾ ਆਇਆ। ਖਿਚੀਂਦੀ ਜਾਂਦੀ ਜ਼ਬਾਨ ਮੁੜ ਜ਼ਰਾ ਕੁ ਢਿੱਲੀ ਹੋਈ, ਤੇ ਉਸਦੇ ਸੁਕੇ ਬੁਲ੍ਹਾਂ ਵਿਚ ਕੁਝ ਨਮੀਂ ਜਿਹੀ ਆ ਗਈ।

ਇਸ ਦੇ ਨਾਲ ਹੀ ਉਸ ਦੇ ਸੁੰਨਸਾਨ ਹਿਰਦੇ ਵਿਚੋਂ ਇਕ ਸੂਖਮ ਜਿਹੀ ਅਵਾਜ਼ ਪੈਦਾ ਹੋਈ—

"ਕੀ ਮੈਂ ਅਜੇ ਜੀਊਂਦਾ ਹਾਂ ?"

ਜ਼ਰਾ ਹੋਰ, ਤੇ ਫਿਰ ਜ਼ਰਾ ਕੁ ਹੋਰ, ਗੁੰਮ ਹੋ ਚੁੱਕੀ ਅਨੁਭਵ ਸ਼ਕਤੀ, ਰਤੀ ਮਾਸਾ ਉਭਾਸਰੀ । ਉਭਾਸਰੀ ਨਹੀਂ ਐਵੇਂ ਮਾੜਾ ਜਿਹਾ ਇਸ਼ਾਰਾ ਮਾਤਰ ਦਿੱਤਾ—

"ਕੌਣ ਮੇਰੇ ਸਿਰ ਤੇ ਹੱਥ ਫੇਰ ਰਿਹਾ ਹੈ—ਨਿੱਘੇ, ਕੂਲੇ ਕੂਲੇ ?"

ਅੱਖਾਂ ਦੇ ਸੱਤਾਂ ਪਰਦਿਆਂ ਅੱਗੇ ਆ ਚੁੱਕਾ ਅੱਠਵਾਂ ਬੇਹੋਸ਼ੀ ਦਾ ਪਰਦਾ ਜਿਵੇਂ ਜ਼ਰਾ ਕੁ ਇਕ ਪਾਸੇ ਸਰਕ ਗਿਆ ਤੇ ਅੱਖਾਂ ਨੂੰ ਕਿਸੇ ਧੁੰਧਲੀ ਜਹੀ ਛਾਂ ਦਾ ਝਾਉਲਾ ਪਿਆ—ਕਿਸ ਦਾ ?

ਕੰਨਾਂ ਦੇ ਨਗਾਰਿਆਂ ਉਤੇ ਮੜ੍ਹਿਆ ਹੋਇਆ ਚੰਮ, ਜੋ ਉੱਕਾ ਹੀ ਸਲ੍ਹਾਬਿਆ ਜਾ ਚੁੱਕਾ ਸੀ, ਅੰਦਰਲੀ ਜਾਂ ਕਿਸੇ ਬਾਹਰਲੀ ਗਰਮੈਸ਼ ਨਾਲ ਖੁਸ਼ਕ ਹੋ ਕੇ ਫੇਰ ਕੁਝ ਤਣਿਆ ਗਿਆ, ਤੇ ਉਸ ਉੱਤੇ ਇਕ ਢਿਲਕਵੀਂ ਜਹੀ ਟੁਣਕਾਰ ਵਜੀ—"ਮੋਹਨ ਜੀ।"

ਸੂਝ ਨੇ ਇਕ ਹੋਰ ਪਾਸਾ ਪਲਟਦਿਆਂ ਹੋਇਆਂ ਮੋਹਨ ਦੇ ਅੰਦਰੋਂ ਮੱਧਮ ਜਿਹੀ ਆਵਾਜ਼ ਵਿਚ ਕਿਹਾ—"ਕੀ ਇਸ ਪਸਲੀਆਂ ਦੇ ਪਿੰਜਰ ਵਿਚੋਂ ਉਡ ਚੁੱਕੀ ਰੂਹ ਫੇਰ ਮੁੜ ਆਈ ?"

ਇਸ ਤੋਂ ਬਾਅਦ ਮੋਹਨ ਦੇ ਦਿਮਾਗ ਵਿਚੋਂ ਇਕ ਅਸਪਸ਼ਟ ਜ ਆਵਾਜ਼ ਉਠੀ "ਮੈਂ ਸਚਮੁੱਚ ਜੀਉਂਦਾ ਹਾਂ ? ਹੈਂ !"

ਉਸ ਦੀ ਅੰਦਰਲੀ ਅਵਾਜ਼ ਦੇ ਨਾਲ ਹੀ ਬਾਹਰਲੀ ਇਕ ਅਵਾ ਟਕਰਾਈ—"ਮੋਹਨ ਜੀ ! ਮੋਹਨ ਜੀ !! ਹੋਸ਼ ਵਿਚ ਆਓ । ਰੱਬ ਦੇ ਵਾਸਤੇ ਇਕ ਵਾਰੀ ਬੋਲੋ ਮੋਹਨ ਜੀ ।"

"ਕ-ਕੌਣ ?" ਉਸ ਦੇ ਬੁਲ੍ਹਾਂ ਵਿਚੋਂ ਝੀਣੀ ਅਵਾਜ਼ ਵਿਚ ਨਿਕਲਿਆ। ਨਾਲ ਹੀ ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਸਦੇ ਪਿੰਜਰ ਨੂੰ ਕੋਈ ਛਾਤੀ ਨਾਲ ਨਿੱਘ ਦੇ ਰਹੀ ਹੈ, ਤੇ ਉਸ ਦੇ ਚੇਹਰੇ ਦੀਆਂ ਉਭਰੀਆਂ ਹੋਈਆਂ ਹੱਡੀਅ ਉਤੇ ਕੋਈ ਲਚਕਦਾਰ ਤੇ ਕੂਲਾ ਕੂਲਾ ਹੱਥ ਫਿਰ ਰਿਹਾ ਹੈ ।

ਦਿਲ ਦੀ ਧੜਕਣ ਹੋਰ ਸਪਸ਼ਟ ਹੋਈ, ਲਹੂ ਦੇ ਗੇੜ ਵਿਚ ਹੋਰ ਤੇਜ਼ੀ ਆਉਣ ਲੱਗੀ ਤੇ ਮੋਹਨ ਦੀ ਸਰੀਰਕ ਮਸ਼ੀਨਰੀ ਦੇ ਰੁਕ ਚੁੱਕੇ ਪੁਰਜ਼ੇ ਮੁੜ ਚਾਲੂ ਹੋ ਗਏ । ਇਥੋਂ ਤੱਕ ਕਿ ਉਸ ਨੂੰ ਆਪਣੇ ਮੱਥੇ ਉਤੇ ਗਰਮ ਪਾਣੀ ਦੇ ਕੁਝ ਤੁਪਕੇ ਪੈਣ ਦਾ ਵੀ ਅਨੁਭਵ ਹੋਣ ਲੱਗਾ । ਇਹ ਤੁਪਕੇ ਪਤਾ ਨਹੀਂ ਪਾਣੀ ਦੇ ਸਨ ਕਿ ਅੰਮ੍ਰਿਤ ਦੇ, ਉਸ ਦੇ ਅੰਗ ਅੰਗ ਨੂੰ ਸੁਰਜੀਤ ਕਰੀ ਜਾ ਰਹੇ ਸਨ ।

"ਸ...ਸਰਲਾ...ਬੇ-ਵਫਾ...ਸ" ਇਸ ਨਿੰਮੀ, ਪਰ ਕਾਹਲੀ ਅਵਾਜ਼ ਦੇ ਨਾਲ ਹੀ ਉਸ ਦੀਆਂ ਦੋਵੇਂ ਬਾਹਵਾਂ ਬਦੋਬਦੀ—ਉਸ ਦੀ ਮਰਜ਼ੀ ਤੋਂ ਬਿਨਾਂ ਹੀ ਮੰਜੇ ਤੋਂ ਕੁਝ ਕੁਝ ਉਤਾਂਹ ਉਠਣ ਲੱਗੀਆਂ।

ਇਸ ਤੋਂ ਬਾਅਦ ? ਇਨ੍ਹਾਂ ਦੋਂਹ ਸੁਕੀਆਂ ਬਾਹਾਂ ਵਿਚ ਕੋਈ ਕੋਮਲ ਸਰੀਰ ਜਕੜਿਆ ਹੋਇਆ ਸੀ।

"ਜੇ ਕਦੇ ਇਹ ਸੁਪਨਾ ਸੱਚਾ ਹੋ ਜਾਏ ।" ਮੋਹਨ ਨੇ ਅੱਖਾਂ ਮੀਟੀ ਕਿਹਾ।

ਤੇ ਉਸਨੂੰ ਕੋਈ ਪਛਾਣੀ ਜਹੀ ਅਵਾਜ਼ ਆਈ—"ਮੋਹਨ ਜੀ, ਤੁਹਾਡਾ ਸੁਪਨਾ ਸੱਚਾ ਹੋ ਗਿਆ ! ਸਰਲਾ ਤੁਹਾਡੇ ਕੋਲ ਏ । ਅੱਖਾਂ ਖੋਲ੍ਹ ਕੇ ਤਕੋ ਨਾ ਆਪਣੀ ਸਰਲਾ ਵੱਲ।"

"ਹੈਂ ! ਸਚਮੁੱਚ ?" ਚੰਗੀ ਤਰ੍ਹਾਂ ਅੱਖਾ ਉਘੇੜ ਕੇ ਮੋਹਨ ਨੇ ਤਕਿਆ, ਤੇ ਕਾਹਲੀ ਨਾਲ ਮੰਜੇ ਤੋਂ ਉੱਠਣ ਦੀ ਕੋਸ਼ਿਸ਼ ਕਰਨ ਲੱਗਾ । ਪਰ ਉਸ

ਇਹ ਖੇਚਲ ਕਰਨ ਦੀ ਲੋੜ ਨਾ ਪਈ । ਦੋਂਹ ਕੂਲੀਆਂ ਬਾਹਵਾਂ ਨੇ ਸ ਦੇ ਉਤਲੇ ਧੜ ਨੂੰ ਚੁੱਕ ਕੇ ਨਿੱਘੀ ਗੋਦ ਵਿਚ ਰੱਖ ਲਿਆ । ਅਵਾਜ਼ ਰ ਆਈ—"ਮੋਹਨ ਜੀ ! ਮੈਂ ਬੇ-ਵਫਾ ਨਹੀਂ—ਤੁਸਾਂ ਮੈਨੂੰ ਪਛਾਤਾ ਨਹੀਂ ੀ। ਮੈਂ ਬੇਵਫਾ ਨਹੀਂ ।"

ਕਿਸੇ ਦੀਆਂ ਸਿਸਕੀਆਂ ਦੀ ਆਵਾਜ਼ ਮੋਹਨ ਨੂੰ ਸੁਣਾਈ ਦੇ ਰਹੀ ਸੀ।

ਉਸ ਦੀ ਹੋਸ਼ ਚੰਗੀ ਤਰ੍ਹਾਂ ਫਿਰ ਆਈ । ਸੱਚਮੁੱਚ ਉਸ ਨੇ ਆਪਣੇ ਧ-ਮੁਰਦਾ ਸਰੀਰ ਨੂੰ ਸਰਲਾ ਦੀ ਝੋਲੀ ਵਿਚ ਵੇਖਿਆ।

ਸਰਲਾ ਦੇ ਵਗ ਰਹੇ ਅੱਥਰੂਆਂ ਨੂੰ ਪੂੰਝਣ ਲਈ ਮੋਹਨ ਨੇ ਆਪਣਾ ਢਾ ਤੇ ਨਿਰਬਲ ਹੱਥ ਉਤਾਂਹ ਚੁੱਕਿਆ, ਪਰ ਅੱਖਾਂ ਤੱਕ ਪਹੁੰਚਣ ਤੋਂ ਪਹਿਲਾਂ ੀ ਇਸ ਨੂੰ ਦੋਂਹ ਨਿੱਘੇ ਨਿੱਘੇ ਹੱਥਾਂ ਨੇ ਆਪਣੇ ਅੰਦਰ ਬੰਨ੍ਹ ਲਿਆ ਤੇ ਫਰ ਇਸ ਨੂੰ ਹਿਰਦੇ ਦੀ ਨਿੱਘ ਦੇਂਦਿਆਂ ਹੋਇਆਂ ਸਰਲਾ ਨੇ ਕੋਮਲ ਅਵਾਜ਼ ਵਚ ਕਿਹਾ—"ਮੋਹਨ ਜੀ ! ਸ਼ੁਕਰ ਏ ਤੁਹਾਨੂੰ ਹੋਸ਼ ਆ ਗਈ ।"

ਐਤਕੀਂ ਮੋਹਨ ਨੇ ਸਰਲਾ ਨੂੰ ਚੰਗੀ ਤਰ੍ਹਾਂ ਵੇਖਿਆ । ਤੰਬੂ ਵਿਚ ਪਹਿਲਾਂ ਂ ਹੀ ਲਾਲਟੈਨ ਜਗ ਰਹੀ ਸੀ, ਪਰ ਅੱਖਾਂ ਦੀਆਂ ਬੱਤੀਆਂ ਬੁਝੀਆਂ ਹੋਈਆਂ ਣ ਕਰ ਕੇ ਉਸ ਨੂੰ ਹੁਣ ਤੱਕ ਕੁਝ ਦਿਖਾਈ ਨਹੀਂ ਸੀ ਦਿੱਤਾ । ਹੁਣ ਸ ਦੀਆਂ ਅੱਖਾਂ ਦੀ ਰੌਸ਼ਨੀ ਮੁੜ ਆਈ ਸੀ, ਤੇ ਉਹ ਸਭ ਕੁਝ ਵੇਖ ਰਹਾ ਸੀ ।

ਪਰ ਅਜੇ ਤੀਕ ਉਸ ਨੂੰ ਸ਼ੱਕ ਜਿਹਾ ਬਣਿਆ ਹੋਇਆ ਸੀ ਕਿ ਮਤਾਂ ਹ ਸਭ ਕੁਝ ਖ਼ਿਆਲੀ ਹੀ ਹੋਵੇ । ਇਸ ਸ਼ੱਕ ਨੂੰ ਦੂਰ ਕਰਨ ਲਈ ਉਹ ਰਲਾ ਦੇ ਸਰੀਰ ਨੂੰ ਟੋਂਹਦਾ ਹੋਇਆ ਕਹਿਣ ਲੱਗਾ—"ਸਰਲਾ ! ਰਲਾ...ਤੂੰ...ਸਰਲਾ ! ਇਥੇ...ਕੀਕਣ ਆ ਪਹੁੰਚੀ ਸਚਮੁੱਚ ਤੂੰ..."

ਵਿਚੋਂ ਹੀ ਸਰਲਾ ਬੋਲੀ—"ਮੋਹਨ ਜੀ, ਮੈਨੂੰ ਤੁਹਾਡੇ ਕੋਲ ਆਈ ਨੂੰ ਘੰਟੇ ਹੋ ਗਏ ਨੇ । ਬੜੀ ਮੁਸ਼ਕਲ ਨਾਲ ਤੁਹਾਨੂੰ ਹੋਸ਼ ਲਿਆਂਦੀ ਏ । ਬੂ ਤੋਂ ਬਾਹਰ ਤੁਸੀਂ ਬੇਹੋਸ਼ ਪਏ ਸੀ ।

ਮੋਹਨ ਬੇਹਬਲ ਅੱਖਾਂ ਨਾਲ ਸਰਲਾ ਵਲ ਤੱਕ ਰਿਹਾ ਸੀ । ਮੂੰਹੋਂ ਕੁਝ ਲਣਾ ਚਾਹੁੰਦਾ ਸੀ, ਪਰ ਜ਼ਬਾਨ ਰੁਕ ਰੁਕ ਜਾਂਦੀ ਸੀ । ਨਾਲ ਨਾਲ ਉਸ

ਦੀ ਇਹ ਸੋਚ ਜਾਰੀ ਸੀ ਕਿ ਭਾਵੇਂ ਇਹ ਸੁਪਨਾ ਹੈ ਤੇ ਭਾਵੇਂ ਅਸਲ—ਭਾਵੇਂ ਮੈਂ ਜੀਊਂਦਾ ਇਸ ਦ੍ਰਿਸ਼ ਨੂੰ ਵੇਖ ਰਿਹਾ ਹਾਂ ਤੇ ਭਾਵੇਂ ਮਰ ਕੇ, ਪਰ ਜੋ ਕੁਝ ਮੈਂ ਵੇਖ ਰਿਹਾ ਹਾਂ, ਕਿਸੇ ਤਰ੍ਹਾਂ ਇਹ ਜਿਉਂ ਦਾ ਤਿਉਂ ਬਣਿਆ ਅਲੋਪ ਨਾ ਹੋ ਜਾਵੇ । ਕਿੰਨਾ ਹੀ ਚਿਰ ਉਹ ਇਸੇ ਤਰ੍ਹਾਂ ਤੱਕਦਾ ਰਿਹਾ।

[illegible] ਹੋ ਬੈਠਾ ਤੇ ਸਰਲਾ ਦੇ ਗਲ ਵਿਚ ਪਈ ਮਾਲਾ ਨੂੰ ਟਟੋਲਦਾ [illegible] ਮਾਦੀ ਜਹੀ ਹਾਲਤ ਵਿਚ ਬੋਲਿਆ—"ਸਰਲਾ, ਮੇਰੀਆਂ ਆਹੀਂ ਦਾ [illegible] ਅਸਰ ਹੋਵੇਗਾ—ਇਸ ਦੀ ਤਾਂ ਮੈਨੂੰ ਉੱਕੀ ਉਮੈਦ ਨਹੀਂ ਸੀ।"

[illegible] ਹਨ ਜੀ ! ਇਨ੍ਹਾਂ ਆਹੀ ਦੇ ਨਾਲ ਇਕ ਦੁਖੀਆ ਦੀਆਂ ਆਹੀਂ [illegible] ਲ ਸਨ, ਇਸੇ ਕਰਕੇ ਛੇਤੀ ਅਸਰ ਹੋ ਗਿਆ ।" ਕਹਿੰਦੀ ਹੋਈ ਉਸ ਦੇ ਮੱਥੇ ਤੇ ਹੱਥ ਫੇਰਨ ਲੱਗੀ ।

ਮੋਹਨ ਨੂੰ ਆਪਣੇ ਵੱਲ ਹੈਰਾਨੀ ਭਰੀ ਨਜ਼ਰ ਨਾਲ ਪਾਗਲਾਂ ਵਾਂਗ ਬਿਤਰ [illegible]ਰ ਤੱਕਦਿਆਂ ਵੇਖ ਕੇ ਸਰਲਾ ਸਮਝ ਗਈ ਕਿ ਜਦ ਤੀਕ ਇਸ ਨੂੰ ਆਪਣੇ ਆਉਣ ਦਾ ਪੂਰਾ ਹਾਲ ਨਹੀਂ ਸੁਣਾਵਾਂਗੀ, ਇਸ ਦਾ ਤੌਖਲਾ ਦੂਰ ਨਹੀਂ ਹੋਣਾ ।

ਉਸ ਨੇ ਸੰਖੇਪ ਵਿਚ ਆਪਣੀ ਰਾਮ ਕਹਾਣੀ ਮੁੱਢ ਤੋਂ ਲੈ ਕੇ ਜਗਤ ਸਿੰਘ ਦੀ ਮੌਤ ਤਕ ਮੋਹਨ ਨੂੰ ਸੁਣਾ ਦਿਤੀ । ਇਸ ਤੋਂ ਬਾਅਦ ਇਹ ਵੀ ਦਸਿਆ—"ਮੈਨੂੰ ਸੈਸ਼ਨ ਜੱਜ ਨੇ ਬਰੀ ਕਰ ਦਿਤਾ ਸੀ ਤੇ ਡਾਕਟਰ ਮਾਹਣਾ ਸਿੰਘ ਨਾਲ ਓਸ ਅੰਮ੍ਰਿਤਸਰੀ ਮਹਾਤਮਾ ਨੂੰ ਗ੍ਰਿਫਤਾਰੀ ਕਰ ਲਿਆ ਸੀ ।

ਇਸ ਤੋਂ ਅਗਲਾ ਹਾਲ ਉਸ ਨੇ ਇਉਂ ਦਸਣਾ ਸ਼ੁਰੂ ਕੀਤਾ—"ਬਰੀ ਹੋਣ ਤੋਂ ਕੁਝ ਚਿਰ ਬਾਅਦ ਮੈਂ ਆਪਣੀ ਨਕਦੀ—ਜ਼ੇਵਰ ਜੋ ਕੁਝ ਮੇਰੇ ਕਬਜ਼ੇ ਸੀ, ਲੈ ਕੇ, ਨਾਲੇ ਜਗਤ ਸਿੰਘ ਦੀ ਕੁੱਲ ਜਾਇਦਾਦ ਦਾ ਪ੍ਰਬੰਧ ਕਰਕੇ ਸਿੱਧੀ ਵਟਾਲੇ ਪਹੁੰਚੀ । ਉਥੋਂ ਤੁਹਾਡਾ ਟਿਕਾਣਾ ਮਲੂਮ ਕਰ ਕੇ ਕਸ਼ਮੀਰ ਦਾ ਸਫਰ ਸ਼ੁਰੂ ਕੀਤਾ ।

"ਅਜ ਸ਼ਾਮ ਨੂੰ ਇਥੇ (ਪਹਿਲਗਾਮ) ਪਹੁੰਚ ਕੇ ਤੁਹਾਡੀ ਬਹੁਤ ਢੂੰਡ ਭਾਲ ਕੀਤੀ । ਅਖੀਰ ਕਿਤੇ ਰਾਤ ਵੇਲੇ ਤੁਹਾਡੇ ਇਸ ਟਿਕਾਣੇ ਦੀ ਸੂਹ ਮਿਲੀ । ਇਕ ਹਾਤੋ ਨੂੰ ਅਸਬਾਬ ਚੁੱਕਾ ਕੇ ਤੇ ਲਾਲਟੈਨ ਲੈ ਕੇ ਮੈਂ ਇਸ ਜੰਗਲ ਵਿਚ ਕਿੰਨੇ ਹੀ ਘੰਟੇ ਤੁਹਾਨੂੰ ਲਭਦੀ ਤੇ ਆਵਾਜ਼ਾਂ ਮਾਰਦੀ ਫਿਰੀ,

ਪਰ ਰੁਖਾਂ ਦੀ ਓਟ ਤੇ ਹਨੇਰੇ ਕਰ ਕੇ ਕੋਈ ਪਤਾ ਨਾ ਲੱਗਾ । ਉਤੋਂ ਹਨੇਰੀ ਤੇ ਮੀਂਹ ਨੇ ਆਖਰ ਚੁੱਕ ਲਈ, ਜਿਸ ਨਾਲ ਲਾਲਟੈਨ ਵੀ ਬੁਝ ਗਈ ।

ਵਿਚਾਰੇ ਹਾਤੋ ਦੀ ਮਦਦ ਨਾਲ ਭਟਕਦੀ ਭਟਕਦੀ ਮੈਂ ਇਥੋਂ ਤਕ ਆ ਹੀ ਪਹੁੰਚੀ । ਉਹ ਵੀ ਸਬੱਬ ਨਾਲ ਬਿਜਲੀ ਦੇ ਲਸ਼ਕਾਰੇ ਕਰ ਕੇ ਤੁਹਾਡਾ ਤੰਬੂ ਦਿਸ ਪਿਆ ਸੀ, ਨਹੀਂ ਤਾਂ ਅਜੇ ਪਤਾ ਨਹੀਂ ਕਿੰਨਾ ਕੁ ਚਿਰ ਖੱਜਲ ਹੁੰਦੀ ਫਿਰਨਾ ਸੀ । ਮੇਰਾ ਖਿਆਲ ਏ ਇਸ ਥਾਂ ਦੇ ਆਸ ਪਾਸ ਹੀ ਮੈਂ ਸੰਗ ਪਾੜਦੀ ਹੋਈ ਲਭਦੀ ਫਿਰਦੀ ਗਈਆਂ । ਆਖ਼ਰਾਂ ਦੀ ਠੰਡ ਤੇ ਮੀਂਹ ਝੱਖੜ ਵਿਚ ਤੁਹਾਨੂੰ ਤੰਬੂਓਂ ਬਾਹਰ ਬੇਹੋਸ਼ ਪਏ ਵੇਖਿਆ । ਭਲਾ ਹੋਵੇ ਹਾਤੋ ਦਾ ਜਿਸ ਨੇ ਨਟੋ ਭੱਜੀ ਕਰ ਕੇ ਅੱਧੀ ਰਾਤ ਵੇਲੇ ਬਰਾਂਡੀ, ਦੁੱਧ, ਕੋਲੇ ਤੇ ਹੋਰ ਕਈ ਜ਼ਰੂਰੀ ਸਮਿਆਨ ਬਜ਼ਾਰੋਂ ਲਿਆ ਕੇ ਦਿਤੇ । ਨਹੀਂ ਤੇ ਖ਼ਬਰੇ ਕੀ ਹਾਲ ਹੁੰਦਾ ।"

ਜਦ ਸਰਲਾ ਨੇ ਆਪਣੀ ਗੱਲ ਖਤਮ ਕੀਤੀ, ਤਾਂ ਮੋਹਨ ਗਦਗਦ ਹੋ ਕੇ ਉਸ ਦੇ ਗਲ ਨਾਲ ਲੱਗ ਗਿਆ ।

ਦੁਹਾਂ ਵਿਚੋਂ ਕਿਸੇ ਵਿਚ ਵੀ ਬੋਲਣ ਦੀ ਸਮਰੱਥਾ ਨਹੀਂ ਸੀ—ਬਿਰਹੀ ਹਿਰਦੇ ਕਿੰਨਾ ਕੇ ਚਿਰ ਰੋਏ ਤੇ ਪੱਥਰ ਦੀਆਂ ਮੂਰਤਾਂ ਵਾਂਗ ਅਚੱਲ ਰਹੇ ? ਕਿਹਾ ਨਹੀਂ ਜਾ ਸਕਦਾ !

ਅਖ਼ੀਰ ਮੋਹਨ ਨੇ ਕਿਹਾ—"ਸਰਲਾ ! ਮੈਨੂੰ ਉਹ ਰੁਪਏ ਵੀ ਤੂੰਹੀਓਂ ਭੇਜੇ ਸਨ ?"

ਸਰਲਾ ਨੇ ਕੋਈ ਜਵਾਬ ਨਾ ਦਿਤਾ—ਕੇਵਲ ਮੁਸਕਰਾ ਕੇ ਉਸ ਅੱਖਾਂ ਨੀਵੀਆਂ ਪਾ ਲਈਆਂ ।

ਸਰਕਾਰੀ ਰਜਿੰਦਰਾ ਕਾਲਜ
43614
ਬਠਿੰਡਾ



GRC Library
43614
8pbi.3
Pbi-9/1/65

ਲੋਕ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ